**Golden State Realty**

**JASSI GILL**
*Broker/Owner*

Listing and Selling Homes
From San Jose to Sacramento

**Ph:510-304-9292**

**Refinance Now**
@ZERO COST

Call Sukhi Gill:510-207-9067

CA DRE Lic.#01180969



CA DRE# 00966763



COVERED CALIFORNIA

Certified Insurance Agent

**Global Green** INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ

ਫੋਨ:510-487-1000

MANN@GGIABA.COM



Gurcharan Singh Mann


**Mann Insurance Brokers Inc.**
4123 Dyer St., #230, Union City, CA 94587



**MOVING To INDIANA?**

*ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ*

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ



*Beenu Sikand*
*Legacy Homes Intl.*
*Broker Owner,*
*Realtor, CRS, MBA*

Contact me today to BUY/SELL/INVEST in Indiana.

Ph: (317) 670-1055

Beenu.sikand@gmail.com
www.LegacyHomesInternational.com

*Successfully Selling Real Estate for 17 Years!*



Twenty-Second Year of Publication

*ਕੈਲੀਫੋਰਨੀਆ ਐਡੀਸ਼ਨ* Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 13, March 27, 2021 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਸਿਆਸੀ ਧਿਰਾਂ ਨੂੰ ਸਾਲ ਪਹਿਲਾਂ ਹੀ ਚੜ੍ਹਿਆ ਚੋਣ ਬੁਖਾਰ

## ਚਾਰ-ਚੁਫੇਰੇ ਕਿਸਾਨ ਅੰਦੋਲਨ ਦਾ ਅਸਰ

**ਚੰਡੀਗੜ੍ਹ:** ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੋਂ ਤਕਰੀਬਨ ਸਾਲ ਪਹਿਲਾਂ ਹੀ ਸਿਆਸੀ ਪਾਰਾ ਸਿਖਰਾਂ ਉਤੇ ਪਹੁੰਚ ਗਿਆ ਹੈ। ਕਾਂਗਰਸ, ਆਮ ਆਦਮੀ ਪਾਰਟੀ (ਆਪ), ਅਕਾਲੀ ਦਲ, ਭਾਜਪਾ ਸਣੇ ਹੋਰ ਛੋਟੀਆਂ-ਮੋਟੀਆਂ ਸਿਆਸੀ ਧਿਰਾਂ ਨੇ ਆਪੋ-ਆਪਣੇ ਪੱਧਰ ਉਤੇ ਮਾਹੌਲ ਭਖਾਇਆ ਹੋਇਆ ਹੈ। ਟੀ.ਵੀ. ਚੈਨਲਾਂ ਉਤੇ ਇਸ਼ਤਿਹਾਰਬਾਜ਼ੀ ਦਾ ਦੌਰ ਜ਼ੋਰਾਂ ਉਤੇ ਹੈ। ਕਾਂਗਰਸ ਆਪਣੀਆਂ 4 ਸਾਲਾਂ ਦੀਆਂ 'ਪ੍ਰਾਪਤੀਆਂ' ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰ ਰਹੀ ਹੈ ਤੇ ਆਮ ਆਦਮੀ ਪਾਰਟੀ ਸੱਤਾ ਮਿਲਣ ਪਿੱਛੋਂ ਪੰਜਾਬੀਆਂ ਨੂੰ ਦਿੱਲੀ ਵਾਲੀਆਂ ਸਹੂਲਤਾਂ ਦਾ ਲਾਲਚ ਦੇ ਰਹੀ ਹੈ। ਉਧਰ, ਅਕਾਲੀ ਦਲ ਇਨ੍ਹਾਂ ਦੋਹਾਂ ਧਿਰਾਂ ਦੀ ਨੁਕਤਾਚੀਨੀ ਕਰ ਕੇ ਆਪਣੀ ਸਿਆਸੀ ਜ਼ਮੀਨ ਭਾਲ ਰਿਹਾ ਹੈ।

ਆਮ ਆਦਮੀ ਪਾਰਟੀ ਦੀ ਕਿਸਾਨੀ ਹਮਾਇਤ ਬਹਾਨੇ ਮੋਗਾ ਦੇ ਬਾਘਾਪੁਰਾਣਾ ਰੈਲੀ ਨੇ ਇਸ ਮਾਹੌਲ ਨੂੰ ਹੋਰ ਹਵਾ ਦਿੱਤੀ ਹੈ। ਇਸ ਰੈਲੀ ਵਿਚ ਪੁੱਜੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਪੰਜਾਬੀਆਂ ਨਾਲ ਵੱਡੇ ਵਾਅਦੇ ਵੀ ਕਰ ਗਏ। ਇਕ ਟੀ.ਵੀ. ਚੈਨਲ ਵੱਲੋਂ ਕਰਵਾਏ ਸਰਵੇ ਵਿਚ ਇਸ ਵਾਰ ਆਮ ਆਦਮੀ ਪਾਰਟੀ ਨੂੰ ਸੱਤਾ ਮਿਲਣ ਦੇ ਦਾਅਵਿਆਂ ਪਿੱਛੋਂ ਵੀ 'ਆਪ' ਦੇ ਹੌਸਲੇ ਬੁਲੰਦ ਦਿਖਾਈ ਦੇ ਰਹੇ ਹਨ। ਉਂਜ, ਹੁਣ ਤੱਕ ਸਭ ਤੋਂ ਵੱਧ ਸਰਗਰਮੀ ਅਕਾਲੀ ਦਲ (ਬਾਦਲ) ਨੇ ਦਿਖਾਈ ਹੈ ਜਿਸ ਨੇ ਵਿਧਾਨ ਸਭਾ ਚੋਣਾਂ ਲਈ ਆਪਣੇ ਦੋ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਸੱਤਾ ਦੇ ਚਾਰ ਸਾਲ ਪੂਰੇ ਕਰਨ ਉਤੇ ਕਾਂਗਰਸ ਵੀ ਆਪਣੇ ਪੱਧਰ ਉਤੇ ਹੱਥ-ਪੈਰ ਮਾਰ ਰਹੀ ਹੈ। ਪਿਛਲੀਆਂ ਵਿਧਾਨ





ਸਭਾ ਚੋਣਾਂ ਨੂੰ ਆਖਰੀ ਚੋਣਾਂ ਦੱਸ ਕੇ ਸਿਆਸੀ ਸਨਿਆਸ ਲੈਣ ਦਾ ਐਲਾਨ ਕਰਨ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਵਾਰ ਮੁੜ ਕਾਂਗਰਸ ਦੀ ਕਮਾਨ ਸੰਭਾਲਣ ਦੇ ਦਾਅਵੇ ਕਰਨ ਲੱਗੇ ਹਨ।

ਸਿਆਸੀ ਮਾਹਿਰ ਮੰਨਦੇ ਹਨ ਕਿ ਸਮੇਂ ਤੋਂ ਪਹਿਲਾਂ ਸਰਗਰਮੀਆਂ ਅਸਲ ਵਿਚ ਕਿਸਾਨ ਅੰਦੋਲਨ ਦੀ ਦੇਣ ਹਨ। ਚੋਣ ਵਾਅਦਿਆਂ ਤੋਂ ਭੱਜੀ ਕਾਂਗਰਸ ਨੂੰ ਇਸ ਵਾਰ ਆਪਣਾ ਡਰ ਸਤਾ ਰਿਹਾ ਹੈ। ਉਤੋਂ ਕਿਸਾਨੀ ਸੰਘਰਸ਼ ਬਾਰੇ ਕੋਈ ਇਕ ਮਨ ਬਣਾਉਣ ਵਿਚ ਨਾਕਾਮ ਰਹੇ ਕੈਪਟਨ ਅਮਰਿੰਦਰ ਸਿੰਘ ਲਈ ਇਹ ਚੋਣਾਂ ਵੱਡੀ ਚੁਣੌਤੀ ਹੋਣਗੀਆਂ। ਅਕਾਲੀ ਦਲ (ਬਾਦਲ) ਭਾਵੇਂ ਕਿਸਾਨਾਂ ਦੇ ਹੱਕ ਵਿਚ ਡਟ ਕੇ ਖੜ੍ਹਨ ਦੇ ਦਾਅਵੇ ਕਰ ਰਿਹਾ ਹੈ ਪਰ ਇਸ ਬਾਰੇ ਫੈਸਲਾ ਕਰਨ ਵਿਚ ਕੀਤੀ ਦੇਰੀ ਉਸ ਨੂੰ ਮਹਿੰਗੀ ਪੈਂਦੀ ਦਿਖਾਈ ਦੇ ਰਹੀ ਹੈ।

ਅਸਲ ਵਿਚ, ਸਿਆਸੀ ਧਿਰਾਂ ਇਹ ਚੰਗੀ ਤਰ੍ਹਾਂ ਸਮਝਦੀਆਂ ਹਨ ਕਿ ਇਸ ਵਾਰ ਸੱਤਾ ਦੀ ਚਾਬੀ ਕਿਸਾਨਾਂ ਹੱਥ ਹੈ, ਉਹ ਕਿਸ ਪਾਸੇ ਹਮਾਇਤ ਦਾ ਇਸ਼ਾਰਾ ਕਰਦੇ ਹਨ, ਸੱਤਾ ਮਿਲਣਾ ਉਸ ਉਤੇ ਨਿਰਭਰ ਹੋਵੇਗਾ। ਸੱਤਾ ਧਿਰ ਨੂੰ ਆਪਣੀਆਂ ਨਕਾਮੀਆਂ ਦਾ ਇਲਮ ਹੈ। ਸੱਤਾ ਦੇ ਚਾਰ ਵਰ੍ਹੇ ਪੂਰੇ ਹੋਣ ਉਤੇ ਭਾਵੇਂ ਕੈਪਟਨ ਦਾਅਵੇ ਕਰ ਰਹੇ ਹਨ ਕਿ ਉਸ ਦੀ ਸਰਕਾਰ ਨੇ ਆਪਣੇ 85 ਫੀਸਦੀ ਚੋਣ ਵਾਅਦੇ ਪੂਰੇ ਕਰ ਦਿੱਤੇ ਹਨ ਤੇ ਬਾਕੀ ਰਹਿੰਦੇ ਵਰ੍ਹੇ ਸਿਰੇ ਚਾੜ੍ਹ ਦਿੱਤੇ ਜਾਣਗੇ ਪਰ ਹਕੀਕਤ ਉਸ ਤੋਂ ਬਿਲਕੁਲ ਉਲਟ ਹੈ। ਕਿਸਾਨਾਂ ਦੇ ਕਰਜ਼ੇ ਉਤੇ ਲੀਕ ਮਾਰਨ, ਰੁਜ਼ਗਾਰ, ਨਸ਼ਿਆਂ ਦਾ ਖਾਤਮਾ, ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਾਜ਼, ਮਾਫੀਆ ਰਾਜ ਦੇ ਖਾਤਮੇ ਸਮੇਤ ਅਜਿਹੇ ਵਾਅਦੇ ਹਨ ਜੋ ਸਿਰਫ ਐਲਾਨ ਤੱਕ ਹੀ ਸੀਮਤ ਰਹੇ। ਹਕੀਕਤ ਇਹ ਹੈ ਕਿ ਸੱਤਾ ਸਾਂਭਣ ਵੇਲੇ ਕਿਸਾਨਾਂ ਸਿਰ 90,000 ਕਰੋੜ ਰੁਪਏ ਦਾ ਕਰਜ਼ਾ ਸੀ ਅਤੇ ਚਾਰ ਸਾਲਾਂ ਵਿਚ ਸਿਰਫ 4700 ਕਰੋੜ ਰੁਪਏ ਦਾ ਕਰਜ਼ਾ ਹੀ ਮੁਆਫ ਕੀਤਾ ਜਾ ਸਕਿਆ ਹੈ। ਇਹੀ ਹਾਲ ਬਾਕੀ ਵਾਅਦਿਆਂ ਦਾ ਹੈ।

ਪੰਜਾਬ ਦੇ ਸਿਆਸੀ ਹਾਲਾਤ ਇਹ ਹਨ ਕਿ ਲੋਕ ਰਿਵਾਇਤੀ ਧਿਰਾਂ ਤੋਂ ਅੱਕੇ ਦਿਖਾਈ ਦਿੰਦੇ ਹਨ ਤੇ ਕਿਸੇ ਤੀਜੀ ਧਿਰ ਦੀ ਭਾਲ ਵਿਚ ਹਨ।

*(ਬਾਕੀ ਸਫਾ 6 ਉਤੇ)*

# ਦਿੱਲੀ ਦੀ ਸੱਤਾ ਹੁਣ ਭਾਜਪਾ ਹੱਥ !

**ਨਵੀਂ ਦਿੱਲੀ:** ਦਿੱਲੀ ਸਰਕਾਰ ਦੇ ਮੁਕਾਬਲੇ ਕੇਂਦਰ ਸਰਕਾਰ ਨੂੰ ਵਿਸ਼ੇਸ਼ ਸ਼ਕਤੀਆਂ ਦਿੰਦਾ ਦਿੱਲੀ ਦਾ ਕੌਮੀ ਰਾਜਧਾਨੀ ਖੇਤਰ (ਸੋਧ) ਬਿੱਲ-2021 ਲੋਕ ਸਭਾ ਵਿਚ ਪਾਸ ਹੋ ਗਿਆ। ਬਿੱਲ ਰਾਜ ਸਭਾ ਵਿਚ ਪਹਿਲਾਂ ਹੀ ਪਾਸ ਹੋ ਚੁੱਕਿਆ ਹੈ। ਹੁਣ ਇਹ ਬਿੱਲ ਕਾਨੂੰਨ ਬਣਨ ਤੋਂ ਇਕ ਕਦਮ ਪਿੱਛੇ ਹੈ। ਦਾਅਵਾ ਕੀਤਾ ਜਾ ਰਿਹਾ ਹੈ ਇਸ ਕਾਨੂੰਨ ਤੋਂ ਬਾਅਦ ਦਿੱਲੀ ਦੀ ਸੱਤਾ ਅਸਲ ਵਿਚ ਕੇਂਦਰ ਸਰਕਾਰ ਹੱਥ ਆ ਜਾਵੇਗੀ।



ਐਨ.ਸੀ.ਟੀ. ਬਿੱਲ ਦਿੱਲੀ ਦੀ ਚੁਣੀ ਹੋਈ ਸਰਕਾਰ ਦੇ ਮੁਕਾਬਲੇ ਕੇਂਦਰੀ ਸਰਕਾਰ ਵੱਲੋਂ ਨਿਯੁਕਤ ਉਪ ਰਾਜਪਾਲ ਨੂੰ ਵੱਧ ਅਧਿਕਾਰ ਦਿੰਦਾ ਹੈ ਜੋ ਕੇਂਦਰੀ ਸ਼ਾਸਿਤ ਪ੍ਰਦੇਸ਼ ਦਾ ਪ੍ਰਸ਼ਾਸਕ ਹੈ। ਲੋਕ ਸਭਾ ਵਿਚ ਬਹਿਸ ਦੌਰਾਨ ਵਿਰੋਧੀ ਧਿਰਾਂ ਤੇ ਆਮ ਆਦਮੀ ਪਾਰਟੀ ਵੱਲੋਂ ਇਸ ਬਿੱਲ ਨੂੰ 'ਗੈਰ-ਸੰਵਿਧਾਨਕ' ਕਰਾਰ ਦਿੱਤਾ ਗਿਆ। ਕਾਂਗਰਸ, ਸ਼ਿਵਾ ਸੈਨਾ, ਐਨ.ਸੀ.ਪੀ., ਐਸ.ਪੀ., ਬੀ.ਐਸ.ਪੀ., ਆਈ.ਯੂ.ਐਮ.ਐਲ., ਨੈਸ਼ਨਲ ਕਾਂਗਰਸ ਸਣੇ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੇ ਨਰਿੰਦਰ ਮੋਦੀ ਸਰਕਾਰ 'ਤੇ ਜਮਹੂਰੀਅਤ ਨੂੰ ਖਤਮ ਕਰਨ ਅਤੇ ਭਾਰਤ ਦੇ ਸੰਘੀ ਢਾਂਚੇ ਨੂੰ ਢਾਹ ਲਾਉਣ ਤੇ ਖਤਰੇ 'ਚ ਪਾਉਣ ਦਾ ਦੋਸ਼ ਲਾਇਆ ਤੇ ਬਿੱਲ ਲਿਆਉਣ ਦੇ ਕਦਮ ਦਾ ਜ਼ੋਰਦਾਰ ਵਿਰੋਧ ਕੀਤਾ।

ਕੇਂਦਰ ਸਰਕਾਰ ਨੇ ਲੋਕ ਸਭਾ ਵਿਚ ਪੇਸ਼ ਕੀਤੇ ਗਏ 'ਦਿੱਲੀ ਦਾ ਕੌਮੀ ਰਾਜਧਾਨੀ ਖੇਤਰ (ਸੋਧ) ਬਿਲ 2021' ਵਿਚ ਚੁਣੀ ਹੋਈ ਸਰਕਾਰ ਦੇ ਮੁਕਾਬਲੇ ਲੈਫਟੀਨੈਂਟ ਗਵਰਨਰ ਨੂੰ ਸਰਕਾਰ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਹੈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ 2014 ਦੀਆਂ ਚੋਣਾਂ ਸਮੇਂ ਬਣੀ ਪਹਿਲੀ ਸਰਕਾਰ ਮੌਕੇ ਦਿੱਲੀ ਨੂੰ ਪੂਰੇ ਰਾਜ ਦੀ ਮੰਗ ਸਬੰਧੀ ਅੰਦੋਲਨ ਵੀ ਹੋਇਆ ਅਤੇ ਲੈਫਟੀਨੈਂਟ ਗਵਰਨਰ ਅਤੇ ਮੁੱਖ ਮੰਤਰੀ ਦਾ ਲਗਾਤਾਰ ਵਾਦ-ਵਿਵਾਦ ਹੁੰਦਾ ਰਿਹਾ। ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਿਆ ਅਤੇ 4 ਜੁਲਾਈ 2018 ਨੂੰ ਪੰਜ ਜੱਜਾਂ ਵਾਲੇ

*(ਬਾਕੀ ਸਫਾ 6 ਉਤੇ)*


**Harmit Toor**
*Your Realtor® For Life!*



*Broker Associate*
*BRE Lic.# 01462579*
*NMLS ID 358820*

*2015-19 Awarded Grand Master Achievement Club Certificate*

Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans

Commercial Leasing

BEB BAY EAST BROKERS

EQUAL HOUSING OPPORTUNITY

Ph: 925-202-7027
HDtoor@gmail.com
WWW.BayEastBrokers.Com





Raja SWEETS & CATERING
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine — Raja Indian Cuisine & Bar

Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com



**Law Office of Manpreet S. Gahra**

*>ਇਮੀਗਰੇਸ਼ਨ ਸੇਵਾਵਾਂ*
*>ਫੈਮਿਲੀ ਲਾਅ*
*>ਬਿਜਨਸ ਲਾਅ*

Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*

Berkeley Office
2161 Shattuck Ave., 304, Berkeley

Ph:510-841-4582
Fax:510-217-6847
Email: manpreet@gahralaw.com

# ਕੇਂਦਰ ਨੇ ਖੇਤੀ ਕਾਨੂੰਨ ਲਾਗੂ ਕਰਨ ਵਾਸਤੇ ਸੰਸਦੀ ਕਮੇਟੀ ਦੀ ਓਟ ਲਈ

**ਨਵੀਂ ਦਿੱਲੀ:** ਸੰਸਦੀ ਕਮੇਟੀ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਉਹ ਜਰੂਰੀ ਵਸਤਾਂ ਸੋਧ ਐਕਟ ਹੂ-ਬ-ਹੂ ਲਾਗੂ ਕਰੇ। ਜ਼ਿਕਰਯੋਗ ਹੈ ਕਿ ਦਿੱਲੀ ਦੀਆਂ ਸਰਹੱਦਾਂ 'ਤੇ ਪਿਛਲੇ 100 ਦਿਨਾਂ ਤੋਂ ਵੱਧ ਸਮੇਂ ਤੋਂ ਅੰਦੋਲਨ ਕਰ ਰਹੇ ਕਿਸਾਨ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ਜਿਸ 'ਚੋਂ ਇਕ ਕਾਨੂੰਨ ਜਰੂਰੀ ਵਸਤਾਂ ਸੋਧ ਵਾਲਾ ਹੈ। ਸੰਸਦੀ ਕਮੇਟੀ 'ਚ ਕਾਂਗਰਸ, ਤ੍ਰਿਣਮੂਲ ਕਾਂਗਰਸ ਅਤੇ 'ਆਪ' ਸਮੇਤ ਹੋਰ ਵਿਰੋਧੀ ਧਿਰਾਂ ਦੇ ਮੈਂਬਰ ਹਨ। ਉਂਜ ਭਾਜਪਾ ਨੂੰ ਛੱਡ ਕੇ ਜ਼ਿਆਦਾਤਰ ਪਾਰਟੀਆਂ ਕੇਂਦਰ ਵੱਲੋਂ ਪਾਸ ਕੀਤੇ ਗਏ ਤਿੰਨੋਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕਰ ਰਹੀਆਂ ਹਨ।

ਲੋਕ ਸਭਾ 'ਚ ਰੱਖੀ ਗਈ ਰਿਪੋਰਟ 'ਚ ਤ੍ਰਿਣਮੂਲ ਕਾਂਗਰਸ ਆਗੂ ਸੁਦੀਪ ਬੰਦੋਪਾਧਿਆਏ ਦੀ ਅਗਵਾਈ ਹੇਠਲੀ ਖੁਰਾਕ ਬਾਰੇ ਸਟੈਂਡਿੰਗ ਕਮੇਟੀ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਉਹ ਬਿਨਾਂ ਕਿਸੇ ਅੜਿੱਕੇ ਦੇ ਜਰੂਰੀ ਵਸਤਾਂ ਸੋਧ ਐਕਟ, 2020 ਨੂੰ ਇੰਨ-ਬਿੰਨ ਲਾਗੂ ਕਰੇ ਤਾਂ ਜੋ ਮੁਲਕ ਦੇ ਕਿਸਾਨਾਂ ਅਤੇ ਹੋਰਾਂ ਨੂੰ ਇਸ ਦਾ ਲਾਭ ਮਿਲ ਸਕੇ। ਕਮੇਟੀ ਨੇ ਆਪਣੀ ਸਿਫਾਰਸ਼ 'ਚ ਕਿਹਾ ਹੈ ਕਿ ਮੁਲਕ ਭਾਵੇਂ ਜ਼ਿਆਦਾਤਰ ਖੇਤੀ ਵਸਤਾਂ 'ਚ ਸਰਪਲੱਸ ਹੋ ਗਿਆ ਹੈ ਪਰ ਕੋਲਡ ਸਟੋਰੇਜ, ਗੁਦਾਮ, ਪ੍ਰੋਸੈਸਿੰਗ ਅਤੇ ਬਰਾਮਦਗੀ ਦੀ ਘਾਟ ਕਰਕੇ ਕਿਸਾਨਾਂ ਨੂੰ ਆਪਣੀਆਂ ਜਿਣਸਾਂ ਦਾ ਢੁਕਵਾਂ ਭਾਅ ਨਹੀਂ ਮਿਲ ਰਿਹਾ ਹੈ। ਕਮੇਟੀ ਨੇ ਕਿਹਾ,"ਕਿਸਾਨਾਂ ਵੱਲੋਂ ਬੰਪਰ ਫਸਲ ਪੈਦਾ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।" ਕਮੇਟੀ ਨੇ ਕਿਹਾ ਕਿ ਭਾਰਤੀ ਖੇਤੀਬਾੜੀ ਦੀ ਨੁਹਾਰ ਬਦਲਣ ਸਬੰਧੀ ਉਚ ਤਾਕਤੀ ਕਮੇਟੀ ਨੇ ਵੀ ਕਾਰੋਬਾਰ ਸੁਖਾਲੇ ਢੰਗ ਨਾਲ ਕਰਨ ਦਾ ਮਾਹੌਲ ਬਣਾਉਣ ਦਾ ਸੁਝਾਅ ਦਿੰਦਿਆਂ ਜਰੂਰੀ ਵਸਤਾਂ ਐਕਟ ਦੀਆਂ ਧਾਰਾਵਾਂ ਦਾ ਡਰ ਦੂਰ ਕਰਨ ਲਈ ਕਿਹਾ ਸੀ ਤਾਂ ਜੋ ਖੇਤੀ ਸੈਕਟਰ 'ਚ ਨਿਵੇਸ਼ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਨੂੰ ਹੁਲਾਰਾ ਦਿੱਤਾ ਜਾ ਸਕੇ। ਕਮੇਟੀ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਜਰੂਰੀ ਵਸਤਾਂ ਦੀਆਂ ਕੀਮਤਾਂ 'ਤੇ ਨਜ਼ਰ ਰੱਖੇ ਤੇ ਉਨ੍ਹਾਂ ਦੇ ਵਾਧੇ ਨੂੰ ਰੋਕਣ ਲਈ ਕਦਮ ਉਠਾਏ ਕਿਉਂਕਿ ਆਲੂ, ਪਿਆਜ ਤੇ ਦਾਲਾਂ ਆਮ ਆਦਮੀ ਦੇ ਰੋਜ਼ਾਨਾ ਖਪਤ ਵਾਲੀਆਂ ਵਸਤਾਂ ਹਨ ਅਤੇ ਲੱਖਾਂ ਲੋਕਾਂ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਇਨ੍ਹਾਂ ਦਾ ਲਾਹਾ ਮਿਲਦਾ ਹੈ। ਨਵਾਂ ਐਕਟ ਲਾਗੂ ਹੋਣ ਪਿਛੋਂ ਲੋਕਾਂ ਨੂੰ ਵਧੀਆਂ ਕੀਮਤਾਂ ਕਾਰਨ ਨੁਕਸਾਨ ਝੱਲਣਾ ਪੈ ਸਕਦਾ ਹੈ। ਉਨ੍ਹਾਂ ਸਰਕਾਰ ਨੂੰ ਜਰੂਰੀ ਵਸਤਾਂ ਦੀ ਸੂਚੀ 'ਚ ਹੋਰ ਵਸਤਾਂ ਨੂੰ ਵੀ ਸ਼ਾਮਲ ਕਰਨ ਲਈ ਕਿਹਾ ਹੈ।

**ਕਿਸਾਨ ਮੋਰਚੇ ਵੱਲੋਂ ਸਿਫਾਰਸ਼ ਦੀ ਨਿਖੇਧੀ:** ਖੁਰਾਕ, ਖਪਤਕਾਰ ਮਾਮਲੇ ਅਤੇ ਜਨਤਕ ਵੰਡ ਬਾਰੇ ਸੰਸਦੀ ਕਮੇਟੀ ਵੱਲੋਂ ਆਪਣੀ ਰਿਪੋਰਟ ਵਿਚ ਕੇਂਦਰ ਸਰਕਾਰ ਨੂੰ ਜ਼ਰੂਰੀ ਵਸਤਾਂ (ਸੋਧ) ਐਕਟ, 2020 ਲਾਗੂ ਕਰਨ ਦੀ ਸਿਫਾਰਸ਼ ਦੀ ਸੰਯੁਕਤ ਕਿਸਾਨ ਮੋਰਚੇ ਨੇ ਸਖਤ ਨਿੰਦਾ ਕੀਤੀ ਹੈ। ਉਨ੍ਹਾਂ ਇਹ ਸਿਫਾਰਸ਼ਾਂ ਰੱਦ ਕਰਨ ਦੀ ਮੰਗ ਕੀਤੀ ਹੈ। ਸੰਯੁਕਤ ਕਿਸਾਨ ਮੋਰਚੇ ਦੀ ਕਮੇਟੀ ਦੇ ਮੈਂਬਰ ਡਾ. ਦਰਸ਼ਨਪਾਲ ਨੇ ਦੋਸ਼ ਲਾਇਆ ਕਿ ਉਪਰੋਕਤ ਕਾਨੂੰਨ ਪੂਰੀ ਤਰ੍ਹਾਂ ਗਰੀਬ ਵਿਰੋਧੀ ਹੈ ਕਿਉਂਕਿ ਇਹ ਭੋਜਨ ਨੂੰ ਜ਼ਰੂਰੀ ਵਸਤਾਂ ਦੀ ਸੂਚੀ ਵਿਚੋਂ ਹਟਾਉਂਦਾ ਹੈ ਜੋ ਮਨੁੱਖਾਂ ਦੀ ਧਰਤੀ ਉਪਰ ਹੋਂਦ ਨੂੰ ਬਚਾਉਣ ਲਈ ਲਾਜ਼ਮੀ ਵਸਤੂ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਗੂਆਂ ਵੱਲੋਂ ਕੇਂਦਰ ਸਰਕਾਰ ਨਾਲ ਕੀਤੀਆਂ ਗਈਆਂ ਸਾਰੀ ਬੈਠਕਾਂ ਵਿਚ ਵਾਰ-ਵਾਰ ਸਮਝਾਇਆ ਜਾ ਚੁੱਕਾ ਹੈ ਇਹ ਤਿੰਨੋਂ ਕਾਨੂੰਨ ਗਲਤ ਹਨ ਤੇ ਇਹ ਕਿਸਾਨਾਂ ਦੇ ਨਾਲ-ਨਾਲ ਲੋਕਾਂ, ਵਪਾਰੀਆਂ, ਛੋਟੇ ਦੁਕਾਨਦਾਰਾਂ ਤੇ ਮਜ਼ਦੂਰਾਂ ਦੇ ਘੋਰ ਵਿਰੋਧੀ ਹੈ ਜੋ ਕਾਰਪੋਰੇਟ ਰਾਹੀਂ ਆਮ ਨਾਗਰਿਕਾਂ ਦਾ ਸ਼ੋਸ਼ਣ ਕਰਨ ਦਾ ਰਾਹ ਖੋਲ੍ਹਦੇ ਹਨ।



## ਸੰਸਦੀ ਕਮੇਟੀ ਰਿਪੋਰਟ ਤੋਂ ਕਾਂਗਰਸ ਦਾ ਕਿਨਾਰਾ

**ਨਵੀਂ ਦਿੱਲੀ**: ਤਿੰਨ ਕਾਂਗਰਸੀ ਸੰਸਦ ਮੈਂਬਰਾਂ ਨੇ ਖੁਦ ਨੂੰ ਸਥਾਈ ਸੰਸਦੀ ਕਮੇਟੀ ਦੀ ਉਸ ਰਿਪੋਰਟ ਤੋਂ ਵੱਖ ਕਰ ਲਿਆ ਜਿਸ ਵਿਚ ਜਰੂਰੀ ਵਸਤਾਂ (ਸੋਧ) ਐਕਟ, 2020 ਨੂੰ ਲਾਗੂ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਰਿਪੋਰਟ ਨਿਯਮਾਂ ਤੇ ਸਮਝੌਤਿਆਂ ਦਾ ਉਲੰਘਣ ਕਰਦੀ ਹੈ। ਇਹ ਐਕਟ ਉਨ੍ਹਾਂ ਤਿੰਨਾਂ ਵਿਵਾਦਤ ਖੇਤੀ ਮੰਡੀਕਰਨ ਕਾਨੂੰਨਾਂ ਵਿਚੋਂ ਇਕ ਹੈ ਜਿਸ ਦਾ ਕਿਸਾਨ ਵਿਰੋਧ ਕਰ ਰਹੇ ਹਨ ਤੇ ਕਾਂਗਰਸ ਵੀ ਵਾਪਸ ਲੈਣ ਦੀ ਮੰਗ ਕਰ ਰਹੀ ਹੈ। ਕਾਂਗਰਸ ਤੇ ਟੀ.ਐਮ.ਸੀ. ਨੇ ਭਾਜਪਾ 'ਤੇ 'ਨੇਮਾਂ ਦੀ ਉਲੰਘਣਾ' ਦਾ ਦੋਸ਼ ਲਾਇਆ ਹੈ। ਉਨ੍ਹਾਂ ਮੁਤਾਬਕ ਇਹ ਰਿਪੋਰਟ ਸਥਾਈ ਕਮੇਟੀ ਦੇ ਰੈਗੂਲਰ ਚੇਅਰਮੈਨ ਟੀ.ਐਮ.ਸੀ. ਸੰਸਦ ਮੈਂਬਰ ਸੁਦੀਪ ਬੰਦੋਪਾਧਿਆਏ ਦੀ ਗੈਰਹਾਜ਼ਰੀ ਵਿਚ ਹੀ ਅੱਗੇ ਧੱਕ ਦਿੱਤੀ ਗਈ ਹੈ। ਟੀ.ਐਮ.ਸੀ. ਆਗੂ ਚੋਣਾਂ ਵਿਚ ਰੁੱਝੇ ਹੋਏ ਹਨ। ਕਾਂਗਰਸ ਦੇ ਤਿੰਨ ਸੰਸਦ ਮੈਂਬਰ ਜੋ ਕਿ ਕਮੇਟੀ ਵਿਚ ਸ਼ਾਮਲ ਹਨ, ਨੇ ਵੀ ਵੱਖਰੇ ਤੌਰ 'ਤੇ ਇਸ ਬਾਰੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖਿਆ ਹੈ।

# ਉਤਰਾਖੰਡ ਮਹਾਪੰਚਾਇਤ 'ਚ ਕਿਸਾਨਾਂ ਲਈ ਆਵਾਜ਼ ਬੁਲੰਦ

**ਫਰੀਦਾਬਾਦ:** ਖੇਤੀ ਕਾਨੂੰਨਾਂ ਖਿਲਾਫ ਉੱਤਰਾਖੰਡ ਦੇ ਰਾਮਨਗਰ 'ਚ ਅਬਾਦਕਾਰਾਂ, ਆਦਿਵਾਸੀਆਂ ਅਤੇ ਦਲਿਤਾਂ ਦੀ ਪਹਿਲੀ ਮਹਾਪੰਚਾਇਤ ਹੋਈ। ਮਹਾਪੰਚਾਇਤ 'ਚ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ। ਆਪਣੇ ਸੰਬੋਧਨ 'ਚ ਉਨ੍ਹਾਂ ਕਿਹਾ ਕਿ ਇਸ ਇਲਾਕੇ ਦੇ ਕਿਸਾਨ ਕਈ ਪੀੜ੍ਹੀਆਂ ਤੋਂ ਜ਼ਮੀਨਾਂ ਆਬਾਦ ਕਰਕੇ ਖੇਤੀ ਕਰ ਰਹੇ ਹਨ।

ਉਹ ਮਾਲਕਾਨਾ ਹੱਕ ਲਈ ਲੰਬੇ ਸਮੇਂ ਤੋਂ ਜੱਦੋ-ਜਹਿਦ ਕਰ ਰਹੇ ਹਨ। 'ਸਰਕਾਰ ਅਬਾਦਕਾਰਾਂ ਨੂੰ ਜ਼ਮੀਨੀ ਹੱਕ ਦੇਣ ਦੀ ਬਜਾਏ ਕਾਰਪੋਰੇਟਾਂ ਨੂੰ ਜ਼ਮੀਨਾਂ ਦੇਣ ਲਈ ਕਾਨੂੰਨ ਬਣਾ ਰਹੀ ਹੈ। ਹਰ ਸਾਲ ਦੋ ਕਰੋੜ ਲੋਕਾਂ ਨੂੰ ਨੌਕਰੀ ਦੇਣ ਦਾ ਵਾਅਦਾ ਕਰਨ ਵਾਲੀ ਸਰਕਾਰ ਦੇ ਰਾਜ ਵਿਚ ਲੋਕ ਬੇਰੁਜ਼ਗਾਰ ਹੋ ਰਹੇ ਹਨ। ਮੋਦੀ ਸਰਕਾਰ ਦਾ ਵਿਕਾਸ ਤਾਂ ਭਾਵੇਂ ਪਹਾੜਾਂ ਅਤੇ ਜੰਗਲੀ ਇਲਾਕਿਆਂ ਤੱਕ ਨਹੀਂ ਪਹੁੰਚਿਆ ਪਰ ਕਿਸਾਨੀ ਅੰਦੋਲਨ ਜਰੂਰ ਉਥੇ ਪਹੁੰਚ ਚੁੱਕਿਆ ਹੈ।' ਉਨ੍ਹਾਂ ਕਿਹਾ ਕਿ ਨਵਰੀਤ ਸਿੰਘ ਦੀ ਸ਼ਹੀਦੀ ਨੇ ਹਕੂਮਤ ਨੂੰ ਦੱਸ ਦਿੱਤਾ ਹੈ ਕਿ ਇਹ ਲੜਾਈ ਸਿਰਫ਼ ਪੰਜਾਬ ਦੀ ਨਾ ਰਹਿ ਕੇ ਪੂਰੇ ਦੇਸ਼ ਦੀ ਬਣ ਚੁੱਕੀ ਹੈ।

ਵਣ ਪੰਚਾਇਤ ਸੰਘਰਸ਼ ਸਮਿਤੀ ਦੇ ਆਗੂ ਤਰੁਣ ਜੋਸ਼ੀ ਨੇ ਕਿਹਾ ਕਿ ਮੋਦੀ ਹਕੂਮਤ ਲੋਕਾਂ ਨੂੰ ਧਰਮ ਦੇ ਨਾਂ 'ਤੇ ਵੰਡ ਕੇ ਆਪਣਾ ਫਾਂਸੀਵਾਦੀ ਏਜੰਡਾ ਲਾਗੂ ਕਰਨਾ ਚਾਹੁੰਦੀ ਹੈ ਪ੍ਰੰਤੂ ਕਿਸਾਨ ਅੰਦੋਲਨ ਨੇ ਸਰਕਾਰ ਦਾ ਇਹ ਪੈਂਤੜਾ ਫੇਲ੍ਹ ਕਰ ਦਿੱਤਾ ਹੈ। ਕਿਸਾਨ ਸੰਘਰਸ਼ ਸਮਿਤੀ ਦੇ ਆਗੂ ਦੀਵਾਰ ਕਟਾਰੀਆ ਨੇ ਕਿਹਾ ਕਿ ਲੋਕਾਂ ਦੀਆਂ ਤਿੰਨ-ਤਿੰਨ ਪੀੜ੍ਹੀਆਂ ਵੱਲੋਂ ਆਬਾਦ ਕੀਤੀ ਗਈ ਜ਼ਮੀਨ ਅੱਜ ਕਾਰਪੋਰੇਟ ਘਰਾਣਿਆਂ ਨੂੰ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਵਣ ਕਾਨੂੰਨਾਂ ਦੀ ਉਲੰਘਣਾ ਕਰ ਕੇ ਜੰਗਲਾਂ ਦਾ ਸਫਾਇਆ ਕੀਤਾ ਜਾ ਰਿਹਾ ਹੈ ਅਤੇ ਉਥੇ ਵੱਡੇ-ਵੱਡੇ ਹੋਟਲ ਤੇ ਰੈਸਟੋਰੈਂਟ ਉਸਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖਣਿਜ ਪਦਾਰਥ ਮਲਟੀਨੈਸ਼ਨਲ ਕਾਰਪੋਰੇਸ਼ਨਾਂ ਨੂੰ ਵੇਚੇ ਜਾ ਰਹੇ ਹਨ। ਮਜ਼ਦੂਰ ਜਥੇਬੰਦੀ ਮਾਸਾ ਦੇ ਆਗੂ ਸੰਤੋਸ਼ ਨੇ ਕਿਹਾ ਕਿ ਇਹ ਲੜਾਈ ਇਕੱਲੇ ਕਿਸਾਨਾਂ ਦੀ ਨਹੀਂ ਸਗੋਂ ਮਜ਼ਦੂਰ ਦੀ ਵੀ ਸਾਂਝੀ ਲੜਾਈ ਹੈ।

**ਸਰਕਾਰ ਦਾ ਟੀਚਾ ਜ਼ਮੀਨਾਂ ਕੰਪਨੀਆਂ ਹਵਾਲੇ ਕਰਨਾ-ਟਿਕੈਤ:** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਰਨਾਟਕ ਦੇ ਕਿਸਾਨਾਂ ਨੂੰ ਕਿਹਾ ਕਿ ਉਹ ਖੇਤੀ ਕਾਨੂੰਨਾਂ ਖਿਲਾਫ ਰੋਸ ਜ਼ਾਹਿਰ ਕਰਨ ਲਈ ਬੰਗਲੂਰੂ ਨੂੰ ਟਰੈਕਟਰਾਂ ਨਾਲ ਘੇਰ ਲੈਣ ਤੇ ਸ਼ਹਿਰ ਨੂੰ ਸੰਘਰਸ਼ ਦਾ ਕੇਂਦਰ ਬਣਾ ਦੇਣ, ਜਿਵੇਂ ਕਿ ਦਿੱਲੀ ਹੈ। ਕਰਨਾਟਕ ਵਿਚ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਟਿਕੈਤ ਨੇ ਕਿਹਾ ਕਿ ਦਿੱਲੀ ਵਾਂਗ ਸਿਰਫ ਟਰੈਕਟਰ ਹੀ ਵਰਤੇ ਜਾਣ ਜਿਥੇ 25 ਹਜ਼ਾਰ ਟਰੈਕਟਰਾਂ ਨੇ ਸ਼ਹਿਰ ਨੂੰ ਜਾਂਦੇ ਰਾਹ ਘੇਰੇ ਹੋਏ ਹਨ। ਟਿਕੈਤ ਨੇ ਕਿਹਾ ਜਦ ਤੱਕ ਤਿੰਨੋਂ ਕਾਨੂੰਨ ਵਾਪਸ ਨਹੀਂ ਲਏ ਜਾਂਦੇ, ਤਦ ਤੱਕ ਐਮ.ਐਸ.ਪੀ. ਲਈ ਕਾਨੂੰਨ ਨਹੀਂ ਬਣਦਾ, ਕਿਸਾਨਾਂ ਨੂੰ ਕਰਨਾਟਕ ਵਿਚ ਵੀ ਸੰਘਰਸ਼ ਜਾਰੀ ਰੱਖਣਾ ਪਵੇਗਾ।

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924

13-16+

Homeopathicvibes

Harminder Singh Gill

Homeopathic Consultant and Practitioner

D.H.M.S; B.C.I.H

(Ex Homeopathic Medical officer Punjab Govt.)

Now we have two locations:


940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

Ph: (408) 737-7100

Fax: (408)737-7102 www.homeopathicvibes.com

We sell and ship homeopathic remedies through out North America.



LAW OFFICES OF VIVEK MALIK

Follow us on :

ACCOMPLISHED IMMIGRATION Attorneys help FAMILIES REUNITE in the UNITED STATES



Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

OUR OFFICES

- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੁਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English

# ਖੇਤੀ ਕਾਨੂੰਨਾਂ ਬਾਰੇ ਵਿਚਾਰ ਪ੍ਰਗਟਾ ਸਕਦੇ ਹਨ ਸੂਬੇ: ਸੁਪਰੀਮ ਕੋਰਟ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪਟੀਸ਼ਨਰ-ਐਨ.ਜੀ.ਓ. ਨੂੰ ਸਵਾਲ ਕੀਤਾ ਕਿ ਕੀ ਸੂਬਿਆਂ ਦੀਆਂ ਵਿਧਾਨ ਸਭਾਵਾਂ ਨੂੰ ਕੇਂਦਰੀ ਕਾਨੂੰਨਾਂ ਬਾਰੇ ਵਿਚਾਰ ਪ੍ਰਗਟਾਉਣ ਦਾ ਹੱਕ ਨਹੀਂ ਹੈ। ਅਦਾਲਤ ਨੇ ਪਟੀਸ਼ਨਰ ਨੂੰ ਇਸ ਵਿਸ਼ੇ 'ਤੇ ਥੋੜ੍ਹੀ ਹੋਰ ਖੋਜ ਕਰਨ ਦੀ ਸਲਾਹ ਦਿੱਤੀ।

ਸੁਪਰੀਮ ਕੋਰਟ ਵੱਲੋਂ ਇਕ ਐਨ.ਜੀ.ਓ. 'ਸਮਤਾ ਅੰਦੋਲਨ ਸਮਿਤੀ' ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਸੀ ਜਿਸ 'ਚ ਪਟੀਸ਼ਨਰ ਨੇ ਦਾਅਵਾ ਕੀਤਾ ਹੈ ਕਿ ਸੂਬਿਆਂ ਦੀਆਂ ਵਿਧਾਨ ਸਭਾਵਾਂ ਸੀ.ਏ.ਏ. ਅਤੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਮਤੇ ਪਾਸ ਕਰਨ ਦੇ ਸਮਰੱਥ ਨਹੀਂ ਹਨ ਕਿਉਂਕਿ ਇਹ ਕਾਨੂੰਨ ਸਤਵੇਂ ਸ਼ਡਿਊਲ ਦੀ ਕੇਂਦਰੀ ਸੂਚੀ ਅਧੀਨ ਆਉਂਦੇ ਹਨ। ਐਨ.ਜੀ.ਓ. ਨੇ ਆਪਣੀ ਪਟੀਸ਼ਨ 'ਚ ਕੇਂਦਰ ਅਤੇ ਪੰਜਾਬ, ਰਾਜਸਥਾਨ, ਕੇਰਲਾ ਤੇ ਪੱਛਮੀ ਬੰਗਾਲ ਦੀਆਂ ਵਿਧਾਨ ਸਭਾਵਾਂ ਨੂੰ ਧਿਰ ਬਣਾਇਆ ਹੈ। ਬੈਂਚ ਨੇ ਐਨ.ਜੀ.ਓ. ਦੇ ਵਕੀਲ ਨੂੰ ਸਬੰਧਤ ਮਤਾ ਪੇਸ਼ ਕਰਨ ਲਈ ਕਿਹਾ ਜਿਸ 'ਤੇ ਉਸ ਵੱਲੋਂ ਇਤਰਾਜ਼ ਕੀਤਾ ਜਾ ਰਿਹਾ ਹੈ। ਵਕੀਲ ਨੇ ਕੇਰਲਾ ਵਿਧਾਨ ਸਭਾ ਵੱਲੋਂ ਪਾਸ ਮਤਾ ਪੇਸ਼ ਕੀਤਾ ਜਿਸ 'ਚ ਸੀ.ਏ.ਏ. ਨੂੰ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਖਿਲਾਫ ਦੱਸਿਆ ਗਿਆ ਹੈ।

ਅਦਾਲਤ ਨੇ ਕਿਹਾ ਕਿ ਇਹ ਕੇਰਲਾ ਵਿਧਾਨ ਸਭਾ 'ਚ ਬਹੁਮਤ ਦਾ ਵਿਚਾਰ ਹੈ। ਉਹ ਕੋਈ ਜਬਰੀ ਕਾਨੂੰਨ ਨਹੀਂ ਥੋਪ ਰਹੇ। ਉਹ ਸਿੱਧ-ਪੱਧਰੇ ਢੰਗ ਨਾਲ ਕੇਂਦਰ ਸਰਕਾਰ ਨੂੰ ਕਾਨੂੰਨ ਵਾਪਸ ਲੈਣ ਦੀ ਅਪੀਲ ਕਰ ਰਹੇ ਹਨ। ਉਨ੍ਹਾਂ ਪਟੀਸ਼ਨਰ ਨੂੰ ਪੁੱਛਿਆ, 'ਤੁਸੀਂ ਇਹ ਕਿਵੇਂ ਕਹਿ ਸਕਦੇ ਹੋ ਕਿ ਵਿਧਾਨ ਸਭਾਵਾਂ ਨੂੰ ਆਪਣਾ ਵਿਚਾਰ ਪੇਸ਼ ਕਰਨ ਦਾ ਅਧਿਕਾਰ ਨਹੀਂ ਹੈ।'

## ਸਾਬਕਾ ਫੌਜੀਆਂ ਵੱਲੋਂ ਗੁਰਦਾਸਪੁਰ 'ਚ ਕਿਸਾਨ ਮਹਾਸਭਾ

**ਗੁਰਦਾਸਪੁਰ:** ਖੇਤੀ ਕਾਨੂੰਨ ਰੱਦ ਕਰਾਉਣ ਲਈ ਕਿਸਾਨੀ ਸੰਘਰਸ਼ ਦੀ ਹਮਾਇਤ ਵਿਚ ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੱਲੋਂ ਗੁਰਦਾਸਪੁਰ ਵਿਚ ਮਹਾਸਭਾ ਕੀਤੀ ਗਈ। ਇਸ ਦੌਰਾਨ ਸਾਬਕਾ ਫੌਜੀਆਂ ਨੇ ਖੇਤੀ ਕਾਨੂੰਨ ਰੱਦ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ।

ਇਸ ਮਹਾਸਭਾ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਸੰਯੁਕਤ ਕਿਸਾਨ ਮੋਰਚਾ ਦਿੱਲੀ ਦੇ ਆਗੂ ਕੁਲਵੰਤ ਸਿੰਘ ਸੰਧੂ, ਚਿੰਤਕ ਤੇ ਬੁੱਧੀਜੀਵੀ ਮਨਜੀਤ ਸਿੰਘ ਅਤੇ ਹਰਪ੍ਰੀਤ ਸਿੰਘ ਕਾਹਲੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਕਾਨੂੰਨ ਦੇਸ਼ ਦੀ ਕਿਸਾਨੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਣਗੇ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਕਾਰਨ ਇਕੱਲਾ ਕਿਸਾਨ ਹੀ ਨਹੀਂ, ਸਗੋਂ ਸਾਰੇ ਵਰਗ ਪ੍ਰਭਾਵਿਤ ਹੋਣਗੇ।

# ਕਿਸਾਨ ਸੰਘਰਸ਼ ਵਿਚ 'ਮਜ਼ਦੂਰ ਵਪਾਰੀ ਮੁਲਾਜ਼ਮ ਏਕਤਾ' ਦੇ ਨਾਅਰਿਆਂ ਦੀ ਗੂੰਜ

**ਨਾਭਾ:** ਇਥੇ ਅਨਾਜ ਮੰਡੀ ਵਿਚ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਕੀਤੀ ਮਜ਼ਦੂਰ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਮਜ਼ਦੂਰਾਂ ਵੱਲੋਂ ਕੀਤਾ ਇਹ ਇਕੱਠ ਸਮਾਜਿਕ ਤਬਦੀਲੀ ਦਾ ਰਾਹ ਪੱਧਰਾ ਕਰੇਗਾ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਬਰੂੰਹਾਂ 'ਤੇ ਚੱਲ ਰਿਹਾ ਕਿਸਾਨ ਅੰਦੋਲਨ ਕੁਲ ਆਲਮ ਦੇ ਕਿਸਾਨਾਂ ਲਈ ਚਾਨਣ ਮੁਨਾਰਾ ਹੈ। ਆਗੂਆਂ ਨੇ ਕਿਹਾ ਕਿ ਸਾਧਨ ਵਿਹੂਣੇ ਤਬਕੇ ਵੱਲੋਂ ਅਜਿਹੇ ਸਮਾਗਮਾਂ ਬਾਰੇ ਸੋਚਣਾ, ਇਸ ਦਾ ਸੰਚਾਲਨ ਅਤੇ ਪੂਰਨ ਪ੍ਰਬੰਧ ਕਰਨਾ, ਇਹ ਦਰਸਾਉਂਦਾ ਹੈ ਕਿ ਸਮਾਜਿਕ ਚੇਤਨਾ ਦਾ ਪੱਧਰ ਵੱਧ ਰਿਹਾ ਹੈ ਅਤੇ ਇਹ ਹੁਣ ਕਿਸਾਨ ਅੰਦੋਲਨ ਤੱਕ ਸੀਮਤ ਨਾ ਰਹਿ ਕੇ ਜਨ ਅੰਦੋਲਨ ਬਣ ਚੁੱਕਾ ਹੈ। ਆਗੂਆਂ ਨੇ ਕਿਹਾ ਕਿ ਮਜ਼ਦੂਰ ਮਹਾਪੰਚਾਇਤ ਨਾਲ ਦਿੱਲੀ ਦੀਆਂ ਬਰੂੰਹਾਂ 'ਤੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਅੰਦੋਲਨ ਨੂੰ ਬਲ ਮਿਲੇਗਾ।

ਮਹਾਪੰਚਾਇਤ ਵਿਚ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਪੂਰਾ ਪੰਡਾਲ ਕਿਸਾਨ ਮਜ਼ਦੂਰ ਵਪਾਰੀ ਮੁਲਾਜ਼ਮ ਏਕਤਾ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜਦਾ ਰਿਹਾ। ਸਮਾਗਮ ਦੌਰਾਨ ਸ. ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਮਜ਼ਦੂਰਾਂ ਦੀ ਇਹ ਪਹਿਲ ਸਿਆਸੀ ਅਤੇ ਸਮਾਜਿਕ ਬਦਲਾਅ ਦਾ ਰਾਹ ਪੱਧਰਾ ਕਰੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਸਿਆਸੀ ਲੀਡਰਸ਼ਿਪ ਵੱਲੋਂ ਸਮਾਜ ਵਿੱਚ ਖੜ੍ਹਾ ਕੀਤਾ ਜਾਤ ਤੇ ਪਾਰਟੀ ਅਧਾਰਿਤ ਪਾੜਾ, ਕਿਸਾਨ ਅੰਦੋਲਨ ਰਾਹੀਂ ਫਿੱਕਾ ਪੈਣ ਦੇ ਨਾਲ ਘਟਣ ਲੱਗਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਤੇ ਮਜ਼ਦੂਰ ਭਾਈਚਾਰੇ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਦਿਆਂ ਇਹ ਸਮਾਗਮ ਦਿੱਲੀ ਦੀਆਂ ਸਰਹੱਦਾਂ 'ਤੇ ਚਲ ਰਹੇ ਕਿਸਾਨ ਅੰਦੋਲਨ ਨੂੰ ਹੋਰ ਬਲ ਬਖ਼ਸ਼ੇਗਾ। ਰਾਜੇਵਾਲ ਨੇ ਦੱਸਿਆ ਕਿ ਇਹ ਅੰਦੋਲਨ ਵਿਸ਼ਵ ਪੱਧਰ 'ਤੇ ਧਿਆਨ ਦਾ ਕੇਂਦਰ ਬਣ ਚੁੱਕਾ ਹੈ ਅਤੇ ਜਰਮਨੀ, ਸਪੇਨ ਤੇ ਅਫਰੀਕਾ ਵਿਚ ਵੀ ਅੰਦੋਲਨ ਖੜੇ ਹੋ ਰਹੇ ਹਨ। ਸਪੇਨ ਵਿੱਚ ਵੀ ਫਸਲ ਦੀ ਐਮ.ਐਸ.ਪੀ. 'ਤੇ ਗੱਲ ਚੱਲ ਪਈ ਹੈ। ਆਲਮੀ ਅੰਦੋਲਨ ਦੇ ਡਰੋਂ ਵਿਸ਼ਵ ਪੱਧਰ 'ਤੇ ਕਾਰਪੋਰੇਟ ਇਕੱਤਰ ਹੋਣ ਲੱਗਾ ਹੈ ਜਿਸ ਕਾਰਨ ਇਸ ਅੰਦੋਲਨ ਦੇ ਲੰਮਾ ਚੱਲਣ ਦੇ ਆਸਾਰ ਹਨ। ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਅੰਦੋਲਨ ਦੀ ਸਭ ਤੋਂ ਵੱਡੀ ਕਾਮਯਾਬੀ ਇਹ ਹੈ ਕਿ ਅੱਜ ਬੱਚੇ ਬੱਚੇ ਦੀ ਜ਼ੁਬਾਨ 'ਤੇ ਕਾਰਪੋਰੇਟਾਂ ਦੇ ਮੁਨਾਫੇ ਦੀ ਗੱਲ ਆ ਰਹੀ ਹੈ। ਰਾਜੇਵਾਲ ਨੇ ਦੱਸਿਆ ਕਿ ਕੌਮੀ ਵਪਾਰੀ ਫੈਡਰੇਸ਼ਨ ਵੱਲੋਂ 26 ਦੇ ਭਾਰਤ ਬੰਦ ਦੀ ਹਮਾਇਤ ਕੀਤੀ ਜਾਵੇਗੀ। ਮਜ਼ਦੂਰ ਆਗੂ ਕ੍ਰਿਸ਼ਨ ਸਿੰਘ ਲੁਬਾਣਾ ਨੇ ਮਜ਼ਦੂਰਾਂ ਨੂੰ ਆਮ ਲੋਕਾਂ ਦੇ ਭੋਜਨ ਵਿਚ ਸਿਹਤ ਲਈ ਹਾਨੀਕਾਰਕ ਤਬਦੀਲੀ ਆਉਣ ਬਾਰੇ ਸੁਚੇਤ ਕੀਤਾ।

# ਹਰਿਆਣਾ ਸਰਕਾਰ ਨੇ ਅੰਦੋਲਨਕਾਰੀਆਂ ਖਿਲਾਫ ਲਿਆਂਦਾ ਸਖਤ ਕਾਨੂੰਨ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ 'ਚ ਜਨਤਕ ਸੰਪਤੀ ਨੂੰ ਹਿੰਸਕ ਪ੍ਰਦਰਸ਼ਨਾਂ ਦੌਰਾਨ ਹੋਏ ਨੁਕਸਾਨ ਦੀ ਵਸੂਲੀ ਲਈ ਬਿੱਲ ਪਾਸ ਹੋ ਗਿਆ ਹੈ, ਹੁਣ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਤੋਂ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਇਸ ਬਿੱਲ ਨੂੰ ਜਦੋਂ ਚਰਚਾ ਲਈ ਪੇਸ਼ ਕੀਤਾ ਤਾਂ ਨਾਰਾਜ਼ ਕਾਂਗਰਸੀ ਵਿਧਾਇਕ ਇਸ ਦਾ ਤਿੱਖਾ ਵਿਰੋਧ ਕਰਦੇ 'ਵੈਲ' ਵਿਚ ਪਹੁੰਚ ਗਏ ਅਤੇ ਉਨ੍ਹਾਂ ਇਸ ਬਿੱਲ ਨੂੰ ਵਾਪਸ ਲੈਣ ਲਈ ਨਾਅਰੇਬਾਜ਼ੀ ਕੀਤੀ। ਇਸ ਸ਼ੋਰ-ਸ਼ਰਾਬੇ ਦੌਰਾਨ ਸਪੀਕਰ ਗਿਆਨ ਚੰਦ ਗੁਪਤਾ ਨੇ ਐਲਾਨ ਕਰ ਦਿੱਤਾ ਕਿ ਪੂਰੀ ਪ੍ਰਕਿਰਿਆ ਪਿਛੋਂ ਹੀ ਬਿੱਲ ਜਬਾਨੀ ਵੋਟ ਨਾਲ ਪਾਸ ਹੋ ਗਿਆ ਹੈ, ਜਿਸ 'ਤੇ 2 ਕਾਂਗਰਸੀ ਵਿਧਾਇਕ ਇਸ 'ਬਿੱਲ ਨੂੰ ਵਾਪਸ ਲਓ, ਵਾਪਸ ਲਓ' ਦੇ ਨਾਅਰੇ ਮਾਰਦੇ ਰਹੇ।

ਮੁੱਖ ਮੰਤਰੀ ਵੀ ਸਾਰਿਆਂ ਨੂੰ ਧੰਨਵਾਦ ਕਰਨ ਲਈ ਬੋਲਣ ਦੀ ਮੰਗ ਕਰਦੇ ਰਹੇ, ਪਰ ਕਿਸੇ ਨੂੰ ਬੋਲਣ ਦਾ ਮੌਕਾ ਦਿੱਤੇ ਬਗੈਰ ਸਪੀਕਰ ਨੇ ਬਿੱਲ ਪਾਸ ਹੋਣ ਦੀ ਸੂਚਨਾ ਦਿੰਦਿਆਂ ਸਦਨ ਦੀ ਕਾਰਵਾਈ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀ। ਬਿੱਲ ਨੂੰ ਸਦਨ 'ਚ ਪੇਸ਼ ਕਰਦਿਆਂ ਸੂਬੇ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਕਿਹਾ ਕਿ ਸਰਕਾਰੀ ਤੇ ਲੋਕਾਂ ਦੀ ਨਿੱਜੀ ਸੰਪਤੀ ਦੀ ਰੱਖਿਆ ਤੇ ਸੁਰੱਖਿਆ ਕਰਨੀ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ, ਜਿਸ 'ਚ 'ਹਰਿਆਣਾ ਲੋਕ ਵਿਵਸਥਾ 'ਚ ਵਿਘਨ ਦੌਰਾਨ ਸੰਪਤੀ ਨੁਕਸਾਨ ਵਸੂਲੀ ਬਿੱਲ' ਮੀਲ ਦਾ ਪੱਥਰ ਸਾਬਤ ਹੋਵੇਗਾ।

## ਵਿਦਿਆਰਥੀ ਦਿੱਲੀ ਮੋਰਚੇ 'ਤੇ ਮਨਾਉਣਗੇ ਛੁੱਟੀਆਂ

**ਫਰੀਦਕੋਟ:** ਮਾਲਵੇ ਦੇ ਵਿਦਿਆਰਥੀ ਇਸ ਵਾਰ ਗਰਮੀ ਦੀਆਂ ਛੁੱਟੀਆਂ ਸੰਯੁਕਤ ਕਿਸਾਨ ਮੋਰਚੇ ਨਾਲ ਦਿੱਲੀ ਦੀਆਂ ਹੱਦਾਂ 'ਤੇ ਮਨਾਉਣਗੇ। ਇਸ ਮੁਹਿੰਮ ਨੂੰ ਘਰ-ਘਰ ਪਹੁੰਚਾਉਣ ਲਈ ਵਿਦਿਆਰਥੀਆਂ ਨੇ ਕਿਰਤੀ ਕਿਸਾਨ ਯੂਨੀਅਨ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਹਿਯੋਗ ਨਾਲ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਦੀਪ ਸਿੰਘ ਵਾਲਾ ਵਿਚ ਵਿਦਿਆਰਥੀ ਰੈਲੀ ਕੀਤੀ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Wanted Workers
Need workers for Restaurant and Gas station in Eureka, CA. Housing and food provide.
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ। ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
7-10

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਕਰੋਨਾ ਦਾ ਸਹਿਮ: ਪੰਜਾਬ ਵਿਚ ਮੁੜ ਸਖਤ ਪਾਬੰਦੀਆਂ ਲਾਈਆਂ

## ਕੈਪਟਨ ਨੇ ਪੰਜਾਬੀਆਂ ਨੂੰ ਕੋਵਿਡ ਖਿਲਾਫ ਲੰਮੀ ਲੜਾਈ ਲਈ ਕੀਤਾ ਚੌਕਸ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ-19 ਦੀ ਦੂਜੀ ਲਹਿਰ/ਹੱਲੇ ਨੂੰ ਦੇਖਦੇ ਹੋਏ ਪੰਜਾਬ 'ਚ ਵੱਡੇ ਪੱਧਰ 'ਤੇ ਪਾਬੰਦੀਆਂ ਲਾਉਣ ਦੇ ਹੁਕਮ ਕੀਤੇ ਹਨ। ਇਨ੍ਹਾਂ ਹੁਕਮਾਂ ਅਨੁਸਾਰ ਪੰਜਾਬ 'ਚ ਹੁਣ ਸਾਰੇ ਵਿਦਿਅਕ ਅਦਾਰੇ 31 ਮਾਰਚ ਤੱਕ ਬੰਦ ਰਹਿਣਗੇ ਜਦੋਂ ਕਿ ਸਿਨੇਮਾ ਘਰਾਂ/ਮਾਲਜ ਦੀ ਸਮਰੱਥਾ ਵੀ ਹੁਣ ਅੱਧੀ ਰਹੇਗੀ।

ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਕੋਵਿਡ ਖਿਲਾਫ ਲੰਮੀ ਲੜਾਈ ਲਈ ਚੌਕਸ ਕੀਤਾ ਹੈ ਕਿਉਂਕਿ ਪੰਜਾਬ ਨੂੰ ਕਰੀਬ ਇਕ ਸਾਲ ਮਗਰੋਂ ਹੀ ਮੁੜ ਕੋਵਿਡ ਦੀ ਮਾਰ ਝੱਲਣੀ ਪੈ ਰਹੀ ਹੈ। ਮੁੱਖ ਮੰਤਰੀ ਨੇ ਕੋਵਿਡ ਹਾਲਾਤ ਦੀ ਸਮੀਖਿਆ ਬਾਰੇ ਉਚ ਪੱਧਰੀ ਮੀਟਿੰਗ ਵਿਚ ਇਹ ਨਵੇਂ ਕਦਮ ਉਠਾਉਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਬਿਨਾਂ ਮਾਸਕ ਤੋਂ ਜਨਤਕ ਖੇਤਰਾਂ ਤੇ ਇਸ ਦੇ ਆਲੇ-ਦੁਆਲੇ ਸੜਕਾਂ ਗਲੀਆਂ 'ਚ ਘੁੰਮਣ ਵਾਲੇ ਲੋਕਾਂ ਨੂੰ 'ਟੈਸਟਿੰਗ ਲਈ ਨਜ਼ਦੀਕੀ ਆਰ.ਟੀ-ਪੀ.ਸੀ.ਆਰ. ਟੈਸਟਿੰਗ ਕੇਂਦਰ ਲਿਜਾਣ ਦੀ ਵੀ ਹਦਾਇਤ ਕੀਤੀ ਹੈ।

ਮੀਟਿੰਗ ਦੌਰਾਨ ਲਏ ਫੈਸਲਿਆਂ ਤਹਿਤ ਮੈਡੀਕਲ ਤੇ ਨਰਸਿੰਗ ਕਾਲਜਾਂ ਨੂੰ ਛੱਡ ਕੇ ਬਾਕੀ ਸਾਰੇ ਵਿਦਿਅਕ ਅਦਾਰੇ 31 ਮਾਰਚ ਤੱਕ ਬੰਦ ਰਹਿਣਗੇ। ਇਸੇ ਤਰ੍ਹਾਂ ਸਿਨੇਮਾ ਹਾਲ ਦੀ ਸਮਰੱਥਾ 50 ਫੀਸਦੀ ਕਰ ਦਿੱਤੀ ਗਈ ਹੈ ਜਦੋਂ ਕਿ ਸ਼ਾਪਿੰਗ ਮਾਲਜ 'ਚ ਕਿਸੇ ਵੀ ਸਮੇਂ ਇਕ ਮਾਲ 'ਚ 100 ਤੋਂ ਵੱਧ ਵਿਅਕਤੀ ਨਹੀਂ ਜਾ ਸਕਣਗੇ। ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਨੂੰ ਦੋ ਹਫਤਿਆਂ ਲਈ ਘਰਾਂ ਵਿਚ ਟਿਕਣ ਦੀ ਅਪੀਲ ਕੀਤੀ ਹੈ ਅਤੇ ਘਰਾਂ ਵਿਚ 10 ਤੋਂ ਵੱਧ ਮਹਿਮਾਨ ਨਾ ਆਉਣ ਲਈ ਵੀ ਆਖਿਆ ਹੈ। ਪੰਜਾਬ ਦੇ ਕਰੋਨਾ ਨਾਲ ਸਭ ਤੋਂ ਵੱਧ ਪ੍ਰਭਾਵਿਤ 11 ਜ਼ਿਲ੍ਹਿਆਂ ਵਿਚ ਅੰਤਿਮ ਸਸਕਾਰ/ਵਿਆਹ-ਸ਼ਾਦੀਆਂ ਨੂੰ ਛੱਡ ਕੇ ਹੋਰ ਸਾਰੇ ਸਮਾਜਿਕ ਇਕੱਠਾਂ 'ਤੇ ਮੁਕੰਮਲ ਰੋਕ ਲਾ ਦਿੱਤੀ ਗਈ ਹੈ।

ਇਨ੍ਹਾਂ ਜ਼ਿਲ੍ਹਿਆਂ ਵਿਚ ਖੁਸ਼ੀ ਗਮੀ ਦੇ ਸਮਾਗਮਾਂ ਵਿਚ ਸਿਰਫ 20 ਵਿਅਕਤੀਆਂ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਹੋਵੇਗੀ। ਇਨ੍ਹਾਂ ਜ਼ਿਲ੍ਹਿਆਂ 'ਚ ਰਾਤਰੀ ਕਰਫਿਊ ਰਾਤ 9 ਤੋਂ ਸਵੇਰੇ 5 ਵਜੇ ਤੱਕ ਰਹੇਗਾ ਅਤੇ ਇਸ ਅਰਸੇ ਦੌਰਾਨ ਹੋਮ ਡਲਿਵਰੀ ਦੀ ਆਗਿਆ ਹੋਵੇਗੀ। ਇਨ੍ਹਾਂ ਜ਼ਿਲ੍ਹਿਆਂ 'ਚ ਐਤਵਾਰ ਨੂੰ ਸਿਨੇਮੇ, ਮਲਟੀਪਲੈਕਸ, ਰੈਸਟੋਰੈਂਟ ਤੇ ਮਾਲਜ ਆਦਿ ਵੀ ਬੰਦ ਰਹਿਣਗੇ। ਸਨਅਤੀ ਅਤੇ ਜ਼ਰੂਰੀ ਸੇਵਾਵਾਂ ਜਾਰੀ ਰਹਿਣ ਦੇ ਹੁਕਮ ਕੀਤੇ ਗਏ ਹਨ। ਵੱਧ ਪ੍ਰਭਾਵਿਤ 11 ਜ਼ਿਲ੍ਹਿਆਂ ਲੁਧਿਆਣਾ, ਜਲੰਧਰ, ਪਟਿਆਲਾ, ਮੁਹਾਲੀ, ਅੰਮ੍ਰਿਤਸਰ, ਹੁਸ਼ਿਆਰਪੁਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਫਤਹਿਗੜ੍ਹ ਸਾਹਿਬ, ਰੋਪੜ ਅਤੇ ਮੋਗਾ ਦੇ ਸਰਕਾਰੀ ਦਫਤਰਾਂ ਵਿਚ ਜ਼ਰੂਰੀ ਵਸਤਾਂ ਨੂੰ ਛੱਡ ਕੇ ਪਬਲਿਕ ਡੀਲਿੰਗ ਰੋਕ ਦਿੱਤੀ ਗਈ ਹੈ। ਰੋਜ਼ਾਨਾ ਦੀਆਂ ਰਜਿਸਟਰੀਆਂ 'ਤੇ ਵੀ ਕੱਟ ਲਾ ਦਿੱਤਾ ਗਿਆ ਹੈ।

ਪੰਜਾਬ ਭਰ 'ਚ ਮਾਈਕਰੋ-ਕੰਟੇਨਮੈਂਟ ਅਤੇ ਕੰਟੇਨਮੈਂਟ ਜ਼ੋਨਾਂ ਵਿਚ ਤੁਰਤ ਸਖਤੀ ਅਤੇ ਨਿਗਰਾਨੀ ਰੱਖਣ ਲਈ ਰਣਨੀਤੀ ਤਿਆਰ ਹੋਣ ਲੱਗੀ ਹੈ। ਬਾਕੀ ਜ਼ਿਲ੍ਹਿਆਂ ਵਿਚ ਵੀ ਕੋਵਿਡ ਨੇਮਾਂ ਦੀ ਉਲੰਘਣਾ ਦੀ ਸੂਰਤ ਵਿਚ ਸਖਤੀ ਵਧਾਈ ਜਾ ਸਕਦੀ ਹੈ। ਮੁੱਖ ਮੰਤਰੀ ਨੇ ਰੋਜ਼ਾਨਾ 35 ਹਜ਼ਾਰ ਟੈਸਟ ਕਰਨ ਦੇ ਵੀ ਹੁਕਮ ਦਿੱਤੇ ਹਨ ਅਤੇ ਹਰੇਕ ਪਾਜ਼ੇਟਿਵ ਕੇਸ ਦੇ ਸੰਪਰਕ ਵਿਚ ਆਏ 30 ਵਿਅਕਤੀਆਂ ਦਾ ਟੈਸਟ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਹਸਪਤਾਲਾਂ 'ਚ ਸਪੈਸ਼ਲਿਸਟਾਂ/ਸੁਪਰ-ਸਪੈਸ਼ਲਿਸਟਾਂ ਦੀ ਭਰਤੀ ਤੁਰਤ ਮੁਕੰਮਲ ਕਰਨ ਦੇ ਵੀ ਨਿਰਦੇਸ਼ ਦਿੱਤੇ ਹਨ। ਚੰਗੀ ਕਾਰਗੁਜ਼ਾਰੀ ਵਾਲੇ ਹਸਪਤਾਲਾਂ ਨੂੰ ਕੋਵਿਡ ਬੈੱਡ ਬਹਾਲ ਕਰਨ ਅਤੇ ਚੋਣਵੀਆਂ ਸਰਜਰੀਆਂ ਮੁਲਤਵੀ ਕਰਨ ਲਈ ਆਖਿਆ ਗਿਆ ਹੈ। ਮੁੱਖ ਮੰਤਰੀ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੁਰਗਿਆਣਾ ਮੰਦਰ ਦੇ ਪ੍ਰਬੰਧਕਾਂ ਨਾਲ ਗੱਲਬਾਤ ਕਰਨ ਲਈ ਕਿਹਾ ਹੈ ਤਾਂ ਜੋ ਉਹ ਸ਼ਰਧਾਲੂਆਂ ਨੂੰ ਧਾਰਮਿਕ ਅਸਥਾਨਾਂ ਦੇ ਅੰਦਰ ਮਾਸਕ ਪਾਉਣ ਲਈ ਉਤਸ਼ਾਹਿਤ ਕਰਨ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੱਧੂ ਨੇ ਇਸ ਮੌਕੇ ਦੱਸਿਆ ਕਿ ਪਹਿਲਾਂ ਸ਼ਹਿਰੀ ਖੇਤਰਾਂ ਵਿਚ ਵਧੇਰੇ ਕੇਸ ਸਾਹਮਣੇ ਆ ਰਹੇ ਸਨ, ਪਰ ਹੁਣ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਬਰਾਬਰ ਮਾਮਲੇ ਸਾਹਮਣੇ ਆ ਰਹੇ ਹਨ।

ਮੁੱਖ ਮੰਤਰੀ ਨੇ ਸਾਰੇ ਪ੍ਰਾਈਵੇਟ ਤੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਸੰਭਾਲ ਸਹੂਲਤਾਂ ਨੂੰ 31 ਮਾਰਚ ਤੱਕ ਹਫਤੇ ਦੇ ਸੱਤ ਦਿਨ ਰੋਜ਼ਾਨਾ ਘੱਟੋ-ਘੱਟ 8 ਘੰਟੇ ਨਿਰਵਿਘਨ ਟੀਕਾਕਰਨ ਸੇਵਾਵਾਂ ਦੇਣ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਜੇ 45 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਯੋਗ ਵਿਅਕਤੀ ਸਹਿ ਬਿਮਾਰੀਆਂ ਸਬੰਧੀ ਮੈਡੀਕਲ ਰਿਕਾਰਡ ਲੈ ਕੇ ਆਉਂਦਾ ਹੈ ਤਾਂ ਹੋਰ ਕਿਸੇ ਵੀ ਵੱਖਰੇ ਸਰਟੀਫਿਕੇਟ ਦੀ ਲੋੜ ਨਾ ਸਮਝੀ ਜਾਵੇ। ਮੁੱਖ ਮੰਤਰੀ ਨੇ ਕੋਵਿਡ ਵੈਕਸੀਨ ਦੀ ਇਕ ਵੀ ਡੋਜ਼ ਦਾ ਪ੍ਰਬੰਧ ਨਾ ਕਰਨ ਵਾਲੀਆਂ 891 ਰਜਿਸਟਰਡ ਪ੍ਰਾਈਵੇਟ ਸਿਹਤ ਸੰਸਥਾਵਾਂ ਖਿਲਾਫ ਸਖਤੀ ਕਰਨ ਲਈ ਕਿਹਾ ਹੈ। ਉਨ੍ਹਾਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਸਾਰੇ ਫਰੰਟਲਾਈਨ ਵਰਕਰਾਂ ਨੂੰ ਤਰਜੀਹੀ ਅਧਾਰ 'ਤੇ ਕਵਰ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਹਸਪਤਾਲਾਂ 'ਚ ਬਿਸਤਰਿਆਂ ਦੀ ਸਮਰੱਥਾ ਵਧਾਉਣ ਅਤੇ ਅਗਲੇ ਹੁਕਮਾਂ ਤੱਕ ਚੋਣਵੇਂ ਆਪ੍ਰੇਸ਼ਨਾਂ ਨੂੰ ਅੱਗੇ ਪਾਉਣ ਲਈ ਵੀ ਕਿਹਾ।



## ਪੰਜਾਬ 'ਚ ਐਤਕੀਂ ਕਣਕ ਦੀ ਖਰੀਦ 10 ਅਪਰੈਲ ਤੋਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ-19 ਦੇ ਦੂਜੇ ਹੱਲੇ ਨੂੰ ਦੇਖਦੇ ਹੋਏ ਐਤਕੀਂ ਕਣਕ ਦੀ ਖਰੀਦ ਦਾ ਕੰਮ 10 ਅਪਰੈਲ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ ਜਦੋਂ ਕਿ ਪੰਜਾਬ ਵਿਚ ਕਣਕ ਦੀ ਸਰਕਾਰੀ ਖਰੀਦ ਪਹਿਲੀ ਅਪਰੈਲ ਤੋਂ ਸ਼ੁਰੂ ਹੁੰਦੀ ਹੈ। ਖਰੀਦ ਵਿਚ ਦੇਰੀ ਦਾ ਫੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕੋਵਿਡ-19 ਸਮੀਖਿਆ ਬੈਠਕ ਵਿਚ ਲਿਆ ਗਿਆ। ਇਸ ਦੌਰਾਨ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਮੁੱਖ ਮੰਤਰੀ ਨੂੰ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਵਿਚ ਵਾਧੇ ਲਈ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਣ ਦੀ ਅਪੀਲ ਕੀਤੀ ਹੈ।

## ਪੰਜਾਬ ਸਣੇ 8 ਸੂਬਿਆਂ 'ਚ ਕਰੋਨਾ ਦੀ ਰਫਤਾਰ ਤੇਜ਼

**ਨਵੀਂ ਦਿੱਲੀ:** ਸਿਹਤ ਮੰਤਰਾਲੇ ਨੇ ਕਿਹਾ ਕਿ 8 ਸੂਬਿਆਂ 'ਚ ਕਰੋਨਾ ਦੇ ਨਵੇਂ ਮਾਮਲੇ ਰੋਜ਼ਾਨਾ ਤੇਜ਼ ਰਫਤਾਰ ਨਾਲ ਵਧ ਰਹੇ ਹਨ ਅਤੇ ਇਨ੍ਹਾਂ 'ਚ ਕੇਂਦਰ ਸ਼ਾਸਿਤ ਪ੍ਰਦੇਸ਼ ਦਿੱਲੀ ਤੋਂ ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ, ਕਰਨਾਟਕ, ਹਰਿਆਣਾ, ਤਾਮਿਲਨਾਡੂ ਵੀ ਸ਼ਾਮਲ ਹਨ, ਜਦਕਿ ਕੇਰਲ 'ਚ ਨਵੇਂ ਮਾਮਲਿਆਂ ਵਿਚ ਕਮੀ ਦੇਖਣ ਨੂੰ ਮਿਲ ਰਹੀ ਹੈ। ਮੰਤਰਾਲੇ ਨੇ ਕਿਹਾ ਕਿ ਦੇਸ਼ ਦੇ ਕੁੱਲ ਸਰਗਰਮ ਮਾਮਲਿਆਂ 'ਚ ਪੰਜਾਬ, ਮਹਾਰਾਸ਼ਟਰ ਅਤੇ ਕੇਰਲ ਦਾ ਹਿੱਸਾ 76 ਫੀਸਦੀ ਹੈ, ਇਨ੍ਹਾਂ ਮਾਮਲਿਆਂ 'ਚ ਮਹਾਰਾਸ਼ਟਰ ਦਾ ਯੋਗਦਾਨ 62 ਫੀਸਦੀ ਹੈ, ਜਦਕਿ ਪੰਜਾਬ ਤੇ ਕੇਰਲਾ 'ਚ ਸਰਗਰਮ ਮਾਮਲਿਆਂ ਦੀ ਦਰ 8.83 ਫੀਸਦੀ ਤੇ 5.36 ਫੀਸਦੀ ਹੈ।

## ਰਾਤ ਦਾ ਕਰਫਿਊ ਦੋ ਘੰਟੇ ਵਧਾਇਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਮਹਾਮਾਰੀ ਦੀ ਦੂਜੀ ਲਹਿਰ ਤੋਂ ਪੰਜਾਬ ਦੇ ਲੋਕਾਂ ਨੂੰ ਚੌਕਸ ਕਰਦਿਆਂ ਸੂਬੇ ਦੇ 9 ਜ਼ਿਲ੍ਹਿਆਂ ਵਿਚ ਰਾਤ ਦੇ ਕਰਫਿਊ ਦਾ ਸਮਾਂ ਦੋ ਘੰਟੇ ਹੋਰ ਵਧਾਉਣ ਦਾ ਐਲਾਨ ਕੀਤਾ ਹੈ। ਕਰਫਿਊ ਦਾ ਸਮਾਂ ਹੁਣ ਰਾਤ ਨੂੰ 9 ਵਜੇ ਤੋਂ ਸਵੇਰ 5 ਵਜੇ ਤੱਕ ਰਹੇਗਾ। ਮੁੱਖ ਮੰਤਰੀ ਨੇ ਆਉਂਦੇ ਦਿਨਾਂ 'ਚ ਮੁੜ ਪਾਬੰਦੀਆਂ ਆਇਦ ਕਰਨ ਦੀ ਗੱਲ ਵੀ ਆਖੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਨੌਂ ਜ਼ਿਲ੍ਹਿਆਂ ਵਿਚ ਰੋਜ਼ਾਨਾ ਸੌ ਤੋਂ ਵੱਧ ਕੋਵਿਡ-19 ਦੇ ਕੇਸ ਆ ਰਹੇ ਹਨ ਜਿਸ ਕਰਕੇ ਲੁਧਿਆਣਾ, ਜਲੰਧਰ, ਪਟਿਆਲਾ, ਮੁਹਾਲੀ, ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਰੋਪੜ ਜ਼ਿਲ੍ਹਿਆਂ ਵਿਚ ਹੁਣ ਰਾਤ 11 ਵਜੇ ਤੋਂ ਸਵੇਰੇ 5 ਵਜੇ ਦੀ ਥਾਂ ਰਾਤ 9 ਵਜੇ ਤੋਂ ਸਵੇਰੇ 5 ਵਜੇ ਤੱਕ ਰਾਤ ਦਾ ਕਰਫਿਊ ਲਾਗੂ ਰਹੇਗਾ।

# ਹੁਣ ਪੰਜਾਬ ਦੇ ਵਿਦਿਆਰਥੀ ਵੀ ਹੋਏ ਕਰਜ਼ਾਈ

**ਚੰਡੀਗੜ੍ਹ:** ਬੈਂਕਾਂ ਤੋਂ 'ਸਿੱਖਿਆ ਕਰਜ਼ਾ' ਲੈਣ ਵਾਲੇ ਪੰਜਾਬ ਦੇ 30 ਹਜ਼ਾਰ ਵਿਦਿਆਰਥੀ ਕਰਜ਼ਾਈ ਹੋ ਗਏ ਹਨ। ਇਨ੍ਹਾਂ ਸਿਰ 1748.48 ਕਰੋੜ ਦਾ ਕਰਜ਼ਾ ਖੜ੍ਹਾ ਹੈ। ਗਰੀਬ ਘਰਾਂ ਦੇ ਵਿਦਿਆਰਥੀ 'ਸਿੱਖਿਆ ਲੋਨ' ਲੈ ਕੇ ਪੜ੍ਹਾਈ ਕਰਨ ਲਈ ਮਜਬੂਰ ਹੁੰਦੇ ਹਨ, ਜਿਨ੍ਹਾਂ ਨੂੰ ਮਗਰੋਂ ਕਰਜ਼ਾ ਮੋੜਨਾ ਮੁਸ਼ਕਲ ਹੋ ਜਾਂਦਾ ਹੈ।

ਪਿਛਲੇ ਕੁਝ ਵਰ੍ਹਿਆਂ ਤੋਂ ਬੈਂਕਾਂ ਨੇ ਵੀ 'ਸਿੱਖਿਆ ਕਰਜ਼ਾ' ਦੇਣ ਤੋਂ ਹੱਥ ਪਿਛਾਂਹ ਖਿੱਚਣਾ ਸ਼ੁਰੂ ਕਰ ਦਿੱਤਾ ਹੈ। ਕੇਂਦਰੀ ਵਿੱਤ ਮੰਤਰਾਲੇ ਅਨੁਸਾਰ ਕੇਂਦਰ ਸਰਕਾਰ ਦੀ 'ਸਿੱਖਿਆ ਲੋਨ' ਸਕੀਮ ਤਹਿਤ ਕੁਝ ਨਿਸ਼ਚਿਤ ਮਾਤਰਾ ਦੇ ਕਰਜ਼ੇ ਲਈ ਬਿਨਾਂ ਸਕਿਓਰਿਟੀ ਤੋਂ ਲੋਨ ਦਿੱਤਾ ਜਾਂਦਾ ਹੈ। ਜਿਨ੍ਹਾਂ ਘਰਾਂ ਦੀ ਪਹੁੰਚ ਨਹੀਂ ਹੁੰਦੀ, ਉਹ ਮਾਪੇ ਬੱਚਿਆਂ ਦੀ ਸਿੱਖਿਆ ਲਈ ਕਰਜ਼ਾ ਚੁੱਕਦੇ ਹਨ। ਪੰਜਾਬ ਵਿਚ 1849 ਵਿਦਿਆਰਥੀ ਤਾਂ ਕਰਜ਼ਾ ਮੋੜ ਹੀ ਨਹੀਂ ਸਕੇ, ਜਿਸ ਕਰਕੇ ਉਨ੍ਹਾਂ ਦਾ 52.63 ਕਰੋੜ ਦਾ ਲੋਨ ਬੈਂਕਾਂ ਨੂੰ ਵੱਟੇ ਖਾਤੇ ਪਾਉਣਾ ਪਿਆ ਜੋ ਕਿ ਕੁੱਲ ਐਨ.ਪੀ.ਏ. ਦਾ 3.01 ਫੀਸਦੀ ਬਣਦਾ ਹੈ। ਕਿਸਾਨ ਆਗੂ ਜਸਵੀਰ ਬੁਰਜ ਸੇਮਾ ਅਨੁਸਾਰ ਕਿੰਨੇ ਹੀ ਕਿਸਾਨ ਅਜਿਹੇ ਹਨ ਜਿਨ੍ਹਾਂ ਸਿਰ ਖੇਤੀ ਕਰਜ਼ਾ ਹੈ ਅਤੇ ਪੁੱਤ 'ਸਿੱਖਿਆ ਲੋਨ' ਵਿਚ ਡਿਫਾਲਟਰ ਹੋ ਗਏ ਹਨ। ਵੇਰਵਿਆਂ ਅਨੁਸਾਰ ਪੰਜਾਬ ਦੇ 29,934 ਵਿਦਿਆਰਥੀਆਂ ਨੇ ਪੜ੍ਹਾਈ ਲਈ ਕਰਜ਼ਾ ਲਿਆ ਹੈ, ਜਿਨ੍ਹਾਂ ਨੇ ਹਾਲੇ ਰਕਮ ਵਾਪਸ ਕਰਨੀ ਹੈ। ਇਸੇ ਤਰ੍ਹਾਂ ਹਰਿਆਣਾ ਦੇ 33,517 ਵਿਦਿਆਰਥੀ ਹਨ, ਜਿਨ੍ਹਾਂ ਸਿਰ 1,644 ਕਰੋੜ ਦਾ ਕਰਜ਼ਾ ਹੈ। ਹਰਿਆਣਾ ਵਿਚ ਬੈਂਕਾਂ ਨੇ ਕਰੀਬ 100 ਕਰੋੜ ਦੇ ਸਿੱਖਿਆ ਲੋਨ ਦੀ ਰਾਸ਼ੀ ਵੱਟੇ ਖਾਤੇ ਪਾਈ ਹੈ, ਜੋ ਐਨ.ਪੀ.ਏ. ਦਾ 6.13 ਫੀਸਦੀ ਬਣਦੀ ਹੈ।



ਤੱਥਾਂ ਅਨੁਸਾਰ ਦੇਸ ਵਿਚ ਇਸ ਵੇਲੇ 24.84 ਲੱਖ ਵਿਦਿਆਰਥੀਆਂ ਨੇ ਕਰੀਬ 89,883 ਕਰੋੜ ਦਾ ਸਿੱਖਿਆ ਕਰਜ਼ਾ ਲਿਆ ਹੋਇਆ ਹੈ। ਵਰ੍ਹਾ 2015 ਵਿਚ ਸਿੱਖਿਆ ਕਰਜ਼ਾ ਹਾਸਲ ਕਰਨ ਵਾਲਿਆਂ ਦਾ ਅੰਕੜਾ 34 ਲੱਖ ਸੀ, ਜੋ ਕਿ 2019 ਵਿਚ ਘਟ ਕੇ 27 ਲੱਖ ਰਹਿ ਗਿਆ ਸੀ। ਹੁਣ ਇਹ ਅੰਕੜਾ 24.84 ਲੱਖ 'ਤੇ ਹੀ ਸਿਮਟ ਗਿਆ ਹੈ। ਐਨ.ਪੀ.ਏ. (ਨਾਨ ਪਰਫਾਰਮਿੰਗ ਐਸੇਟਸ) ਦੀ ਦਰ ਦੇਖੀਏ ਤਾਂ 31 ਮਾਰਚ 2020 ਨੂੰ ਸਨਅਤੀ ਖੇਤਰ ਵਿਚ 13.60 ਫੀਸਦੀ ਸੀ ਜਦੋਂ ਕਿ ਖੇਤੀ ਅਤੇ ਅਲਾਇਡ 'ਚ 10.33 ਫੀਸਦੀ ਰਹੀ। ਇਸੇ ਤਰ੍ਹਾਂ ਸਿੱਖਿਆ ਖੇਤਰ ਵਿਚ 7.61 ਫੀਸਦੀ ਅਤੇ ਹਾਊਸਿੰਗ 'ਚ ਇਹ ਦਰ 1.61 ਫੀਸਦੀ ਰਹੀ।

## ਕੇਜਰੀਵਾਲ ਸਰਕਾਰ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲ ਦੇਣ ਦੇ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ (ਆਪ) ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣ ਲਈ ਕਾਂਗਰਸ ਪਾਰਟੀ ਦੇ ਨਕਸ਼ੇ ਕਦਮਾਂ 'ਤੇ ਚੱਲ ਪਈ ਹੈ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਦਿੱਲੀ ਦੀ 'ਆਪ' ਸਰਕਾਰ ਪੰਥਕ ਵਿਰੋਧੀ ਤਾਕਤਾਂ ਨਾਲ ਰਲ ਕੇ ਅਕਾਲੀ ਦਲ ਨੂੰ ਆਉਂਦੀਆਂ ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਲੜਨ ਤੋਂ ਰੋਕਣ ਲਈ ਤਰਲੋ-ਮੱਛੀ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਚੋਣਾਂ ਦੇ ਮੰਤਰੀ ਰਾਜਿੰਦਰਪਾਲ ਗੌਤਮ ਨੇ ਪ੍ਰਮੁੱਖ ਸਕੱਤਰ ਗੁਰਦੁਆਰਾ ਚੋਣ ਵਿਭਾਗ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਪਿਛਲੀ ਕਾਂਗਰਸ ਸਰਕਾਰ ਵੱਲੋਂ ਸੋਧੇ ਹੋਏ ਕੁਝ ਨਿਯਮ ਸਖਤੀ ਨਾਲ ਲਾਗੂ ਕੀਤੇ ਜਾਣ।

ਸੀ-ਵੋਟਰ ਸਰਵੇ 'ਤੇ ਟਿੱਪਣੀ ਕਰਦਿਆਂ ਅਕਾਲੀ ਆਗੂ ਨੇ ਏਜੰਸੀ ਖਿਲਾਫ ਫੌਜਦਾਰੀ ਕਾਰਵਾਈ ਕਰਨ ਦੀ ਮੰਗ ਕੀਤੀ।

## 54 ਕਰੋੜ ਦੀਆਂ ਨਸ਼ੀਲੀਆਂ ਦਵਾਈਆਂ ਸਣੇ 15 ਕਾਬੂ

**ਲੁਧਿਆਣਾ:** ਲੁਧਿਆਣਾ ਪੁਲਿਸ ਵੱਲੋਂ ਅੰਤਰਰਾਜੀ ਨਸ਼ਾ ਤਸਕਰਾਂ ਦੇ ਇਕ ਗਰੋਹ ਦਾ ਪਰਦਾਫਾਸ਼ ਕਰਦਿਆਂ 15 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਕੋਲੋਂ 54 ਕਰੋੜ ਰੁਪਏ ਮੁੱਲ ਦੀਆਂ ਨਸ਼ੀਲੀਆਂ ਦਵਾਈਆਂ ਬਰਾਮਦ ਹੋਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਕਾਬੂ ਕੀਤੇ ਗਏ ਮੁਲਜ਼ਮਾਂ ਵਿਚ ਹੇਮੰਤ ਪੁੱਤਰ ਰਜੇਸ਼ ਵਾਸੀ ਉਤਰ ਪ੍ਰਦੇਸ਼, ਅਨੂ ਕੁਮਾਰ ਸ਼ਰਮਾ ਵਾਸੀ ਚੰਦਰਨਗਰ, ਲਵਲੀਨ ਸ਼ਰਮਾ ਪਾਸੀ ਚੰਦਰ ਨਗਰ, ਹਰਜੀਤ ਸਿੰਘ ਉਰਫ ਰਜਿੰਦਰ ਵਾਸੀ ਕੁੰਦਨਪੁਰੀ, ਸੁਮਿਤ ਕੁਮਾਰ ਵਾਸੀ ਗੁਰੂ ਨਾਨਕਪੁਰਾ, ਗਗਨਦੀਪ ਸਿੰਘ ਵਾਸੀ ਜਗਤਪੁਰੀ, ਬੱਬਲ ਉਰਫ ਰਮੇਸ਼ ਕੁਮਾਰ ਵਾਸੀ ਕੁੰਦਨਪੁਰੀ, ਕਰਮਜੀਤ ਸਿੰਘ ਉਰਫ ਪ੍ਰਿੰਸ ਵਾਸੀ ਹੈਬੋਵਾਲ ਕਲਾਂ, ਕੁਲਵਿੰਦਰ ਕੁਮਾਰ ਉਰਫ ਬੱਬੂ ਵਾਸੀ ਸਿਵਲ ਸਿਟੀ, ਕੁਲਦੀਪ ਕੁਮਾਰ ਉਰਫ ਬਿਜਲੀ ਵਾਸੀ ਉੱਤਰ ਪ੍ਰਦੇਸ਼, ਕਮਲਜੀਤ ਸਿੰਘ ਉਰਫ ਕਮਲ ਪੁੱਤਰ ਹਰਬੰਸ ਸਿੰਘ ਵਾਸੀ ਨਿਊ ਕੁੰਦਨਪੁਰੀ, ਜਾਨ ਸੈਫੀ ਪੁੱਤਰ ਅਬਦੁਲ ਸਲੀਮ ਵਾਸੀ ਉੱਤਰ ਪ੍ਰਦੇਸ਼, ਫਰਜਾਨ ਸੇਠੀ ਵਾਸੀ ਉੱਤਰ ਪ੍ਰਦੇਸ਼, ਸੂਰਜ ਪ੍ਰਕਾਸ਼ ਵਾਸੀ ਮੇਰਠ ਅਤੇ ਮੁਹੰਮਦ ਸਦੀਕ ਵਾਸੀ ਮੇਰਠ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ ਉਤੇ ਕਾਰਵਾਈ ਕਰਦਿਆਂ ਪੁਲਿਸ ਵੱਲੋਂ ਛਾਉਣੀ ਮੁਹੱਲਾ ਸਥਿਤ ਸਾਬਕਾ ਕੌਂਸਲਰ ਦੇ ਘਰ ਛਾਪੇਮਾਰੀ ਕਰ ਕੇ ਇਨ੍ਹਾਂ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਜਾਂਚ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਲੁਧਿਆਣਾ 'ਚ ਕੁਝ ਵਿਅਕਤੀ ਉੱਤਰ ਪ੍ਰਦੇਸ਼ ਦੇ ਨਸ਼ਾ ਤਸਕਰਾਂ ਨਾਲ ਮਿਲ ਕੇ ਵੱਡੇ ਪੱਧਰ ਉਤੇ ਪੰਜਾਬ 'ਚ ਇਹ ਦਵਾਈਆਂ ਸਪਲਾਈ ਕਰ ਰਹੇ ਹਨ। ਪੁਲਿਸ ਵੱਲੋਂ ਮੇਰਠ ਅਤੇ ਲੁਧਿਆਣਾ 'ਚ ਛਾਪੇਮਾਰੀ ਦੌਰਾਨ ਕੁੱਲ 15 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਨ੍ਹਾਂ ਖਿਲਾਫ ਵੱਖ-ਵੱਖ ਛੇ ਮੁਕੱਦਮੇ ਦਰਜ ਕੀਤੇ ਗਏ ਹਨ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ 67 ਲੱਖ ਦੇ ਕਰੀਬ ਨਸ਼ੀਲੀਆਂ ਗੋਲੀਆਂ, ਕੈਪਸੂਲ, ਟੀਕੇ ਅਤੇ 5 ਲੱਖ 44 ਹਜ਼ਾਰ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਹੈ।

## ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦਸ ਮਈ ਤੋਂ

**ਅੰਮ੍ਰਿਤਸਰ:** ਉੱਤਰਾਖੰਡ ਸਥਿਤ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਇਸ ਵਾਰ ਦਸ ਮਈ ਨੂੰ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਯਾਤਰਾ ਪਹਿਲਾਂ ਮਈ ਦੇ ਆਖਰੀ ਹਫਤੇ ਜਾਂ ਜੂਨ ਦੇ ਪਹਿਲੇ ਹਫਤੇ ਸ਼ੁਰੂ ਹੁੰਦੀ ਸੀ ਪਰ ਇਸ ਵਾਰ ਯਾਤਰਾ ਜਲਦੀ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਹੇਮਕੁੰਟ ਸਾਹਿਬ ਟਰੱਸਟ ਦੇ ਆਗੂ ਨਰਿੰਦਰ ਪਾਲ ਸਿੰਘ ਬਿੰਦਰਾ ਦੀ ਉੱਤਰਾਖੰਡ ਦੇ ਮੁੱਖ ਮੰਤਰੀ ਨਾਲ ਮੀਟਿੰਗ ਹੋਈ ਸੀ, ਜਿਸ ਵਿਚ ਇਹ ਯਾਤਰਾ ਜਲਦੀ ਸ਼ੁਰੂ ਕਰਨ ਦਾ ਫੈਸਲਾ ਹੋਇਆ ਹੈ। ਬਦਰੀਨਾਥ ਧਾਮ ਦੀ ਯਾਤਰਾ ਨਾਲ ਜਲਦੀ ਹੀ ਇਹ ਯਾਤਰਾ ਵੀ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਹੇਮਕੁੰਟ ਸਾਹਿਬ ਨੇੜਲੇ ਇਲਾਕਿਆਂ ਵਿਚ ਇਸ ਵਾਰ ਪਿਛਲੇ ਵਰ੍ਹੇ ਨਾਲੋਂ ਘੱਟ ਬਰਫ ਪਈ ਹੈ। ਬਰਫ ਹਟਾਉਣ ਦਾ ਕੰਮ ਭਾਰਤੀ ਫੌਜ ਦੇ ਜਵਾਨਾਂ ਵੱਲੋਂ 15 ਅਪਰੈਲ ਤੋਂ ਸ਼ੁਰੂ ਕੀਤਾ ਜਾਵੇਗਾ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕਿਸਾਨਾਂ ਵੱਲੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਿਜਦਾ

**ਨਵੀਂ ਦਿੱਲੀ:** ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਸਿੰਘੂ ਅਤੇ ਟਿਕਰੀ ਬਾਰਡਰ 'ਤੇ ਵੱਡੀਆਂ ਕਾਨਫਰੰਸਾਂ ਹੋਈਆਂ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਵਿਚਾਰਾਂ ਸਬੰਧੀ ਭਾਸ਼ਣ ਅਤੇ ਸੱਭਿਆਚਾਰਕ ਪ੍ਰੋਗਰਾਮ ਵੀ ਕੀਤੀ ਗਏ। ਇਸ ਮੌਕੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਸ਼ੋਸ਼ਣ ਬਾਰੇ ਭਗਤ ਸਿੰਘ ਦੇ ਵਿਚਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ। ਖਟਕੜ ਕਲਾਂ, ਸੁਨਾਮ, ਸਰਾਭਾ, ਹਿਸਾਰ ਅਤੇ ਮਥੁਰਾ ਤੋਂ ਨੌਜਵਾਨਾਂ ਦੇ ਵੱਡੇ ਕਾਫਲੇ ਦਿੱਲੀ ਦੇ ਬਾਰਡਰਾਂ 'ਤੇ ਪਹੁੰਚੇ। ਡਾ. ਦਰਸ਼ਨਪਾਲ ਨੇ ਕਿਹਾ ਕਿ ਕਿਸਾਨਾਂ ਦੇ ਮਸਲੇ ਦਾ ਕੋਈ ਹੱਲ ਲੱਭਣ ਦੀ ਬਜਾਏ ਭਾਜਪਾ ਆਗੂ ਉਨ੍ਹਾਂ 'ਤੇ ਦੋਸ਼ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਆਗੂ ਗੱਲਬਾਤ ਲਈ ਪੂਰੀ ਤਰ੍ਹਾਂ ਨਾਲ ਤਿਆਰ ਹਨ ਪਰ ਸਰਕਾਰ ਸਹੀ ਮਾਹੌਲ ਬਣਾ ਕੇ ਗੱਲਬਾਤ ਦੀ ਤਜਵੀਜ਼ ਭੇਜੇ। ਉਨ੍ਹਾਂ ਦੱਸਿਆ ਕਿ ਕਿਸਾਨ ਮਹਾਪੰਚਾਇਤਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕਰਨਾਟਕ ਦੀ ਰਾਜਧਾਨੀ ਬੰਗਲੌਰ 'ਚ ਵਿਧਾਨ ਸਭਾ ਤੱਕ ਕੱਢੇ ਗਏ ਮਾਰਚ 'ਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਵੀ ਹਿੱਸਾ ਲਿਆ।

## ਸਾਬਕਾ ਸਿੰਜਾਈ ਮੰਤਰੀ ਗੁਰਨਾਮ ਸਿੰਘ ਅਬੁਲ ਖੁਰਾਣਾ ਦਾ ਦੇਹਾਂਤ

**ਸ੍ਰੀ ਮੁਕਤਸਰ ਸਾਹਿਬ:** ਟਕਸਾਲੀ ਕਾਂਗਰਸੀ ਆਗੂ ਤੇ ਸਾਬਕਾ ਸਿੰਜਾਈ ਮੰਤਰੀ ਗੁਰਨਾਮ ਸਿੰਘ ਅਬੁਲ ਖੁਰਾਣਾ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਸਮੇਂ ਤੋਂ ਬਿਮਾਰ ਚੱਲੇ ਆ ਰਹੇ ਸਨ, ਜਿਨ੍ਹਾਂ ਨੇ ਚੰਡੀਗੜ੍ਹ ਵਿਖੇ ਆਪਣੇ ਗ੍ਰਿਹਿ ਵਿਖੇ ਆਖਰੀ ਸਾਹ ਲਏ। ਉਨ੍ਹਾਂ ਦਾ ਅੰਤਿਮ ਸਸਕਾਰ ਪਿੰਡ ਅਬੁਲ ਖੁਰਾਣਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤਾ ਗਿਆ।

# ਧੋਖੇਬਾਜ਼ ਐਨ. ਆਰ. ਆਈ. ਲਾੜਿਆਂ ਦੀ ਆਵੇਗੀ ਸ਼ਾਮਤ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਪਤਨੀਆਂ ਨੂੰ ਛੱਡਣ ਅਤੇ ਦਾਜ ਲਈ ਪਰੇਸ਼ਾਨ ਕਰਨ ਵਾਲੇ ਐਨ.ਆਰ.ਆਈ. ਲਾੜਿਆਂ ਦੀ ਲਾਜ਼ਮੀ ਗ੍ਰਿਫਤਾਰੀ ਦੀ ਮੰਗ ਕਰਨ ਵਾਲੀਆਂ ਅਰਜ਼ੀਆਂ 'ਤੇ ਜੁਲਾਈ 'ਚ ਸੁਣਵਾਈ ਕਰੇਗੀ।

ਚੀਫ ਜਸਟਿਸ ਏ.ਐਸ. ਬੋਬੜੇ, ਏ.ਐਸ. ਬੋਪੰਨਾ ਅਤੇ ਵੀ ਰਾਮਾਸੁਬਰਾਮਣੀਅਨ ਦੇ ਬੈਂਚ ਨੂੰ ਸੀਨੀਅਰ ਵਕੀਲ ਕੌਲਿਨ ਗੌਂਜਾਲਵੇਸ ਨੇ ਦੱਸਿਆ ਕਿ ਕੇਸ 'ਚ ਬਿਆਨਾਂ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਹੁਣ ਉਹ ਜਿਰ੍ਹਾ ਲਈ ਤਿਆਰ ਹਨ। ਇਸ 'ਤੇ ਬੈਂਚ ਨੇ ਕੇਸ ਦੀ ਸੁਣਵਾਈ ਜੁਲਾਈ ਲਈ ਨਿਰਧਾਰਤ ਕਰ ਦਿੱਤੀ। ਐਨ.ਜੀ.ਓ. ਪਰਵਾਸੀ ਲੀਗਲ ਸੈੱਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੰਜੈ ਹੇਗੜੇ ਨੇ ਕਿਹਾ ਕਿ ਉਨ੍ਹਾਂ ਵੱਖਰੀ ਅਰਜ਼ੀ ਦਾਖਲ ਕੀਤੀ ਹੋਈ ਹੈ ਅਤੇ ਉਹ ਮੁੱਦੇ 'ਤੇ ਅਦਾਲਤ ਨੂੰ ਸਹਿਯੋਗ ਕਰਨਾ ਚਾਹੁੰਦੇ ਹਨ। ਉਨ੍ਹਾਂ ਇਸ ਮਾਮਲੇ 'ਤੇ ਨੋਟਿਸ ਜਾਰੀ ਕਰਨ ਦੀ ਮੰਗ ਕੀਤੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੇਸ਼ ਹੋਏ ਵਕੀਲ ਨੇ ਵੀ ਕਿਹਾ ਕਿ ਉਨ੍ਹਾਂ ਵੱਖਰੀ ਪਟੀਸ਼ਨ ਦਾਖਲ ਕੀਤੀ ਹੋਈ ਹੈ ਤੇ ਉਨ੍ਹਾਂ ਨੂੰ ਵੀ ਨੋਟਿਸ ਜਾਰੀ ਕੀਤਾ ਜਾਵੇ। ਬੈਂਚ ਨੇ ਦੋਵੇਂ ਅਰਜ਼ੀਆਂ 'ਤੇ ਨੋਟਿਸ ਜਾਰੀ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ 13 ਨਵੰਬਰ, 2018 'ਚ ਸਿਖਰਲੀ ਅਦਾਲਤ ਨੇ ਐਨ.ਆਰ.ਆਈਜ਼. ਵੱਲੋਂ ਛੱਡੀਆਂ ਪਤਨੀਆਂ ਨੂੰ ਕਾਨੂੰਨੀ, ਵਿੱਤੀ ਸਹਾਇਤਾ ਤੇ ਪਤੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਵਾਲੀ ਅਰਜ਼ੀ 'ਤੇ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਸੀ।

## ਖੇਤੀ ਕਾਨੂੰਨਾਂ ਦੀ ਮਾਰ: 25 ਹਜ਼ਾਰ ਖਰੀਦ ਕੇਂਦਰ ਹੋਏ ਬੰਦ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਦੇ ਪਹਿਲੇ ਵਰ੍ਹੇ ਹੀ ਦੇਸ਼ ਭਰ ਵਿਚੋਂ 25 ਹਜ਼ਾਰ ਖਰੀਦ ਕੇਂਦਰ ਬੰਦ ਹੋ ਗਏ ਹਨ, ਜਿਨ੍ਹਾਂ ਵਿਚ ਪੱਕੀਆਂ ਮੰਡੀਆਂ ਅਤੇ ਨੋਟੀਫਾਈਡ ਖਰੀਦ ਕੇਂਦਰ ਸ਼ਾਮਲ ਹਨ। ਮੁਲਕ ਦੇ ਨੌਂ ਸੂਬਿਆਂ 'ਚ ਖਰੀਦ ਕੇਂਦਰ ਬੰਦ ਹੋਣੇ ਸ਼ੁਰੂ ਹੋ ਗਏ ਹਨ। ਉਂਜ ਤਾਂ ਪੱਕੇ ਖਰੀਦ ਕੇਂਦਰਾਂ ਦਾ ਅੰਕੜਾ ਛੋਟਾ ਹੈ ਪਰ ਨੋਟੀਫਾਈਡ ਖਰੀਦ ਕੇਂਦਰਾਂ ਦੀ ਗਿਣਤੀ ਵੱਡੀ ਹੈ। ਲੰਘੇ ਝੋਨੇ ਦੇ ਸੀਜ਼ਨ (2020-21) ਵੇਲੇ ਦੇਸ਼ ਭਰ 'ਚ ਖਰੀਦ ਕੇਂਦਰਾਂ ਦੀ ਗਿਣਤੀ 39,122 ਰਹਿ ਗਈ ਹੈ ਜਦਕਿ ਸਾਲ 2019-20 ਵਿਚ ਦੇਸ਼ 'ਚ 64,031 ਖਰੀਦ ਕੇਂਦਰ ਸਨ। ਇਕੋ ਵਰ੍ਹੇ 'ਚ 25,393 ਖਰੀਦ ਕੇਂਦਰ ਘਟ ਗਏ ਹਨ।

ਕੇਂਦਰੀ ਖੁਰਾਕ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਪੰਜਾਬ ਵਿਚ ਖਰੀਦ ਕੇਂਦਰਾਂ ਦੀ ਗਿਣਤੀ ਵਧੀ ਹੈ। ਕੋਵਿਡ ਮਹਾਮਾਰੀ ਪਿੱਛੋਂ ਪੰਜਾਬ ਸਰਕਾਰ ਨੇ ਲੰਘੇ ਝੋਨੇ ਦੇ ਸੀਜ਼ਨ 'ਚ ਵਾਧੂ ਨੋਟੀਫਾਈਡ ਖਰੀਦ ਕੇਂਦਰ ਬਣਾ ਦਿੱਤੇ ਸਨ। ਪੰਜਾਬ 'ਚ ਲੰਘੇ ਸੀਜ਼ਨ 'ਚ 4035 ਖਰੀਦ ਕੇਂਦਰ ਸਨ ਜਦਕਿ ਸਾਲ 2019-20 ਵਿਚ ਇਨ੍ਹਾਂ ਕੇਂਦਰਾਂ ਦੀ ਗਿਣਤੀ 1868 ਸੀ।

ਸਰਕਾਰੀ ਅੰਕੜੇ ਅਨੁਸਾਰ ਸਾਲ 2017-18 ਵਿਚ ਦੇਸ਼ ਭਰ 'ਚ ਪ੍ਰਾਈਵੇਟ ਖਰੀਦ ਕੇਂਦਰਾਂ ਦੀ ਗਿਣਤੀ 463 ਸੀ ਜਿਨ੍ਹਾਂ 'ਚ ਯੂ.ਪੀ 'ਚ 216, ਝਾਰਖੰਡ 'ਚ 201 ਅਤੇ ਪੱਛਮੀ ਬੰਗਾਲ ਵਿਚ 46 ਖਰੀਦ ਕੇਂਦਰ ਸ਼ਾਮਲ ਹਨ।

## ਬੇਮੌਸਮੇ ਮੀਂਹ ਨੇ ਝੰਬੀ ਪੰਜਾਬ ਦੀ ਕਿਸਾਨੀ

**ਚੰਡੀਗੜ੍ਹ:** ਪੰਜਾਬ 'ਚ ਬੇਮੌਸਮੇ ਮੀਂਹ ਤੇ ਤੇਜ ਹਵਾਵਾਂ ਨੇ ਕਣਕ ਦੀ ਪੱਕਣ 'ਤੇ ਆਈ ਫਸਲ ਨੂੰ ਵਿਛਾ ਦਿੱਤਾ ਹੈ। ਵਾਢੀ ਤੋਂ ਪਹਿਲਾਂ ਪੰਜਾਬ ਦੇ ਤਕਰੀਬਨ ਅੱਠ ਜਿਲ੍ਹਿਆਂ ਵਿਚ ਮੀਂਹ ਪੈਣ ਮਗਰੋਂ ਕਿਸਾਨੀ ਦੇ ਫਿਕਰ ਵਧ ਗਏ ਹਨ। ਪੱਛਮੀ ਪੌਣਾਂ ਦੀ ਗੜਬੜੀ ਕਾਰਨ ਪੰਜਾਬ ਦੇ ਮਾਝੇ ਅਤੇ ਮਾਲਵੇ ਖਿੱਤੇ 'ਚ ਬੇਰੁੱਤਾ ਮੀਂਹ ਪਿਆ।

ਕਈ ਥਾਵਾਂ 'ਤੇ ਤੇਜ ਹਵਾਵਾਂ ਵੀ ਚੱਲੀਆਂ ਜਿਸ ਨਾਲ ਕਣਕ ਤੋਂ ਇਲਾਵਾ ਸਰ੍ਹੋਂ ਦੀ ਫਸਲ ਵੀ ਅਸਰਅੰਦਾਜ ਹੋਈ ਹੈ। ਮੌਸਮ ਵਿਭਾਗ ਮੁਤਾਬਕ ਪੰਜਾਬ ਵਿਚ ਔਸਤਨ 10 ਐਮ.ਐਮ. ਬਾਰਸ਼ ਹੋਈ ਹੈ। ਪੰਜਾਬ ਦੇ ਜਿਲ੍ਹਾ ਲੁਧਿਆਣਾ, ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਜਲੰਧਰ, ਕਪੂਰਥਲਾ, ਫਰੀਦਕੋਟ ਤੇ ਮਾਨਸਾ 'ਚ ਹਲਕੀ ਤੋਂ ਦਰਮਿਆਨੀ ਬਾਰਸ਼ ਹੋਈ ਜਦੋਂ ਕਿ ਬਾਕੀ ਜਿਲ੍ਹਿਆਂ ਵਿਚ ਕਿਤੇ-ਕਿਤੇ ਛਿੱਟੇ ਪੈਣ ਦੀਆਂ ਖਬਰਾਂ ਹਨ। ਤਰਨ ਤਾਰਨ ਜਿਲ੍ਹੇ ਵਿੱਚ ਤਾਂ ਹਲਕੀ ਗੜ੍ਹੇਮਾਰੀ ਵੀ ਹੋਈ ਹੈ। ਇਸ ਜਿਲ੍ਹੇ ਦੇ ਪਿੰਡ ਪੰਡੋਰੀ ਰਣ ਸਿੰਘ, ਪੰਡੋਰੀ ਸਿੱਧਵਾਂ, ਲਾਲੂ ਘੁੰਮਣ ਆਦਿ 'ਚ ਫਸਲਾਂ ਦਾ ਨੁਕਸਾਨ ਹੋਇਆ ਹੈ। ਕਪੂਰਥਲਾ ਦੇ ਭੁਲੱਥ ਇਲਾਕੇ 'ਚ ਹਲਕੀ ਬਾਰਸ਼ ਹੋਈ ਅਤੇ ਤੇਜ ਹਵਾਵਾਂ ਨੇ ਕਣਕ ਤੋਂ ਇਲਾਵਾ ਸਰ੍ਹੋਂ ਦੀ ਫਸਲ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਖੇਤੀ ਮਹਿਕਮੇ ਅਨੁਸਾਰ ਪੰਜਾਬ ਵਿਚ ਔਸਤਨ 1.97 ਐਮ.ਐਮ ਬਾਰਸ਼ ਹੋਈ ਹੈ। ਸਭ ਤੋਂ ਵੱਧ ਫਰੀਦਕੋਟ ਜਿਲ੍ਹੇ ਵਿਚ 8.6 ਐਮ.ਐਮ, ਗੁਰਦਾਸਪੁਰ ਵਿਚ 3.1 ਐਮ.ਐਮ, ਰੋਪੜ ਵਿਚ 3.0 ਐਮ.ਐਮ, ਤਰਨ ਤਾਰਨ ਵਿਚ 3.5 ਐਮ.ਐਮ ਅਤੇ ਹੁਸ਼ਿਆਰਪੁਰ ਵਿਚ ਢਾਈ ਐਮ.ਐਮ. ਮੀਂਹ ਪਿਆ ਹੈ।

## ਸੱਤ ਖਾਲਿਸਤਾਨੀ ਸਮਰਥਕਾਂ ਖਿਲਾਫ ਚਾਰਜਸ਼ੀਟ ਦਾਖਲ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ. ਆਈ. ਏ.) ਨੇ ਅੰਮ੍ਰਿਤਸਰ 'ਚ ਮਿਲੇ ਹੱਥ ਗੋਲਿਆਂ ਦੇ ਮਾਮਲੇ 'ਚ ਕਥਿਤ ਸੱਤ ਖਾਲਿਸਤਾਨੀ ਸਮਰਥਕਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਉਨ੍ਹਾਂ ਨੂੰ ਮੁਹਾਲੀ 'ਚ ਐਨ.ਆਈ.ਏ. ਦੀ ਵਿਸ਼ੇਸ਼ ਅਦਾਲਤ 'ਚ ਪੇਸ਼ ਕੀਤਾ ਗਿਆ। ਜਿਨ੍ਹਾਂ ਖਿਲਾਫ ਚਾਰਜਸ਼ੀਟ ਪੇਸ਼ ਕੀਤੀ ਗਈ ਹੈ, ਉਨ੍ਹਾਂ 'ਚ ਜੱਜਬੀਰ ਸਿੰਘ ਸਮਰਾ, ਵਰਿੰਦਰ ਸਿੰਘ ਚਹਿਲ, ਕੁਲਬੀਰ ਸਿੰਘ, ਮਨਜੀਤ ਕੌਰ, ਤਰਨਬੀਰ ਸਿੰਘ, ਕੁਲਵਿੰਦਰਜੀਤ ਸਿੰਘ (ਬੱਬਰ ਖਾਲਸਾ ਇੰਟਰਨੈਸ਼ਨਲ) ਅਤੇ ਹਰਮੀਤ ਸਿੰਘ (ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਕਥਿਤ ਮੁਖੀ) ਦੇ ਨਾਮ ਸ਼ਾਮਲ ਹਨ। ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਖਿਲਾਫ ਧਮਾਕਾਖੇਜ ਸਮਗਰੀ ਐਕਟ ਅਤੇ ਯੂ.ਏ.ਪੀ.ਏ. ਦੀਆਂ ਵੱਖ-ਵੱਖ ਧਾਰਾਵਾਂ ਲਾਈਆਂ ਗਈਆਂ ਹਨ। ਇਹ ਕੇਸ ਜੂਨ 2019 ਦਾ ਹੈ ਜਦੋਂ ਪੰਜਾਬ ਪੁਲਿਸ ਨੇ ਇਕ ਬੈਗ 'ਚੋਂ ਹੱਥ ਗੋਲੇ ਅਤੇ ਮੋਬਾਈਲ ਫੋਨ ਬਰਾਮਦ ਕੀਤਾ ਸੀ ਜੋ ਦਿਹਾਤੀ ਅੰਮ੍ਰਿਤਸਰ 'ਚ ਪੁਲਿਸ ਵੱਲੋਂ ਚੈਕਿੰਗ ਸਮੇਂ ਇਕ ਬੱਸ ਸਟਾਪ 'ਤੇ ਮੋਟਰ ਸਾਈਕਲ 'ਤੇ ਸਵਾਰ ਦੋ ਵਿਅਕਤੀਆਂ ਨੇ ਸੁੱਟਿਆ ਸੀ। ਐਨ.ਆਈ.ਏ. ਨੇ ਇਹ ਮਾਮਲਾ ਆਪਣੇ ਹੱਥਾਂ 'ਚ ਲੈ ਕੇ ਇਸ ਦੀ ਜਾਂਚ ਸ਼ੁਰੂ ਕੀਤੀ ਸੀ।

# ਸਿਆਸੀ ਧਿਰਾਂ ਨੂੰ ਸਾਲ ਪਹਿਲਾਂ ਹੀ ਚੜ੍ਹਿਆ ਚੋਣ ਬੁਖਾਰ

*(ਸਫਾ ਇਕ ਦੀ ਬਾਕੀ)*

ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਪਾਸੇ ਸਿਰਜੋੜ ਕੋਸ਼ਿਸ਼ਾਂ ਹੋਈਆਂ ਸਨ ਪਰ ਗੱਲ ਕਿਸੇ ਪਾਸੇ ਨਾ ਲੱਗੀ। ਇਸ ਪਿੱਛੋਂ ਅਕਾਲੀ ਦਲ (ਬਾਦਲ) ਵਿਚੋਂ ਨਿਕਲੇ ਅਕਾਲੀ ਦਲ ਟਕਸਾਲੀ ਤੇ ਸੁਖਦੇਵ ਸਿੰਘ ਢੀਂਡਸਾ ਵਾਲੇ ਡੈਮੋਕਰੈਟਿਕ ਧੜੇ ਨੇ ਸਰਗਰਮੀ ਵਿਖਾਈ ਪਰ ਹੁਣ ਤੱਕ ਬਾਹਲੀ ਸਿਆਸੀ ਭੱਲ ਬਣਾਉਣ ਵਿਚ ਸਫਲ ਨਹੀਂ ਜਾਪ ਰਹੇ। ਹਾਲਾਂ ਕਿ ਇਨ੍ਹਾਂ ਧੜਿਆਂ ਦੀ ਆਮ ਆਦਮੀ ਪਾਰਟੀ ਨਾਲ ਰਲ ਕੇ ਚੋਣਾਂ ਲੜਨ ਦੀ ਚਰਚਾ ਜ਼ਰੂਰ ਚੱਲ ਰਹੀ ਹੈ।

ਪਿਛਲੀ ਵਾਰ ਆਮ ਆਦਮੀ ਪਾਰਟੀ ਲੋਕਾਂ ਨੂੰ ਤੀਜਾ ਬਦਲ ਦੇਣ ਲਈ ਵੱਡੀ ਧਿਰ ਬਣ ਕੇ ਉਭਰੀ ਸੀ ਪਰ ਉਸ ਦਾ ਅੰਦਰੂਨੀ ਕਲੇਸ਼ ਹੀ ਉਸ ਨੂੰ ਲੈ ਬੈਠਾ। ਇਸ ਵਾਰ ਚੋਣਾਂ ਤੋਂ ਸਾਲ ਪਹਿਲਾਂ ਆਪ ਵੱਲੋਂ ਇੰਨੇ ਵੱਡੇ ਪੱਧਰ ਉਤੇ ਕੋਸ਼ਿਸ਼ਾਂ ਇਸ਼ਾਰਾ ਕਰਦੀਆਂ ਹਨ ਕਿ ਉਹ ਲੋਕਾਂ ਤੋਂ ਇਕ ਹੋਰ ਮੌਕਾ ਲੈਣ ਦੀ ਉਮੀਦ ਵਿਚ ਹੈ। ਪਿਛਲੀਆਂ ਚੋਣਾਂ ਵਿਚ ਮੁੱਖ ਮੰਤਰੀ ਉਮੀਦਵਾਰ ਦਾ ਐਲਾਨ ਕਰਨ ਤੋਂ ਖੁੰਝਣ ਕਰ ਕੇ ਆਮ ਆਦਮੀ ਪਾਰਟੀ ਨੇ ਵੱਡਾ ਨੁਕਸਾਨ ਝੱਲਿਆ ਸੀ ਪਰ ਇਸ ਵਾਰ ਪਾਰਟੀ ਨੇ ਇਸ ਅਹੁਦੇ ਲਈ ਪੰਜਾਬੀ ਚਿਹਰੇ ਨੂੰ ਅੱਗੇ ਕਰਨ ਦਾ ਦਾਅਵਾ ਕਰ ਦਿੱਤਾ ਹੈ।

ਸਿਆਸੀ ਮਾਹਰ ਦਾਅਵਾ ਕਰਦੇ ਹਨ ਕਿ ਕਿਸਾਨ ਰਵਾਇਤੀ ਧਿਰਾਂ (ਅਕਾਲੀ-ਕਾਂਗਰਸ) ਵਿਚੋਂ ਕਿਸੇ ਨੂੰ ਹਮਾਇਤ ਦੇਣ, ਮੌਜੂਦਾ ਮਾਹੌਲ ਮੁਤਾਬਕ ਇਹ ਸੰਭਵ ਨਹੀਂ। ਆਮ ਆਦਮੀ ਪਾਰਟੀ ਇਸ ਦਾ ਲਾਹਾ ਲੈ ਸਕਦੀ ਹੈ। ਜੇਕਰ ਪਾਰਟੀ ਚੋਣਾਂ ਤੋਂ ਪਹਿਲਾਂ ਚੰਗੀ ਲੀਡਰਸ਼ਿਪ ਖੜ੍ਹੀ ਕਰਨ 'ਚ ਸਫਲ ਰਹੀ ਹੈ ਤਾਂ ਗੱਲ ਬਣ ਸਕਦੀ ਹੈ।

ਅਸਲ ਵਿਚ, ਜਿਵੇਂ-ਜਿਵੇਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਵੱਡੀਆਂ ਸਥਾਪਤ ਪਾਰਟੀਆਂ ਦੇ ਨਾਲ-ਨਾਲ ਰਾਜ ਦੀਆਂ ਛੋਟੀਆਂ ਪਾਰਟੀਆਂ ਨੇ ਵੀ ਆਪੋ-ਆਪਣੀ ਸਮਰੱਥਾ ਅਨੁਸਾਰ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਇਹ ਪਾਰਟੀਆਂ ਆਪਣੇ ਬਲਬੂਤੇ ਜਾਂ ਕਿਸੇ ਗੱਠਜੋੜ ਰਾਹੀਂ ਤੀਜੀ ਧਿਰ ਵਜੋਂ ਉਭਰਨ ਦਾ ਯਤਨ ਕਰ ਰਹੀਆਂ ਹਨ। ਅਕਾਲੀ ਦਲ ਤੇ ਕਾਂਗਰਸ ਲਈ ਇਹ ਜੋੜ-ਤੋੜ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ।

# ਦਿੱਲੀ ਦੀ ਸੱਤਾ ਹੁਣ ਭਾਜਪਾ ਹੱਥ !

*(ਸਫਾ ਇਕ ਦੀ ਬਾਕੀ)*

ਸੰਵਿਧਾਨਕ ਬੈਂਚ ਦਾ ਫੈਸਲਾ ਚੁਣੀ ਹੋਈ ਸਰਕਾਰ ਨੂੰ ਵੱਧ ਮਾਨਤਾ ਦੇਣ ਵਾਲਾ ਸੀ। ਉਸ ਫੈਸਲੇ ਅਨੁਸਾਰ ਚੁਣੀ ਹੋਈ ਸਰਕਾਰ ਨੂੰ ਕੇਂਦਰੀ ਦਾਇਰੇ ਵਿਚ ਆਉਣ ਵਾਲੇ ਜਨਤਕ ਆਰਡਰ, ਪੁਲਿਸ ਤੇ ਜ਼ਮੀਨ ਤੋਂ ਇਲਾਵਾ ਸਾਰੇ ਮਾਮਲਿਆਂ ਵਿਚ ਫੈਸਲੇ ਖੁਦ ਕਰਨੇ ਚਾਹੀਦੇ ਹਨ ਅਤੇ ਲੈਫਟੀਨੈਂਟ ਗਵਰਨਰ ਨੂੰ ਬਾਅਦ 'ਚ ਸੂਚਨਾ ਦੇਣੀ ਚਾਹੀਦੀ ਹੈ।

ਨਵੇਂ ਬਿਲ ਨਾਲ ਸਥਿਤੀ ਪੂਰੀ ਤਰ੍ਹਾਂ ਬਦਲ ਜਾਵੇਗੀ। ਜੇਕਰ ਇਹ ਕਾਨੂੰਨ ਬਣ ਜਾਂਦਾ ਹੈ ਤਾਂ ਮੰਤਰੀ ਮੰਡਲ ਅਤੇ ਮੰਤਰੀਆਂ ਨੂੰ ਕਿਸੇ ਵੀ ਕਾਰਜਕਾਰੀ ਫੈਸਲੇ ਉਤੇ ਅਮਲ ਕਰਨ ਤੋਂ ਪਹਿਲਾਂ ਲੈਫਟੀਨੈਂਟ ਗਵਰਨਰ ਦੀ ਸਲਾਹ ਲੈਣੀ ਪਵੇਗੀ। ਇਸ ਦੇ ਅਰਥ ਇਹ ਹਨ ਕਿ ਅੰਤਿਮ ਫੈਸਲੇ ਦਾ ਹੱਕ ਲੈਫਟੀਨੈਂਟ ਗਵਰਨਰ ਕੋਲ ਹੋਵੇਗਾ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਉਹ ਸਾਰੇ ਮਸਲੇ ਨੂੰ ਸੰਵਿਧਾਨਕ ਤਰੀਕੇ ਨਾਲ ਤਰਤੀਬ ਦੇਣਾ ਚਾਹੁੰਦੀ ਹੈ ਜਦੋਂਕਿ ਕੇਜਰੀਵਾਲ ਸਰਕਾਰ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਤਾਂ ਚੁਣੀ ਹੋਈ ਸਰਕਾਰ ਦਾ ਕੋਈ ਮਤਲਬ ਹੀ ਨਹੀਂ ਬਚੇਗਾ। ਜਦ ਸਾਰੀਆਂ ਸ਼ਕਤੀਆਂ ਇਕ ਨਾਮਜ਼ਦ ਵਿਅਕਤੀ ਕੋਲ ਹੋਣ ਤਾਂ ਜਮਹੂਰੀ ਤਰੀਕੇ ਨਾਲ ਚੁਣੀ ਗਈ ਸਰਕਾਰ ਦਾ ਤਰਕ ਹੀ ਖਤਮ ਹੋ ਜਾਂਦਾ ਹੈ।

## 'ਰੱਬ ਦਾ ਰੇਡੀਓ-2' ਨੂੰ ਸਰਬੋਤਮ ਪੰਜਾਬੀ ਫਿਲਮ ਦਾ ਕੌਮੀ ਪੁਰਸਕਾਰ

**ਨਵੀਂ ਦਿੱਲੀ:** 67ਵੇਂ ਰਾਸ਼ਟਰੀ ਫਿਲਮ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ, ਜਿਸ 'ਚ ਬਾਲੀਵੁੱਡ ਅਦਾਕਾਰਾ ਕੰਗਣਾ ਰਣੌਤ ਨੂੰ ਫਿਲਮ 'ਮਣੀਕਰਣਿਕਾ' ਅਤੇ 'ਪੰਗਾ' ਵਿਚ ਉਸ ਦੇ ਰੋਲ ਲਈ ਸਰਬੋਤਮ ਅਦਾਕਾਰਾ ਦਾ ਪੁਰਸਕਾਰ ਦਿੱਤਾ ਗਿਆ ਹੈ। ਪੰਜਾਬੀ 'ਚ 'ਰੱਬ ਦਾ ਰੇਡੀਓ-2' ਅਤੇ ਹਿੰਦੀ 'ਚ ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ 'ਛਿਛੋਰੇ' ਨੂੰ ਸਰਬੋਤਮ ਫਿਲਮ ਪੁਰਸਕਾਰ ਲਈ ਚੁਣਿਆ ਗਿਆ। ਉਥੇ ਹੀ ਮਨੋਜ ਵਾਜਪਾਈ ਅਤੇ ਧਨੁਸ਼ ਨੂੰ ਕ੍ਰਮਵਾਰ 'ਭੌਂਸਲੇ' ਤੇ 'ਅਸੁਰਾਨ' ਫਿਲਮਾਂ ਲਈ ਬਿਹਤਰੀਨ ਅਦਾਕਾਰ ਐਲਾਨਿਆ। ਨਿਰਦੇਸ਼ਕ ਪ੍ਰਿਯਾਦਰਸ਼ਨ ਦੀ ਮਲਿਆਲਮ ਫਿਲਮ 'ਮਾਰਾਕਰ: ਅਰਬੀਕਾਦਾਲਿੰਟ ਸਿਮਹਾਮ' ਨੂੰ ਬੈਸਟ ਫੀਚਰ ਫਿਲਮ ਐਲਾਨਿਆ ਗਿਆ ਅਤੇ ਸੰਜੇ ਪੂਰਨ ਸਿੰਘ ਨੂੰ ਹਿੰਦੀ ਫਿਲਮ 'ਬਹੱਤਰ ਹੂਰਾਂ' ਲਈ ਸਰਬੋਤਮ ਨਿਰਦੇਸ਼ਕ ਦਾ ਪੁਰਸਕਾਰ ਦਿੱਤਾ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੇਂਦਰ ਨੇ ਵਿਸਾਖੀ ਮੌਕੇ ਜਥੇ ਪਾਕਿਸਤਾਨ ਭੇਜਣ ਲਈ ਭਰੀ ਹਾਮੀ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰੂ ਘਰਾਂ ਦੀ ਯਾਤਰਾ ਲਈ ਸਿੱਖ ਜਥੇ ਭੇਜਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਇਸ ਸਾਲ ਫਰਵਰੀ ਮਹੀਨੇ ਦੌਰਾਨ ਕੇਂਦਰ ਸਰਕਾਰ ਨੇ ਸਿੱਖ ਜਥੇ ਦੀ ਪਾਕਿਸਤਾਨ ਯਾਤਰਾ ਕਰੋਨਾ ਦਾ ਹਵਾਲਾ ਦਿੰਦੇ ਹੋਏ ਰੋਕ ਦਿੱਤੀ ਸੀ। ਹੁਣ ਕੇਂਦਰ ਨੇ ਰਾਜਾਂ ਨੂੰ ਵਿਸਾਖੀ ਉਤੇ ਪਾਕਿਸਤਾਨ ਸਿੱਖ ਜਥੇ ਭੇਜਣ ਦਾ ਪ੍ਰੋਗਰਾਮ ਜਾਰੀ ਕੀਤਾ ਹੈ। ਕੇਂਦਰ ਨੇ ਸਿੱਖ ਜਥੇ ਨੂੰ ਪਾਕਿਸਤਾਨ ਦੇ 11 ਦਿਨਾਂ ਦੌਰੇ 'ਤੇ ਭੇਜਣ ਦਾ ਫੈਸਲਾ ਕੀਤਾ ਹੈ। ਸਿੱਖ ਜਥੇ ਦਾ ਇਹ ਦੌਰਾ 12 ਤੋਂ 21 ਅਪਰੈਲ ਤੱਕ ਹੋਵੇਗਾ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਦੀ ਮੁੱਖ ਸਕੱਤਰ ਨੂੰ ਭੇਜੇ ਫੈਕਸ 'ਚ ਕਿਹਾ ਗਿਆ ਕਿ ਕੇਂਦਰ ਸਰਕਾਰ ਨੇ ਸਿੱਖਾਂ ਨੂੰ ਵਿਸਾਖੀ ਉਤੇ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨ ਲਈ ਭੇਜਣ ਦਾ ਫੈਸਲਾ ਕੀਤਾ ਗਿਆ ਹੈ। ਸਿੱਖ ਜਥੇ ਦੇ ਪ੍ਰੋਗਰਾਮ ਦੀ ਰੂਪ-ਰੇਖਾ ਵੀ ਗ੍ਰਹਿ ਮੰਤਰਾਲੇ ਦੁਆਰਾ ਤੈਅ ਕਰ ਦਿੱਤੀ ਗਈ ਹੈ, ਜਿਸ ਦੇ ਤਹਿਤ 12 ਅਪਰੈਲ ਨੂੰ ਸਿੱਖ ਜਥਾ ਵਾਹਗਾ ਬਾਰਡਰ ਦੇ ਰਸਤੇ ਪੈਦਲ ਹੀ ਪਾਕਿਸਤਾਨ 'ਚ ਦਖਲ ਹੋਵੇਗਾ ਅਤੇ ਉਥੇ ਸੜਕ ਦੇ ਰਸਤੇ ਤੋਂ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਪਾਕਿਸਤਾਨ ਲਈ ਰਵਾਨਾ ਹੋਵੇਗਾ। ਇਹ ਜਥਾ 13 ਅਪਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ 'ਚ ਰੁਕੇਗਾ ਅਤੇ ਉਥੋਂ ਵਲੀ ਕੰਧਾਰੀ ਗੁਫਾ ਜਾਵੇਗਾ। 14 ਅਪਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ 'ਚ ਵਿਸਾਖੀ ਦਾ ਮੁੱਖ ਸਮਾਰੋਹ ਹੋਵੇਗਾ ਅਤੇ ਉਸ ਦੇ ਬਾਅਦ ਜਥਾ ਸ੍ਰੀ ਨਨਕਾਣਾ ਸਾਹਿਬ ਲਈ ਰਵਾਨਾ ਹੋਵੇਗਾ। 15 ਅਪਰੈਲ ਨੂੰ ਨਨਕਾਣਾ ਸਾਹਿਬ 'ਚ ਸਥਾਨਕ ਗੁਰੂ ਘਰਾਂ ਦੇ ਦਰਸ਼ਨ ਕਰਨ ਦੇ ਬਾਅਦ ਸਿੱਖ ਜਥਾ 16 ਅਪਰੈਲ ਨੂੰ ਗੁਰਦੁਆਰਾ ਸੱਚਾ ਸੌਦਾ (ਫਾਰੁਖਾਬਾਦ, ਪਾਕਿਸਤਾਨ) ਦੇ ਦਰਸ਼ਨ ਕਰ ਵਾਪਸ ਨਨਕਾਣਾ ਸਾਹਿਬ ਪਰਤੇਗਾ। 17 ਅਪਰੈਲ ਨੂੰ ਇਹ ਜਥਾ ਸੜਕ ਦੇ ਰਸਤੇ ਤੋਂ ਨਨਕਾਣਾ ਸਾਹਿਬ ਤੋਂ ਲਾਹੌਰ ਸਥਿਤ ਗੁਰਦੁਆਰਾ ਡੇਰਾ ਸਾਹਿਬ ਜਾਵੇਗਾ। ਇਥੇ 18 ਅਪਰੈਲ ਤੱਕ ਠਹਿਰਨ ਦੇ ਬਾਅਦ ਇਹ ਜਥਾ 19 ਅਪਰੈਲ ਨੂੰ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਨਾਰੋਵਾਲ ਪਹੁੰਚੇਗਾ ਅਤੇ ਰਾਤ ਦਾ ਪੜਾਅ ਇਥੇ ਹੀ ਹੋਵੇਗਾ।

# ਕਥਿਤ ਪੁਲਿਸ ਮੁਕਾਬਲਿਆਂ ਵਿਚ ਮਾਰਨ ਦੀ ਉਚ ਅਦਾਲਤੀ ਪੜਤਾਲ ਕਰਵਾਉਣ ਦੀ ਮੰਗ

**ਤਰਨਤਾਰਨ (ਬਿਊਰੋ):** ਪਿੰਡ ਸਿੰਘਪੁਰਾ ਦੇ ਨਜ਼ਦੀਕ ਦੋ ਨਿਹੰਗ ਸਿੰਘਾਂ ਨੂੰ ਕਥਿਤ ਪੁਲਿਸ ਮੁਕਾਬਲਿਆਂ ਵਿਚ ਮਾਰਨ ਦੀ ਉਚ ਅਦਾਲਤੀ ਪੜਤਾਲ ਕਰਵਾਉਣ ਦੀ ਮੰਗ ਕਰਦਿਆਂ, ਪੰਜਾਬ ਦੀਆਂ ਤਿੰਨ ਮਨੁੱਖੀ ਅਧਿਕਾਰ




ਜਥੇਬੰਦੀਆਂ-ਖਾਲੜਾ ਮਿਸ਼ਨ ਆਰਗੇਨਾਈਜੇਸ਼ਨ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਅਤੇ ਪੰਜਾਬ ਮਨੁੱਖੀ ਅਧਿਕਾਰ ਇਨਸਾਫ ਸੰਘਰਸ਼ ਕਮੇਟੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸੁਝਾਅ ਦਿੱਤਾ ਹੈ ਕਿ ਉਹ ਉਮਰ ਦੇ ਇਸ ਪੜਾਅ ਉਤੇ ਆ ਕੇ ਪੰਜਾਬ ਅੰਦਰ ਮੁੜ ਅਖੌਤੀ ਪੁਲਿਸ ਮੁਕਾਬਲਿਆਂ ਦੀ ਪਿਰਤ ਨਾ ਪਾਉਣ।

ਤਿੰਨਾਂ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਇਕ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਿਕ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਜਾਂ ਮਾਰਨ ਤੋਂ ਬਾਅਦ ਜੋ ਲੋੜੀਂਦੀਆਂ ਕਾਰਵਾਈਆਂ ਦੀ ਲੋੜ ਸੀ, ਉਹ ਇਸ ਪੁਲਿਸ ਮੁਕਾਬਲੇ ਮੌਕੇ ਨਹੀਂ ਕੀਤੀਆਂ ਗਈਆਂ। ਇਸ ਲਈ ਇਹ ਮੁਕਾਬਲਾ ਸ਼ੱਕੀ ਜਾਪਦਾ ਹੈ। ਫਿਰ ਜਿਸ ਐਸ. ਡੀ. ਐਮ. ਨੂੰ ਇਸ ਪੁਲਿਸ ਮੁਕਾਬਲੇ ਦੀ ਜਾਂਚ ਸੌਂਪੀ ਗਈ ਹੈ, ਮਨੁੱਖੀ ਅਧਿਕਾਰ ਸੰਗਠਨਾਂ ਦੀ ਜਾਣਕਾਰੀ ਅਨੁਸਾਰ ਉਸ ਉਤੇ ਪਹਿਲਾਂ ਹੀ ਕਈ ਗੰਭੀਰ ਦੋਸ਼ ਲੱਗ ਚੁਕੇ ਹਨ। ਇਸ ਤਰ੍ਹਾਂ ਦੇ ਪਹਿਲਾਂ ਹੀ ਸ਼ੱਕੀ ਅਧਿਕਾਰੀ ਤੋਂ ਜਾਂਚ ਕਰਵਾਉਣ ਨਾਲ ਅਸਲ ਸੱਚਾਈ ਸਾਹਮਣੇ ਨਹੀਂ ਆ ਸਕਦੀ। ਇਸ ਲਈ ਇਨ੍ਹਾਂ ਕਤਲਾਂ ਦੀ ਜਾਂਚ ਕਿਸੇ ਨਿਰਪੱਖ ਸੈਸ਼ਨ ਜੱਜ ਜਾਂ ਹਾਈ ਕੋਰਟ ਦੇ ਕਿਸੇ ਰਿਟਾਇਰਡ ਜੱਜ ਕੋਲੋਂ ਕਰਵਾਉਣ ਦੀ ਲੋੜ ਹੈ।

ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਕਿਹਾ ਹੈ ਕਿ ਇਹ ਮੁਕਾਬਲਾ ਇਸ ਕਰਕੇ ਵੀ ਸ਼ੱਕੀ ਜਾਪਦਾ ਹੈ, ਕਿਉਂਕਿ ਇਸ ਤੋਂ ਇਕ ਦਿਨ ਪਹਿਲਾਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪੁਲਿਸ ਦੇ ਹੱਥ ਮਜਬੂਤ ਕਰਨ ਬਾਰੇ ਬਿਆਨ ਦਿੱਤਾ ਸੀ। ਇਸ ਲਈ ਜਾਪਦਾ ਹੈ ਕਿ ਕਿਸਾਨ ਅੰਦੋਲਨ ਵਿਚ ਹਿੱਸਾ ਲੈ ਰਹੇ ਨਿਹੰਗ ਸਿੰਘਾਂ ਦੀ ਚੜ੍ਹਦੀਕਲਾ ਅਤੇ ਨੌਜਵਾਨ ਰਣਜੀਤ ਸਿੰਘ ਵਲੋਂ ਵਿਖਾਈ ਬਹਾਦਰੀ ਨੂੰ ਮਿਲੇ ਸੰਗਤੀ ਹੁੰਗਾਰੇ ਕਾਰਨ ਸਿੱਖ ਮਨਾਂ ਵਿਚ ਇਕ ਵਾਰ ਫਿਰ ਦਹਿਸ਼ਤ ਪਾਉਣ ਲਈ ਇਹ ਕਾਰਵਾਈ ਕੀਤੀ ਗਈ ਹੈ। ਇਸ ਲਈ ਇਸ ਕਥਿਤ ਮੁਕਾਬਲੇ ਦੀ ਨਿਰਪੱਖ ਪੜਤਾਲ ਬਹੁਤ ਜਰੂਰੀ ਹੈ ਤੇ ਜੇ ਪੰਜਾਬ ਸਰਕਾਰ ਨੇ ਇਸ ਮੰਗ ਵਲ ਜਲਦੀ ਧਿਆਨ ਨਾ ਦਿੱਤਾ ਤਾਂ ਜਥੇਬੰਦੀਆਂ ਇਸ ਪੜਤਾਲ ਵਾਸਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਹੁੰਚ ਕਰਨਗੀਆਂ।

# Matrimonials

## ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

ਜੱਟ ਸਿੱਖ ਕੱਦ 5'-3" ਉਮਰ 23 ਸਾਲ, ਇੰਡੀਆ (ਜਿਲਾ ਲੁਧਿਆਣਾ) ਰਹਿੰਦੀ ਪੜ੍ਹੀ-ਲਿਖੀ ਲੜਕੀ ਲਈ ਅਮਰੀਕਾ ਵਿਚ ਸੈਟਲ ਲੜਕੇ ਦੀ ਲੋੜ ਹੈ। ਲੜਕੀ ਨੇ ਬੁਟੀਕ ਦਾ ਕੋਰਸ ਵੀ ਕੀਤਾ ਹੋਇਆ ਹੈ। ਲੜਕੀ ਦੇ ਮਾਤਾ-ਪਿਤਾ ਦੋ ਸਾਲ ਦੇ ਅੰਦਰ ਪੱਕੇ ਤੌਰ 'ਤੇ ਅਮਰੀਕਾ ਆ ਜਾਣਗੇ। ਲੜਕੀ ਦੇ ਚਾਚਾ ਜੀ ਮਿਸ਼ੀਗਨ ਅਤੇ ਭਰਾ ਕੈਨੇਡਾ ਰਹਿੰਦੇ ਹਨ। ਸੰਪਰਕ ਕਰੋ, ਫੋਨ: 586-864-3453 13-16

## ਲੜਕੇ ਦੀ ਲੋੜ ਹੈ

Chicago based Shajdhari Sikh Khatri family looking for suitable match for her Daughter 30 year, MBA. Working in financing company downtown Chicago. Prefer Chicago based Khatri match. Contact: raviunited@aol.com 8-11

## ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 9-12

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*

**ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ

ਸੰਪਰਕ ਕਰੋ, ਮਿਸਟਰ ਸਿੰਘ

ਫੋਨ: 608-886-2500

12+

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਕੈਪਟਨ ਅਮਰਿੰਦਰ ਸਿੰਘ ਵੱਲੋਂ 85 ਫੀਸਦੀ ਵਾਅਦੇ ਪੂਰੇ ਕਰਨ ਦਾ ਦਾਅਵਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਦੇ ਚਾਰ ਵਰ੍ਹਿਆਂ ਦਾ ਰਿਪੋਰਟ ਕਾਰਡ ਪੰਜਾਬ ਦੇ ਲੋਕਾਂ ਸਨਮੁਖ ਰੱਖਦਿਆਂ ਮੁੱਖ ਮੰਤਰੀ ਨੇ ਪ੍ਰਣ ਕੀਤਾ ਕਿ ਉਹ ਸਾਲ 2017 ਵਿਚ ਕੀਤੇ ਚੋਣ ਵਾਅਦੇ ਪੂਰੇ ਕਰਨ ਮਗਰੋਂ ਹੀ ਅਗਲੀਆਂ ਚੋਣਾਂ 'ਚ ਲੋਕਾਂ ਕੋਲ ਜਾਣਗੇ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ 85 ਫੀਸਦੀ ਤੋਂ ਵੱਧ ਚੋਣ ਵਾਅਦੇ ਪੂਰੇ ਕਰਕੇ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਦਾ 81 ਫੀਸਦੀ ਵਾਅਦੇ ਪੂਰੇ ਕਰਨ ਦਾ ਰਿਕਾਰਡ ਤੋੜ ਦਿੱਤਾ ਹੈ। ਉਨ੍ਹਾਂ ਸਾਰੇ ਕਿਸਾਨਾਂ ਦੀ ਕਰਜ਼ਾ ਮੁਆਫੀ ਅਤੇ ਬੇਰੁਜ਼ਗਾਰੀ ਭੱਤਾ ਆਦਿ ਜਿਹੇ ਮੁੱਦਿਆਂ ਦੀ ਮੁਕੰਮਲ ਪੂਰਤੀ ਨਾ ਕਰਨ ਪਿੱਛੇ ਕੋਵਿਡ ਮਹਾਮਾਰੀ ਨੂੰ ਢਾਲ ਵਜੋਂ ਵਰਤਿਆ। ਉਨ੍ਹਾਂ ਕਿਹਾ ਕਿ ਵਿੱਤੀ ਅੜਿੱਕਿਆਂ ਕਰ ਕੇ ਅਜਿਹਾ ਹੋਇਆ ਹੈ, ਪਰ ਹੁਣ ਆਰਥਿਕ ਸਥਿਤੀ ਸੰਭਲਣ ਲੱਗੀ ਹੈ ਤੇ ਛੇਤੀ ਹੀ ਬਕਾਇਆ ਵਾਅਦੇ ਵੀ ਪੂਰੇ ਕਰ ਦਿੱਤੇ ਜਾਣਗੇ।

ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕਰਨ ਮੌਕੇ ਦੱਸਿਆ ਕਿ 5.64 ਲੱਖ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾ ਚੁੱਕਾ ਹੈ ਜਦੋਂਕਿ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ ਕੀਤਾ ਜਾ ਰਿਹਾ ਹੈ। ਕੈਪਟਨ ਨੇ ਪੰਜਾਬ ਦੀ ਖੇਤੀ ਨੀਤੀ, ਕੀਮਤ ਸਥਿਰਤਾ ਫੰਡ ਬਿੱਲ ਅਤੇ ਖੇਤੀ ਸੁਧਾਰਾਂ ਲਈ ਸੂਬਾ ਸਰਕਾਰ ਵੱਲੋਂ ਚੁੱਕੇ ਕਦਮਾਂ ਬਾਰੇ ਕੋਈ ਠੋਸ ਚਰਚਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਕੇਂਦਰ ਤੇ ਕਿਸਾਨਾਂ ਦਰਮਿਆਨ ਬਣੀ ਖੜੋਤ ਨੂੰ ਤੋੜਨ ਲਈ ਪੰਜਾਬ ਸਰਕਾਰ ਨੂੰ ਵੀ ਕੋਈ ਰਾਹ ਨਹੀਂ ਲੱਭ ਰਿਹਾ ਹੈ। ਕਿਸਾਨ ਅੰਦੋਲਨ ਦੌਰਾਨ ਪੰਜਾਬ ਦੇ 112 ਕਿਸਾਨ ਫੌਤ ਹੋ ਚੁੱਕੇ ਹਨ ਅਤੇ ਕੇਂਦਰ ਹੋਰ ਕਿੰਨੇ ਕਿਸਾਨਾਂ ਦੀ ਮੌਤ ਉਡੀਕ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੇਂ ਖੇਤੀ ਕਾਨੂੰਨ ਖੇਤੀ ਸੈਕਟਰ ਨੂੰ ਖਤਮ ਕਰ ਦੇਣਗੇ। ਆੜ੍ਹਤੀਆਂ ਦੀ ਥਾਂ ਅਣਜਾਣ ਕਾਰਪੋਰੇਟਾਂ ਦੇ ਆਉਣ ਨਾਲ ਗਰੀਬ ਕਿਸਾਨ ਲੋੜ ਪੈਣ 'ਤੇ ਕਿੱਥੇ ਜਾਣਗੇ? ਉਹ ਜਿਣਸਾਂ ਦੀ ਸਿੱਧੀ ਅਦਾਇਗੀ 'ਦੇ ਹੱਕ ਵਿਚ ਨਹੀਂ ਹਨ, ਪਰ ਭਾਰਤ ਸਰਕਾਰ ਖੇਤੀ ਨੂੰ ਕੁਝ ਸਮਝ ਨਹੀਂ ਰਹੀ। ਨਵੇਂ ਖੇਤੀ ਕਾਨੂੰਨ ਬਣਾਏ ਜਾਣ ਨਾਲ ਸੰਘੀ ਢਾਂਚੇ ਨੂੰ ਵੀ ਸੱਟ ਵੱਜੀ ਹੈ। ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਇਹ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ।

ਨਸ਼ਿਆਂ ਦੇ ਖਾਤਮੇ ਬਾਰੇ ਅੰਕੜੇ ਪੇਸ਼ ਕਰਦਿਆਂ ਅਮਰਿੰਦਰ ਨੇ ਕਿਹਾ ਕਿ ਨਕਲੀ ਸ਼ਰਾਬ ਦੇ ਦੁਖਾਂਤ ਦੇ ਸਾਰੇ ਦੋਸ਼ੀਆਂ ਅਤੇ ਖੰਨਾ ਗੈਰ-ਕਾਨੂੰਨੀ ਫੈਕਟਰੀ ਕੇਸ ਦੀ ਸ਼ਨਾਖਤ ਕਰ ਕੇ ਚਾਰਜਸ਼ੀਟ ਕਰਨ ਦੇ ਨਾਲ ਸਪਲਾਈ ਚੇਨ ਤੋੜੀ ਗਈ ਹੈ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਵੱਖ-ਵੱਖ ਮਾਫੀਆ (ਰੇਤ, ਸ਼ਰਾਬ, ਟਰਾਂਸਪੋਰਟ, ਨਸ਼ਾ ਆਦਿ) ਨੂੰ ਖਤਮ ਕਰਨ ਦਾ ਅਮਲ ਨਿਰੰਤਰ ਜਾਰੀ ਹੈ। ਉਨ੍ਹਾਂ ਨਸ਼ਾ ਤਸਕਰੀ ਬਾਰੇ ਪੁਲਿਸ ਅਫਸਰਾਂ ਦੀਆਂ ਬੰਦ ਰਿਪੋਰਟਾਂ ਬਾਰੇ ਵੀ ਕੋਈ ਗੱਲ ਨਹੀਂ ਕੀਤੀ। ਮੁੱਖ ਮੰਤਰੀ ਨੇ ਗੈਂਗਸਟਰ ਮੁਖਤਾਰ ਅੰਸਾਰੀ ਬਾਰੇ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੋਣ ਦੀ ਗੱਲ ਆਖੀ ਅਤੇ ਇਹ ਵੀ ਕਿਹਾ ਕਿ ਜੇ ਅੰਸਾਰੀ ਨੇ ਪੰਜਾਬ ਵਿਚ ਜੁਰਮ



ਕੀਤਾ ਹੈ ਤਾਂ ਉਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ।

ਮੁੱਖ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਉਹ ਇੱਥੇ ਹਨ, ਕਿਸੇ ਵੀ ਖਾਲਿਸਤਾਨੀ ਜਾਂ ਪਾਕਿਸਤਾਨੀ ਜਾਂ ਹੋਰ ਕਿਸੇ ਅਤਿਵਾਦੀ ਗਤੀਵਿਧੀ ਨੂੰ ਪੰਜਾਬ ਦੇ ਅਮਨ-ਚੈਨ ਵਿਚ ਵਿਘਨ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ ਖਾਲਿਸਤਾਨੀ ਸਫਾਂ ਨੂੰ ਸਰਗਰਮ ਕਰਨ ਲਈ ਡਰੋਨਾਂ ਜਰੀਏ ਹਥਿਆਰ ਦਿੱਤੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਕੁਝ ਸੂਬਿਆਂ ਵੱਲੋਂ ਹੱਦੋਂ-ਵੱਧ ਅਪਣਾਈ ਖੇਤਰੀਕਰਨ ਦੀ ਨੀਤੀ ਦਾ ਵਿਰੋਧ ਕਰਦੇ ਹਨ ਤੇ ਉਹ ਭਾਰਤ ਲਈ ਭਾਰਤੀਆਂ ਦੇ ਹੱਕ ਵਿਚ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਖੇਤਰੀਕਰਨ ਲਾਗੂ ਕਰਨ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਮੁੱਖ ਮੰਤਰੀ ਨੇ ਹਰਿਆਣਾ ਵੱਲੋਂ ਨਿੱਜੀ ਖੇਤਰ ਵਿਚ ਸਥਾਨਕ ਲੋਕਾਂ ਲਈ ਨੌਕਰੀਆਂ ਵਿੱਚ 75 ਫੀਸਦੀ ਰਾਖਵੇਂਕਰਨ ਸਬੰਧੀ ਕੀਤੇ ਐਲਾਨ ਦੇ ਹਵਾਲੇ ਨਾਲ ਇਹ ਗੱਲ ਕਹੀ।

ਨਸ਼ਿਆਂ ਬਾਰੇ ਗੋਲ-ਮੋਲ ਜਵਾਬ: ਮੁੱਖ ਮੰਤਰੀ ਨੇ ਪੰਜਾਬ 'ਚੋਂ ਨਸ਼ਿਆਂ ਦੇ ਖਾਤਮੇ ਬਾਰੇ ਗੋਲ-ਮੋਲ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਗੁਟਕਾ ਸਾਹਿਬ ਹੱਥ ਵਿਚ ਫੜ ਕੇ 'ਨਸ਼ਿਆਂ ਦਾ ਲੱਕ ਤੋੜਨ' ਦੀ ਸਹੁੰ ਚੁੱਕੀ ਸੀ। ਉਨ੍ਹਾਂ ਨੇ ਇਹ ਕਦੇ ਵੀ ਨਹੀਂ ਕਿਹਾ ਸੀ ਕਿ ਉਹ ਡਰੱਗ ਮਾਫੀਆ ਦਾ ਮੁਕੰਮਲ ਸਫਾਇਆ ਕਰ ਦੇਣਗੇ। ਉਨ੍ਹਾਂ ਕਿਹਾ, 'ਮੈਂ ਸਪੱਸ਼ਟ ਰੂਪ ਵਿਚ ਨਸ਼ਿਆਂ ਦਾ ਲੱਕ ਤੋੜਨ ਬਾਰੇ ਕਿਹਾ ਸੀ, ਜੋ ਤੋੜ ਦਿੱਤਾ ਗਿਆ ਹੈ।'

## ਕੈਪਟਨ ਅਮਰਿੰਦਰ ਫੇਲ੍ਹ, ਅਸਤੀਫਾ ਦੇਵੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਸਹੁੰ ਖਾ ਕੇ ਵਾਅਦਿਆਂ ਤੋਂ ਮੁੱਕਰਨ ਦੇ ਦੋਸ਼ ਲਾਉਂਦਿਆਂ ਉਨ੍ਹਾਂ ਦਾ ਅਸਤੀਫਾ ਮੰਗਿਆ ਹੈ। ਕੈਪਟਨ ਸਰਕਾਰ ਦੇ ਚਾਰ ਸਾਲ ਮੁਕੰਮਲ ਹੋਣ 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਦੇ ਚਾਰ ਸਾਲਾਂ ਦੇ ਕਾਰਜ ਕਾਲ ਦੌਰਾਨ ਭ੍ਰਿਸ਼ਟਾਚਾਰ, ਘੁਟਾਲੇ, ਕੁਸ਼ਾਸਨ ਤੇ ਅਮਨ-ਕਾਨੂੰਨ ਪ੍ਰਬੰਧ ਢਹਿ ਢੇਰੀ ਹੋਣ ਲਈ ਮੁੱਖ ਮੰਤਰੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਕੈਪਟਨ ਨੂੰ ਨਸ਼ੇ ਖਤਮ ਕਰਨ ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿਚ ਫੇਲ੍ਹ ਹੋਣ ਦੀ ਗੱਲ ਕਬੂਲਣ ਮਗਰੋਂ ਨੈਤਿਕ ਤੌਰ 'ਤੇ ਅਸਤੀਫਾ ਦੇਣਾ ਚਾਹੀਦਾ ਹੈ।

## 'ਨਾ ਕਰਜ਼ਾ ਮੁਆਫੀ, ਨਾ ਬੇਅਦਬੀ ਦੇ ਕਸੂਰਵਾਰਾਂ ਨੂੰ ਸਜ਼ਾ ਮਿਲੀ'

**ਬੁਢਲਾਡਾ:** ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਝੂਠੀ ਸਹੁੰ ਨਹੀਂ ਚੁੱਕਣੀ ਚਾਹੀਦੀ ਸੀ। ਜੇ ਚੁੱਕ ਵੀ ਲਈ ਸੀ ਤਾਂ ਸਹੁੰ ਚੁੱਕਣ ਵੇਲੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਨਿਭਾਉਣੇ ਚਾਹੀਦੇ ਸਨ। ਉਨ੍ਹਾਂ ਕਿਹਾ ਕਿ ਸੂਬੇ ਦੀ ਕਾਂਗਰਸ ਸਰਕਾਰ ਨੇ ਨਾ ਤਾਂ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਅਤੇ ਨਾ ਹੀ ਬੇਅਦਬੀ ਦੇ ਕਸੂਰਵਾਰਾਂ ਨੂੰ ਸਜ਼ਾਵਾਂ ਦਿੱਤੀਆਂ। ਉਪਰੋਂ ਮੋਦੀ ਸਰਕਾਰ ਅਜਿਹੀ ਆਈ, ਜਿਸ ਨੇ ਪੂਰੇ ਦੇਸ਼ ਦਾ ਹੀ ਬੇੜਾ ਗਰਕ ਕਰਕੇ ਰੱਖ ਦਿੱਤਾ। ਭਾਜਪਾ ਦੇ 'ਅੱਛੇ ਦਿਨਾਂ' ਨੇ ਲੋਕ ਤਪਾ ਕੇ ਹੀ ਰੱਖ ਦਿੱਤੇ ਹਨ।

# ਕਿਸਾਨਾਂ ਨੂੰ ਮੁਜਾਰਾ ਲਹਿਰ ਤੋਂ ਸੇਧ ਲੈਣ ਦਾ ਹੋਕਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਟਿਕਰੀ ਬਾਰਡਰ 'ਤੇ ਪੈਪਸੂ ਮੁਜਾਰਾ ਲਹਿਰ ਦੀ 72ਵੀਂ ਵਰ੍ਹੇਗੰਢ ਮਨਾਉਂਦਿਆਂ ਦੇਸ਼ਭਗਤਾਂ ਤੇਜਾ ਸਿੰਘ ਸੁਤੰਤਰ, ਜੰਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ, ਭਗਵਾਨ ਸਿੰਘ ਲੌਂਗੋਵਾਲ, ਹਜ਼ੂਰਾ ਸਿੰਘ ਮਟਰਾਂ ਸਮੇਤ ਸੈਂਕੜੇ ਸ਼ਹੀਦਾਂ ਅਤੇ ਯੋਧਿਆਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ।

ਸਮਾਗਮ ਦਾ ਪ੍ਰਬੰਧ ਜਸਵੀਰ ਕੌਰ ਨੱਤ ਦੀ ਪ੍ਰਧਾਨਗੀ ਹੇਠ ਕੀਤਾ ਗਿਆ ਜਿਸ ਨੂੰ ਸੰਬੋਧਨ ਕਰਦਿਆਂ ਅੰਮ੍ਰਿਤਪਾਲ ਕੌਰ ਜੋਗਾ, ਕੁਲਵੰਤ ਸਿੰਘ ਕਿਸ਼ਨਗੜ੍ਹ, ਰੁਲਦੂ ਸਿੰਘ ਮਾਨਸਾ ਅਤੇ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਮੁਜਾਰਾ ਲਹਿਰ ਨੇ 784 ਪਿੰਡਾਂ ਦੇ ਮੁਜ਼ਾਰਿਆਂ ਨੂੰ ਜਗੀਰਦਾਰਾਂ ਦੀ ਲੁੱਟ-ਖਸੁੱਟ ਤੋਂ ਮੁਕਤ ਕਰਵਾਇਆ ਸੀ ਅਤੇ 16 ਲੱਖ ਏਕੜ ਜ਼ਮੀਨ ਦੇ ਮਾਲਕ ਬਣਾਇਆ ਸੀ। ਉਨ੍ਹਾਂ ਕਿਹਾ ਕਿ ਮੁਜਾਰਾ ਲਹਿਰ 20 ਸਾਲ ਲੰਮੀ ਚੱਲੀ ਸੀ। ਆਗੂਆਂ ਨੇ ਕਿਹਾ ਕਿ ਮੁਜਾਰਾ ਲਹਿਰ ਵਾਂਗ ਹੀ ਅੱਜ ਵੀ ਕਿਸਾਨ ਆਪਣੀਆਂ ਜ਼ਮੀਨਾਂ ਦੀ ਹੋਂਦ ਬਚਾਉਣ ਲਈ ਲੜਾਈ ਲੜ ਰਹੇ ਹਨ। 'ਮੁਜਾਰਾ ਲਹਿਰ ਵੇਲੇ ਮੌਕੇ ਦੀ ਸਰਕਾਰ ਜਗੀਰਦਾਰਾਂ ਦੀ ਪਿੱਠ 'ਤੇ ਸੀ ਅਤੇ ਮੌਜੂਦਾ ਮੋਦੀ ਸਰਕਾਰ ਉਨ੍ਹਾਂ ਤੋਂ ਅਗਾਂਹ ਜਾ ਕੇ ਕਾਰਪੋਰੇਟ ਘਰਾਣਿਆਂ ਦੀ ਕਠਪੁਤਲੀ ਬਣ ਚੁੱਕੀ ਹੈ।' ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਇਤਿਹਾਸਕ ਪੈਪਸੂ ਮੁਜਾਰਾ ਲਹਿਰ ਤੋਂ ਸੇਧ ਲੈ ਕੇ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੀ ਲੜਾਈ ਹੋਰ ਮਜ਼ਬੂਤ ਕਰਨੀ ਚਾਹੀਦੀ ਹੈ।

ਆਗੂਆਂ ਨੇ ਕਿਹਾ ਕਿ ਮਾਨਸਾ ਅਤੇ ਸੰਗਰੂਰ ਦੇ ਸੈਂਕੜੇ ਪਿੰਡਾਂ ਦੇ ਸੂਰਮੇ ਕਿਸਾਨਾਂ ਦੀਆਂ ਅਗਲੀਆਂ ਪੀੜ੍ਹੀਆਂ ਅੱਜ ਆਪਣੇ ਪੁਰਖਿਆਂ ਤੋਂ ਪ੍ਰੇਰਣਾ ਲੈ ਕੇ ਜ਼ਮੀਨਾਂ ਦੀ ਰਾਖੀ ਲਈ ਜੂਝ ਰਹੀਆਂ ਹਨ। ਜਗੀਰੂ ਲੁੱਟ ਦੇ ਰੂਪ ਬਦਲ ਗਏ ਹਨ ਪਰ ਸਾਮਰਾਜੀ ਲੁੱਟ ਨਾਲ ਜੁੜ ਕੇ ਇਹ ਅਜੇ ਵੀ ਕਿਸਾਨਾਂ ਦਾ ਖੂਨ ਚੂਸ ਰਹੀ ਹੈ। ਹਕੂਮਤਾਂ ਕਿਸਾਨਾਂ ਦੇ ਪੱਖ 'ਚ ਪਹਿਲਾਂ ਤੋਂ ਬਣੇ ਕਾਨੂੰਨ ਲਾਗੂ ਕਰਨ ਦੀ ਥਾਂ 'ਤੇ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਲਈ ਨਵੇਂ ਕਾਲੇ ਕਾਨੂੰਨ ਲਾਗੂ ਕਰ ਰਹੀਆਂ ਹਨ।' ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਬਣਿਆ ਲੈਂਡ ਸੀਲਿੰਗ ਐਕਟ ਸਖਤੀ ਨਾਲ ਲਾਗੂ ਕਰਕੇ ਜਗੀਰਦਾਰਾਂ ਤੋਂ ਵਾਧੂ ਜ਼ਮੀਨਾਂ ਜ਼ਬਤ ਕਰ ਕੇ ਬੇਜ਼ਮੀਨੇ ਤੇ ਥੋੜ੍ਹੀਆਂ ਜ਼ਮੀਨਾਂ ਵਾਲੇ ਕਿਸਾਨਾਂ-ਮਜ਼ਦੂਰਾਂ ਵਿੱਚ ਵੰਡੀਆਂ ਜਾਣ। ਬੀ.ਕੇ.ਯੂ. ਏਕਤਾ (ਉਗਰਾਹਾਂ) ਦੇ ਜਸਵਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਮੌਜੂਦਾ ਸੰਘਰਸ਼ ਦੌਰਾਨ ਕਿਸਾਨਾਂ ਦੀ ਏਕਤਾ ਅਤੇ ਕੁਰਬਾਨੀ ਦਾ ਜਜ਼ਬਾ ਅੱਜ ਵੀ ਮਿਸਾਲੀ ਹਨ।

# ਮੱਕੀ ਦੇ ਭਾਅ 'ਤੇ ਕਿਸਾਨਾਂ ਨੂੰ 71 ਕਰੋੜ ਰੁਪਏ ਦਾ ਰਗੜਾ

**ਨਵੀਂ ਦਿੱਲੀ:** ਜੈ ਕਿਸਾਨ ਅੰਦੋਲਨ ਦੇ 'ਐਮ.ਐਸ.ਪੀ. ਲੁੱਟ ਕੈਲਕੁਲੇਟਰ' ਐਪ ਰਾਹੀਂ ਪੇਸ਼ ਅੰਕੜਿਆਂ ਮੁਤਾਬਕ ਸਰਕਾਰ ਨੇ ਮੱਕੀ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 1850 ਰੁਪਏ ਨਿਰਧਾਰਤ ਕੀਤਾ ਸੀ ਪਰ ਦੇਸ ਦੀਆਂ ਸਾਰੀਆਂ ਮੰਡੀਆਂ 'ਚ ਕਿਸਾਨ ਨੂੰ ਸਿਰਫ ਔਸਤਨ 1465 ਰੁਪਏ ਮਿਲਦੇ ਹਨ। ਮਤਲਬ ਸਰਕਾਰ ਵੱਲੋਂ ਨਿਰਧਾਰਤ ਕੀਤੇ ਐਮ.ਐਸ.ਪੀ. ਤੋਂ ਘੱਟ ਭਾਅ ਮਿਲਣ ਕਾਰਨ ਕਿਸਾਨਾਂ ਨੂੰ 385 ਰੁਪਏ ਪ੍ਰਤੀ ਕੁਇੰਟਲ ਦਾ ਨੁਕਸਾਨ ਹੋਇਆ ਹੈ। ਅੰਕੜਿਆਂ ਅਨੁਸਾਰ 1 ਤੋਂ 15 ਮਾਰਚ ਦਰਮਿਆਨ ਮੱਕੀ ਵੇਚਣ ਦੌਰਾਨ ਕਿਸਾਨਾਂ ਨੂੰ 71 ਕਰੋੜ ਰੁਪਏ ਦਾ ਨੁਕਸਾਨ ਹੋਇਆ। ਜੇ ਇਹੀ ਮਾਰਕੀਟ ਕੀਮਤ ਜਾਰੀ ਰਹਿੰਦੀ ਹੈ ਤੇ ਸਰਕਾਰ ਦਖਲ ਨਹੀਂ ਦਿੰਦੀ ਤਾਂ ਇਸ ਸਾਲ ਕਿਸਾਨਾਂ ਨੂੰ ਸਿਰਫ ਮੱਕੀ ਦੀ ਫਸਲ 'ਤੇ 498 ਕਰੋੜ ਰੁਪਏ ਦੀ ਲੁੱਟ ਸਹਿਣੀ ਪਵੇਗੀ।

ਯਾਦ ਰਹੇ ਕਿ ਮੱਧ ਪ੍ਰਦੇਸ਼ ਦੇ ਕਿਸਾਨਾਂ ਦਾ ਹਾਲ ਸਭ ਤੋਂ ਮਾੜਾ ਹੈ ਕਿਉਂਕਿ ਉਸ ਨੂੰ ਮੱਕੀ ਲਈ ਔਸਤਨ 1285 ਰੁਪਏ ਪ੍ਰਤੀ ਕੁਇੰਟਲ ਮਿਲਦਾ ਸੀ। ਮੱਧ ਪ੍ਰਦੇਸ਼ ਦੇ ਮੱਕੀ ਉਤਪਾਦਕਾਂ ਨੂੰ ਪ੍ਰਤੀ ਕੁਇੰਟਲ 566 ਰੁਪਏ ਦੀ ਲੁੱਟ ਝੱਲਣੀ ਪਈ। ਇਨ੍ਹਾਂ 15 ਦਿਨਾਂ ਵਿਚ ਮੱਧ ਪ੍ਰਦੇਸ਼ ਦੇ ਕਿਸਾਨਾਂ ਨੂੰ 30 ਕਰੋੜ ਰੁਪਏ ਜਦਕਿ ਤਿਲੰਗਾਨਾ ਅਤੇ ਰਾਜਸਥਾਨ ਦੇ ਕਿਸਾਨਾਂ ਨੂੰ ਕ੍ਰਮਵਰ 8 ਕਰੋੜ ਤੇ 10 ਕਰੋੜ ਦੀ ਲੁੱਟ ਝੱਲਣੀ ਪਈ ਹੈ।

# ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਵਜਾਇਆ ਚੋਣ ਬਿਗਲ ਵਜਾ

## ਸੱਤਾ ਮਿਲਣ ਪਿੱਛੋਂ ਕੈਪਟਨ ਦੇ ਅਧੂਰੇ ਵਾਅਦੇ ਪੂਰੇ ਕਰਨ ਦਾ ਐਲਾਨ

**ਬਾਘਾਪੁਰਾਣਾ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ 2022 ਦੀਆਂ ਵਿਧਾਨ ਸਭਾ ਤੋਂ ਦਾ ਬਿਗਲ ਵਜਾ ਦਿੱਤਾ ਹੈ। ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਥੇ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਸੂਬੇ 'ਚ ਤੀਜੇ ਸਿਆਸੀ ਬਦਲ ਦਾ ਸੱਦਾ ਦਿੱਤਾ। ਇਸ ਮੌਕੇ ਵਾਅਦਿਆਂ ਦੀ ਝੜੀ ਲਗਾਉਂਦਿਆਂ ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਬਣਨ 'ਤੇ ਸੂਬੇ ਦੇ ਲੋਕਾਂ ਨੂੰ ਦਿੱਲੀ ਦੀ ਤਰਜ਼ ਉਤੇ ਸਹੂਲਤਾਂ ਦਿੱਤੀਆਂ ਜਾਣਗੀਆਂ।

ਇਸ ਦੌਰਾਨ ਕਿਸਾਨ ਸੰਘਰਸ਼ 'ਚ ਸ਼ਹੀਦ ਹੋਏ ਕਿਸਾਨਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸਰਧਾਂਜਲੀ ਦਿੱਤੀ ਗਈ। ਆਪਣੇ ਸੰਬੋਧਨ 'ਚ ਸ੍ਰੀ ਕੇਜਰੀਵਾਲ ਨੇ ਕਿਹਾ,"ਸਾਡਾ ਕਿਸਾਨ ਦੇਸ਼ਧ੍ਰੋਹੀ ਨਹੀਂ ਹੋ ਸਕਦਾ ਹੈ। ਦੇਸ ਦਾ ਕਿਸਾਨ ਬਹੁਤ ਮੁਸ਼ਕਲ ਵਿਚ ਹੈ।" ਉਨ੍ਹਾਂ ਕਿਹਾ ਕਿ ਜਦੋਂ ਵੀ ਦੇਸ਼ ਅੰਦਰ ਕੋਈ ਲਹਿਰ ਪੈਦਾ ਹੋਈ ਹੈ ਤਾਂ ਉਸ ਦੀ ਅਗਵਾਈ ਪੰਜਾਬ ਦੇ ਲੋਕਾਂ ਨੇ ਕੀਤੀ ਹੈ। ਕਿਸਾਨਾਂ ਦੀ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਨੂੰ ਜਾਇਜ਼ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਕਾਲੇ ਕਾਨੂੰਨਾਂ ਖਿਲਾਫ ਵੀ ਪੰਜਾਬ ਤੋਂ ਹੀ ਆਵਾਜ਼ ਉਠੀ ਹੈ ਅਤੇ ਅੱਜ ਇਹ ਸੰਘਰਸ਼ ਪੂਰੇ ਦੇਸ਼ 'ਚ ਫੈਲ ਗਿਆ ਹੈ। 'ਇਹ ਸੰਘਰਸ਼ ਹੁਣ ਇਕੱਲੇ ਕਿਸਾਨਾਂ



ਦਾ ਨਹੀਂ ਸਗੋਂ ਹਰ ਵਰਗ ਦਾ ਬਣ ਚੁੱਕਾ ਹੈ।' ਕਿਸਾਨਾਂ ਨਾਲ ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਆਖਿਆ ਕਿ ਮੋਦੀ ਸਰਕਾਰ ਨੇ ਕਿਸਾਨਾਂ ਨੂੰ ਜੇਲ੍ਹਾਂ ਵਿਚ ਡੱਕਣ ਲਈ 9 ਸਟੇਡੀਅਮਾਂ ਨੂੰ ਆਰਜ਼ੀ ਜੇਲ੍ਹ ਬਣਾਉਣ ਦੀ ਮਨਜ਼ੂਰੀ ਮੰਗੀ ਸੀ। 'ਮੋਦੀ ਸਰਕਾਰ ਕੋਲ ਸਟੇਡੀਅਮ ਨੂੰ ਜੇਲ੍ਹ ਬਣਾਉਣ ਦਾ ਅਧਿਕਾਰ ਨਾ ਹੋਣ ਕਾਰਨ ਅਤੇ ਮੇਰੀ ਸਰਕਾਰ ਵੱਲੋਂ ਇਨਕਾਰ ਕਰਨ ਉੱਤੇ ਮੋਦੀ ਸਰਕਾਰ ਹੁਣ ਮੇਰੇ ਤੋਂ ਖਫ਼ਾ ਹੈ।' ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਪੂੰਜੀਪਤੀ ਦੋਸਤਾਂ ਨੂੰ ਫਾਇਦਾ ਪਹੁੰਚਾਉਣ ਲਈ ਇਹ ਕਾਨੂੰਨ ਪਾਸ ਕਰਵਾਏ ਹਨ। ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਮਗਰੋਂ ਕਿਸਾਨਾਂ ਦੀ ਬਚੀ ਹੋਈ ਖੇਤੀ ਕੇਂਦਰ ਸਰਕਾਰ ਤਿੰਨ-ਚਾਰ ਪੂੰਜੀਪਤੀ ਸਾਥੀਆਂ ਦੇ ਹੱਥਾਂ ਵਿਚ ਸੌਂਪਣਾ ਚਾਹੁੰਦੀ ਹੈ। ਰਵਾਇਤੀ ਪਾਰਟੀਆਂ 'ਤੇ ਪਿਛਲੇ 70 ਸਾਲ ਤੋਂ ਕਿਸਾਨਾਂ ਨਾਲ ਧੋਖਾ ਕਰਨ ਦਾ ਦਾਅਵਾ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਸ਼ੁਰੂ ਕੀਤਾ ਗਿਆ ਅੰਦੋਲਨ ਜ਼ਰੂਰ ਸਫਲ ਹੋਵੇਗਾ। ਉਨ੍ਹਾਂ ਮੰਚ ਤੋਂ ਨਵਾਂ ਪੰਜਾਬ ਬਣਾਉਣ ਅਤੇ ਸੂਬੇ ਨੂੰ ਖੁਸ਼ਹਾਲ ਬਣਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਹੀ ਇਕ ਪਾਰਟੀ ਹੈ ਜੋ ਕੀਤੇ ਹੋਏ ਵਾਅਦੇ ਪੂਰੀ ਕਰਦੀ ਹੈ ਅਤੇ ਪੰਜਾਬ ਵਿਚ ਵੀ ਉਹ ਸਾਰੇ ਵਾਅਦੇ ਪੂਰੇ ਕਰੇਗੀ। ਉਨ੍ਹਾਂ ਇਕ ਚੈਨਲ ਵੱਲੋਂ ਕੀਤੇ ਗਏ ਸਰਵੇ ਦਾ ਵੀ ਜ਼ਿਕਰ ਕਰਦਿਆਂ ਦੱਸਿਆ ਕਿ ਸੂਬੇ 'ਚ ਅਗਲੀ ਸਰਕਾਰ 'ਆਪ' ਦੀ ਹੀ ਬਣੇਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਿਛਲੀਆਂ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਨਾ ਕੀਤੇ ਜਾਣ ਦੇ ਦੋਸ਼ ਲਗਾਉਂਦਿਆਂ ਉਨ੍ਹਾਂ ਕਿਹਾ ਕਿ ਹੁਣ ਪੰਜਾਬੀਆਂ ਕੋਲ ਕਾਂਗਰਸ ਸਰਕਾਰ ਤੋਂ ਬਦਲਾ ਲੈਣ ਦਾ ਸਮਾਂ ਆ ਗਿਆ ਹੈ। ਕੈਪਟਨ ਸਰਕਾਰ ਵੱਲੋਂ ਨੌਜਵਾਨਾਂ ਨੂੰ ਨੌਕਰੀ ਅਤੇ ਬੇਰੁਜ਼ਗਾਰੀ ਭੱਤਾ ਨਾ ਦੇਣ ਦੇ ਵਾਅਦਿਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਚੋਣਾਂ ਦੌਰਾਨ ਕਾਂਗਰਸ ਵੱਲੋਂ ਨੌਜਵਾਨਾਂ ਨੂੰ ਦਿੱਤੇ ਗਏ ਕਾਰਡ ਮੰਚ ਤੋਂ ਲਹਿਰਾਉਂਦੇ ਹੋਏ ਸੱਦਾ ਦਿੱਤਾ ਕਿ ਉਹ ਇਹ ਕਾਰਡ ਸੁੱਟ ਨਾ ਦੇਣ ਅਤੇ ਸੰਭਾਲ ਕੇ ਰੱਖਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਉਕਤ ਕਾਰਡ ਦਿੱਤੇ ਗਏ ਸਨ, 'ਆਪ' ਦੀ ਸਰਕਾਰ ਬਣਨ 'ਤੇ ਉਨ੍ਹਾਂ ਸਾਰਿਆਂ ਨੂੰ ਨੌਕਰੀ ਦਿੱਤੀ ਜਾਵੇਗੀ ਜਾਂ ਫਿਰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਪੰਜਾਬ ਵਿੱਚ ਸਰਕਾਰ ਬਣਨ 'ਤੇ ਆਮ ਲੋਕਾਂ ਨੂੰ ਮੁਫਤ 'ਚ ਬਿਜਲੀ ਦਿੱਤੀ ਜਾਵੇਗੀ। ਉਨ੍ਹਾਂ ਦਿੱਲੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਥੋਂ ਦੇ 73 ਪ੍ਰਤੀਸ਼ਤ ਲੋਕਾਂ ਨੂੰ ਬਿਜਲੀ ਦਾ ਬਿਲ ਦੇਣਾ ਨਹੀਂ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਇਹੀ ਮਾਡਲ ਲਾਗੂ ਕੀਤਾ ਜਾਵੇਗਾ।

## ਬਾਦਲ ਪਰਿਵਾਰ ਦੀ ਘੇਰਾਬੰਦੀ ਕੀਤੀ

ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਰੈਲੀ ਵਿਚ ਪੁੱਜੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਪੰਜਾਬ ਦੇ ਚੁਲ੍ਹਿਆਂ ਵਿਚ ਬਲਦੀ ਅੱਗ, ਕਿਸਾਨ ਤੇ ਸਾਡੀਆਂ ਨਸਲਾਂ ਖਤਰੇ ਵਿਚ ਹਨ। ਉਨ੍ਹਾਂ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਜਦੋਂ ਵੀ ਇਨ੍ਹਾਂ ਉਤੇ ਕੋਈ ਸੰਕਟ ਆਇਆ, ਉਹ ਧਰਮ ਨੂੰ ਵਰਤਦੇ ਰਹੇ ਹਨ। ਉਨ੍ਹਾਂ ਕੈਪਟਨ ਸਰਕਾਰ ਨੂੰ ਕਰਾਰੇ ਹੱਥੀਂ ਲੈਂਦਿਆਂ ਕਿਹਾ ਕਿ ਅਜੇ ਤੱਕ ਬਰਗਾੜੀ ਮਾਮਲੇ ਵਿਚ ਇਨਸਾਫ ਨਹੀਂ ਮਿਲਿਆ। ਉਧਰ, ਵਿਧਾਨ ਸਭਾ ਵਿੱਚ ਵਿਰੋਧੀ ਦਲ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀਆਂ ਅਸੈਂਬਲੀ ਚੋਣਾਂ ਮੌਕੇ ਲੋਕਾਂ ਨਾਲ ਕਈ ਵਾਅਦੇ ਕੀਤੇ ਸਨ, ਜਿਨ੍ਹਾਂ 'ਚੋਂ ਕੋਈ ਵਫ਼ਾ ਨਹੀਂ ਹੋਇਆ। ਹੁਣ ਜਦੋਂ ਚੋਣਾਂ ਨਜ਼ਦੀਕ ਹਨ ਤਾਂ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੂੰ ਲੈ ਆਏ, ਜਿਨ੍ਹਾਂ ਪਹਿਲਾਂ ਲੋਕਾਂ ਨਾਲ ਝੂਠੇ ਵਾਅਦੇ ਕਰਵਾਏ ਸਨ।

# ਨਵਜੋਤ ਸਿੰਘ ਸਿੱਧੂ ਨੂੰ ਵੱਡੀ ਜ਼ਿੰਮੇਵਾਰੀ ਸੌਂਪਣ ਦੀ ਤਿਆਰੀ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਨੇ ਇਕ ਵਾਰ ਫਿਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਕੋਸ਼ਿਸ਼ ਤੇਜ਼ ਕਰ ਦਿੱਤੀਆਂ ਹਨ। ਸੂਬੇ ਵਿਚ 2022 ਵਿਚ ਵਿਧਾਨ ਸਭਾ ਦੀਆਂ ਚੋਣਾਂ ਹਨ, ਉਤੋਂ ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਚੱਲ ਰਿਹਾ ਹੈ।

ਇਸੇ ਕਾਰਨ ਹੀ ਪਿਛਲੇ ਚਾਰ ਮਹੀਨਿਆਂ ਵਿਚ ਦੋ ਵਾਰ ਨਵਜੋਤ ਸਿੰਘ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਚੰਡੀਗੜ੍ਹ ਨੇੜਲੇ ਸਿਸਵਾਂ ਫਾਰਮ ਹਾਊਸ ਵਿਚ ਇਕੱਠਿਆਂ ਬੈਠ ਕੇ ਚਾਹ ਪੀਤੀ ਅਤੇ ਵਿਚਾਰ ਚਰਚਾ ਕੀਤੀ। ਹਾਲ ਹੀ ਵਿਚ ਹੋਈ ਮੀਟਿੰਗ ਤਕਰੀਬਨ 45 ਮਿੰਟ ਚੱਲੀ, ਜਿਸ ਤੋਂ ਬਾਅਦ ਉਨ੍ਹਾਂ ਨੇ ਸ਼ਾਇਰਾਨਾ ਅੰਦਾਜ਼ ਵਿਚ ਟਵੀਟ ਕਰਦਿਆਂ ਕਿਹਾ, 'ਆਜ਼ਾਦ ਰਹੋ ਵਿਚਾਰੋਂ ਸੇ ਲੇਕਿਨ ਰਹੋ ਸੰਸਕਾਰੋਂ ਸੇ, ਤਾਂ ਕਿ ਆਸ ਔਰ ਵਿਸ਼ਵਾਸ ਰਹੇ ਕਿਰਦਾਰੋਂ ਪੇ'।

ਕੈਪਟਨ ਅਮਰਿੰਦਰ ਸਿੰਘ ਅਤੇ ਸਿੱਧੂ ਦਰਮਿਆਨ ਸੁਖਾਵੇਂ ਮਾਹੌਲ 'ਚ ਮੁਲਾਕਾਤ ਹੋਈ ਜਿਸ ਨਾਲ ਨਵਜੋਤ ਸਿੱਧੂ ਦੀ ਮੁੱਖ ਧਾਰਾ 'ਚ ਵਾਪਸੀ ਨੂੰ ਅੰਤਿਮ ਛੋਹ ਮਿਲਣ ਲੱਗੀ ਹੈ।



ਤਕਰੀਬਨ ਅੱਧਾ ਘੰਟਾ ਚੱਲੀ ਸਮੁੱਚੀ ਮੁਲਾਕਾਤ 'ਚ ਹੋਈ ਗੱਲਬਾਤ ਦਾ ਪੂਰਾ ਭੇਤ ਬਣਿਆ ਹੋਇਆ ਪਰ ਇੰਨਾ ਸਾਫ ਹੋਣ ਲੱਗਾ ਹੈ ਕਿ ਨਵਜੋਤ ਸਿੱਧੂ ਦੀ ਕੈਬਨਿਟ 'ਚ ਵਾਪਸੀ ਦੀ ਗੱਲ ਮੀਟਿੰਗ ਦਾ ਮੁੱਖ ਕੇਂਦਰ ਬਿੰਦੂ ਰਹੀ।

ਸੂਤਰ ਮੁਤਾਬਕ ਮੁੱਖ ਮੰਤਰੀ ਨੇ ਨਵਜੋਤ ਸਿੱਧੂ ਅੱਗੇ ਕੈਬਨਿਟ ਵਜ਼ੀਰ ਵਜੋਂ ਦੋ ਤਿੰਨ ਵਿਭਾਗਾਂ ਦਾ ਬਦਲ ਰੱਖਿਆ ਹੈ। ਸੂਤਰਾਂ ਅਨੁਸਾਰ ਨਵਜੋਤ ਸਿੱਧੂ ਨੂੰ ਸ਼ਹਿਰੀ ਵਿਕਾਸ ਵਿਭਾਗ ਅਤੇ ਬਿਜਲੀ ਮਹਿਕਮੇ ਤੋਂ ਇਲਾਵਾ ਸੈਰ ਸਪਾਟਾ ਵਿਭਾਗ ਦੀ ਪੇਸ਼ਕਸ਼ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਅਮਰਿੰਦਰ ਸਿੰਘ ਨੇ ਕਾਂਗਰਸ ਹਾਈਕਮਾਂਡ ਨੂੰ ਪਹਿਲਾਂ ਹੀ ਭਰੋਸੇ ਵਿਚ ਲਿਆ ਹੋਇਆ ਹੈ। ਆਉਂਦੇ ਦਿਨਾਂ 'ਚ ਮੁੱਖ ਮੰਤਰੀ ਅਤੇ ਨਵਜੋਤ ਸਿੱਧੂ ਦਰਮਿਆਨ ਹੋਰ ਮੀਟਿੰਗ ਹੋਣ ਦੀ ਵੀ ਸੰਭਾਵਨਾ ਹੈ। ਮੀਟਿੰਗ 'ਚ ਅੰਤਿਮ ਛੋਹਾਂ ਵਾਲਾ ਖਾਕਾ ਉਲੀਕਿਆ ਗਿਆ ਹੈ ਜਿਸ ਨੂੰ ਅਮਲੀ ਰੂਪ ਦੇਣ ਲਈ ਹਾਲੇ ਗੱਲਬਾਤ ਚੱਲਣ ਦੇ ਆਸਾਰ ਜਾਪਦੇ ਹਨ ਪਰ ਨਵਜੋਤ ਸਿੱਧੂ ਦੀ ਵਾਪਸੀ ਦਾ ਮਾਮਲਾ ਹੁਣ ਬਹੁਤਾ ਨਹੀਂ ਲਟਕੇਗਾ।

ਕੈਪਟਨ ਅਮਰਿੰਦਰ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਹਰ ਕੋਈ ਚਾਹੁੰਦਾ ਹੈ ਕਿ ਨਵਜੋਤ ਉਨ੍ਹਾਂ ਦੀ ਟੀਮ ਦਾ ਹਿੱਸਾ ਬਣੇ। ਸੂਤਰਾਂ ਅਨੁਸਾਰ, ਨਵਜੋਤ ਸਿੰਘ ਪੰਜਾਬ ਕੈਬਨਿਟ ਵਿਚ ਕੋਈ ਪ੍ਰਮੁੱਖ ਸੀਟ ਲੈਣ ਦੇ ਇੱਛੁਕ ਹਨ ਜਦੋਂਕਿ ਕੈਪਟਨ ਪਹਿਲਾਂ ਹੀ ਉਨ੍ਹਾਂ ਨੂੰ ਬਿਜਲੀ ਮੰਤਰਾਲੇ ਦੀ ਪੇਸ਼ਕਸ਼ ਕਰ ਚੁੱਕੇ ਹਨ, ਜੋ ਕਿ ਸਿੱਧੂ ਵਲੋਂ ਜੁਲਾਈ 2019 ਵਿਚ ਦਿੱਤੇ ਅਸਤੀਫੇ ਤੋਂ ਖਾਲੀ ਹੈ। ਦੂਜੇ ਪਾਸੇ ਹਰੀਸ਼ ਰਾਵਤ ਦਾ ਦਾਅਵਾ ਹੈ ਕਿ ਸਿੱਧੂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਜਾਵੇਗੀ। ਜ਼ਿਕਰਯੋਗ ਹੈ ਕਿ ਸਿੱਧੂ ਦੇ ਰਾਹੁਲ ਅਤੇ ਪ੍ਰਿਅੰਕਾ ਨਾਲ ਚੰਗੇ ਸਬੰਧ ਹਨ ਅਤੇ ਇਹ ਗੱਲ ਉਨ੍ਹਾਂ ਦੇ ਹੱਕ ਵਿਚ ਭੁਗਤਦੀ ਹੈ। ਇਹ ਵੀ ਕਿ ਸਿੱਧੂ ਇਕ ਪ੍ਰਭਾਵਸ਼ਾਲੀ ਚੋਣ ਪ੍ਰਚਾਰਕ ਹਨ ਜੋ ਔਖੇ ਸਮੇਂ ਵਿਚ ਪਾਰਟੀ ਦੀ ਸਹਾਇਤਾ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਮਈ 2019 ਤੋਂ ਬਾਅਦ ਬੀਤੀ ਨਵੰਬਰ ਵਿਚ ਰਾਹੁਲ ਗਾਂਧੀ ਦੀ ਹਾਜ਼ਰੀ ਵਿਚ ਸਿੱਧੂ ਅਤੇ ਕੈਪਟਨ ਨੇ ਸਟੇਜ ਸਾਂਝੀ ਕੀਤੀ ਸੀ।

## ਸਿੱਧੂ ਕਿਸੇ ਅਹੁਦੇ ਲਈ ਰਾਜਨੀਤੀ 'ਚ ਨਹੀਂ: ਨਵਜੋਤ ਕੌਰ ਸਿੱਧੂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਵਿਚਾਲੇ ਮੁਲਾਕਾਤ ਤੋਂ ਪਹਿਲਾਂ ਸਿੱਧੂ ਦੀ ਪਤਨੀ ਨੇ ਕਿਹਾ ਕਿ ਉਹ (ਸਿੱਧੂ) ਕੋਈ ਅਹੁਦਾ ਨਹੀਂ ਚਾਹੁੰਦੇ, ਸਗੋਂ ਸੂਬੇ ਦੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ। ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦੇ ਪਤੀ ਇਸ ਕਾਰਨ ਰਾਜਨੀਤੀ ਵਿਚ ਨਹੀਂ ਹਨ। ਉਨ੍ਹਾਂ ਸਾਲ 2016 ਵਿਚ ਸਿੱਧੂ ਦੇ ਭਾਜਪਾ ਛੱਡਣ ਦੇ ਫੈਸਲੇ ਵੱਲ ਇਸ਼ਾਰਾ ਕਰਦਿਆਂ ਦਾਅਵਾ ਕੀਤਾ, 'ਜੇ ਅਜਿਹਾ ਹੁੰਦਾ ਤਾਂ ਉਹ ਕੇਂਦਰੀ ਮੰਤਰੀ ਬਣ ਗਏ ਹੁੰਦੇ।'' ਇਹ ਉਮੀਦ ਜਤਾਈ ਜਾ ਰਹੀ ਹੈ ਕਿ ਸਿੱਧੂ ਦੀ ਪੰਜਾਬ ਮੰਤਰੀ ਮੰਡਲ ਵਿਚ ਵਾਪਸੀ ਹੋ ਸਕਦੀ ਹੈ।

# ਕਿਸਾਨ ਅੰਦੋਲਨ ਨੇ ਜੀਓ ਨੂੰ ਪੈਰੋਂ ਕੱਢਿਆ; 34 ਲੱਖ ਗਾਹਕ ਟੁੱਟੇ




**ਨਵੀਂ ਦਿੱਲੀ:** ਦੂਰਸੰਚਾਰ ਕੰਪਨੀ ਭਾਰਤੀ ਏਅਰਟੈੱਲ ਦੇ ਜਨਵਰੀ ਮਹੀਨੇ ਵਿਚ ਸਰਗਰਮ ਗਾਹਕਾਂ ਦੀ ਗਿਣਤੀ ਵਿਚ 69 ਲੱਖ ਦਾ ਵਾਧਾ ਹੋਇਆ ਹੈ। ਇਸ ਤਰ੍ਹਾਂ ਏਅਰਟੈੱਲ ਨੇ ਬਾਜ਼ਾਰ ਵਿਚ ਆਪਣੀ ਮੋਹਰੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਦੇ ਨਾਲ ਹੀ ਰਿਲਾਇੰਸ ਜੀਓ ਦੇ ਸਰਗਰਮ ਕੁਨੈਕਸ਼ਨਾਂ ਦੀ ਗਿਣਤੀ ਵਿਚ 34 ਲੱਖ ਦੀ ਕਮੀ ਆਈ ਹੈ।

ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ (ਟਰਾਈ) ਨੇ ਇਹ ਜਾਣਕਾਰੀ ਦਿੱਤੀ ਹੈ। ਭਾਰਤੀ ਏਅਰਟੈੱਲ ਦੇ ਸਰਗਰਮ ਗਾਹਕਾਂ ਦੀ ਗਿਣਤੀ 33.6 ਕਰੋੜ ਹੋ ਗਈ ਹੈ। ਰਿਪੋਰਟ ਮੁਤਾਬਕ ਭਾਰਤੀ ਤੇ ਜੀਓ ਦੇ ਗਾਹਕਾਂ ਦੀ ਗਿਣਤੀ ਕਰੀਬ ਬਰਾਬਰ ਸੀ ਪਰ ਜਨਵਰੀ ਵਿਚ ਭਾਰਤੀ ਨਾਲ 69 ਲੱਖ ਗਾਹਕ ਹੋਰ ਜੁੜ ਗਏ ਤੇ ਇਹ ਗਿਣਤੀ 33.6 ਕਰੋੜ 'ਤੇ ਪੁੱਜ ਗਈ। ਜੀਓ ਦੇ ਕੁਨੈਕਸ਼ਨਾਂ ਦੀ ਗਿਣਤੀ 34 ਲੱਖ ਘਟ ਕੇ 32.5 ਕਰੋੜ ਰਹਿ ਗਈ। ਇਸ ਤੋਂ ਪਹਿਲਾਂ ਦਸੰਬਰ ਵਿਚ ਜੀਓ ਗਾਹਕਾਂ ਦੀ ਗਿਣਤੀ 32 ਲੱਖ ਵਧੀ ਸੀ ਤੇ ਨਵੰਬਰ ਵਿਚ ਕੰਪਨੀ ਨਾਲ 54 ਲੱਖ ਨਵੇਂ ਗਾਹਕ ਜੁੜੇ ਸਨ। ਦੱਸਿਆ ਜਾ ਰਿਹਾ ਹੈ ਕਿਸਾਨਾਂ ਅੰਦੋਲਨ ਦੇ ਮੱਦੇਨਜ਼ਰ ਜੀਓ ਦੇ ਬਾਈਕਾਟ ਦੇ ਸੱਦੇ ਪਿੱਛੋਂ ਇਸ ਕੰਪਨੀ ਨੂੰ ਵੱਡਾ ਝਟਕਾ ਲੱਗਾ ਹੈ।

# ਪੰਜਾਬ 'ਚ ਈ.ਵੀ.ਐਮ. ਖਿਲਾਫ ਬੁਲੰਦ ਹੋਣ ਲੱਗੀ ਆਵਾਜ਼

**ਚੰਡੀਗੜ੍ਹ:** ਈ.ਵੀ.ਐਮ. ਮਸ਼ੀਨਾਂ ਰਾਹੀਂ ਚੋਣਾਂ ਕਰਵਾਉਣ ਖਿਲਾਫ ਰੋਹ ਪੂਰੇ ਮੁਲਕ ਵਿਚ ਭਖਣ ਲੱਗਾ ਹੈ। ਆਮ ਲੋਕਾਂ ਦੇ ਨਾਲ-ਨਾਲ ਕਈ ਸਿਆਸੀ ਪਾਰਟੀਆਂ ਵੀ ਮਸ਼ੀਨਾਂ ਖਿਲਾਫ ਅੱਗੇ ਆਈਆਂ ਹਨ। ਪੰਜਾਬ 'ਚ ਅਗਲੇ ਵਰ੍ਹੇ ਵਿਧਾਨ ਸਭਾ ਚੋਣਾਂ ਹਨ, ਜਿਸ ਨੂੰ ਲੈ ਕੇ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਠਣ ਲੱਗਾ ਹੈ।

ਸਾਲ 2022 'ਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਠੀਕ ਇਕ ਸਾਲ ਪਹਿਲਾਂ ਰਾਜ ਦੀ ਸਿਆਸਤ 'ਚ ਉਠੇ ਇਸ ਮੁੱਦੇ ਨੇ ਸੰਕੇਤ ਦਿੱਤੇ ਹਨ ਕਿ ਇਹ ਸਾਲ ਖਤਮ ਹੋਣ ਤੱਕ ਈ.ਵੀ.ਐਮ. ਦਾ ਮੁੱਦਾ ਕੇਂਦਰ ਅਤੇ ਰਾਜ 'ਚ ਵੱਡੇ ਵਿਵਾਦ ਦਾ ਰੂਪ ਲੈ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਪੰਜਾਬ ਵਿਧਾਨ ਸਭਾ 'ਚ ਲੰਘੇ ਹਫਤੇ ਉਠੇ ਇਸ ਮਾਮਲੇ 'ਚ ਅਗਲੇ ਇਜਲਾਸ 'ਚ ਸਰਕਾਰ ਜਾਂ ਵਿਰੋਧੀ ਪੱਖ ਵੱਲੋਂ ਕੋਈ ਪ੍ਰਸਤਾਵ ਲਿਆਇਆ ਜਾ ਸਕਦਾ ਹੈ ਕਿ ਪੰਜਾਬ 'ਚ ਅਗਲੀਆਂ ਚੋਣਾਂ ਬੈਲਟ ਪੇਪਰ ਜਰੀਏ ਕਾਰਵਾਈਆਂ ਜਾਣ। ਦੱਸਣਯੋਗ ਹੈ ਕਿ ਮੁੱਖ ਮੰਤਰੀ ਜਦੋਂ ਆਪਣੀ ਸਰਕਾਰ ਦੀਆਂ ਚਾਰ ਸਾਲ ਦੀਆਂ ਉਪਲਬਧੀਆਂ ਦਾ ਜ਼ਿਕਰ ਕਰ ਰਹੇ ਸਨ, ਉਦੋਂ ਇਹ ਮੁੱਦਾ ਉਠਿਆ ਸੀ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐਮ.) ਬਨਾਮ ਬੈਲਟ ਨੂੰ ਲੈ ਕੇ ਪੁੱਛੇ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਨੇ ਕਿਹਾ ਕਿ ਉਹ ਈ.ਵੀ.ਐਮ. ਦਾ ਵਿਰੋਧ ਕਰਨ ਵਾਲਿਆਂ 'ਚੋਂ ਇਕ ਹਨ, ਕਿਉਂਕਿ ਇਨ੍ਹਾਂ ਨਾਲ ਛੇੜਛਾੜ ਹੋ ਸਕਦੀ ਹੈ ਅਤੇ ਉਨ੍ਹਾਂ ਕਿਸੇ ਸਮੇਂ ਚੋਣ ਕਮਿਸ਼ਨ ਦੇ ਸਾਹਮਣੇ ਵੀ ਸਾਬਤ ਕਰ ਦਿੱਤਾ ਸੀ।

ਜਾਪਾਨ, ਸਵੀਡਨ ਅਤੇ ਯੂ.ਕੇ. ਵਰਗੇ



ਵਿਕਸਿਤ ਦੇਸ਼ ਵੀ ਈ.ਵੀ.ਐਮ. ਦਾ ਪ੍ਰਯੋਗ ਨਹੀਂ ਕਰਦੇ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਮੁਲਤਵੀ ਹੋਏ ਪੰਜਾਬ ਵਿਧਾਨ ਸਭਾ ਬਜਟ ਇਜਲਾਸ ਦੌਰਾਨ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਇਹ ਮੁੱਦਾ ਚੁੱਕਿਆ ਸੀ, ਜਿਸ ਮੌਕੇ ਸਦਨ 'ਚ ਮੌਜੂਦ ਸਾਰੇ ਦਲਾਂ ਦੇ ਮੈਂਬਰਾਂ ਨੇ ਇਕ ਸੁਰ ਹੋ ਕੇ ਈ.ਵੀ.ਐਮ. ਨਾਲ ਵੋਟਿੰਗ ਉਤੇ ਵਿਰੋਧ ਜਤਾਇਆ ਸੀ।

ਇਸ ਦੌਰਾਨ ਲੰਮੇ ਸਮੇਂ ਤੋਂ ਚੁੱਪ ਵੱਟੀ ਬੈਠੇ ਕਾਂਗਰਸ ਵਿਧਾਇਕ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਵੀ ਜੋਸ਼ ਆਇਆ ਅਤੇ ਉਹ ਬੈਂਸ ਵੱਲੋਂ ਚੁੱਕੇ ਮੁੱਦੇ ਦਾ ਸਮਰਥਨ ਕਰਦੇ ਹੋਏ ਈ.ਵੀ.ਐਮ. ਖ਼ਿਲਾਫ ਖੜ੍ਹੇ ਹੋ ਗਏ ਸਨ ਅਤੇ ਸੂਬੇ 'ਚ ਬੈਲਟ ਪੇਪਰ ਨਾਲ ਵੋਟਿੰਗ ਕਰਾਉਣ ਦਾ ਪੱਖ ਪੂਰਿਆ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਵੀ ਸਦਨ 'ਚ ਮੰਗ ਰੱਖੀ ਸੀ ਕਿ ਪ੍ਰਸਤਾਵ ਲਿਆਂਦਾ ਜਾਵੇ ਕਿ ਪੰਜਾਬ 'ਚ ਈ.ਵੀ.ਐਮ. ਨਾਲ ਚੋਣ ਨਹੀਂ ਹੋਵੇਗੀ ਅਤੇ ਅਗਲੀਆਂ ਚੋਣਾਂ ਚੋਣ ਪਰਚੀ (ਬੈਲਟ ਪੇਪਰ) ਰਹਿਣ ਕਾਰਵਾਈਆਂ ਜਾਣ।

# ਕੈਪਟਨ ਨੇ ਅਮਨ-ਕਾਨੂੰਨ ਸੂਤ ਕਰਨ ਲਈ ਸੰਭਾਲੀ ਕਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਸਮਰਪਿਤ ਤਕਨੀਕੀ ਯੂਨਿਟ, ਨਾਰਕੋਟਿਕਸ ਯੂਨਿਟ, ਸੋਸ਼ਲ ਮੀਡੀਆ ਯੂਨਿਟ ਅਤੇ ਸਾਬੋਤਾਜ ਵਿਰੋਧੀ ਨਿਗਰਾਨ ਟੀਮਾਂ ਹੋਣਗੀਆਂ ਜਿਸ ਨਾਲ ਸੂਬੇ ਦੀ ਕਾਨੂੰਨ ਲਾਗੂ ਕਰਨ ਵਾਲੀ ਮਸ਼ੀਨਰੀ ਹੋਰ ਮਜ਼ਬੂਤ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਚਾਰ ਸਾਲਾਂ ਦੇ ਸਮੇਂ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਨੂੰ ਸਥਿਰ ਬਣਾਉਣ ਮਗਰੋਂ ਉਨ੍ਹਾਂ ਦੀ ਸਰਕਾਰ ਕਾਨੂੰਨ ਲਾਗੂ ਕਰਨ ਵਾਲੀ ਸ਼ਕਤੀ ਨੂੰ ਹੋਰ ਕਾਰਗਰ ਬਣਾ ਰਹੀ ਹੈ ਜਿਥੇ ਡਿਜੀਟਲ ਤੇ ਸਾਈਬਰ ਅਪਰਾਧ ਵਰਗੇ ਨਵੇਂ ਯੁੱਗ ਦੇ ਜੁਰਮਾਂ ਵੱਲ ਕੇਂਦਰਿਤ ਕੀਤਾ ਜਾਵੇਗਾ ਅਤੇ ਔਰਤਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਸੁਰੱਖਿਆ ਵਧਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਵਿਸ਼ੇਸ਼ ਜੁਰਮਾਂ ਨਾਲ ਨਜਿੱਠਣ ਲਈ 3,100 ਡੋਮੇਨ ਮਾਹਿਰਾਂ ਤੋਂ ਇਲਾਵਾ ਸਬ-ਇੰਸਪੈਕਟਰ ਤੇ ਕਾਂਸਟੇਬਲ ਦੇ ਪੱਧਰ 'ਤੇ 10,000 ਪੁਲਿਸ ਕਰਮਚਾਰੀ ਭਰਤੀ ਕੀਤੇ ਜਾਣਗੇ ਜਿਨ੍ਹਾਂ ਵਿਚੋਂ 33 ਫੀਸਦੀ ਮਹਿਲਾਵਾਂ ਹੋਣਗੀਆਂ ਤਾਂ ਕਿ ਜ਼ਮੀਨੀ ਪੱਧਰ 'ਤੇ ਫੋਰਸ ਵਧਾਉਣ ਦੇ ਨਾਲ-ਨਾਲ ਪ੍ਰਭਾਵੀ ਪੁਲੀਸਿੰਗ ਨੂੰ ਯਕੀਨੀ ਬਣਾਇਆ ਜਾ ਸਕੇ। ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਅਪਰਾਧ ਦੇ ਬਦਲ ਰਹੇ ਤੌਰ-ਤਰੀਕਿਆਂ ਦੇ ਨਾਲ ਜੁਰਮਾਂ ਦੀ ਰੋਕਥਾਮ ਅਤੇ ਪੜਤਾਲ ਪ੍ਰਭਾਵੀ ਤਰੀਕੇ ਨਾਲ ਕਰਨ ਵਾਸਤੇ ਡੋਮੇਨ ਮਾਹਿਰਾਂ ਦੇ ਸਹਿਯੋਗ ਲਈ ਪੰਜਾਬ ਪੁਲਿਸ ਵੱਲੋਂ ਛੇਤੀ ਹੀ 3,100 ਵਿਸ਼ੇਸ਼ ਪੁਲਿਸ ਅਫਸਰਾਂ ਅਤੇ ਡੋਮੇਨ ਮਾਹਿਰਾਂ ਦੀ ਭਰਤੀ ਕੀਤੀ ਜਾਵੇਗੀ ਜੋ ਕਾਨੂੰਨ, ਫੋਰੈਂਸਿਕ, ਡਿਜੀਟਲ ਫੋਰੈਂਸਿਕ, ਸੂਚਨਾ ਤਕਨਾਲੋਜੀ, ਡਾਟਾ ਮਾਈਨਿੰਗ, ਸਾਈਬਰ ਸੁਰੱਖਿਆ, ਖੁਫੀਆ ਅਧਿਐਨ, ਮਨੁੱਖੀ ਵਸੀਲੇ ਪ੍ਰਬੰਧਨ ਤੇ ਵਿਕਾਸ ਅਤੇ ਸੜਕ ਸੁਰੱਖਿਆ ਯੋਜਨਾ ਤੇ ਇੰਜੀਨੀਅਰਿੰਗ ਨਾਲ ਸਬੰਧਤ ਹੈ। ਮੁੱਖ ਮੰਤਰੀ ਮੁਤਾਬਕ ਪੁਲਿਸ ਫੋਰਸ 'ਚ ਤਬਦੀਲੀ ਲਿਆਉਣ ਦੇ ਉਦੇਸ਼ ਨਾਲ ਉਲੀਕੇ ਗਏ ਇਸ ਕਦਮ ਨਾਲ ਪੰਜਾਬ ਡੋਮੇਨ ਮਾਹਿਰਾਂ ਦੀਆਂ ਸੇਵਾਵਾਂ ਹਾਸਲ ਕਰਨ ਵਾਲਾ ਮੁਲਕ ਦਾ ਪਹਿਲਾ ਸੂਬਾ ਹੋਵੇਗਾ। ਇਨ੍ਹਾਂ ਪਹਿਲਕਦਮੀਆਂ ਦਾ ਵੇਰਵਾ ਦਿੰਦਿਆਂ ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਇਨ੍ਹਾਂ ਡੋਮੇਨ ਮਾਹਿਰਾਂ ਵਿਚ ਤਕਰੀਬਨ 6,00 ਲਾਅ ਗਰੈਜੂਏਟ, 4,50 ਕਰਾਈਮ ਸੀਨ ਜਾਂਚਕਰਤਾ, ਕਾਨੂੰਨ, ਕਾਮਰਸ, ਡੇਟਾ ਮਾਈਨਿੰਗ, ਡੇਟਾ ਅਨੈਲਸਿਸ ਵਿਚ ਤਜਰਬੇ ਤੇ ਵਿਸ਼ੇਸ਼ ਯੋਗਤਾ ਵਾਲੇ 1,350 ਆਈ.ਟੀ. ਮਾਹਿਰ ਸ਼ਾਮਲ ਹੋਣਗੇ, ਜਿਨ੍ਹਾਂ ਨੂੰ ਸਾਈਬਰ ਜਾਸੂਸੀ, ਵਿੱਤੀ ਜਾਸੂਸੀ, ਕਤਲ ਕੇਸਾਂ ਵਿੱਚ ਜਾਸੂਸੀ, ਜਿਣਸੀ ਹਮਲੇ ਤੇ ਬਲਾਤਕਾਰ ਦੇ ਕੇਸਾਂ ਵਿੱਚ ਜਾਸੂਸੀ ਲਈ ਲਾਇਆ ਜਾਵੇਗਾ।

ਪੰਜਾਬ ਸਰਕਾਰ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਫੈਮਿਲੀ ਕਾਊਂਸਲਿੰਗ ਸੈਂਟਰਾਂ ਅਤੇ ਮਹਿਲਾ ਹੈਲਪਡੈਸਕਾਂ 'ਤੇ ਤਾਇਨਾਤੀ ਲਈ 460 ਦੇ ਕਰੀਬ ਸਿੱਖਿਅਤ ਤੇ ਯੋਗਤਾ ਪ੍ਰਾਪਤ ਕਾਊਂਸਲਰ, ਕਲੀਨੀਕਲ ਸਾਈਕੋਲੋਜਿਸਟ ਤੇ ਵਿਕਟਮ ਸਪੋਰਟ ਅਫ਼ਸਰਾਂ ਦੀ ਵੀ ਭਰਤੀ ਕਰੇਗੀ। ਉਨ੍ਹਾਂ ਦੱਸਿਆ ਕਿ 3,400 ਨਵੀਆਂ ਮਹਿਲਾ ਪੁਲੀਸ ਮੁਲਾਜ਼ਮਾਂ ਭਰਤੀ ਕੀਤੀਆਂ ਜਾਣਗੀਆਂ।

# ਖੇਤੀ ਕਾਨੂੰਨ: ਕੈਪਟਨ ਵੱਲੋਂ ਸੁਪਰੀਮ ਕੋਰਟ ਦਾ ਰੁਖ ਕਰਨ ਦੀ ਚਿਤਾਵਨੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਤਿੰਨੇ ਵਿਵਾਦਿਤ ਖੇਤੀ ਕਾਨੂੰਨ ਰੱਦ ਕਰਨ ਦੀ ਮੁੜ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਪਣੀ ਅੜੀਅਲ ਵਤੀਰਾ ਛੱਡ ਕੇ ਕਿਸਾਨਾਂ ਨਾਲ ਮੁੜ ਗੱਲਬਾਤ ਕਰੇ। ਉਨ੍ਹਾਂ ਪੰਜਾਬ ਅਸੈਂਬਲੀ ਵਿਚ ਪਾਸ ਖੇਤੀ ਸੋਧ ਬਿੱਲਾਂ ਨੂੰ ਰਾਸ਼ਟਰਪਤੀ ਵੱਲੋਂ ਪ੍ਰਵਾਨ ਨਾ ਕੀਤੇ ਜਾਣ ਦੀ ਸੂਰਤ 'ਚ ਸੁਪਰੀਮ ਕੋਰਟ ਦਾ ਰੁਖ ਕਰਨ ਦੀ ਚਿਤਾਵਨੀ ਵੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਜਿਣਸਾਂ ਦੀ ਸਿੱਧੀ ਅਦਾਇਗੀ ਦੇ ਨਵੇਂ ਢੰਗ ਤਰੀਕੇ ਦਾ ਵੀ ਵਿਰੋਧ ਕੀਤਾ। ਆਪਣੀ ਸਰਕਾਰ ਦੇ ਚਾਰ ਵਰ੍ਹਿਆਂ ਦਾ ਰਿਪੋਰਟ ਕਾਰਡ ਪੰਜਾਬ ਦੇ ਲੋਕਾਂ ਸਨਮੁਖ ਰੱਖਦਿਆਂ ਮੁੱਖ ਮੰਤਰੀ ਨੇ ਪ੍ਰਣ ਕੀਤਾ ਕਿ ਉਹ ਸਾਲ 2017 ਵਿਚ ਕੀਤੇ ਚੋਣ ਵਾਅਦੇ ਪੂਰੇ ਕਰਨ ਮਗਰੋਂ ਹੀ ਅਗਲੀਆਂ ਚੋਣਾਂ 'ਚ ਲੋਕਾਂ ਕੋਲ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ 85 ਫੀਸਦੀ ਤੋਂ ਵੱਧ ਚੋਣ ਵਾਅਦੇ ਪੂਰੇ ਕਰਕੇ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਦਾ 81 ਫੀਸਦੀ ਵਾਅਦੇ ਪੂਰੇ ਕਰਨ ਦਾ ਰਿਕਾਰਡ ਤੋੜ ਦਿੱਤਾ ਹੈ। ਉਨ੍ਹਾਂ ਸਾਰੇ ਕਿਸਾਨਾਂ ਦੀ ਕਰਜ਼ਾ ਮੁਆਫੀ ਅਤੇ ਬੇਰੁਜ਼ਗਾਰੀ ਭੱਤਾ ਆਦਿ ਜਿਹੇ ਮੁੱਦਿਆਂ ਦੀ ਮੁਕੰਮਲ ਪੂਰਤੀ ਨਾ ਕਰਨ ਪਿੱਛੇ ਕੋਵਿਡ ਮਹਾਮਾਰੀ ਨੂੰ ਢਾਲ ਵਜੋਂ ਵਰਤਿਆ। ਉਨ੍ਹਾਂ ਕਿਹਾ ਕਿ ਵਿੱਤੀ ਅੜਿੱਕਿਆਂ ਕਰ ਕੇ ਅਜਿਹਾ ਹੋਇਆ ਹੈ, ਪਰ ਹੁਣ ਆਰਥਿਕ ਸਥਿਤੀ ਸੰਭਲਣ ਲੱਗੀ ਹੈ ਤੇ ਛੇਤੀ ਹੀ ਬਕਾਇਆ ਵਾਅਦੇ ਵੀ ਪੂਰੇ ਕਰ ਦਿੱਤੇ ਜਾਣਗੇ।

## ਕੈਪਟਨ ਨੇ ਪਾਕਿਸਤਾਨ ਨੂੰ ਦਿੱਤੀ ਨਸੀਹਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਦੇ ਥਲ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਨਸੀਹਤ ਦਿੱਤੀ ਹੈ ਕਿ ਉਹ ਭਾਰਤ ਨਾਲ ਅਮਨ ਦੇ ਮੁੱਦੇ ਉਤੇ 'ਲੱਛੇਦਾਰ ਭਾਸਣ' ਦੇਣ ਦੀ ਥਾਂ ਪੁਖਤਾ ਕਾਰਵਾਈ ਕਰਨ। ਉਨ੍ਹਾਂ ਕਿਹਾ ਕਿ ਭਾਰਤ-ਪਾਕਿ ਰਿਸ਼ਤਿਆਂ 'ਚ ਸਥਿਰਤਾ ਬਾਰੇ ਗੱਲ ਕਰਨ ਤੋਂ ਪਹਿਲਾਂ ਬਾਜਵਾ ਨੂੰ ਆਈ.ਐਸ.ਆਈ. ਨੂੰ ਨੱਥ ਪਾਉਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦ ਪਾਰੋਂ ਭਾਰਤ ਵਿਚ ਘੁਸਪੈਠ ਜਾਰੀ ਹੈ ਤੇ ਸਰਹੱਦਾਂ ਉਤੇ ਰੋਜ਼ਾਨਾ ਭਾਰਤੀ ਫੌਜੀ ਮਾਰੇ ਜਾ ਰਹੇ ਹਨ। ਗੁਆਂਢੀ ਮੁਲਕ ਤੋਂ ਰੋਜ਼ਾਨਾ ਡਰੋਨਾਂ ਰਾਹੀਂ ਪੰਜਾਬ ਵਿਚ ਹਥਿਆਰ ਤੇ ਹੈਰੋਇਨ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਪਹਿਲਾਂ ਇਹ ਗਤੀਵਿਧੀਆਂ ਰੋਕੇ, ਉਸ ਮਗਰੋਂ ਹੀ ਅਮਨ ਲਈ ਗੱਲਬਾਤ ਹੋ ਸਕੇਗੀ।

# ਕਰੋਨਾ: ਆਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸ਼ਤਾਬਦੀ ਸਮਾਗਮ ਮੁਲਤਵੀ



**ਆਨੰਦਪੁਰ ਸਾਹਿਬ:** ਸ਼੍ਰੋਮਣੀ ਕਮੇਟੀ ਨੇ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਸਬੰਧੀ ਆਨੰਦਪੁਰ ਸਾਹਿਬ ਵਿਚ 24 ਮਾਰਚ ਤੋਂ 28 ਮਾਰਚ ਤੱਕ ਕੀਤੇ ਜਾਣ ਵਾਲੇ ਵੱਖ-ਵੱਖ ਗੁਰਮਤਿ ਸਮਾਗਮ 31 ਮਾਰਚ ਤੱਕ ਮੁਲਤਵੀ ਕਰ ਦਿੱਤੇ ਹਨ। ਇਸ ਦੇ ਨਾਲ ਹੀ ਹੋਲਾ-ਮਹੱਲਾ ਮੌਕੇ ਹੋਣ ਵਾਲੇ ਸਮਾਗਮ ਹਰ ਸਾਲ ਦੀ ਤਰ੍ਹਾਂ ਖਾਲਸਾਈ ਜਾਹੋ-ਜਲਾਲ ਨਾਲ ਹੀ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।

ਕਰੋਨਾ ਕਾਰਨ ਸਿਹਤ ਵਿਭਾਗ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਥੇ ਕਮੇਟੀ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕਰਨ ਮਗਰੋਂ ਫੈਸਲੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਹੋਲਾ ਮਹੱਲਾ ਦੇ ਸਮਾਗਮ ਹਰ ਸਾਲ ਦੀ ਤਰ੍ਹਾਂ ਮਨਾਏ ਜਾਣਗੇ ਪਰ ਇਸੇ ਦੌਰਾਨ 24 ਤੋਂ 28 ਮਾਰਚ ਤੱਕ ਸ਼ਤਾਬਦੀ ਸਬੰਧੀ ਸਮਾਗਮ, ਜੋ ਸ੍ਰੀ ਆਨੰਦਪੁਰ ਸਾਹਿਬ ਵਿਖੇ ਰੱਖੇ ਗਏ ਸਨ, ਫਿਲਹਾਲ ਮੁਲਤਵੀ ਕੀਤੇ ਗਏ ਹਨ। ਇਨ੍ਹਾਂ ਸਮਾਗਮਾਂ ਦੀਆਂ ਨਵੀਆਂ ਤਰੀਕਾਂ ਬਾਰੇ 1 ਅਪਰੈਲ ਤੋਂ ਬਾਅਦ ਫੈਸਲਾ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਸ਼ਤਾਬਦੀ ਸਬੰਧੀ ਸਮਾਗਮਾਂ ਵਿਚ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਦੇ ਸਮਾਗਮ ਵੀ ਸ਼ਾਮਲ ਹੋਣੇ ਸਨ ਪਰ 31 ਮਾਰਚ ਤੱਕ ਵਿੱਦਿਅਕ ਅਦਾਰੇ ਬੰਦ ਕਰ ਹਨ, ਅਜਿਹੇ ਵਿਚ ਵਿਦਿਆਰਥੀਆਂ ਨੂੰ ਸ਼ਾਮਲ ਕਰਨਾ ਸੰਭਵ ਨਹੀਂ ਹੈ। ਬੀਬੀ ਜਗੀਰ ਕੌਰ ਨੇ ਇਹ ਵੀ ਦੱਸਿਆ ਕਿ ਰੂਪਨਗਰ ਦੀ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਹੋਲਾ ਮਹੱਲਾ ਮੌਕੇ ਰੂਪਨਗਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿਰਫ ਅੰਤਰਰਾਸ਼ਟਰੀ ਸ਼ਰਧਾਲੂਆਂ ਲਈ ਹੀ ਕਰੋਨਾ ਟੈਸਟ ਲਾਜ਼ਮੀ ਕੀਤਾ ਗਿਆ ਹੈ, ਜਦ ਕਿ ਦੇਸ਼ ਦੇ ਸ਼ਰਧਾਲੂਆਂ 'ਤੇ ਅਜਿਹੀ ਕੋਈ ਸ਼ਰਤ ਨਹੀਂ ਲਗਾਈ ਗਈ।

## ਪਾਕਿ ਜਾਣ ਵਾਲੇ ਜਥਿਆਂ ਤੋਂ ਪਾਸਪੋਰਟ ਮੰਗੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਾਣ ਵਾਲੇ ਜਥਿਆਂ ਵਿੱਚ ਸ਼ਾਮਲ ਹੋਣ ਵਾਲੀ ਸੰਗਤ ਤੋਂ ਪਾਸਪੋਰਟਾਂ ਦੀ ਮੰਗ ਕੀਤੀ ਹੈ। ਇਹ ਦੋਵੇਂ ਜਥੇ ਜੂਨ 2021 ਵਿਚ ਪਾਕਿਸਤਾਨ ਜਾਣਗੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਵਾਲੇ ਜਥਿਆਂ ਲਈ ਸ਼ਰਧਾਲੂ ਆਪਣੇ ਪਾਸਪੋਰਟ 31 ਮਾਰਚ 2021 ਤਕ ਸ਼੍ਰੋਮਣੀ ਕਮੇਟੀ ਦੇ ਦਫਤਰ ਭੇਜ ਸਕਦੇ ਹਨ। ਜਥੇ ਵਿੱਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟਾਂ ਦੇ ਨਾਲ ਮੈਂਬਰ ਸ਼੍ਰੋਮਣੀ ਕਮੇਟੀ ਦੀ ਸਿਫਾਰਸ਼ ਸਹਿਤ ਆਪਣਾ ਪਛਾਣ ਪੱਤਰ ਵੀ ਜਮ੍ਹਾਂ ਕਰਵਾਉਣ। ਪਛਾਣ ਪੱਤਰ ਲਈ ਰਾਸ਼ਨ ਕਾਰਡ, ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਦਿੱਤੀ ਜਾ ਸਕਦੀ ਹੈ।

# ਚਿੱਠੀ ਸਿੰਘਪੁਰਾ ਕਤਲੇਆਮ: ਇੱਕੀ ਵਰ੍ਹੇ ਪਿੱਛੋਂ ਵੀ ਨਿਆਂ ਦੀ ਉਡੀਕ



**ਸ੍ਰੀਨਗਰ:** ਦੱਖਣੀ ਕਸ਼ਮੀਰ ਦੇ ਜਿਲ੍ਹਾ ਅਨੰਤਨਾਗ ਸਥਿਤ ਸਿੱਖ ਵਸੋਂ ਵਾਲੇ ਛੱਤੀ ਸਿੰਘਪੁਰਾ (ਚਿੱਠੀ ਸਿੰਘਪੁਰਾ) ਪਿੰਡ ਵਿਚ 20 ਮਾਰਚ 2000 ਨੂੰ ਜਿਨ੍ਹਾਂ 35 ਨਿਹੱਥੇ ਸਿੱਖਾਂ ਨੂੰ ਅਣਪਛਾਤੇ ਹਥਿਆਰਬੰਦਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ, ਦੇ ਪੀੜਤ ਪਰਿਵਾਰ 18 ਵਰ੍ਹੇ ਲੰਘਣ ਦੇ ਬਾਅਦ ਵੀ ਇਨਸਾਫ ਦੀ ਉਡੀਕ 'ਚ ਹਨ। ਇਸ ਦਰਦਨਾਕ ਘਟਨਾ ਸਬੰਧੀ ਸਰਕਾਰਾਂ ਅਜੇ ਤੱਕ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ 'ਚ ਨਾਕਾਮ ਰਹੀਆਂ ਹਨ।

21 ਵਰ੍ਹੇ ਪਹਿਲਾਂ ਵਾਪਰੇ ਇਸ ਕਤਲੇਆਮ ਨਾਲ ਜਿਥੇ ਸਮੁੱਚੀ ਕਸ਼ਮੀਰ ਵਾਦੀ 'ਚ ਸੋਗ ਦੀ ਲਹਿਰ ਦੌੜ ਗਈ ਸੀ, ਉਥੇ ਸਿੱਖ ਜਗਤ 'ਚ ਮਾਤਮ ਛਾ ਗਿਆ ਸੀ। ਸਮੇਂ ਦੀਆਂ ਦੋਵੇਂ ਸਰਕਾਰਾਂ (ਸੂਬਾ ਤੇ ਕੇਂਦਰ) ਨੇ ਕਾਤਲਾਂ ਨੂੰ ਜਲਦ ਗ੍ਰਿਫਤਾਰ ਕਰਕੇ ਇਨਸਾਫ ਦਿਵਾਉਣ ਦਾ ਵਾਅਦਾ ਕੀਤਾ ਸੀ, ਜਿਹੜਾ ਹੁਣ ਤੱਕ ਵਫਾ ਨਹੀਂ ਹੋ ਸਕਿਆ। ਸਥਾਨਕ ਸਿੱਖ ਸੰਗਤ ਤੇ ਪੀੜਤ ਪਰਿਵਾਰਾਂ ਨੇ ਦੱਸਿਆ ਕਿ ਘੱਟ ਗਿਣਤੀ ਹੋਣ ਕਾਰਨ ਕੇਂਦਰ ਤੇ ਰਾਜ ਸਰਕਾਰ ਨੇ ਪਿਛਲੇ 21 ਵਰ੍ਹਿਆਂ ਦੌਰਾਨ ਕਿਸੇ ਨਿਰਪੱਖ ਅਦਾਰੇ ਕੋਲੋਂ ਇਸ ਘਟਨਾ ਦੀ ਜਾਂਚ ਕਰਵਾਉਣ ਵੱਲ ਧਿਆਨ ਨਹੀਂ ਦਿੱਤਾ।

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਜ ਪ੍ਰਸ਼ਾਸਨ ਨੂੰ ਇਸ ਮਾਮਲੇ ਨੂੰ ਐਨ.ਆਈ.ਏ. ਨੂੰ ਸੌਂਪਣ ਦੀ ਮੰਗ ਕੀਤੀ ਤਾਂ ਕਿ ਪੀੜਤਾਂ ਨੂੰ ਇਨਸਾਫ ਮਿਲ ਸਕੇ। ਆਲ ਪਾਰਟੀ ਸਿੱਖ ਤਾਲਮੇਲ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੇਨਾ ਨੇ ਛੱਤੀ ਸਿੰਘਪੁਰਾ ਦੇ ਮਾਰੇ ਗਏ ਸਿੱਖਾਂ ਨੂੰ 21ਵੀਂ ਬਰਸੀ ਮੌਕੇ ਸ਼ਰਧਾਂਜਲੀ ਭੇਟ ਕਰਦੇ ਹੋਏ ਸੂਬਾ ਸਰਕਾਰ ਤੇ ਪ੍ਰਧਾਨ ਮੰਤਰੀ ਨੂੰ ਉਕਤ ਮਾਮਲੇ ਦੀ ਜਾਂਚ ਕਰਨ ਦੀ ਮੰਗ ਦੁਹਰਾਉਂਦੇ ਹੋਏ ਪੀੜਤ ਪਰਿਵਾਰਾਂ ਨੂੰ 'ਕੌਮੀ ਪੀੜਤ' ਐਲਾਨਣ ਦੀ ਮੰਗ ਕੀਤੀ।

# ਨਿਹੰਗ ਜਥੇਬੰਦੀਆਂ ਨੇ ਆਨੰਦਪੁਰ ਸਾਹਿਬ ਪੁੱਜਣ ਦਾ ਸੱਦਾ ਦਿੱਤਾ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਸਮੂਹ ਨਿਹੰਗ ਸਿੰਘ ਦਲਾਂ ਪੰਥਾਂ ਦੇ ਮੁਖੀ ਜਥੇਦਾਰਾਂ ਨੇ ਗੁਰਮਤਾ ਪਾ ਕੇ ਸੰਗਤ ਨੂੰ ਹੋਲੇ ਮਹੱਲੇ ਮੌਕੇ ਵਧ-ਚੜ੍ਹ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਦੱਸਿਆ ਕਿ ਸਮੂਹ ਨਿਹੰਗ ਸਿੰਘ ਦਲਾਂ ਵੱਲੋਂ ਸੰਗਤ ਦੇ ਸਹਿਯੋਗ ਨਾਲ 27, 28 ਤੇ 29 ਮਾਰਚ ਨੂੰ ਆਨੰਦਪੁਰ ਸਾਹਿਬ ਵਿਖੇ ਪੂਰੇ ਜਾਹੋ-ਜਲਾਲ ਨਾਲ ਹੋਲਾ ਮਹੱਲਾ ਮਨਾਇਆ ਜਾਵੇਗਾ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਸਥਾਨਕ ਛਾਉਣੀ ਗੁਰੂ ਕੇ ਬਾਗ ਤੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਨਿਹੰਗ ਜਥੇਬੰਦੀਆਂ ਦੇ ਮੁਖੀਆਂ ਬਾਬਾ ਬਲਬੀਰ ਸਿੰਘ, ਬਾਬਾ ਗੱਜਣ ਸਿੰਘ, ਬਾਬਾ ਅਵਤਾਰ ਸਿੰਘ ਅਤੇ ਬਾਬਾ ਨਿਹਾਲ ਸਿੰਘ ਨੇ ਇਸ ਵਾਰ 27 ਤੇ 28 ਮਾਰਚ ਨੂੰ ਛਾਉਣੀ ਨਿਹੰਗ ਸਿੰਘਾਂ, ਗੁਰੂ ਕਾ ਬਾਗ, ਸ੍ਰੀ ਆਨੰਦਪੁਰ ਸਾਹਿਬ ਵਿੱਚ ਗਤਕੇ ਦੇ ਮੁਕਾਬਲੇ ਕਰਵਾਉਣ ਦਾ ਫੈਸਲਾ ਲਿਆ ਹੈ। ਇਸ ਵਿਚ ਪਹਿਲੇ, ਦੂਜੇ ਤੇ ਤੀਜੇ ਨੰਬਰ 'ਤੇ ਆਉਣ ਵਾਲੀਆਂ ਟੀਮਾਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਇਸ ਦੌਰਾਨ ਵੱਖ-ਵੱਖ ਖੇਤਰਾਂ ਵਿਚ ਅਹਿਮ ਸਥਾਨ ਰੱਖਦੀਆਂ ਪੰਜ ਸਿੱਖ ਸ਼ਖਸੀਅਤਾਂ ਨੂੰ ਵਿਸ਼ੇਸ਼ ਐਵਾਰਡ ਨਾਲ ਵੀ ਸਨਮਾਨਿਆ ਜਾਵੇਗਾ। 29 ਮਾਰਚ ਨੂੰ ਨਿਹੰਗ ਸਿੰਘ ਦਲਾਂ ਦੇ ਸਹਿਯੋਗ ਨਾਲ ਛਾਉਣੀ ਬੁੱਢਾ ਦਲ ਤੋਂ ਮਹੱਲਾ ਕੱਢਿਆ ਜਾਵੇਗਾ।

# ਦਲ ਖਾਲਸਾ ਨੇ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ



**ਅੰਮ੍ਰਿਤਸਰ:** ਦਲ ਖਾਲਸਾ ਵੱਲੋਂ ਇਥੇ ਅਕਾਲ ਤਖਤ ਵਿਖੇ ਅਰਦਾਸ ਕਰਨ ਮਗਰੋਂ ਨਵੇਂ ਵਰ੍ਹੇ ਦਾ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ ਹੈ। ਇਸ ਵਿਚ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ, ਹੋਲਾ ਮਹੱਲਾ ਅਤੇ ਬੰਦੀ ਛੋੜ ਦਿਵਸ ਦੀਆਂ ਤਰੀਕਾਂ ਪੱਕੀਆਂ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ, ਜਿਸ ਨਾਲ ਆਉਣ ਵਾਲੇ ਸਮੇਂ ਵਿਚ ਕੈਲੰਡਰ ਵਿਵਾਦ ਹੋਰ ਡੂੰਘਾ ਹੋਣ ਦੀ ਸੰਭਾਵਨਾ ਹੈ। ਨਵੇਂ ਵਰ੍ਹੇ ਦਾ ਇਹ ਕੈਲੰਡਰ ਦਲ ਖਾਲਸਾ ਦੇ ਨੌਜਵਾਨ ਵਿੰਗ ਸਿੱਖ ਯੂਥ ਆਫ ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਕੈਲੰਡਰ ਕਿਸਾਨੀ ਸੰਘਰਸ਼ ਨੂੰ ਸਮਰਪਤ ਕੀਤਾ ਗਿਆ, ਜਿਸ ਵਿਚ ਕਿਸਾਨਾਂ ਵੱਲੋਂ ਕੀਤੇ ਗਏ ਟਰੈਕਟਰ ਮਾਰਚ, ਲਾਲ ਕਿਲੇ ਵਿਚ ਨਿਸ਼ਾਨ ਸਾਹਿਬ ਲਹਿਰਾਉਣ, ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜਨ, ਕਿਸਾਨ ਸੰਘਰਸ਼ ਦੌਰਾਨ ਮਾਰੇ ਗਏ ਨਵਰੀਤ ਸਿੰਘ ਸਮੇਤ ਜ਼ਖਮੀ ਹੋਏ ਨੌਜਵਾਨਾਂ ਅਤੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਕੀਤੇ ਗਏ ਤਸ਼ੱਦਦ ਦੀਆਂ ਤਸਵੀਰਾਂ ਸ਼ਾਮਲ ਹਨ। ਕੈਲੰਡਰ ਜਾਰੀ ਕਰਨ ਤੋਂ ਪਹਿਲਾਂ ਅਕਾਲ ਤਖਤ ਸਾਹਮਣੇ ਅਰਦਾਸ ਕੀਤੀ ਗਈ ਅਤੇ ਕੈਲੰਡਰ ਦੀ ਪਹਿਲੀ ਕਾਪੀ ਸਕੱਤਰੇਤ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਲਈ ਭੇਟ ਕੀਤੀ ਗਈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਵਰ੍ਹੇ ਦਾ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ 13 ਮਾਰਚ ਨੂੰ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਜਾਰੀ ਕੀਤਾ ਜਾ ਚੁੱਕਾ ਹੈ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਇਸ ਨਵੇਂ ਵਰ੍ਹੇ ਦੇ ਕੈਲੰਡਰ ਵਿਚ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਦੀ ਪੱਕੀ ਤਰੀਕ ਪਹਿਲੀ ਵਿਸਾਖ (14 ਅਪਰੈਲ), ਹੋਲੇ ਮਹੱਲੇ ਦੀ ਪਹਿਲੀ ਚੇਤ (14 ਮਾਰਚ) ਅਤੇ ਬੰਦੀ ਛੋੜ ਦਿਵਸ ਦੀ ਤਰੀਕ ਪਹਿਲੀ ਫੱਗਣ (12 ਫਰਵਰੀ) ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 2003 ਵਿਚ ਜਦੋਂ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ ਸੀ ਤਾਂ ਇਹ ਤਿੰਨ ਤਰੀਕਾਂ ਬਿਕਰਮੀ ਕੈਲੰਡਰ ਮੁਤਾਬਕ ਹੀ ਛੱਡ ਦਿੱਤੀਆਂ ਗਈਆਂ ਸਨ, ਜਿਸ ਨੂੰ ਹੁਣ ਕੈਲੰਡਰ ਰਚੇਤਾ ਪਾਲ ਸਿੰਘ ਪੁਰੇਵਾਲ ਵੱਲੋਂ ਪੱਕੇ ਤੌਰ 'ਤੇ ਨਿਰਧਾਰਤ ਕਰ ਦਿੱਤਾ ਗਿਆ ਹੈ। ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਅਪੀਲ ਕੀਤੀ ਹੈ ਕਿ ਉਹ ਮੁੜ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਕੇ ਸਿੱਖ ਪੰਥ ਵਿਚ ਕੈਲੰਡਰ ਸਬੰਧੀ ਪੈਦਾ ਹੋਈ ਦੁਬਿਧਾ ਖਤਮ ਕਰਨ।

# ਸ਼੍ਰੋਮਣੀ ਕਮੇਟੀ ਮੈਂਬਰ ਨਾਲ ਡੇਢ ਕਰੋੜ ਦੀ ਠੱਗੀ

**ਪਟਿਆਲਾ:** ਥਾਣਾ ਸਿਵਲ ਲਾਈਨ ਪਟਿਆਲਾ ਦੀ ਪੁਲਿਸ ਨੇ ਹਲਕਾ ਸਨੌਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਕੁਲਦੀਪ ਕੌਰ ਟੌਹੜਾ ਨਾਲ 1.53 ਕਰੋੜ ਦੀ ਠੱਗੀ ਮਾਰਨ ਦੇ ਦੋਸ਼ ਹੇਠ ਡੇਢ ਦਰਜਨ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਦੋ ਵਾਰ ਵਿਧਾਨ ਸਭਾ ਦੀ ਚੋਣ ਲੜ ਚੁੱਕੀ ਬੀਬੀ ਕੁਲਦੀਪ ਕੌਰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਧੀ ਅਤੇ ਸਾਬਕਾ ਲੋਕ ਨਿਰਮਾਣ ਮੰਤਰੀ ਹਰਮੇਲ ਸਿੰਘ ਟੌਹੜਾ ਦੀ ਪਤਨੀ ਹੈ। ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਵਿਚ ਹਰਿੰਦਰਪਾਲ ਸਿੰਘ ਟੌਹੜਾ ਨੇ ਦੱਸਿਆ ਕਿ 2017 ਵਿਚ ਕਿਸੇ ਵਿਅਕਤੀ ਨੇ ਅਣਪਛਾਤੇ ਨੰਬਰ ਤੋਂ ਫੋਨ ਕਰਕੇ ਉਸ ਦੀ ਮਾਤਾ ਕੁਲਦੀਪ ਕੌਰ ਨੂੰ ਸ਼ੇਅਰਾਂ ਦੇ ਪੈਸੇ ਦਿਵਾਉਣ ਦਾ ਝਾਂਸਾ ਦੇ ਕੇ ਵੱਖ-ਵੱਖ ਖਾਤਿਆਂ ਵਿਚ ਲਗਭਗ ਡੇਢ ਕਰੋੜ ਰੁਪਏ ਪਵਾ ਲਏ ਤੇ ਮਗਰੋਂ ਉਨ੍ਹਾਂ ਦਾ ਪਤਾ ਨਹੀਂ ਲੱਗਿਆ।

## ਕਤਲੇਆਮ 84 ਦੇ ਗਵਾਹ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਮੁੱਖ ਗਵਾਹ ਅਭਿਸ਼ੇਕ ਵਰਮਾ ਨੇ ਧਮਕੀਆਂ ਮਿਲਣ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤ ਦੱਖਣੀ ਦਿੱਲੀ ਦੇ ਮੈਦਾਨਗੜ੍ਹੀ ਥਾਣੇ ਵਿਚ ਦਰਜ ਕੀਤੀ ਗਈ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਗਵਾਹ ਵਜੋਂ ਪਿੱਛੇ ਹਟਣ ਲਈ ਈਮੇਲ ਉਤੇ ਧਮਕੀ ਮਿਲੀ ਹੈ।

ਵਰਮਾ ਨੇ ਕਿਹਾ ਕਿ ਧਮਕੀ ਵਿਚ ਸਪਸ਼ਟ ਕਿਹਾ ਗਿਆ ਹੈ ਕਿ ਉਸ ਨੇ ਕਹੇ ਮੁਤਾਬਕ ਕੰਮ ਨਾ ਕੀਤਾ ਤਾਂ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ। ਵਰਮਾ ਸੀ.ਬੀ.ਆਈ. ਬਨਾਮ ਜਗਦੀਸ਼ ਟਾਈਟਲਰ ਮਾਮਲੇ ਵਿਚ ਮੁੱਖ ਗਵਾਹ ਹੈ। ਵਰਮਾ ਨੂੰ ਭੇਜੀ ਈਮੇਲ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਭਾਵੇਂ ਸਖਤ ਸੁਰੱਖਿਆ ਦਿੱਤੀ ਜਾ ਸਕਦੀ ਹੈ ਪਰ ਉਸ ਨੂੰ ਅਦਾਲਤ ਨਹੀਂ ਪਹੁੰਚਣ ਦਿੱਤਾ ਜਾਵੇਗਾ। ਜੇ ਉਹ ਗਵਾਹ ਵਜੋਂ ਨਾਮ ਵਾਪਸ ਨਹੀਂ ਲੈਂਦਾ, ਤਾਂ ਉਸ ਦੀ ਕਾਰ ਤੇ ਘਰ ਆਰ.ਡੀ.ਐਕਸ. ਵਿਸਫੋਟਕ ਨਾਲ ਉਡਾ ਦਿੱਤੇ ਜਾਣਗੇ।

# ਇਕ ਧਰਮ ਦਾ ਰਾਸ਼ਟਰ ਬਣਾਉਣ ਦੀ ਨੀਤੀ ਘਾਤਕ: ਜਥੇਦਾਰ

**ਰਈਆ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਬਕਾਲਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਜਿਥੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਫਲਸਫੇ ਤੋਂ ਜਾਣੂ ਕਰਵਾਇਆ, ਉਥੇ ਹੀ ਸਮੇਂ ਦੀਆਂ ਹਕੂਮਤਾਂ ਵੱਲੋਂ ਘੱਟ-ਗਿਣਤੀਆਂ ਨੂੰ ਦਬਾਉਣ ਲਈ ਚੱਲੀਆਂ ਚਾਲਾਂ ਨੂੰ ਦੇਸ਼ ਲਈ ਘਾਤਕ ਦੱਸਿਆ।

ਜਥੇਦਾਰ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦਾ ਸਮੁੱਚਾ ਜੀਵਨ ਮਨੁੱਖਤਾ ਲਈ ਪ੍ਰੇਰਨਾ ਸਰੋਤ ਰਿਹਾ ਹੈ ਅਤੇ ਉਨ੍ਹਾਂ ਦੀ ਸ਼ਹਾਦਤ ਸੰਸਾਰ ਅੰਦਰ ਵਿਲੱਖਣ ਅਤੇ ਅਦੁੱਤੀ ਹੈ। ਉਨ੍ਹਾਂ ਕਿਹਾ ਕਿ ਉਸ ਸਮੇਂ ਵਾਂਗ ਅੱਜ ਦੇ ਹਾਕਮ ਵੀ ਇਕ ਧਰਮ ਦਾ ਰਾਸ਼ਟਰ ਬਣਾਉਣ ਦੀ ਨੀਤੀ 'ਤੇ ਕੰਮ ਕਰ ਰਹੇ ਹਨ ਜਦਕਿ ਅਜਿਹੀ ਨੀਤੀ ਦੇਸ਼ ਲਈ ਹਮੇਸ਼ਾ ਨੁਕਸਾਨਦੇਹ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਧਾਰਮਿਕ ਆਜ਼ਾਦੀ ਅਤੇ ਹੱਕ ਸੁਰੱਖਿਅਤ ਰਹਿਣੇ ਚਾਹੀਦੇ ਹਨ।

ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਗੁਰੂ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਉਭਾਰਨਾ ਤੇ ਅਪਣਾਉਣਾ ਹੀ ਉਨ੍ਹਾਂ ਪ੍ਰਤੀ ਸੱਚਾ ਸਮਰਪਣ ਹੈ। ਉਨ੍ਹਾਂ ਐਲਾਨ ਕੀਤਾ ਕਿ ਸਾਰਾ ਸਾਲ ਗੁਰੂ ਸਾਹਿਬ ਦੇ ਫਲਸਫੇ ਨੂੰ ਪ੍ਰਚਾਰਨ ਲਈ ਪ੍ਰਚਾਰ ਲਹਿਰ ਜਾਰੀ ਰੱਖੀ ਜਾਵੇਗੀ, ਜਿਸ ਤਹਿਤ ਪਿੰਡ ਪੱਧਰ 'ਤੇ ਸਮਾਗਮ ਕੀਤੇ ਜਾਣਗੇ।

## ਕਰਤਾਰਪੁਰ ਲਾਂਘਾ ਨਾ ਖੋਲ੍ਹਣ ਬਾਰੇ ਸਵਾਲ

**ਤਲਵੰਡੀ ਸਾਬੋ:** ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਬੰਦ ਹੋਏ ਨੂੰ ਇਕ ਸਾਲ ਪੂਰਾ ਹੋਣ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਿਥੇ ਕੇਂਦਰ ਸਰਕਾਰ ਦੀ ਨੀਅਤ 'ਤੇ ਸਵਾਲ ਚੁੱਕੇ ਹਨ, ਉਥੇ ਲਾਂਘਾ ਮੁੜ ਖੋਲ੍ਹੇ ਜਾਣ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ 16 ਮਾਰਚ 2020 ਨੂੰ ਲਾਂਘਾ ਕਰੋਨਾ ਕਾਰਨ ਬੰਦ ਕਰ ਦਿੱਤਾ ਗਿਆ ਸੀ। ਕਰੋਨਾ ਦੀ ਚਾਲ ਮੱਠੀ ਹੁੰਦਿਆਂ ਹੀ ਕੁਝ ਸਮੇਂ ਬਾਅਦ ਪਾਕਿਸਤਾਨ ਸਰਕਾਰ ਨੇ ਤਾਂ ਆਪਣੇ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਸੀ ਪਰ ਭਾਰਤ ਸਰਕਾਰ ਨੇ ਲਾਂਘੇ ਦੇ ਬੰਦ ਹੋਣ ਦੇ ਇਕ ਸਾਲ ਪੂਰਾ ਹੋਣ ਤੱਕ ਵੀ ਲਾਂਘੇ ਨੂੰ ਖੋਲ੍ਹਣ ਦਾ ਕੋਈ ਐਲਾਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਨਾ ਖੋਲ੍ਹਣਾ ਕੇਂਦਰ ਦੀ ਮਾੜੀ ਨੀਅਤ ਦਰਸਾਉਂਦਾ ਹੈ।

# ਰੁਜ਼ਗਾਰ 'ਤੇ ਤਾਲਾਬੰਦੀ ਦੀ ਮਾਰ, ਕਰੋੜਾਂ ਲੋਕ ਹੋਏ ਵਿਹਲੇ

**ਚੰਡੀਗੜ੍ਹ:** ਆਰਥਿਕ ਮੰਦੀ ਤੇ ਉਸ ਤੋਂ ਬਾਅਦ ਕੋਵਿਡ-19 ਕਾਰਨ ਲਗਾਈ ਤਾਲਾਬੰਦੀ ਕਰਕੇ ਦੇਸ਼ ਦੇ ਕਰੋੜਾਂ ਲੋਕਾਂ ਦਾ ਰੁਜ਼ਗਾਰ ਚਲਿਆ ਗਿਆ ਹੈ। ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਦਾ ਬਿਆਨ ਅਤੇ ਦਿੱਲੀ ਸਰਕਾਰ ਵੱਲੋਂ ਰੁਜ਼ਗਾਰ ਸਬੰਧੀ ਕਰਵਾਏ ਇਕ ਸਰਵੇਖਣ ਦੀ ਰਿਪੋਰਟ ਦੋਵੇਂ ਹੀ ਇਸ ਮੁੱਦੇ ਨੂੰ ਤੱਥਾਂ ਸਹਿਤ ਉਭਾਰਨ ਵਾਲੇ ਹਨ। ਰਾਹੁਲ ਗਾਂਧੀ ਨੇ ਟਵੀਟ ਕਰ ਕੇ ਕਿਹਾ ਹੈ ਕਿ ਦੇਸ਼ ਵਿਚ ਪਿਛਲੇ ਨੌਂ ਮਹੀਨਿਆਂ ਦੌਰਾਨ ਈ.ਪੀ.ਐਫ. ਦੇ 71 ਲੱਖ ਖਾਤੇ ਬੰਦ ਹੋ ਚੁੱਕੇ ਹਨ। ਪਿਛਲੇ ਸਾਲ ਅਪਰੈਲ ਤੋਂ ਪਿੱਛੋਂ ਲਗਭਗ 80 ਲੱਖ ਮਜ਼ਦੂਰਾਂ ਨੇ ਈ.ਪੀ.ਐਫ. ਦੇ ਖਾਤਿਆਂ ਵਿਚੋਂ ਲਗਭਗ 30 ਹਜ਼ਾਰ ਕਰੋੜ ਰੁਪਏ ਕਢਵਾ ਲਏ ਹਨ। ਸਰਕਾਰ ਨੇ ਵੱਡੇ ਪੱਧਰ ਉਤੇ ਖੁੱਸ ਰਹੇ ਰੁਜ਼ਗਾਰ ਦੀ ਸਮੱਸਿਆ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਨਹੀਂ ਉਠਾਏ।

ਦਿੱਲੀ ਸਰਕਾਰ ਦੇ ਇਕ ਸਰਵੇਖਣ ਅਨੁਸਾਰ ਤਾਲਾਬੰਦੀ ਕਾਰਨ ਰੁਜ਼ਗਾਰ ਖਤਮ ਹੋਣ ਦਾ ਸਭ ਤੋਂ ਬੁਰਾ ਪ੍ਰਭਾਵ ਔਰਤਾਂ ਉਤੇ ਪਿਆ ਹੈ। ਔਰਤਾਂ ਅੰਦਰ ਬੇਰੁਜ਼ਗਾਰੀ ਦੀ ਦਰ 54.7 ਫੀਸਦੀ ਤੱਕ ਪਹੁੰਚ ਗਈ ਹੈ। ਮਰਦਾਂ ਵਿਚ ਇਹ 23.2 ਫੀਸਦੀ ਹੈ। ਕਰੋਨਾ ਤੋਂ ਪਹਿਲਾਂ ਔਰਤਾਂ ਦੀ ਬੇਰੁਜ਼ਗਾਰੀ ਦੀ ਦਰ ਜਨਵਰੀ-ਫਰਵਰੀ ਵਿਚ 25.6 ਫੀਸਦੀ ਅਤੇ ਆਦਮੀਆਂ ਅੰਦਰ ਬੇਰੁਜ਼ਗਾਰੀ ਦੀ ਦਰ 8 ਫੀਸਦੀ ਸੀ।



ਬੇਰੁਜ਼ਗਾਰਾਂ ਵਿਚ 83 ਫੀਸਦੀ ਔਰਤਾਂ 16.6 ਫੀਸਦੀ ਗ੍ਰੈਜੂਏਟ, 27.6 ਫੀਸਦੀ ਬਾਰ੍ਹਵੀਂ ਪਾਸ ਅਤੇ 23.8 ਫੀਸਦੀ ਦਸਵੀਂ ਪਾਸ ਹਨ।

ਦਿੱਲੀ ਦਾ ਸਰਵੇਖਣ ਇਹ ਵੀ ਦੱਸਦਾ ਹੈ ਕਿ ਕਰੋਨਾ ਤੋਂ ਪਹਿਲਾਂ ਪੰਜ ਹਜ਼ਾਰ ਰੁਪਏ ਮਹੀਨੇ ਤੱਕ ਦੀ ਕਮਾਈ ਕਰਨ ਵਾਲਿਆਂ ਦੀ ਗਿਣਤੀ 7 ਫੀਸਦੀ ਹੈ। ਕਰੋਨਾ ਤੋਂ ਪਿੱਛੋਂ ਅਜਿਹੇ ਲੋਕਾਂ ਦੀ ਗਿਣਤੀ ਵਧ ਕੇ 13 ਫੀਸਦੀ ਹੋ ਗਈ ਹੈ। ਬੇਰੁਜ਼ਗਾਰ ਹੋਣ ਵਾਲਿਆਂ ਵਿਚੋਂ 30 ਫੀਸਦੀ ਦਿਹਾੜੀਦਾਰ ਹਨ ਅਤੇ 29.3 ਫੀਸਦੀ ਕਾਰੋਬਾਰ ਠੱਪ ਹੋਣ ਕਰ ਕੇ ਬੇਰੁਜ਼ਗਾਰ ਹੋਏ ਹਨ। ਦੇਸ਼ ਵਿਚ ਕਰੋਨਾ ਤੋਂ ਪਹਿਲਾਂ ਵੀ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਵਿਚ ਸਭ ਤੋਂ ਵੱਧ ਸੀ ਪਰ ਕੋਵਿਡ-19 ਅਤੇ ਤਾਲਾਬੰਦੀ ਕਾਰਨ ਹਾਲਾਤ ਹੋਰ ਵਿਗੜ ਗਏ ਹਨ। ਈ.ਪੀ.ਐਫ. ਖਾਤੇ ਵੀ ਵਧ ਰਹੀ ਬੇਰੁਜ਼ਗਾਰੀ ਕਾਰਨ ਹੀ ਬੰਦ ਹੋ ਰਹੇ ਹਨ।

# ਕਰੋਨਾ ਦੀ ਮਾਰ: ਭਾਰਤੀ ਪਰਿਵਾਰਾਂ ਉਤੇ ਕਰਜ਼ੇ ਦਾ ਭਾਰ ਹੋਰ ਵਧਿਆ

**ਮੁੰਬਈ:** ਕਰੋਨਾ ਮਹਾਮਾਰੀ ਦੇ ਇਕ ਸਾਲ ਦੌਰਾਨ ਭਾਰਤੀ ਪਰਿਵਾਰਾਂ ਉਤੇ ਕਰਜ਼ੇ ਦਾ ਭਾਰ ਵਧਿਆ ਹੈ। ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ.) ਦੇ ਤਾਜ਼ਾ ਅੰਕੜਿਆਂ ਅਨੁਸਾਰ ਮੌਜੂਦਾ ਵਿੱਤੀ ਸਾਲ ਦੀ ਦੂਜੀ ਤਿਮਾਹੀ 'ਚ ਪਰਿਵਾਰਾਂ 'ਤੇ ਕਰਜ਼ਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 37.1 ਫੀਸਦ ਹੋ ਗਿਆ ਹੈ ਜਦਕਿ ਪਰਿਵਾਰਾਂ ਦੀ ਬੱਚਤ ਘੱਟ ਕੇ 10.4 ਫੀਸਦ ਦੇ ਹੇਠਲੇ ਪੱਧਰ 'ਤੇ ਆ ਗਈ ਹੈ। ਮਹਾਮਾਰੀ ਕਾਰਨ ਲੱਖਾਂ ਲੋਕ ਬੇਰੁਜ਼ਗਾਰ ਹੋ ਗਏ ਹਨ ਅਤੇ ਵੱਡੀ ਗਿਣਤੀ ਵਿਚ ਲੋਕਾਂ ਦੀਆਂ ਤਨਖ਼ਾਹਾਂ ਵਿਚ ਕਟੌਤੀ ਹੋਈ ਹੈ। ਇਸ ਕਾਰਨ ਲੋਕਾਂ ਨੂੰ ਵੱਧ ਕਰਜ਼ਾ ਲੈਣਾ ਪਿਆ ਹੈ ਜਾਂ ਆਪਣੀ ਬੱਚਤ ਨਾਲ ਖਰਚਿਆਂ ਨੂੰ ਪੂਰਾ ਕਰਨਾ ਪੈ ਰਿਹਾ ਹੈ।

ਅੰਕੜਿਆਂ ਮੁਤਾਬਕ ਦੂਜੀ ਤਿਮਾਹੀ 'ਚ ਕੁੱਲ ਕਰਜ਼ਾ ਬਾਜ਼ਾਰ 'ਚ ਪਰਿਵਾਰਾਂ ਦੀ ਹਿੱਸੇਦਾਰੀ ਸਾਲਾਨਾ ਆਧਾਰ 'ਤੇ 1.30 ਫੀਸਦ ਵਧ ਕੇ 51.5 ਫੀਸਦ 'ਤੇ ਪਹੁੰਚ ਗਈ ਹੈ। ਆਰਬੀਆਈ ਦੇ ਮਾਰਚ ਬੁਲੇਟਿਨ ਮੁਤਾਬਕ ਮਹਾਮਾਰੀ ਦੀ ਸ਼ੁਰੂਆਤ 'ਚ ਲੋਕਾਂ ਦਾ ਝੁਕਾਅ ਬੱਚਤ ਵੱਲ ਸੀ। ਇਸ ਕਾਰਨ 2020-21 ਦੀ ਪਹਿਲੀ ਤਿਮਾਹੀ 'ਚ ਪਰਿਵਾਰਾਂ ਦੀ ਬੱਚਤ ਜੀਡੀਪੀ ਦੇ 21 ਫੀਸਦ 'ਤੇ ਪਹੁੰਚ ਗਈ ਸੀ। ਉਂਜ ਇਹ 2019-20 ਦੀ ਦੂਜੀ ਤਿਮਾਹੀ ਦੇ 9.8 ਫੀਸਦ ਤੋਂ ਵੱਧ ਸੀ।



ਭਾਰਤੀ ਰਿਜ਼ਰਵ ਬੈਂਕ ਦੇ ਆਰਥਿਕ ਮਾਹਿਰਾਂ ਮੁਤਾਬਕ ਆਮ ਤੌਰ 'ਤੇ ਜਦੋਂ ਅਰਥਚਾਰਾ ਰੁਕਦਾ ਹੈ ਜਾਂ ਉਸ 'ਚ ਨਿਘਾਰ ਆਉਂਦਾ ਹੈ ਤਾਂ ਪਰਿਵਾਰਾਂ ਦੀ ਬੱਚਤ ਵਧਦੀ ਹੈ। ਜਦੋਂ ਅਰਥਚਾਰੇ 'ਚ ਸੁਧਾਰ ਹੁੰਦਾ ਹੈ ਤਾਂ ਬੱਚਤ ਘਟਦੀ ਹੈ ਕਿਉਂਕਿ ਲੋਕਾਂ ਦਾ ਖਰਚ ਕਰਨ ਨੂੰ ਲੈ ਕੇ ਭਰੋਸਾ ਵਧਦਾ ਹੈ। ਉਨ੍ਹਾਂ ਕਿਹਾ ਕਿ ਕੁਝ ਇਹੋ ਜਿਹਾ ਰੁਝਾਨ 2008-09 'ਚ ਆਲਮੀ ਵਿੱਤੀ ਸੰਕਟ ਵੇਲੇ ਵੀ ਦੇਖਣ ਨੂੰ ਮਿਲਿਆ ਸੀ। ਉਸ ਸਮੇਂ ਪਰਿਵਾਰਾਂ ਦੀ ਬੱਚਤ ਜੀ.ਡੀ.ਪੀ. ਦੇ 1.70 ਫੀਸਦ ਵਧੀ ਸੀ। ਬਾਅਦ 'ਚ ਅਰਥਚਾਰੇ 'ਚ ਸੁਧਾਰ ਨਾਲ ਬੱਚਤ ਵੀ ਘਟਣ ਲੱਗੀ ਸੀ।

# ਆਰ. ਐਸ. ਐਸ. ਵੱਲੋਂ ਗੱਲਬਾਤ ਰਾਹੀਂ ਕਿਸਾਨ ਅੰਦੋਲਨ ਦਾ ਹੱਲ ਲੱਭਣ ਦੀ ਵਕਾਲਤ

**ਬੰਗਲੂਰੂ:** ਰਾਸ਼ਟਰੀ ਸਵੈ ਸੇਵਕ ਸੰਘ (ਆਰ.ਐਸ.ਐਸ.) ਨੇ ਦਾਅਵਾ ਕੀਤਾ ਹੈ ਕਿ ਕਿਸਾਨ ਅੰਦੋਲਨ ਦਾ ਹੱਲ ਕੱਢਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ 'ਦੇਸ਼ ਵਿਰੋਧੀ ਅਤੇ ਸਮਾਜ ਵਿਰੋਧੀ' ਕੁਝ ਤਾਕਤਾਂ ਢਾਹ ਲਾ ਰਹੀਆਂ ਹਨ। ਉਨ੍ਹਾਂ ਕਿਹਾ ਹੈ ਕਿ ਅੰਦੋਲਨ ਦਾ ਲੰਬਾ ਖਿੱਚਣਾ ਕਿਸੇ ਦੇ ਵੀ ਹਿੱਤ 'ਚ ਨਹੀਂ ਹੈ।

ਅਖਿਲ ਭਾਰਤੀ ਪ੍ਰਤੀਨਿਧ ਸਭਾ ਦੀ ਦੋ ਦਿਨੀਂ ਬੈਠਕ ਦੀ ਸ਼ੁਰੂਆਤ ਮੌਕੇ ਆਰ.ਐਸ.ਐਸ. ਨੇ ਕਿਹਾ ਕਿ ਜੇਕਰ ਸਾਰੇ ਮੁੱਦਿਆਂ ਦਾ ਹੱਲ ਨਹੀਂ ਕੱਢਿਆ ਜਾ ਸਕਦਾ ਹੈ ਤਾਂ ਵਿਚਾਰ ਵਟਾਂਦਰਾ ਕਰਕੇ ਕਿਸੇ ਸਮਝੌਤੇ 'ਤੇ ਪਹੁੰਚਿਆ ਜਾਣਾ ਚਾਹੀਦਾ ਹੈ। ਆਰ.ਐਸ.ਐਸ. ਨੇ ਆਪਣੀ ਰਿਪੋਰਟ 2021 'ਚ ਕਿਹਾ ਹੈ ਕਿ ਪ੍ਰਦਰਸ਼ਨਾਂ ਕਾਰਨ ਰੋਜ਼ਾਨਾ ਦੇ ਜਨਜੀਵਨ 'ਤੇ ਅਸਰ ਪੈ ਰਿਹਾ ਹੈ ਜੋ ਚਿੰਤਾ ਦਾ ਵਿਸ਼ਾ ਹੈ ਅਤੇ ਸਮੱਸਿਆ ਉਦੋਂ ਹੋਰ ਗੰਭੀਰ ਹੋ ਜਾਂਦੀ ਹੈ ਜਦੋਂ ਦੇਸ਼ ਵਿਰੋਧੀ ਅਤੇ ਸਮਾਜ ਵਿਰੋਧੀ ਤਾਕਤਾਂ ਹੱਲ ਲੱਭਣ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ 'ਚ ਅੜਿੱਕੇ ਪਾਉਣ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਉਨ੍ਹਾਂ ਕਿਸਾਨ ਅੰਦੋਲਨ ਦੀ ਲੀਡਰਸ਼ਿਪ ਨੂੰ ਖਬਰਦਾਰ ਕੀਤਾ ਹੈ ਕਿ ਉਹ ਅਜਿਹੇ ਹਾਲਾਤ ਪੈਦਾ ਨਾ ਹੋਣ ਦੇਣ।

## ਖੇਤੀ ਕਾਨੂੰਨ ਕਿਸਾਨਾਂ ਲਈ 'ਡੈੱਥ ਵਾਰੰਟ': ਅਖਿਲੇਸ਼

**ਮਥੁਰਾ:** ਸਮਾਜਵਾਦੀ ਪਾਰਟੀ ਦੇ ਮੁੱਖੀ ਅਤੇ ਉਤਰ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੇ ਤਿੰਨ ਨਵੇਂ ਖੇਤੀਬਾੜੀ ਕਾਨੂੰਨ ਕਿਸਾਨਾਂ ਲਈ 'ਡੈਥ ਵਾਰੰਟ' ਸਾਬਤ ਹੋ ਰਹੇ ਹਨ ਪਰ ਉਨ੍ਹਾਂ ਨੂੰ ਵਾਪਸ ਨਹੀਂ ਲਿਆ ਜਾ ਰਿਹਾ। ਅਖਿਲੇਸ਼ ਨੇ ਵ੍ਰਿੰਦਾਵਨ ਵਿਚ ਪੱਤਰਕਾਰਾਂ ਨੂੰ ਕਿਹਾ, 'ਮੈਂ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਿਹਾ ਹਾਂ ਇਸ ਸਮੇਂ ਖੇਤੀ ਘਾਟੇ ਦਾ ਸੌਦਾ ਤੇ ਉਤੋਂ ਤਿੰਨੋਂ ਖੇਤੀਬਾੜੀ ਕਾਨੂੰਨ ਕਿਸਾਨਾਂ ਲਈ ਮੌਤ ਦੇ ਵਾਰੰਟ ਸਾਬਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨਵੇਂ ਕਾਨੂੰਨਾਂ ਰਾਹੀਂ ਖੇਤੀ ਨੂੰ ਸਰਮਾਏਦਾਰਾਂ ਦਾ ਹੱਥਾਂ ਵਿੱਚ ਸੌਂਪਣਾ ਚਾਹੁੰਦੀ ਹੈ। ਉਸ ਸਥਿਤੀ ਵਿਚ ਕਿਸਾਨ ਜਾਂ ਮਜ਼ਦੂਰ ਬਣਨਗੇ ਜਾਂ ਆਤਮ ਹੱਤਿਆ ਕਰਨਗੇ।

ਸੰਘ ਨੇ ਕਿਹਾ,''ਦੇਸ਼ ਵਿਰੋਧੀ ਤਾਕਤਾਂ ਆਪਣੀਆਂ ਸਿਆਸੀ ਖਾਹਿਸ਼ਾਂ ਲਈ ਮੁਲਕ 'ਚ ਗੜਬੜੀ ਅਤੇ ਅਸਥਿਰਤਾ ਦਾ ਮਾਹੌਲ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਅਸੀਂ ਮੰਨਦੇ ਹਾਂ ਕਿ ਕੋਈ ਵੀ ਸਮੱਸਿਆ ਅਣਸੁਲਝੀ ਨਹੀਂ ਰਹਿ ਸਕਦੀ ਹੈ। ਬਸ ਪੂਰੀ ਸੰਜੀਦਗੀ ਨਾਲ ਕੋਸ਼ਿਸ਼ਾਂ ਕਰਨ ਦੀ ਲੋੜ ਹੁੰਦੀ ਹੈ।'' ਉਨ੍ਹਾਂ ਕਿਹਾ ਕਿ ਜਮਹੂਰੀਅਤ 'ਚ ਸਾਰਿਆਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਹੈ ਪਰ ਦੇਸ਼ 'ਚ ਗੜਬੜ ਅਤੇ ਅਸਥਿਰਤਾ ਫੈਲਾਉਣ ਦਾ ਹੱਕ ਕਿਸੇ ਨੂੰ ਵੀ ਨਹੀਂ ਦਿੱਤਾ ਜਾ ਸਕਦਾ ਹੈ। ਉਨ੍ਹਾਂ ਮੁਤਾਬਕ ਖੇਤੀਬਾੜੀ ਨਾਲ ਸਬੰਧਤ ਤਿੰਨੋਂ ਬਿੱਲ ਸੰਸਦ 'ਚ ਬਹੁਮਤ ਨਾਲ ਪਾਸ ਕੀਤੇ ਗਏ ਹਨ ਅਤੇ ਕਿਸਾਨ ਜਥੇਬੰਦੀਆਂ ਪ੍ਰਦਰਸ਼ਨਾਂ ਰਾਹੀਂ ਵਿਰੋਧ ਪ੍ਰਗਟਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ ਕਈ ਦੌਰ ਦੀ ਗੱਲਬਾਤ ਹੋ ਚੁੱਕੀ ਹੈ ਅਤੇ ਸਰਕਾਰ ਵੱਲੋਂ ਕਾਨੂੰਨਾਂ 'ਚ ਸੋਧ ਦੀ ਤਜਵੀਜ਼ ਸਵੀਕਾਰ ਕੀਤੇ ਜਾਣ ਦੇ ਬਾਵਜੂਦ ਕਿਸਾਨ ਆਪਣੀਆਂ ਮੰਗਾਂ ਮਨਵਾਉਣ ਲਈ ਬਜ਼ਿਦ ਹਨ।

# ਮੇਘਾਲਿਆ ਦੇ ਰਾਜਪਾਲ ਨੇ ਮੁੜ ਘੇਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੇ ਰਾਹ ਪਏ ਕਿਸਾਨਾਂ ਦੀ ਹਮਾਇਤ ਵਿਚ ਨਿੱਤਰਦਿਆਂ ਮੇਘਾਲਿਆ ਦੇ ਰਾਜਪਾਲ ਸੱਤਿਆ ਪਾਲ ਮਲਿਕ ਨੇ ਕਿਹਾ ਕਿ ਸਰਕਾਰ ਵੱਲੋਂ 'ਅਹੁਦੇ ਤੋਂ ਲਾਂਭੇ ਕਰਨ ਦੇ ਬਾਵਜੂਦ ਉਹ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ ਰਹਿਣਗੇ।' ਮਲਿਕ ਨੇ ਦਾਅਵਾ ਕੀਤਾ ਕਿ ਦਿੱਲੀ ਦੀਆਂ ਸਰਹੱਦਾਂ 'ਤੇ ਪਿਛਲੇ ਚਾਰ ਮਹੀਨਿਆਂ ਤੋਂ ਚੱਲ ਰਹੇ ਅੰਦੋਲਨ ਕਰਕੇ ਯੂਪੀ, ਰਾਜਸਥਾਨ ਤੇ ਹਰਿਆਣਾ ਵਿਚ ਭਾਜਪਾ ਦੀ ਹਮਾਇਤ ਨੂੰ ਖੋਰਾ ਲੱਗੇਗਾ। ਇਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਰਾਜਪਾਲ ਮਲਿਕ ਨੇ ਕਿਹਾ, 'ਜਦੋਂ ਇਕ ਕੁੱਤੇ ਦੀ ਮੌਤ ਹੁੰਦੀ ਹੈ ਤਾਂ ਅਫਸੋਸ ਕੀਤਾ ਜਾਂਦਾ ਹੈ, ਪਰ ਕਿਸਾਨ ਅੰਦੋਲਨ ਦੌਰਾਨ ਹੁਣ ਤੱਕ 250 ਕਿਸਾਨਾਂ ਦੀ ਜਾਨ ਜਾਂਦੀ ਰਹੀ ਹੈ, ਪਰ ਅਜੇ ਤੱਕ ਕਿਸੇ ਨੇ ਹਮਦਰਦੀ ਦਾ ਇਕ ਬੋਲ ਨਹੀਂ ਬੋਲਿਆ।' ਉਨ੍ਹਾਂ ਕਿਹਾ, 'ਜੇ ਕਿਸਾਨਾਂ ਦਾ ਸੰਘਰਸ਼ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੱਛਮੀ ਯੂਪੀ, ਰਾਜਸਥਾਨ ਤੇ ਹਰਿਆਣਾ ਵਿਚ ਭਾਜਪਾ ਆਪਣਾ ਆਧਾਰ ਗੁਆ ਬੈਠੇਗੀ।' ਰਾਜਪਾਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕਿਸਾਨਾਂ ਦੇ ਪ੍ਰਦਰਸ਼ਨ ਬਾਰੇ ਗੱਲਬਾਤ



ਕੀਤੀ ਸੀ। ਉਨ੍ਹਾਂ ਕਿਹਾ, 'ਕਿਸਾਨਾਂ ਨੂੰ ਖਾਲੀ ਹੱਥ ਨਾ ਮੋੜਿਆ ਜਾਵੇ। ਸਰਕਾਰ ਨੂੰ ਜਲਦੀ ਹੀ ਉਨ੍ਹਾਂ ਨਾਲ ਗੱਲਬਾਤ ਦਾ ਰਾਹ ਖੋਲ੍ਹਣਾ ਚਾਹੀਦਾ ਹੈ।' ਆਪਣੇ ਵਿਵਾਦਿਤ ਬਿਆਨ ਬਾਰੇ ਕੋਈ ਫਿਕਰ ਹੋਣ ਬਾਰੇ ਪੁੱਛੇ ਜਾਣ 'ਤੇ ਮਲਿਕ ਨੇ ਕਿਹਾ, 'ਜੇ ਸਰਕਾਰ ਨੂੰ ਲੱਗਦਾ ਹੈ ਕਿ ਮੈਂ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਰਿਹਾਂ ਤਾਂ ਫਿਰ ਮੈਂ (ਅਹੁਦੇ ਤੋਂ) ਲਾਂਭੇ ਹੋ ਜਾਵਾਂਗਾ। ਪਰ ਇਸ ਦੇ ਬਾਵਜੂਦ ਵੀ ਮੈਂ ਬੋਲਾਂਗਾ।' ਰਾਜਪਾਲ ਨੇ ਕਿਹਾ, 'ਮੈਂ ਕਿਸਾਨਾਂ ਦੀ ਇਹ ਹਾਲਤ ਨਹੀਂ ਵੇਖ ਸਕਦਾ। ਲੋਕਾਂ ਵੱਲੋਂ ਵਿਧਾਇਕਾਂ ਦੀ ਕੁੱਟਮਾਰ ਕਰਕੇ ਭਾਜਪਾ ਆਗੂ ਆਪਣੇ ਪਿੰਡਾਂ 'ਚ ਤੜਨ ਲਈ ਮਜਬੂਰ ਹਨ। ਸਰਕਾਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਉਹ ਲੋਕ ਹਨ, ਜੋ ਨਹੀਂ ਚਾਹੁੰਦੇ ਕਿ ਇਸ ਮਸਲੇ ਦਾ ਕੋਈ ਹੱਲ ਨਿਕਲੇ। ਮੇਰੇ ਇਸ ਬਿਆਨ ਨਾਲ ਪਾਰਟੀ ਨੂੰ ਕੋਈ ਨੁਕਸਾਨ ਨਹੀਂ ਹੋਣਾ, ਬਲਕਿ ਕਿਸਾਨਾਂ ਨੂੰ ਲੱਗੇਗਾ ਕਿ ਕੋਈ ਤਾਂ ਹੈ ਜੋ ਉਨ੍ਹਾਂ ਲਈ ਬੋਲ ਰਿਹਾ ਹੈ।'

# ਐਫ. ਸੀ. ਆਈ. ਵਲੋਂ ਸਰਕਾਰੀ ਖਰੀਦ ਲਈ ਨੇਮ ਸਖਤ ਕਰਨ ਦੀ ਸਿਫਾਰਸ਼

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਲਗਾਤਾਰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਣੇ ਰਹਿਣ ਦੇ ਦਿੱਤੇ ਜਾ ਰਹੇ ਭਰੋਸੇ ਦਰਮਿਆਨ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਵੱਲੋਂ ਸਰਕਾਰੀ ਖਰੀਦ ਲਈ ਤੈਅ ਕੀਤੇ ਗਏ ਮਾਨਕਾਂ 'ਚ ਕੁਝ ਬਦਲਾਵਾਂ ਦੀ ਸਿਫਾਰਸ਼ ਕੀਤੀ ਗਈ ਹੈ, ਜਿਸ ਮੁਤਾਬਕ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਕਣਕ ਅਤੇ ਝੋਨੇ ਦੀ ਖਰੀਦ ਉਤੇ ਵੱਡੇ ਪੱਧਰ 'ਤੇ ਪ੍ਰਭਾਵ ਪੈਣ ਦੀ ਉਮੀਦ ਹੈ।

ਐਫ.ਸੀ.ਆਈ. ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਸੰਜੀਵ ਕੁਮਾਰ ਦੀ ਅਗਵਾਈ ਹੇਠ ਬਣੀ ਕਮੇਟੀ ਵਲੋਂ ਸੁਝਾਈਆਂ ਸਿਫਾਰਸ਼ਾਂ 'ਚ ਇਨ੍ਹਾਂ ਬਦਲਾਵਾਂ ਨੂੰ ਉਤਪਾਦਾਂ ਦੀ ਕੁਆਲਿਟੀ ਕਾਰਨ ਚੁੱਕੇ ਕਦਮਾਂ ਤੋਂ ਇਲਾਵਾ ਇਹ ਵੀ ਕਿਹਾ ਗਿਆ ਕਿ ਨਿੱਜੀ ਕੰਪਨੀਆਂ ਤੋਂ ਮਿਲੇ ਸੁਝਾਵਾਂ ਦੇ ਆਧਾਰ ਉਤੇ ਇਹ ਤਜਵੀਜ਼ਾਂ ਦਿੱਤੀਆਂ ਗਈਆਂ ਹਨ। ਕਣਕ, ਝੋਨੇ ਅਤੇ ਚੌਲਾਂ ਲਈ ਪਿਛਲੇ ਹਫਤੇ (11 ਮਾਰਚ) ਕੀਤੀਆਂ ਸਿਫਾਰਸ਼ਾਂ ਦੇ ਖਰੜੇ 'ਚ ਕੁਆਲਿਟੀ ਲਈ ਸਖਤ ਨੇਮ ਤੈਅ ਕੀਤੇ ਗਏ ਹਨ।



ਖਰੜੇ ਮੁਤਾਬਕ ਕਣਕ 'ਚ ਨਮੀ ਦੀ ਮੌਜੂਦਾ ਹੱਦ 14 ਫੀਸਦੀ ਤੋਂ ਘਟਾ ਕੇ 12 ਫੀਸਦੀ ਕੀਤੀ ਗਈ ਹੈ। ਨਮੀ ਦੀ ਹੱਦ ਨੂੰ ਘੱਟ ਕਰਨ ਲਈ ਦਿੱਤੀ ਦਲੀਲ 'ਚ ਕਿਹਾ ਗਿਆ ਹੈ ਕਿ ਕਣਕ ਦੀ ਵਾਢੀ ਤਿੱਖੀ ਗਰਮੀ ਦੇ ਮੌਸਮ ਵਿਚ ਕੀਤੀ ਜਾਂਦੀ ਹੈ। ਅਪਰੈਲ ਅਤੇ ਮਈ 'ਚ 12 ਫੀਸਦੀ ਤੱਕ ਦੀ ਨਮੀ ਹੱਦ 'ਚ ਖਰੀਦੀ ਗਈ ਕਣਕ ਦਾ ਜ਼ਿਆਦਾ ਦੇਰ ਤੱਕ ਭੰਡਾਰ ਕੀਤਾ ਜਾ ਸਕਦਾ ਹੈ ਅਤੇ ਇਹ ਵਿਗਿਆਨਕ ਢੰਗ ਨਾਲ ਕਣਕ ਦਾ ਭੰਡਾਰ ਕਰਨ ਦੇ ਨਿਯਮਾਂ ਮੁਤਾਬਕ ਵੀ ਸਹੀ ਤਰੀਕਾ ਹੈ। ਨਮੀ ਤੋਂ ਇਲਾਵਾ ਕਣਕ ਦੀ ਖਰੀਦ ਲਈ 7 ਹੋਰ ਮਾਨਕਾਂ 'ਚ ਵੀ ਬਦਲਾਅ ਕੀਤੇ ਗਏ ਹਨ, ਜਿਸ 'ਚ ਕੱਚੇ ਆੜ੍ਹਤੀਆਂ ਦੀ ਭੂਮਿਕਾ ਨੂੰ ਵੀ ਨਿਸ਼ਾਨੇ ਉਤੇ ਲਿਆ ਗਿਆ ਹੈ। ਖਰੜੇ ਮੁਤਾਬਕ ਖਰੀਦੀ ਗਈ ਕਣਕ 'ਚ ਛੋਟੇ ਰੋੜੇ, ਮਿੱਟੀ ਆਦਿ ਦੀ ਮਾਤਰਾ ਮੌਜੂਦਾ ਹੱਦ 0.75 ਫੀਸਦੀ ਤੋਂ ਘਟਾ ਕੇ 0.50 ਫੀਸਦੀ, ਹਲਕੀ ਖਰਾਬ ਦੀ ਹੱਦ 4 ਫੀਸਦੀ ਤੋਂ ਘਟਾ ਕੇ 2 ਫੀਸਦੀ ਕੀਤੀ ਗਈ ਹੈ। ਇਸ ਬਦਲਾਅ ਲਈ ਦਿੱਤੀ ਦਲੀਲ 'ਚ ਕਿਹਾ ਗਿਆ ਹੈ ਕਿ ਕਣਕ ਨੂੰ ਸਾਫ ਕਰਨ ਅਤੇ ਤੂੜੀ ਵੱਖ ਕਰਨ ਦੀ ਜ਼ਿੰਮੇਵਾਰੀ ਕੱਚੇ ਆੜ੍ਹਤੀਏ ਦੀ ਹੈ। ਇਸ 'ਚ ਵੀ ਸੁਝਾਈਆਂ ਹੋਰ ਸ਼ਰਤਾਂ 'ਚ ਘਾਹ-ਫੂਸ ਦੀ ਮਾਤਰਾ 0.4 ਫੀਸਦੀ ਤੋਂ ਘੱਟ ਹੋਣ ਦੀ ਵੀ ਗੱਲ ਕਹੀ ਗਈ ਹੈ। ਖਰੜੇ 'ਚ ਕਣਕ ਦੇ ਟੁੱਟੇ ਸਿੱਟਿਆਂ ਦੀ ਮਾਤਰਾ 6 ਫੀਸਦੀ ਤੋਂ ਘਟਾ ਕੇ 4 ਫੀਸਦੀ ਅਤੇ ਕੁਆਲਿਟੀ ਪੱਖੋਂ ਕੁਝ ਹੋਰ ਹੱਦਾਂ, ਜਿਨ੍ਹਾਂ 'ਚ ਪਹਿਲਾਂ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਜੁਰਮਾਨਾ ਲਾਇਆ ਜਾਂਦਾ ਸੀ, ਨੂੰ ਹੁਣ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ ਹੈ। ਇਨ੍ਹਾਂ ਬਦਲਾਵਾਂ ਲਈ ਦਿੱਤੀਆਂ ਦਲੀਲਾਂ 'ਚ ਇਸ ਨੂੰ ਦਰਾਮਦਾਂ ਜਾਂ ਮਨੁੱਖੀ ਆਧਾਰ ਉਤੇ ਬਾਹਰਲੇ ਮੁਲਕਾਂ 'ਚ ਭੇਜਣ ਲਈ ਅੰਤਰਰਾਸ਼ਟਰੀ ਮਾਨਕਾਂ ਦੀ ਬਰਾਬਰੀ ਕਰਨ ਲਈ ਚੁੱਕੇ ਜਾਣ ਵਾਲੇ ਕਦਮ ਕਰਾਰ ਦਿੱਤਾ ਗਿਆ, ਜਿਸ ਦਾ ਸੁਝਾਅ ਨਿੱਜੀ ਕੰਪਨੀਆਂ ਵਲੋਂ ਦਿੱਤਾ ਗਿਆ ਹੈ।

ਕਮੇਟੀ ਨੇ ਕੀਟਨਾਸ਼ਕਾਂ ਦੀ ਵਰਤੋਂ ਪ੍ਰਤੀ ਵੀ ਸਖਤੀ ਵਿਖਾਉਂਦਿਆਂ ਕਿਹਾ ਕਿ ਖਰੀਦ ਤੋਂ ਪਹਿਲਾਂ ਵਰਤੇ ਗਏ ਕੀਟਨਾਸ਼ਕਾਂ ਦੇ ਜ਼ਹਿਰੀਲੇਪਣ ਦੀ ਪਰਖ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਕੀਟਨਾਸ਼ਕਾਂ ਦੀ ਵਰਤੋਂ ਨੂੰ ਨੇਮਬਧ ਕੀਤਾ ਜਾ ਸਕੇ।

ਕਾਂਗਰਸੀ ਸੰਸਦ ਮੈਂਬਰ ਡਾ: ਅਮਰ ਸਿੰਘ ਨੇ ਐਫ.ਸੀ.ਆਈ. ਵਲੋਂ ਕੀਤੀਆਂ ਇਨ੍ਹਾਂ ਸਿਫਾਰਸ਼ਾਂ ਨੂੰ ਸਰਕਾਰ ਵਲੋਂ ਚੋਰ ਦਰਵਾਜੇ ਰਾਹੀਂ ਖੇਤੀ ਕਾਨੂੰਨ ਲਾਗੂ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ। ਐਫ. ਸੀ. ਆਈ. ਦੇ ਚੇਅਰਮੈਨ ਰਹਿ ਚੁੱਕੇ ਡਾ. ਸਿੰਘ ਨੇ ਇਨ੍ਹਾਂ ਸਿਫਾਰਸ਼ਾਂ ਉਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇਹ ਸਿਫਾਰਸ਼ਾਂ ਸਰਕਾਰ ਦੇ ਦੋਗਲੇ ਚਰਿੱਤਰ ਨੂੰ ਦਰਸਾਉਂਦੀਆਂ ਹਨ, ਜਿਥੇ ਦੇਸ ਦੇ ਕਿਸਾਨ ਪਿਛਲੇ 3 ਮਹੀਨਿਆਂ ਤੋਂ ਦਿੱਲੀ ਦੀਆਂ ਸਰਹੱਦਾਂ ਉਤੇ ਬੈਠੇ ਸਰਕਾਰ ਨੂੰ ਗੁਹਾਰ ਲਾ ਰਹੇ ਹਨ ਤੇ ਸੁਪਰੀਮ ਕੋਰਟ ਵਲੋਂ ਵੀ ਇਨ੍ਹਾਂ ਕਾਨੂੰਨਾਂ 'ਤੇ ਅਗਲੇ ਹੁਕਮਾਂ ਤੱਕ ਰੋਕ ਲਾਉਣ ਦੇ ਆਦੇਸ਼ ਦਿੱਤੇ ਗਏ ਹਨ। ਉਸ ਸਮੇਂ 'ਚ ਅਜਿਹੀਆਂ ਸਿਫਾਰਸ਼ਾਂ ਜੋ ਕਿ ਸ਼ਾਂਤਾ ਕੁਮਾਰ ਕਮੇਟੀ ਅਤੇ ਵਿਸ਼ਵ ਵਪਾਰ ਸੰਸਥਾ ਦੇ ਸੁਝਾਵਾਂ ਉਤੇ ਪੂਰੀ ਤਰ੍ਹਾਂ ਸਹੀ ਢੁਕਦੀਆਂ ਹਨ, ਕਿਸਾਨਾਂ ਲਈ ਮਾਰੂ ਦਸਤਾਵੇਜ਼ ਤੋਂ ਘੱਟ ਨਹੀਂ ਹਨ। ਫਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾ. ਸਿੰਘ ਨੇ ਸੰਸਦ 'ਚ ਵੀ ਇਹ ਮੁੱਦਾ ਉਠਾਉਂਦਿਆਂ ਸਰਕਾਰ ਨੂੰ ਅਪੀਲ ਵੀ ਕੀਤੀ ਕਿ ਇਨ੍ਹਾਂ ਕਿਸਾਨ ਮਾਰੂ ਸਿਫਾਰਸ਼ਾਂ ਨੂੰ ਨੋਟੀਫਾਈ ਨਾ ਹੋਣ ਦਿੱਤਾ ਜਾਵੇ।

## ਮੁਲਕ ਵਿਚ ਨਫਰਤ ਲਈ ਕੋਈ ਥਾਂ ਨਹੀਂ: ਬਾਇਡਨ

**ਐਟਲਾਂਟਾ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਐਟਲਾਂਟਾ ਪਹੁੰਚ ਕੇ ਕੁਝ ਦਿਨ ਪਹਿਲਾਂ ਇਕ ਗੋਰੇ ਵੱਲੋਂ ਮਸਾਜ ਪਾਰਲਰਾਂ 'ਤੇ ਗੋਲੀਬਾਰੀ 'ਚ ਮਾਰੇ ਗਏ ਏਸ਼ਿਆਈ ਅਮਰੀਕੀ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਜਤਾਈ। ਉਨ੍ਹਾਂ ਨੇ ਨਸਲਵਾਦ ਦੀ ਨਿਖੇਧੀ ਵੀ ਕੀਤੀ।

ਦੋਵਾਂ ਨੇਤਾਵਾਂ ਨੇ ਏਸ਼ਿਆਈ ਅਮਰੀਕੀ ਨੇਤਾਵਾਂ ਨਾਲ ਲਗਭਗ 80 ਮਿੰਟ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਬਾਇਡਨ ਨੇ ਦੇਸ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਏਸ਼ਿਆਈ ਅਮਰੀਕੀਆਂ ਅਤੇ ਪ੍ਰਸ਼ਾਂਤ ਦੀਪਾਂ ਦੇ ਮੂਲ ਵਾਸੀਆਂ ਦੇ ਡਰ ਦੀਆਂ ਕਹਾਣੀਆਂ 'ਦਿਲ ਦਹਿਲਾਉਣ' ਵਾਲੀਆਂ ਹਨ ਅਤੇ ਇਨ੍ਹਾਂ ਲੋਕਾਂ ਖਿਲਾਫ ਹਿੰਸਾ ਤੇਜ਼ੀ ਨਾਲ ਵਧੀ ਹੈ ਪਰ ਅਮਰੀਕਾ 'ਚ ਨਫਰਤ ਲਈ ਕੋਈ ਥਾਂ ਨਹੀਂ ਹੈ ਅਤੇ ਸਾਨੂੰ ਆਪਣੇ ਵਿਚਾਰ ਬਦਲਣੇ ਪੈਣਗੇ। ਉਨ੍ਹਾਂ ਕੱਟੜਤਾ ਖਿਲਾਫ ਆਵਾਜ਼ ਬੁਲੰਦ ਕਰਨ ਦੀ ਅਪੀਲ ਕਰਦਿਆਂ ਕਿਹਾ, 'ਸਾਡੀ ਚੁੱਪ ਜੁਰਮ 'ਚ ਵਿਚ ਹਿੱਸੇਦਾਰੀ ਨੂੰ ਦਰਸਾਉਂਦੀ ਹੈ ਅਤੇ ਅਸੀਂ ਜੁਰਮ ਦੇ ਸਹਿਯੋਗੀ ਨਹੀਂ ਹੋ ਸਕਦੇ।' ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਕਿ ਹਮਲਾਵਰ ਦਾ ਮਕਸਦ ਜਾਂਚ ਦੇ ਘੇਰੇ ਵਿਚ ਹੈ, ਪਰ ਇਹ ਸਾਫ ਹੈ ਕਿ ਮਾਰੇ ਗਏ 8 ਲੋਕ ਏਸ਼ਿਆਈ ਮੂਲ ਦੇ ਸਨ ਅਤੇ ਉਨ੍ਹਾਂ ਵਿਚ 7 ਔਰਤਾਂ ਸਨ। ਅਮਰੀਕਾ 'ਚ ਨਸਲਵਾਦ, ਹੋਰ ਮੁਲਕਾਂ ਦੇ ਲੋਕਾਂ ਦੇ ਨਾਲ ਨਫਰਤ ਅਤੇ ਲਿੰਗ ਭੇਦ-ਭਾਵ ਹਮੇਸ਼ਾ ਰਿਹਾ ਹੈ। ਅਸੀਂ ਚੁੱਪ ਨਹੀਂ ਰਹਾਂਗੇ। ਜਿਥੇ ਵੀ ਹਿੰਸਾ, ਨਫਰਤੀ ਅਪਰਾਧ ਅਤੇ ਭੇਦਭਾਵ ਹੋਵੇਗਾ, ਅਸੀਂ ਉਸ ਖਿਲਾਫ ਆਵਾਜ਼ ਉਠਾਵਾਂਗੇ।

# ਅਮਰੀਕਾ 'ਚ ਪਰਵਾਸੀਆਂ ਨੂੰ ਨਾਗਰਿਕਤਾ ਦਾ ਰਾਹ ਪੱਧਰਾ



**ਵਾਸ਼ਿੰਗਟਨ:** ਅਮਰੀਕੀ ਪ੍ਰਤੀਨਿਧੀ ਸਭਾ (ਹੇਠਲੇ ਸਦਨ) ਨੇ ਨਾਗਰਿਕਤਾ ਤੇ ਆਵਾਸ ਨਾਲ ਜੁੜੇ ਦੋ ਮਹੱਤਵਪੂਰਨ ਬਿੱਲ ਪਾਸ ਕਰ ਦਿੱਤੇ ਹਨ। ਇਸ ਨਾਲ ਕੁਝ ਪਰਵਾਸੀ ਖੇਤੀ ਵਰਕਰਾਂ ਤੇ ਉਨ੍ਹਾਂ ਬੱਚਿਆਂ ਨੂੰ ਨਾਗਰਿਕਤਾ ਮਿਲਣ ਦੀ ਆਸ ਬੱਝ ਗਈ ਹੈ ਜਿਨ੍ਹਾਂ ਦੇ ਮਾਪੇ ਕਾਨੂੰਨੀ ਢੰਗ ਨਾਲ ਅਮਰੀਕਾ ਆਏ ਸਨ।

ਇਨ੍ਹਾਂ ਵਿਚ ਐਚ-1ਬੀ ਵੀਜ਼ਾ ਪ੍ਰੋਗਰਾਮ ਵਾਲੇ ਵੀ ਹੋ ਸਕਦੇ ਹਨ। 'ਅਮੈਰੀਕਨ ਡਰੀਮ ਐਂਡ ਪ੍ਰੌਮਿਸ ਐਕਟ 2021' ਨੂੰ ਸਦਨ ਨੇ 197 ਦੇ ਮੁਕਾਬਲੇ 228 ਵੋਟਾਂ ਨਾਲ ਪਾਸ ਕੀਤਾ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਮੁਲਕ ਦੇ ਆਵਾਸ ਢਾਂਚੇ ਵਿਚ ਸੁਧਾਰ ਲਿਆਉਣ ਵੱਲ ਪਹਿਲਾ ਕਦਮ ਹੈ। ਬਾਇਡਨ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਰਾਹਤ ਮਿਲੇਗੀ ਜੋ ਆਰਜ਼ੀ ਵੀਜ਼ਾ ਉਤੇ ਹਨ। ਉਨ੍ਹਾਂ ਨੌਜਵਾਨ ਬੱਚਿਆਂ ਨੂੰ ਵੀ ਰਾਹਤ ਮਿਲੇਗੀ ਜੋ ਕਿ ਬਚਪਨ ਵਿਚ ਇੱਥੇ ਆਏ ਸਨ ਤੇ ਅਮਰੀਕਾ ਨੂੰ ਹੀ ਆਪਣਾ ਮੁਲਕ ਮੰਨਦੇ ਹਨ।

ਬਚਪਨ 'ਚ ਮਾਪਿਆਂ ਨਾਲ ਅਮਰੀਕਾ ਆਏ ਤੇ ਹੁਣ ਜਵਾਨ ਹੋ ਚੁੱਕੇ ਅਜਿਹੇ ਇਕ ਕਰੋੜ ਦਸ ਲੱਖ ਆਵਾਸੀ ਹਨ ਜਿਨ੍ਹਾਂ ਕੋਲ ਫਿਲਹਾਲ ਆਵਾਸ ਦਸਤਾਵੇਜ਼ ਨਹੀਂ ਹਨ। ਇਨ੍ਹਾਂ ਵਿਚੋਂ ਪੰਜ ਲੱਖ ਭਾਰਤੀ ਹਨ। ਇਸੇ ਦੌਰਾਨ ਪੰਜ ਤਾਕਤਵਰ ਡੈਮੋਕਰੈਟਿਕ ਸੰਸਦ ਮੈਂਬਰਾਂ (ਸੈਨੇਟਰਾਂ) ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਬੇਨਤੀ ਕੀਤੀ ਹੈ ਕਿ ਉਹ ਐਚ-1ਬੀ ਸਣੇ ਕੁਝ ਗੈਰ-ਆਵਾਸੀ ਵੀਜ਼ਿਆਂ ਉਤੇ ਲੱਗੀ ਰੋਕ ਨੂੰ ਰੱਦ ਕਰ ਦੇਣ। ਇਹ ਰੋਕਾਂ ਟਰੰਪ ਕਾਰਜਕਾਲ ਦੌਰਾਨ ਲਾਈਆਂ ਗਈਆਂ ਸਨ। ਜ਼ਿਕਰਯੋਗ ਹੈ ਕਿ ਐਚ-1ਬੀ ਵੀਜ਼ਾ ਭਾਰਤੀ ਸੂਚਨਾ ਤਕਨੀਕ ਮਾਹਿਰਾਂ (ਆਈ.ਟੀ. ਪੇਸ਼ੇਵਰਾਂ) 'ਚ ਕਾਫੀ ਹਰਮਨ-ਪਿਆਰਾ ਹੈ। ਸੈਨੇਟਰਾਂ ਨੇ ਕਿਹਾ ਹੈ ਕਿ ਰੋਕਾਂ ਜਾਰੀ ਰਹਿਣ ਨਾਲ ਅਮਰੀਕੀ ਰੁਜ਼ਗਾਰਦਾਤਾ, ਉਨ੍ਹਾਂ ਦੇ ਵਿਦੇਸ਼ੀ ਕਾਮਿਆਂ ਤੇ ਅਗਾਂਹ ਉਨ੍ਹਾਂ ਦੇ ਪਰਿਵਾਰਾਂ 'ਚ ਬੇਯਕੀਨੀ ਦਾ ਮਾਹੌਲ ਬਣ ਰਿਹਾ ਹੈ।

## ਅਮਰੀਕਾ ਵਿਚ ਸਭ ਤੋਂ ਵੱਧ ਭਾਰਤੀ ਅਤੇ ਚੀਨੀ ਪਾੜ੍ਹੇ

**ਵਾਸ਼ਿੰਗਟਨ:** ਸਾਲ 2020 ਵਿਚ ਪੜ੍ਹਨ ਲਈ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਵਿਚੋਂ 47 ਪ੍ਰਤੀਸ਼ਤ ਸਿਰਫ ਭਾਰਤ ਅਤੇ ਚੀਨ ਦੇ ਸਨ। ਇਹ ਜਾਣਕਾਰੀ ਹਾਲ ਹੀ ਦੇ ਸਰਕਾਰੀ ਅੰਕੜਿਆਂ ਵਿਚ ਦਿੱਤੀ ਗਈ ਹੈ। ਇਸੇ ਚੀਨ ਤੋਂ 382,561, ਭਾਰਤ ਤੋਂ 207,460, ਦੱਖਣੀ ਕੋਰੀਆ ਤੋਂ 68,217, ਸਾਊਦੀ ਅਰਬ ਤੋਂ 38,039, ਕੈਨੇਡਾ ਤੋਂ 35,508 ਅਤੇ ਬ੍ਰਾਜ਼ੀਲ ਤੋਂ 34,892 ਵਿਦਿਆਰਥੀ ਸਨ। ਸਾਲ 2019 ਵਿਚ ਦੋਵਾਂ ਮੁਲਕਾਂ ਦੇ ਵਿਦਿਆਰਥੀਆਂ ਦੀ ਗਿਣਤੀ 48 ਪ੍ਰਤੀਸ਼ਤ ਸੀ।

## ਬ੍ਰਿਟਿਸ਼ 'ਵਰਸਿਟੀਆਂ 'ਚ ਭਾਰਤੀਆਂ ਦੀ ਗਿਣਤੀ ਵਧੀ

**ਲੰਡਨ:** ਬਰਤਾਨੀਆ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਨ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਰਾਜਧਾਨੀ ਲੰਡਨ ਦੇ ਵਿਦਿਅਕ ਅਦਾਰੇ ਹਨ। 2018-19 ਵਿਚ ਇਹ ਤੀਜੇ ਨੰਬਰ ਉਤੇ ਸੀ, ਪਰ 2019-20 ਦੌਰਾਨ ਲੰਡਨ ਕੌਮਾਂਤਰੀ ਵਿਦਿਆਰਥੀ ਬਾਜ਼ਾਰ ਵਿਚ ਦੂਜੇ ਨੰਬਰ ਉਤੇ ਪਹੁੰਚ ਗਿਆ ਹੈ। ਉਚ ਵਿਦਿਆ ਬਾਰੇ ਅੰਕੜੇ ਇਕੱਤਰ ਕਰਨ ਵਾਲੀ ਏਜੰਸੀ ਮੁਤਾਬਕ 13,435 ਭਾਰਤੀ ਵਿਦਿਆਰਥੀ ਇਸ ਵੇਲੇ ਲੰਡਨ ਦੀਆਂ 'ਵਰਸਿਟੀਆਂ ਵਿਚ ਪੜ੍ਹ ਰਹੇ ਹਨ। ਇਹ ਪਿਛਲੇ ਸਾਲ ਨਾਲੋਂ 87 ਪ੍ਰਤੀਸ਼ਤ ਵੱਧ ਹੈ। ਉਸ ਵੇਲੇ 7185 ਵਿਦਿਆਰਥੀ ਸਨ।

# ਭਾਰਤ-ਅਮਰੀਕਾ ਵੱਲੋਂ ਰੱਖਿਆ ਸਹਿਯੋਗ ਵਧਾਉਣ ਦਾ ਅਹਿਦ

**ਨਵੀਂ ਦਿੱਲੀ:** ਭਾਰਤ ਅਤੇ ਅਮਰੀਕਾ ਨੇ ਆਪਣੀਆਂ ਫੌਜਾਂ ਵਿਚਾਲੇ ਆਪਸੀ ਸਾਂਝ, ਸੂਚਨਾ ਸਾਂਝੀ ਕਰਨ ਤੇ ਸਾਜੋ-ਸਾਮਾਨ ਸਬੰਧੀ ਸਹਿਯੋਗ ਸਮੇਤ ਆਲਮੀ ਰੱਖਿਆ ਸਹਿਯੋਗ ਨੂੰ ਅੱਗੇ ਵਧਾਉਣ ਤੇ ਇਲਾਕੇ ਵਿੱਚ ਚੀਨ ਦੀ ਵਧਦੀ ਦਖਲਅੰਦਾਜ਼ੀ ਦੇ ਮੱਦੇਨਜ਼ਰ ਇਕ ਸੁਤੰਤਰ, ਖੁੱਲ੍ਹੇ ਅਤੇ ਵਿਸ਼ੇਸ਼ ਹਿੰਦ-ਪ੍ਰਸ਼ਾਂਤ ਖਿੱਤੇ ਲਈ ਕੰਮ ਕਰਨ ਦਾ ਸੰਕਲਪ ਲਿਆ।

ਅਮਰੀਕਾ ਦੇ ਰੱਖਿਆ ਮੰਤਰੀ ਲੋਇਡ ਜੇ. ਆਸਟਿਨ ਨਾਲ ਗੱਲਬਾਤ ਮਗਰੋਂ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਦੋਵਾਂ ਮੁਲਕਾਂ ਵੱਲੋਂ ਭਾਰਤੀ ਫੌਜ ਅਤੇ ਅਮਰੀਕੀ ਹਿੰਦ-ਪ੍ਰਸ਼ਾਂਤ ਕਮਾਨ, ਸੈਂਟਰਲ ਕਮਾਨ ਅਤੇ ਅਫਰੀਕੀ ਕਮਾਨ ਵਿਚਾਲੇ ਸਹਿਯੋਗ ਵਧਾਉਣ ਲਈ ਸਹਿਮਤੀ ਪ੍ਰਗਟਾਈ ਗਈ ਹੈ। ਮੀਡੀਆ ਨੂੰ ਬਿਆਨ ਦਿੰਦਿਆਂ ਭਾਰਤ ਦੇ ਰੱਖਿਆ ਮੰਤਰੀ ਸ੍ਰੀ ਸਿੰਘ ਨੇ ਕਿਹਾ,'ਮੈਨੂੰ ਇਹ ਦੱਸਣ ਲੱਗਿਆਂ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਮੇਰੀ ਅਮਰੀਕਾ ਦੇ ਰੱਖਿਆ ਮੰਤਰੀ ਸ੍ਰੀ ਆਸਟਿਨ ਅਤੇ ਉਨ੍ਹਾਂ ਦੇ ਵਫਦ ਨਾਲ ਵਿਸਤ੍ਰਿਤ ਅਤੇ ਸਕਾਰਾਤਮਕ ਚਰਚਾ ਹੋਈ ਹੈ। ਅਸੀਂ ਭਾਰਤ-ਅਮਰੀਕਾ ਦੀ ਆਲਮੀ ਰਣਨੀਤਕ ਸਾਂਝੇਦਾਰੀ ਲਈ ਇਕੱਠਿਆਂ ਕੰਮ ਕਰਨ ਲਈ ਆਸਵੰਦ ਹਾਂ।'

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਦੋਵਾਂ ਆਗੂਆਂ ਨੇ ਭਾਰਤੀ ਫੌਜ ਅਤੇ ਅਮਰੀਕਾ ਦੀ ਹਿੰਦ-ਪ੍ਰਸ਼ਾਂਤ ਕਮਾਂਡ, ਮੱਧ ਕਮਾਂਡ ਅਤੇ ਅਫਰੀਕਾ ਕਮਾਂਡ ਵਿਚਾਲੇ ਸਹਿਯੋਗ ਵਧਾਉਣ 'ਤੇ ਸਹਿਮਤੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਦੋਵੇਂ ਪੱਖ ਆਲਮੀ ਰਣਨੀਤਕ ਸਾਂਝੇਦਾਰੀ ਦਾ ਪੂਰਾ ਲਾਭ ਲੈਣ ਲਈ ਮਿਲ ਕੇ ਕੰਮ ਕਰਨ ਦੇ ਇੱਛੁਕ ਹਨ। ਮੰਨਿਆ ਜਾ ਰਿਹਾ ਹੈ ਕਿ ਇਸ ਗੱਲਬਾਤ ਦੌਰਾਨ ਪੂਰਬੀ ਲੱਦਾਖ ਵਿੱਚ ਚੀਨ ਦੇ ਆਕਰਮਕ ਰਵੱਈਏ ਬਾਰੇ ਵੀ ਚਰਚਾ ਹੋਈ।

ਰੱਖਿਆ ਸਹਿਯੋਗ 'ਚ ਭਾਰਤ-ਅਮਰੀਕਾ ਦੇ ਬੁਨਿਆਦੀ ਸਮਝੌਤਿਆਂ ਵੱਲ ਇਸ਼ਾਰਾ ਕਰਦਿਆਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਦੋਵੇਂ ਮੁਲਕਾਂ ਨੇ ਸਾਜੋ-ਸਾਮਾਨ ਦੇ ਆਦਾਨ-ਪ੍ਰਦਾਨ ਸਬੰਧੀ ਸਮਝੌਤੇ (ਐਲ.ਈ.ਐਮ.ਓ.ਏ.), ਸੰਚਾਰ ਅਤੇ ਸੁਰੱਖਿਆ ਅਨੁਰੂਪ ਸਮਝੌਤੇ (ਸੀ.ਓ.ਐਮ.ਸੀ.ਏ.ਐਸ.ਏ.) ਅਤੇ ਮੁਢਲੇ ਆਦਾਨ-ਪ੍ਰਦਾਨ ਅਤੇ ਸਹਿਯੋਗ ਸਮਝੌਤੇ (ਬੀ.ਈ.ਸੀ.ਏ.) ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵੀ ਚਰਚਾ ਕੀਤੀ। ਸ੍ਰੀ ਸਿੰਘ ਨੇ ਕਿਹਾ ਕਿ ਹਾਲ ਹੀ 'ਚ ਭਾਰਤ, ਅਮਰੀਕਾ, ਜਪਾਨ ਅਤੇ ਆਸਟਰੇਲੀਆ ਦੇ ਆਗੂਆਂ ਦੇ ਹੋਏ ਸੰਮੇਲਨ ਵਿਚ ਇਕ ਸੁਤੰਤਰ ਅਤੇ ਵਿਸ਼ੇਸ਼ ਭਾਰਤ-ਪ੍ਰਸ਼ਾਂਤ ਖਿੱਤੇ ਦੀ ਕਾਇਮੀ ਲਈ ਅਹਿਦ ਲਿਆ ਗਿਆ ਸੀ। ਇਸ ਦੌਰਾਨ ਸ੍ਰੀ ਆਸਟਿਨ ਨੇ ਅਮਰੀਕਾ ਦੇ ਸਾਰੇ ਭਾਈਵਾਲਾਂ ਤੇ ਹਿੱਸੇਦਾਰਾਂ ਨੂੰ ਰੂਸੀ ਹਥਿਆਰ ਖਰੀਦਣ ਤੋਂ ਗੁਰੇਜ਼ ਕਰਨ ਲਈ ਕਿਹਾ। ਉਨ੍ਹਾਂ ਇਥੇ ਕੇਂਦਰੀ ਮੰਤਰੀਆਂ ਨਾਲ ਭਾਰਤ ਵਿਚ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦੇ ਮਸਲੇ ਬਾਰੇ ਵੀ ਚਰਚਾ ਕੀਤੀ।

## ਅਮਰੀਕਾ ਨੇ ਭਾਰਤ ਕੋਲ ਮਨੁੱਖੀ ਹੱਕਾਂ ਦਾ ਮੁੱਦਾ ਚੁੱਕਿਆ

**ਨਵੀਂ ਦਿੱਲੀ:** ਅਮਰੀਕਾ ਨੇ ਭਾਰਤੀ ਵਿਦੇਸ਼ੀ ਮੰਤਰੀ ਐੱਸ. ਜੈਸ਼ੰਕਰ ਅਤੇ ਅਮਰੀਕੀ ਰੱਖਿਆ ਮੰਤਰੀ ਲੋਇਡ ਜੇ. ਆਸਟਿਨ ਦਰਮਿਆਨ ਮੀਟਿੰਗ ਦੌਰਾਨ ਭਾਰਤ ਵਿਚ ਮਨੁੱਖੀ ਅਧਿਕਾਰਾਂ 'ਤੇ ਫਿਕਰਮੰਦੀ ਜ਼ਾਹਿਰ ਕੀਤੀ ਹੈ। ਸੂਤਰਾਂ ਨੇ ਦੱਸਿਆ ਕਿ ਦੋਵਾਂ ਮੰਤਰੀਆਂ ਦਰਮਿਆਨ ਇਕ ਘੰਟਾ ਚੱਲੀ ਗੱਲਬਾਤ ਮਨੁੱਖੀ ਅਧਿਕਾਰਾਂ 'ਤੇ ਕੇਂਦਰਤ ਰਹੀ। ਆਸਟਿਨ ਨੇ ਜੈਸ਼ੰਕਰ ਨੂੰ ਕਿਹਾ ਕਿ ਵਿਸ਼ਵ ਦੀਆਂ ਦੋ ਸਭ ਤੋਂ ਵੱਡੀਆਂ ਜਮਹੂਰੀਅਤਾਂ ਹੋਣ ਕਾਰਨ ਅਮਰੀਕਾ ਲਈ ਮਨੁੱਖੀ ਅਧਿਕਾਰ ਅਤੇ ਮਨੁੱਖੀ ਕਦਰਾਂ-ਕੀਮਤਾਂ ਅਹਿਮ ਹਨ ਅਤੇ ਉਹ ਇਨ੍ਹਾਂ ਕਦਰਾਂ-ਕੀਮਤਾਂ ਦੇ ਅਗਵਾ ਰਹਿਣਗੇ। ਜੈਸ਼ੰਕਰ ਨੇ ਸਹਿਮਤੀ ਪ੍ਰਗਟਾਉਂਦਿਆਂ ਜ਼ੋਰ ਦਿੱਤਾ ਕਿ ਦੋਵਾਂ ਜਮਹੂਰੀਅਤਾਂ ਦਰਮਿਆਨ ਮਜ਼ਬੂਤ ਰਿਸ਼ਤੇ ਵਿਸ਼ਵ ਦੇ ਬਾਕੀ ਦੇਸ਼ਾਂ ਲਈ ਵੀ ਅਹਿਮ ਹਨ।

# 30 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ 'ਚੋਂ 22 ਭਾਰਤ ਦੇ

**ਚੰਡੀਗੜ੍ਹ:** ਕੌਮਾਂਤਰੀ ਹਵਾ ਗੁਣਵੱਤਾ ਦੀ ਤਾਜ਼ਾ ਛਪੀ ਸਾਲ 2020 ਦੀ ਰਿਪੋਰਟ ਬੇਹੱਦ ਡਰਾਉਣੀ ਹੈ। ਇਸ ਰਿਪੋਰਟ ਅਨੁਸਾਰ ਦੁਨੀਆਂ ਦੇ ਸਭ ਤੋਂ ਵੱਧ 30 ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 22 ਸ਼ਹਿਰ ਭਾਰਤ ਵਿਚ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਦਾ ਨਾਂ ਇਨ੍ਹਾਂ ਸ਼ਹਿਰਾਂ ਦੇ ਮੋਹਰੀਆਂ ਵਿਚ ਆਉਂਦਾ ਹੈ। ਗਾਜ਼ੀਆਬਾਦ, ਨੋਇਡਾ, ਕਾਨਪੁਰ ਤੋਂ ਇਲਾਵਾ ਰੋਹਤਕ, ਲੁਧਿਆਣਾ, ਅੰਮ੍ਰਿਤਸਰ ਆਦਿ ਸ਼ਹਿਰ ਵੀ ਇਸ ਸੂਚੀ ਵਿਚ ਹਨ। ਇਕੱਲੇ ਦਿੱਲੀ ਵਿਚ ਇਕ ਸਾਲ ਵਿਚ 54 ਹਜ਼ਾਰ ਮੌਤਾਂ ਹਵਾ ਦੇ ਪ੍ਰਦੂਸ਼ਣ ਕਰਕੇ ਹੋਈਆਂ ਹਨ। ਚੀਨ ਦਾ ਇਕ ਵੱਡਾ ਸ਼ਹਿਰ ਸ਼ਿਨ ਜਿਆਂਗ ਸਭ ਤੋਂ ਪਹਿਲੇ ਨੰਬਰ ਉਤੇ ਹੈ ਅਤੇ ਉਸ ਤੋਂ ਬਾਅਦ ਭਾਰਤ ਦੇ 9 ਵੱਡੇ ਸ਼ਹਿਰ ਇਸ ਕਤਾਰ ਵਿਚ ਖੜ੍ਹੇ ਹਨ।

ਸਾਲ 2019 ਦੀ ਇਕ ਅਹਿਮ ਰਿਪੋਰਟ ਅਨੁਸਾਰ ਹਵਾ ਦੇ ਪ੍ਰਦੂਸ਼ਣ ਨਾਲ ਦੇਸ਼ ਵਿਚ 17 ਲੱਖ ਮੌਤਾਂ ਹੋਈਆਂ ਅਤੇ ਇਸ ਨਾਲ ਸਬੰਧਤ ਆਰਥਿਕ ਤੌਰ ਉਤੇ 2.8 ਲੱਖ ਕਰੋੜ ਦਾ ਨੁਕਸਾਨ ਹੋਇਆ। ਇਕ ਸਾਲ ਵਿਚ ਵੱਖ-ਵੱਖ ਕਾਰਨਾਂ ਕਰਕੇ ਸਮੁੱਚੀਆਂ ਮੌਤਾਂ 'ਚੋਂ 18 ਫੀਸਦੀ ਮੌਤਾਂ ਹਵਾ ਦੇ ਪ੍ਰਦੂਸ਼ਣ ਨਾਲ ਹੋਈਆਂ। ਪਿਛਲੇ ਸਾਲ ਹੋਏ ਕੌਮਾਂਤਰੀ ਜਲਵਾਯੂ ਸਿਖਰ ਸੰਮੇਲਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਸਥਾਰ ਵਿਚ ਇਹ ਦੱਸਿਆ ਸੀ ਕਿ ਦੇਸ਼ ਵਿਚ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਕਿੰਨੇ ਵੱਡੇ ਯਤਨ ਕੀਤੇ ਜਾ ਰਹੇ ਹਨ ਕਿਉਂਕਿ ਹਵਾ ਦੇ ਪ੍ਰਦੂਸ਼ਣ ਦੇ ਨਾਲ-ਨਾਲ ਦਰਿਆਵਾਂ ਦਾ ਅਤਿ ਜ਼ਹਿਰੀਲਾ ਹੋ ਰਿਹਾ ਪਾਣੀ ਇਸ ਵਿਚ ਸ਼ਾਮਲ ਹੈ। ਪੰਜਾਬ ਵਿਚੋਂ ਲੰਘਦਾ ਸਤਲੁਜ ਦਰਿਆ ਅਤਿ ਜ਼ਹਿਰੀਲਾ ਹੋ ਚੁੱਕਾ ਹੈ। ਇਕ ਸਰਵੇਖਣ ਅਨੁਸਾਰ ਸੂਬੇ ਵਿਚ ਢਾਈ ਹਜ਼ਾਰ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਇਸ ਦਰਿਆ ਵਿਚ ਜਾਂਦਾ ਹੈ।

ਇਸ ਦੇ ਨਾਲ ਹੀ ਵੱਡੇ-ਛੋਟੇ ਸ਼ਹਿਰਾਂ ਦਾ ਸੀਵਰੇਜ ਅਤੇ ਹੋਰ ਮਲੀਨ ਪਾਣੀ ਵੀ ਇਸ ਵਿਚ ਸ਼ਾਮਲ ਹੋ ਜਾਂਦਾ ਹੈ। ਪੰਜਾਬ ਵਿਚ ਸਟੀਲ ਦੀ ਸਨਅਤ ਨਾਲ ਸਬੰਧਤ ਮੰਡੀ ਗੋਬਿੰਦਗੜ੍ਹ ਦੀਆਂ ਬਹੁਤ ਸਾਰੀਆਂ ਫੈਕਟਰੀਆਂ ਨੂੰ ਇਸ ਲਈ ਬੰਦ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਉਤੇ ਲੱਖਾਂ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਸੀ ਕਿਉਂਕਿ ਉਨ੍ਹਾਂ ਵਿਚੋਂ ਨਿਕਲਦੇ ਜ਼ਹਿਰੀਲੇ ਧੂੰਏਂ ਨੂੰ ਠੀਕ ਕਰਨ ਲਈ ਲੋੜੀਂਦੇ ਯੰਤਰ ਨਹੀਂ ਲਗਾਏ ਗਏ। ਇਹ ਗੱਲ ਸਿਰਫ ਇਕ ਸ਼ਹਿਰ ਦੀ ਨਹੀਂ ਹੈ ਸਗੋਂ ਹਰ ਸ਼ਹਿਰ ਵਿਚ ਅਜਿਹਾ ਵਰਤਾਰਾ ਦੇਖਿਆ ਜਾਂਦਾ ਹੈ। ਖੇਤੀ ਤੋਂ ਲੈ ਕੇ ਸਨਅਤ ਤੱਕ, ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਹਰ ਪਾਸੇ ਪ੍ਰਦੂਸ਼ਣ ਦਾ ਪਸਾਰਾ ਪਸਰਿਆ ਨਜ਼ਰ ਆਉਂਦਾ ਹੈ। ਇਸ ਵਿਚ ਲਗਾਤਾਰ ਵਧ ਰਹੇ ਵਾਹਨਾਂ ਦਾ ਪ੍ਰਦੂਸ਼ਣ ਵੀ ਸ਼ਾਮਲ ਹੈ। ਪਿਛਲੇ ਸਮੇਂ ਤੋਂ ਪ੍ਰਧਾਨ ਮੰਤਰੀ ਸਮੇਤ ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲਿਆਂ ਨੇ ਇਸ ਦਿਸ਼ਾ ਵਿਚ ਕਦਮ ਪੁੱਟਣੇ ਜ਼ਰੂਰ ਸ਼ੁਰੂ ਕੀਤੇ ਹਨ ਪਰ ਸਾਹਮਣੇ ਹਾਲੇ ਪੈਂਡਾ ਲੰਮਾ ਦਿਖਾਈ ਦੇ ਰਿਹਾ ਹੈ। ਆਕਾਸ਼ ਵਿਚ ਓਜ਼ੋਨ ਦੀ ਪਰਤ ਦੇ ਹੋ ਰਹੇ ਨੁਕਸਾਨ ਦੇ ਨਾਲ-ਨਾਲ ਧਰਤੀ ਉਤੇ ਵਧ ਰਹੀ ਤਪਸ਼ ਨਾਲ ਮੌਸਮ ਵਿਚ ਹੋਈਆਂ ਵੱਡੀਆਂ ਤਬਦੀਲੀਆਂ ਨਾਲ ਵੀ ਖਤਰੇ ਦੀਆਂ ਘੰਟੀਆਂ ਸੁਣਨ ਲੱਗੀਆਂ ਹਨ।

# ਭਾਰਤ ਕੋਲ ਦੁਨੀਆਂ ਦੀ ਚੌਥੀ ਸਭ ਤੋਂ ਤਾਕਤਵਰ ਫੌਜ

**ਨਵੀਂ ਦਿੱਲੀ:** ਭਾਰਤ ਕੋਲ ਦੁਨੀਆਂ ਦੀ ਚੌਥੀ ਸਭ ਤੋਂ ਤਾਕਤਵਰ ਫੌਜ ਹੈ ਜਦਕਿ ਚੀਨ ਇਸ ਮਾਮਲੇ 'ਚ ਪਹਿਲੇ ਸਥਾਨ 'ਤੇ ਹੈ। ਇਹ ਖੁਲਾਸਾ ਰੱਖਿਆ ਵੈੱਬਸਾਈਟ 'ਮਿਲਟਰੀ ਡਾਇਰੈਕਟ' ਵੱਲੋਂ ਜਾਰੀ ਇੱਕ ਸਟੱਡੀ ਵਿਚ ਕੀਤਾ ਗਿਆ।

ਸਟੱਡੀ 'ਚ ਕਿਹਾ ਗਿਆ ਕਿ ਅਮਰੀਕਾ ਆਪਣੇ ਵੱਡੇ ਮਿਲਟਰੀ ਬਜਟ ਦੇ ਬਾਵਜੂਦ 74 ਅੰਕਾਂ ਨਾਲ ਦੂਜੇ ਸਥਾਨ 'ਤੇ ਹੈ। ਜਦਕਿ 69 ਅੰਕਾਂ ਨਾਲ ਰੂਸ ਤੀਜੇ, ਭਾਰਤ (61 ਅੰਕ) ਚੌਥੇ ਅਤੇ ਫਰਾਂਸ (58 ਅੰਕ) ਪੰਜਵੇਂ ਸਥਾਨ 'ਤੇ ਹਨ। ਸਟੱਡੀ ਮੁਤਾਬਕ 43 ਅੰਕਾਂ ਨਾਲ ਬਰਤਾਨੀਆ ਸੂਚੀ 'ਚ 9ਵੇਂ ਸਥਾਨ 'ਤੇ ਹੈ।

ਸਟੱਡੀ ਅਨੁਸਾਰ ਫੌਜਾਂ ਦੀ ਤਾਕਤ ਦੇ ਮੁਲਾਂਕਣ ਸਬੰਧੀ ਇਹ 'ਸਰਵੋਤਮ ਮਿਲਟਰੀ ਤਾਕਤ ਸੂਚੀ' (ਯੂ.ਐਮ.ਐਸ.ਆਈ.) ਵੱਖ-ਵੱਖ ਨੁਕਤਿਆਂ ਜਿਵੇਂ ਬਜਟ, ਸਰਗਰਮ ਤੇ ਗੈਰ-ਸਰਗਰਮ ਫੌਜੀ ਮੁਲਾਜ਼ਮ, ਕੁੱਲ ਹਵਾਈ, ਜਲ ਤੇ ਥਲ ਪਰਮਾਣੂ ਸਰੋਤ, ਔਸਤ ਤਨਖਾਹਾਂ ਅਤੇ ਉਪਕਰਨਾਂ ਦੇ ਭਾਰ 'ਤੇ ਅਧਾਰਿਤ ਹੈ। ਸੂਚੀ ਮੁਤਾਬਕ ਚੀਨ 100 'ਚੋਂ 82 ਅੰਕਾਂ ਨਾਲ ਪਹਿਲੇ ਸਥਾਨ 'ਤੇ ਹੈ।


ਅਮਰੀਕਾ ਵੱਲੋਂ ਇਸ ਵਿੱਤੀ ਵਰ੍ਹੇ ਦੌਰਾਨ ਫੌਜੀ ਰੱਖਿਆ ਬਜਟ ਲਈ 732 ਅਰਬ ਡਾਲਰ ਰੱਖੇ ਗਏ ਹਨ, ਜੋ ਕਿ ਦੁਨੀਆਂ 'ਚ ਸਭ ਤੋਂ ਵੱਡਾ ਰੱਖਿਆ ਬਜਟ ਹੈ।

ਚੀਨ ਵੱਲੋਂ ਰੱਖਿਆ ਬਜਟ ਲਈ 261 ਅਰਬ ਡਾਲਰ ਜਦਕਿ ਭਾਰਤ ਵੱਲੋਂ ਰੱਖਿਆ ਬਜਟ ਲਈ 71 ਅਰਬ ਡਾਲਰ ਰੱਖੇ ਗਏ ਹਨ। ਸਟੱਡੀ 'ਚ ਇਹ ਕਲਪਨਾ ਵੀ ਕੀਤੀ ਗਈ ਹੈ ਕਿ ਚੀਨ ਸਮੁੰਦਰ ਖੇਤਰ 'ਚ ਜਿੱਤ ਸਕਦਾ ਹੈ ਜਦਕਿ ਅਮਰੀਕਾ ਹਵਾਈ ਸੈਨਾ ਪੱਧਰ ਅਤੇ ਰੂਸ ਥਲ ਸੈਨਾ ਪੱਧਰ 'ਤੇ ਜਿੱਤ ਹਾਸਲ ਕਰ ਸਕਦਾ ਹੈ।

## ਸਿੱਖ ਪਤੀ-ਪਤਨੀ ਨੇ ਇਕੋ ਦਿਨ ਪ੍ਰਾਣ ਤਿਆਗੇ

**ਸਟਾਕਟਨ (ਬਿਊਰੋ):** ਪਿਛਲੇ ਦਿਨੀਂ ਇਕ ਸਿੱਖ ਜੋੜੇ-ਪਤੀ-ਪਤਨੀ ਦੀ ਇੱਕੋ ਦਿਨ ਕੁਝ ਵਕਫੇ ਅੰਦਰ ਹੋਈ ਕੁਦਰਤੀ ਮੌਤ ਨੇ ਗੁਰਮਤਿ ਵਿਚ ਦਰਸਾਏ ਪਤੀ-ਪਤਨੀ ਦੇ ਪਵਿੱਤਰ ਤੇ ਰੂਹਾਨੀ ਰਿਸ਼ਤੇ ਦੀ ਮਿਸਾਲ ਪੇਸ਼ ਕਰ ਦਿੱਤੀ। ਲੋਡਾਈ ਦੇ ਰਹਿਣ ਵਾਲੇ ਸ. ਹਰਭਜਨ ਸਿੰਘ ਰਾਜਾਸਾਂਸੀ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਸੁਰਜੀਤ ਕੌਰ ਨੇ ਨੌਂ ਮਾਰਚ ਵਾਲੇ ਦਿਨ ਕੁਝ ਘੰਟਿਆਂ ਦੇ ਵਕਫੇ ਵਿਚ ਪ੍ਰਾਣ ਤਿਆਗੇ, ਜਿਸ ਦੀ ਸਿੱਖ ਭਾਈਚਾਰੇ ਵਿਚ ਚਰਚਾ ਛਿੜੀ ਹੋਈ ਹੈ।

ਸ. ਹਰਭਜਨ ਸਿੰਘ ਰਾਜਾਸਾਂਸੀ ਸੰਨ 1973 ਵਿਚ ਪੰਜਾਬ ਤੋਂ ਅਮਰੀਕਾ ਆਏ ਸਨ। ਪੰਜਾਬ ਵਿਚ ਉਹ ਜਲੰਧਰ ਜਿਲੇ ਦੇ ਪਿੰਡ ਭੋਜੋਵਾਲ ਦੇ ਸਨ। ਬੀਬੀ ਸੁਰਜੀਤ ਕੌਰ ਦਾ ਪੇਕਾ ਪਿੰਡ ਬੱਲਾਂ ਸੀ। ਉਹ ਆਪਣੇ ਪਿੱਛੇ ਸਪੁੱਤਰ-ਸ. ਬਲਬੀਰ ਸਿੰਘ, ਸ. ਸਤਨਾਮ ਸਿੰਘ, ਸ. ਇੰਦਰਪਾਲ ਸਿੰਘ; ਸਪੁੱਤਰੀਆਂ-ਸੁਰਿੰਦਰ ਕੌਰ ਟਿਵਾਣਾ ਤੇ ਜਸਬੀਰ ਕੌਰ ਗਰਚਾ ਸਮੇਤ ਪੋਤਰੇ-



ਪੋਤਰੀਆਂ ਤੇ ਦੋਹਤੇ-ਦੋਹਤਰੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਅਮਰੀਕਾ ਆ ਕੇ ਇਸ ਪਰਿਵਾਰ ਨੇ ਸਿੱਖ ਭਾਈਚਾਰੇ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਗੁਰੂ ਘਰ ਨਾਲ ਪਿਆਰ ਨੂੰ ਵੀ ਆਖਰੀ ਸਾਹ ਤੱਕ ਸ਼ਿੱਦਤ ਨਾਲ ਨਿਭਾਇਆ। ਲੋਡਾਈ ਗੁਰਦੁਆਰਾ ਸਾਹਿਬ ਦੀ ਸਥਾਪਨਾ ਤੋਂ ਹੀ ਇਹ ਦੰਪਤੀ ਸਮੇਤ ਪਰਿਵਾਰ ਗੁਰੂ ਘਰ ਦੀ ਤਨ-ਮਨ-ਧਨ ਨਾਲ ਹਰ ਸੇਵਾ ਵਿਚ ਅੱਗੇ ਹੋ ਕੇ ਸ਼ਾਮਿਲ ਰਿਹਾ। ਉਨ੍ਹਾਂ ਦੇ ਸਪੁੱਤਰ ਸ. ਇੰਦਰਪਾਲ ਸਿੰਘ ਚਾਰ ਸਾਲ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਰਹੇ। ਇਸ ਸਮੇਂ ਵੀ ਉਨ੍ਹਾਂ ਦੇ ਜਵਾਈ ਸ. ਅੰਮ੍ਰਿਤਪਾਲ ਸਿੰਘ ਟਿਵਾਣਾ ਇਹ ਸੇਵਾ ਨਿਭਾ ਰਹੇ ਹਨ।

ਮਰਹੂਮ ਪਤੀ-ਪਤਨੀ ਦਾ ਦਾ ਅੰਤਿਮ ਸਸਕਾਰ ਲੋਡਾਈ ਫਿਊਨਰਲ ਹੋਮ ਵਿਖੇ ਸਿੱਖ ਰਹੁ-ਰੀਤਾਂ ਨਾਲ ਕੀਤਾ ਗਿਆ। ਉਪਰੰਤ ਗੁਰਦੁਆਰਾ ਸਾਹਿਬ ਲੋਡਾਈ ਵਿਖੇ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਕੀਤੀ ਗਈ। ਪਰਿਵਾਰ ਨਾਲ ਸੰਪਰਕ ਮਨਜੀਤ ਸਿੰਘ ਟਿਵਾਣਾ ਨਾਲ ਫੋਨ: 209-905-8076 ਰਾਹੀਂ ਕੀਤਾ ਜਾ ਸਕਦਾ ਹੈ।

# 'ਸੀਤੇ ਬੁੱਲਾਂ ਦਾ ਸੁਨੇਹਾ' ਕਹਾਣੀ ਸੰਗ੍ਰਹਿ 'ਤੇ ਕੌਮਾਂਤਰੀ ਵਿਚਾਰ-ਗੋਸ਼ਟੀ

**ਜੈਤੋ (ਬਿਊਰੋ):** ਪਰਵਾਸੀ ਪੰਜਾਬੀ ਸਾਹਿਤਕਾਰ ਅਤੇ ਪੱਤਰਕਾਰ ਬਲਦੇਵ ਸਿੰਘ ਗਰੇਵਾਲ ਦੇ ਕਹਾਣੀ ਸੰਗ੍ਰਹਿ 'ਸੀਤੇ ਬੁੱਲਾਂ ਦਾ ਸੁਨੇਹਾ' ਉਤੇ ਯੂਨੀਵਰਸਿਟੀ ਕਾਲਜ ਜੈਤੋ ਵੱਲੋਂ ਇਕ ਕੌਮਾਂਤਰੀ ਵਿਚਾਰ-ਗੋਸ਼ਟੀ ਕਰਵਾਈ ਗਈ, ਜਿਸ ਦੇ ਪ੍ਰਮੁਖ ਸੂਤਰਧਾਰ ਪੰਜਾਬੀ ਵਿਭਾਗ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਾਬਕਾ ਚੇਅਰਮੈਨ ਪ੍ਰੋਫੈਸਰ ਡਾ. ਹਰਸਿਮਰਨ ਸਿੰਘ ਰੰਧਾਵਾ, ਕਨਵੀਨਰ ਯੂਨੀਵਰਸਿਟੀ ਕਾਲਜ ਜੈਤੋ ਦੇ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਤੱਗੜ ਸਨ ਅਤੇ ਕੋ-ਕਨਵੀਨਰ ਡਾ. ਸੁਭਾਸ਼ ਚੰਦਰ ਤੇ ਡਾ. ਸਮਰਾਟ ਖੰਨਾ ਸਨ। ਤਕਨੀਕ-ਯੋਜਨਾਬੰਦੀ ਦੀ ਜ਼ਿੰਮੇਵਾਰੀ ਡਾ. ਅਜੀਤਪਾਲ ਸਿੰਘ ਨੇ ਨਿਭਾਈ। ਗੋਸ਼ਟੀ ਵਿਚ ਅਮਰੀਕਾ, ਕੈਨੇਡਾ, ਪਾਕਿਸਤਾਨ ਤੋਂ ਇਲਾਵਾ ਭਾਰਤ ਦੀਆਂ ਚਾਰ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਵਾਨ ਸ਼ਾਮਲ ਸਨ।

ਪੰਜਾਬੀ ਯੂਨੀਵਰਸਿਟੀ ਧੁਨੀ ਨਾਲ ਸ਼ੁਰੂ ਹੋਈ ਗੋਸ਼ਟੀ ਦਾ ਸੰਚਾਲਨ ਕਰਦਿਆਂ ਡਾ. ਤੱਗੜ ਨੇ ਸਾਰੀ ਰੂਪ-ਰੇਖਾ ਬਿਆਨ ਕੀਤੀ ਅਤੇ ਬਲਦੇਵ ਸਿੰਘ ਗਰੇਵਾਲ ਦੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਰੇਵਾਲ 2004 ਵਿਚ 'ਪਰਿਕਰਮਾ' ਨਾਵਲ ਨਾਲ ਚਰਚਾ ਵਿਚ ਆਉਂਦਾ ਹੈ। ਉਸ ਉਪਰੰਤ 2014 ਵਿਚ ਕਹਾਣੀ ਸੰਗ੍ਰਹਿ 'ਰੋਸ਼ਨੀ ਦੀ ਦਸਤਕ' ਅਤੇ 2020 ਵਿਚ ਪ੍ਰਕਾਸ਼ਿਤ 'ਸੀਤੇ ਬੁੱਲਾਂ ਦਾ ਸੁਨੇਹਾ' ਚਰਚਾ ਵਿਚ ਹਨ। ਪ੍ਰੋਫੈਸਰ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਗੋਸ਼ਟੀ 'ਚ ਸ਼ਾਮਲ ਵਿਦਵਾਨਾਂ ਨੂੰ ਜੀ ਆਇਆਂ ਕਹਿੰਦਿਆਂ ਗਰੇਵਾਲ ਦੇ ਚਰਚਾਗਤ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਨੂੰ ਪਹਿਲੇ ਕਹਾਣੀ ਸੰਗ੍ਰਹਿ 'ਰੋਸ਼ਨੀ ਦੀ ਦਸਤਕ' ਦੇ ਮੁਕਾਬਲੇ ਤਕਨੀਕ ਪੱਖੋਂ ਪਰਪੱਕ ਗਾਲਪਨਿਕ ਕਹਾਣੀਆਂ ਬਿਆਨ ਕੀਤਾ ਤੇ ਗਰੇਵਾਲ ਦੀ ਗਲਪ-ਕਲਾ ਨੂੰ ਕਥਾ-ਰਸ ਦੇ ਪੱਖ ਤੋਂ ਲਾਮਿਸਾਲ ਬਿਆਨ ਕੀਤਾ।

ਮੁਖ-ਸੁਰ ਭਾਸ਼ਨ ਪੇਸ਼ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨ ਪ੍ਰੋਫੈਸਰ ਡਾ. ਗੁਰਮੁਖ ਸਿੰਘ ਨੇ ਗਰੇਵਾਲ ਦੀਆਂ ਪ੍ਰਮੁਖ ਕਹਾਣੀਆਂ ਦੇ ਹਵਾਲੇ ਪੇਸ਼ ਕਰਦਿਆਂ ਕਿਹਾ ਕਿ ਕਹਾਣੀਆਂ ਪਾਠਕ ਨੂੰ ਨਾਲ ਤੋਰਨ ਦੀ ਤਾਕਤ ਰੱਖਦੀਆਂ ਹਨ ਅਤੇ ਇਨ੍ਹਾਂ ਅੰਦਰ ਜ਼ਿੰਦਗੀ ਦੀ ਚੰਗਿਆਈ ਦਾ ਤੱਤ ਪਾਠਕ ਨੂੰ ਟੁੰਬਦਾ ਹੈ। ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਨੋਵਿਗਿਆਨ ਵਿਭਾਗ ਦੇ ਡਾ. ਇੰਦਰਪ੍ਰੀਤ ਸੰਧੂ ਨੇ ਮਨੋਵਿਗਿਆਨਕ ਪੱਖ ਤੋਂ ਕਹਾਣੀਆਂ ਦੀ ਪੜਚੋਲ ਕਰਦਿਆਂ ਕਿਹਾ ਕਿ ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਪਾਠਕ ਆਪਣੇ ਅੰਦਰ ਇਕ ਕਹਾਣੀ ਬੁਣਦਾ ਹੈ ਕਿ ਹੁਣ ਅੱਗੇ ਏਦਾਂ ਵਾਪਰੇਗਾ, ਪਰ ਗਰੇਵਾਲ ਦੀਆਂ ਕਹਾਣੀਆਂ ਦੀ ਖੂਬਸੂਰਤੀ ਇਹ ਹੈ ਕਿ ਅਚਾਨਕ ਅਜਿਹਾ ਮੋੜ ਆਉਂਦਾ ਹੈ ਕਿ ਪਾਠਕ ਹੈਰਾਨ ਰਹਿ ਜਾਂਦਾ ਹੈ।

ਕਹਾਣੀਕਾਰ ਬਲਦੇਵ ਸਿੰਘ ਗਰੇਵਾਲ ਨੇ ਆਲੋਚਕਾਂ ਦੀਆਂ ਟਿੱਪਣੀਆਂ ਦੇ ਸੰਦਰਭ ਵਿਚ ਕਿਹਾ ਕਿ ਉਹ ਆਪਣੀਆਂ ਕਹਾਣੀਆਂ ਪਾਠਕ ਦੇ ਮਨ ਨੂੰ ਸਮਝ ਕੇ ਲਿਖਦੇ ਹਨ। ਉਨ੍ਹਾਂ ਇਸ ਗੱਲ ਦਾ ਸਖਤ ਗਿਲ੍ਹਾ ਕੀਤਾ ਕਿ ਕਈ ਸਿਰਕੱਢ ਪੰਜਾਬੀ ਪ੍ਰਕਾਸ਼ਕ ਵੀ ਸਾਹਿਤਕ ਪੁਸਤਕਾਂ ਦੀਆਂ ਛਪਾਈ ਪ੍ਰਤੀ ਸੰਜੀਦਾ ਨਹੀਂ ਹਨ। ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ. ਧਨਵੰਤ ਕੌਰ ਨੇ ਜਿਥੇ ਵੱਖ-ਵੱਖ ਬੁਲਾਰਿਆਂ ਦੀਆਂ ਟਿੱਪਣੀਆਂ ਬਾਰੇ ਆਪਣੇ ਵਿਚਾਰ ਦਿੱਤੇ, ਉਥੇ ਕਹਾਣੀਆਂ ਦੇ ਹਵਾਲੇ ਦਿੰਦਿਆਂ ਕਿਹਾ ਕਿ ਗਰੇਵਾਲ ਦੀਆਂ ਕਹਾਣੀਆਂ ਜਜ਼ਬਾਤੀ ਪੱਧਰ 'ਤੇ ਵਿਚਰਦੀਆਂ ਹੋਈਆਂ ਪਾਠਕ 'ਤੇ ਸੰਵੇਦਨਸ਼ੀਲ ਪ੍ਰਭਾਵ ਪਾਉਂਦੀਆਂ ਹਨ।

ਪਾਕਿਸਤਾਨ ਤੋਂ ਜੁੜੇ ਵਿਦਵਾਨ ਟੀਪੂ ਸੁਲਤਾਨ ਮਖਦੂਮ ਨੇ ਗਰੇਵਾਲ ਦੀਆਂ ਕਹਾਣੀਆਂ ਦੇ ਹਵਾਲੇ ਪੇਸ਼ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੀ ਕਹਾਣੀ-ਕਲਾ ਦੇ ਕਾਇਲ ਹਨ। ਉਨ੍ਹਾਂ ਕਿਹਾ ਕਿ ਗਰੇਵਾਲ ਦਾ ਲਿਖਿਆ ਨਾਵਲ 'ਪਰਿਕਰਮਾ', ਜੋ ਸ਼ਾਹਮੁਖੀ ਵਿਚ ਲਿਪੀਅੰਤਰ ਹੋਇਆ, ਪੜ੍ਹਿਆ ਸੀ ਤਾਂ ਦਿਲ 'ਤੇ 'ਠਾਹ' ਕਰਕੇ ਵੱਜਿਆ ਸੀ।

ਦਿੱਲੀ ਯੂਨੀਵਰਸਿਟੀ ਦਿੱਲੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਰਵੀ ਰਵਿੰਦਰ ਨੇ ਕਹਾਣੀਆਂ ਵਿਚਲੇ ਪਾਤਰਾਂ ਵਿਚ ਦਿਖ-ਅਦਿਖ ਰੂਪ ਵਿਚ ਆਦਰਸ਼ਵਾਦ ਦੇ ਝਲਕਾਰੇ ਮਹਿਸੂਸ ਹੋਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਗਰੇਵਾਲ ਦੀਆਂ ਕਹਾਣੀਆਂ ਉਨ੍ਹਾਂ ਸੁਪਨਿਆਂ ਦੀਆਂ ਕਹਾਣੀਆਂ ਹਨ, ਜਿਹੜੇ ਕਦੇ ਪੂਰੇ ਨਹੀਂ ਹੋਏ; ਉਨ੍ਹਾਂ ਅਹਿਸਾਸਾਂ ਦੀਆਂ ਕਹਾਣੀਆਂ ਹਨ, ਜਿਹੜੇ ਕਦੇ ਛੋਹੇ ਨਹੀਂ ਗਏ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਖੇਤਰੀ ਕੇਂਦਰ ਜਲੰਧਰ ਦੇ ਡਾ. ਤੇਜਿੰਦਰ ਕੌਰ ਨੇ ਕਿਹਾ ਕਿ ਇਹ ਕਹਾਣੀਆਂ ਪਾਠਕ ਨੂੰ ਇਸ ਗੱਲ ਪ੍ਰਤੀ ਚੇਤੰਨ ਕਰਦੀਆਂ ਹਨ ਕਿ ਮਨੁੱਖ ਦੀ ਸ਼ਖਸੀਅਤ ਅੰਦਰ ਕੀ ਹੋਣਾ ਚਾਹੀਦਾ ਤੇ ਕੀ ਨਹੀਂ ਹੋਣਾ ਚਾਹੀਦਾ ਅਤੇ ਗਰੇਵਾਲ ਨੇ ਔਰਤ ਪਾਤਰਾਂ ਦੇ ਮਨ ਅੰਦਰ ਬੈਠ ਕੇ ਜਿਸ ਤਰ੍ਹਾਂ ਉਨ੍ਹਾਂ ਦੀ ਮਾਨਸਿਕਤਾ ਨੂੰ ਸਮਝਿਆ ਹੈ, ਉਹ ਬੜਾ ਹੈਰਾਨ ਕਰਨ ਵਾਲਾ ਹੈ। ਦਿਆਲ ਸਿੰਘ ਕਾਲਜ ਦਿੱਲੀ ਦੇ ਡਾ. ਰਵਿੰਦਰ ਸਿੰਘ ਦਾ ਕਹਾਣੀ-ਸੰਗ੍ਰਹਿ ਬਾਰੇ ਕਹਿਣਾ ਸੀ ਕਿ ਇਹ ਕਹਾਣੀਆਂ ਪਰਵਾਸੀ ਕਹਾਣੀ ਵਿਚ ਨਵਾਂ ਅਯਾਮ ਸਿਰਜਿਤ ਕਰਦੀਆਂ ਦੇਖੀਆਂ ਜਾ ਸਕਦੀਆਂ ਹਨ। ਕਹਾਣੀਆਂ ਅਨੁਸਾਰ ਪੰਜਾਬੀ ਮਨ ਪੰਜਾਬੀ-ਮੂਲਵਾਸ ਵਿਚੋਂ ਜੋ ਸੰਵੇਦਨਾਵਾਂ ਲੈ ਕੇ ਜਾਂਦਾ ਹੈ, ਉਹ ਪਰਵਾਸ ਵਿਚ ਜਾ ਕੇ ਵੀ ਛੱਡ ਨਹੀਂ ਸਕਦਾ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਾ. ਪਰਵੀਨ ਕੁਮਾਰ ਸ਼ੇਰੋਂ ਨੇ ਸਿਧਾਂਤਕ ਹਵਾਲਿਆਂ ਨਾਲ ਗੱਲ ਕਰਦਿਆਂ ਕਿਹਾ ਕਿ ਗਰੇਵਾਲ ਦੀਆਂ ਕਹਾਣੀਆਂ ਪਰੰਪਰਾ ਨਾਲ ਸੰਵਾਦ ਰਚਾਉਂਦੀਆਂ ਹਨ, ਪਰ ਔਰਤ ਪਾਤਰਾਂ ਨੂੰ ਵਿਦਰੋਹ ਵੱਲ ਲਿਜਾਣ ਦੀ ਕਵਾਇਦ ਨਹੀਂ ਕਰਦੀਆਂ। ਕੁਰੂਕਸ਼ੇਤਰ ਯੂਨੀਵਰਸਿਟੀ ਦੇ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਕਹਾਣੀਆਂ ਦੇ ਪਾਤਰਾਂ ਦਾ ਅਧਿਐਨ ਕਰਦਿਆਂ ਉਨ੍ਹਾਂ ਦੇ ਮਨ ਦੀਆਂ ਪਰਤਾਂ ਨੂੰ ਪੜ੍ਹਨਾ ਪੈਂਦਾ ਹੈ ਅਤੇ ਔਰਤ ਪਾਤਰਾਂ ਅੰਦਰਲੀ ਚੁੱਪ ਨੂੰ ਮਹਿਸੂਸ ਕਰਦਿਆਂ ਲਗਦਾ ਹੈ ਕਿ ਉਸ ਚੁੱਪ ਅੰਦਰ ਕਿੰਨਾ ਸ਼ੋਰ ਹੈ।

ਇਸ ਤੋਂ ਇਲਾਵਾ ਮੋਦੀ ਕਾਲਜ ਪਟਿਆਲਾ ਤੋਂ ਡਾ. ਦਵਿੰਦਰ ਸਿੰਘ, ਆਰੀਆ ਕੰਨਿਆ ਮਹਾਂਵਿਦਿਆਲਾ ਸ਼ਾਹਬਾਦ ਮਾਰਕੰਡਾ (ਹਰਿਆਣਾ) ਤੋਂ ਡਾ. ਸਿਮਰਜੀਤ ਕੌਰ ਅਤੇ ਕੈਥਲ ਤੋਂ ਡਾ. ਕਿਰਨ ਗਰਗ ਨੇ ਕਹਾਣੀ ਸੰਗ੍ਰਹਿ ਬਾਰੇ ਆਪਣੀਆਂ ਰਾਵਾਂ ਪੇਸ਼ ਕੀਤੀਆਂ। ਲਗਾਤਾਰ ਸਵਾ ਤਿੰਨ ਘੰਟੇ ਗੂਗਲ ਮੀਟ ਮਾਧਿਅਮ ਰਾਹੀਂ ਚੱਲੀ ਇਸ ਵਿਚਾਰ-ਗੋਸ਼ਟੀ ਵਿਚ ਦੇਸ਼-ਵਿਦੇਸ਼ ਦੇ ਵਿਦਵਾਨ ਅਤੇ ਪਾਠਕ ਨਿਰੰਤਰ ਜੁੜੇ ਰਹੇ।



**ਯੂਨੀਵਰਸਿਟੀ ਕਾਲਜ ਜੈਤੋ ਵੱਲੋਂ ਕਰਵਾਈ ਕੌਮਾਂਤਰੀ ਆਨਲਾਈਨ ਗੋਸ਼ਟੀ ਦੇ ਬੁਲਾਰੇ ਡਾ. ਹਰਸਿਮਰਨ ਸਿੰਘ ਰੰਧਾਵਾ, ਗਲਪਕਾਰ ਬਲਦੇਵ ਸਿੰਘ ਗਰੇਵਾਲ, ਡਾ. ਗੁਰਮੁਖ ਸਿੰਘ, ਡਾ. ਧਨਵੰਤ ਕੌਰ, ਡਾ. ਇੰਦਰਪ੍ਰੀਤ ਸੰਧੂ, ਡਾ. ਤੇਜਿੰਦਰ ਕੌਰ, ਡਾ. ਪਰਮਿੰਦਰ ਤੱਗੜ, ਡਾ. ਰਵੀ ਰਵਿੰਦਰ, ਡਾ. ਰਵਿੰਦਰ ਸਿੰਘ, ਡਾ. ਅਜੀਤਪਾਲ, ਡਾ. ਪਰਵੀਨ ਸ਼ੇਰੋਂ ਅਤੇ ਡਾ. ਕੁਲਦੀਪ ਸਿੰਘ**

## ਓਹਾਇਓ ਵਿਚ ਸੈਲਫੀ ਲੈਣ ਲਈ ਔਰਤ ਪੁਲ ਦੇ ਸਿਖਰ 'ਤੇ ਚੜ੍ਹੀ

**ਸਿਨਸਿਨੈਟੀ (ਬਿਊਰੋ):** ਟੋਲੇਡੋ ਕਾਉਂਟੀ ਵਿਚ ਇਕ ਮਹਿਲਾ ਦੇ ਸੈਲਫੀ ਲੈਣ ਦੇ ਸ਼ੌਕ ਨੇ ਉਸ ਦੀ ਜਾਨ ਨੂੰ ਉਸ ਵੇਲੇ ਖਤਰੇ ਵਿਚ ਪਾ ਦਿੱਤਾ, ਜਦੋਂ ਉਹ ਸੈਲਫੀ ਲੈਣ ਲਈ ਇੱਕ ਪੁਲ ਦੇ ਸਿਖਰ 'ਤੇ ਚੜ੍ਹ ਗਈ। ਇਸ ਮਹਿਲਾ ਨੂੰ ਬਚਾਉਣ ਲਈ ਫਾਇਰ ਵਿਭਾਗ ਦੇ ਅਧਿਕਾਰੀਆਂ ਨੂੰ ਜੱਦੋ ਜਹਿਦ ਕਰਨੀ ਪਈ।

ਇਸ ਸੰਬੰਧੀ ਟੋਲੇਡੋ ਕਾਉਂਟੀ ਦੇ ਫਾਇਰ ਅਤੇ ਰੈਸਕਿਊ ਵਿਭਾਗ ਅਨੁਸਾਰ ਇੱਕ 23 ਸਾਲਾ ਮਹਿਲਾ ਇੰਸਟਾਗ੍ਰਾਮ 'ਤੇ ਫੋਟੋ ਪੋਸਟ ਕਰਨ ਲਈ ਸੈਲਫੀ ਲੈਣ ਵਾਸਤੇ ਵੀਰਵਾਰ ਰਾਤ ਟੋਲੇਡੋ ਦੇ ਉੱਚ ਪੱਧਰੀ ਬ੍ਰਿਜ ਦੇ ਉੱਪਰ ਚੜ੍ਹ ਗਈ। ਉਹ ਪੁਲ ਦੀ ਉਚਾਈ 'ਤੇ ਫਸ ਗਈ ਅਤੇ ਨੀਚੇ ਉਤਰਨ ਲਈ ਮਦਦ ਮੰਗੀ। ਇਸ ਸੰਬੰਧੀ ਅੱਗ ਬੁਝਾਊ ਅਮਲਾ ਅਤੇ ਟੋਲੇਡੋ ਪੁਲਿਸ ਨੇ ਰਾਤ ਕਰੀਬ 11 ਵਜੇ ਕਾਰਵਾਈ ਕੀਤੀ। ਅਧਿਕਾਰੀਆਂ ਨੂੰ ਮਹਿਲਾ ਤੱਕ ਪਹੁੰਚਣ ਵੇਲੇ 25 ਮੀਲ ਪ੍ਰਤੀ ਘੰਟਾ ਦੀ ਹਵਾ ਦਾ ਸਾਹਮਣਾ ਕਰਨਾ ਪਿਆ।

ਓਹਾਇਓ ਟਰਾਂਸਪੋਰਟੇਸ਼ਨ ਵਿਭਾਗ ਅਨੁਸਾਰ ਇਸ ਬ੍ਰਿਜ ਉੱਤੇ ਟਾਵਰ ਦੀ ਉਚਾਈ ਲੱਗਭਗ 215 ਫੁੱਟ ਹੈ। ਅਧਿਕਾਰੀਆਂ ਨੇ ਦੱਸਿਆ ਕਿ ਔਰਤ ਨੂੰ ਉਚਾਈ ਤੋਂ ਉਤਾਰਨ ਲਈ ਕਾਫੀ ਮਿਹਨਤ ਕਰਨੀ ਪਈ। ਉਸ ਨੂੰ ਪੁਲ ਦੇ ਮੁੱਖ ਟਾਵਰ ਦੇ ਅੰਦਰ ਪੌੜੀ ਰਾਹੀਂ ਸੁਰੱਖਿਅਤ ਢੰਗ ਨਾਲ ਜ਼ਮੀਨ 'ਤੇ ਆਉਣ ਲਈ ਮਦਦ ਕੀਤੀ। ਅਧਿਕਾਰੀਆਂ ਅਨੁਸਾਰ ਔਰਤ ਦਾ ਸੱਟਾਂ ਲੱਗਣ ਕਾਰਨ ਮੁਲੰਕਣ ਕੀਤਾ ਗਿਆ ਅਤੇ ਬਾਅਦ ਵਿਚ ਉਸ ਨੂੰ ਘਬਰਾਹਟ ਪੈਦਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਵੀ ਕੀਤਾ ਗਿਆ।

## ਟੈਕਸਸ ਵਿਚ ਮੁਆਫ ਹੋਣਗੇ ਕਰੀਬ 29 ਮਿਲੀਅਨ ਡਾਲਰ ਦੇ ਬਿਜਲੀ ਬਿੱਲ

**ਡੈਲਸ (ਬਿਊਰੋ):** ਸਟੇਟ ਅਟਾਰਨੀ ਜਨਰਲ ਕੇਨ ਪੈਕਸਟਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸੂਬੇ ਵਿਚ ਬਿਜਲੀ ਕੰਪਨੀ ਗਰਿੱਡੀ ਐਨਰਜੀ ਦੀ ਦੀਵਾਲੀਆਪਨ ਯੋਜਨਾ ਦੇ ਹਿੱਸੇ ਵਜੋਂ ਕਰੀਬ 29 ਮਿਲੀਅਨ ਤੋਂ ਵੱਧ ਨਾ ਭਰੇ ਹੋਏ ਬਿਜਲੀ ਬਿੱਲਾਂ ਨੂੰ ਮੁਆਫ ਕਰਨਾ ਤੈਅ ਕੀਤਾ ਗਿਆ ਹੈ। ਬਿਜਲੀ ਕੰਪਨੀ ਗਰਿੱਡੀ ਐਨਰਜੀ, ਜੋ ਪਿਛਲੇ ਮਹੀਨੇ ਦੇ ਤੂਫਾਨੀ ਮੌਸਮ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਵੱਧ ਬਿੱਲ ਦੇਣ ਕਰਕੇ ਚਰਚਾ ਵਿਚ ਸੀ, ਨੇ ਇਸ ਹਫਤੇ ਦੇ ਸ਼ੁਰੂ ਵਿਚ ਚੈਪਟਰ 11 ਬੈਂਕਰਪਸੀ ਸੁਰੱਖਿਆ ਲਈ ਦਾਇਰ ਕੀਤਾ ਸੀ।

ਪੈਕਸਟਨ ਅਨੁਸਾਰ ਗਰਿੱਡੀ ਦੀ ਪ੍ਰਸਤਾਵਿਤ ਦੀਵਾਲੀਆਪਨ ਦੀ ਯੋਜਨਾ ਕਰੀਬ 24,000 ਗਾਹਕਾਂ ਨੂੰ ਇਸ ਛੋਟ ਦੀ ਪੇਸ਼ਕਸ਼ ਕਰਕੇ ਇੱਕ ਅਹਿਮ ਕਦਮ ਅੱਗੇ ਵਧਾਉਂਦੀ ਹੈ, ਜਿਸ 'ਤੇ ਬਿਨਾ ਅਦਾਇਗੀ ਬਿਜਲੀ ਬਿੱਲਾਂ ਦਾ 29.1 ਮਿਲੀਅਨ ਡਾਲਰ ਦਾ ਬਕਾਇਆ ਹੈ। ਇਸ ਮਾਮਲੇ ਵਿਚ ਗਰਿੱਡੀ ਦੇ ਇੱਕ ਬੁਲਾਰੇ ਨੇ ਵੀਰਵਾਰ ਨੂੰ ਪੈਕਸਟਨ ਦੇ ਦਾਅਵਿਆਂ 'ਤੇ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ ਅਤੇ ਇਸ ਸੰਬੰਧੀ ਦੀਵਾਲੀਆਪਨ ਦੀ ਘੋਸ਼ਣਾ ਕਰਨ ਸਮੇਂ ਕੰਪਨੀ ਦੇ ਜਾਰੀ ਕੀਤੇ ਗਏ ਇੱਕ ਬਿਆਨ ਦਾ ਹਵਾਲਾ ਦਿੱਤਾ, ਜਿਸ ਅਨੁਸਾਰ ਗਰਿੱਡੀ ਨੇ ਰਾਜ ਦੇ ਬਿਜਲੀ ਗਰਿੱਡ, ਟੈਕਸਸ ਦੀ ਇਲੈਕਟ੍ਰਿਕ ਰਿਲੀਬਿਲਿਟੀ ਕੌਂਸਲ ਦੇ ਸੰਚਾਲਕਾਂ ਨੂੰ ਗਾਹਕਾਂ ਨੂੰ ਵਿੱਤੀ ਨੁਕਸਾਨ ਲਈ ਜ਼ਿੰਮੇਵਾਰ ਠਹਿਰਾਇਆ। ਗਰਿੱਡੀ ਨੇ ਇਹ ਵੀ ਕਿਹਾ ਕਿ ਕੰਪਨੀ ਨੇ ਸਰਦੀਆਂ ਦੇ ਤੂਫਾਨ ਦੇ ਸੰਕਟ ਤੋਂ ਫਾਇਦਾ ਨਹੀਂ ਉਠਾਇਆ ਅਤੇ ਗਾਹਕਾਂ ਨੂੰ ਅਸਲ ਥੋਕ ਬਿਜਲੀ ਕੀਮਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਨਿਊ ਯਾਰਕ ਸਿਟੀ ਦੇ ਸਕੂਲਾਂ 'ਚ ਭੇਜੇ ਗਏ ਚਿੱਟੇ ਪਾਊਡਰ ਵਾਲੇ ਲਿਫਾਫੇ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਦੇ ਸਕੂਲਾਂ ਵਿਚ ਪਿਛਲੇ ਦਿਨਾਂ ਦੌਰਾਨ ਚਿੱਟੇ ਪਾਊਡਰ ਨਾਲ ਭਰੇ ਲਿਫਾਫੇ ਮੇਲ ਕੀਤੇ ਗਏ ਹਨ। ਪੁਲਿਸ ਵਿਭਾਗ ਪਿਛਲੇ ਦੋ ਹਫਤਿਆਂ ਵਿਚ ਸ਼ਹਿਰ ਦੇ ਸਕੂਲਾਂ ਨੂੰ ਚਿੱਟੇ ਪਾਊਡਰ ਨਾਲ ਭੇਜੇ ਅੱਧੀ ਦਰਜਨ ਲਿਫਾਫਿਆਂ ਬਾਰੇ ਜਾਂਚ ਕਰ ਰਿਹਾ ਹੈ। ਪੁਲਿਸ ਅਨੁਸਾਰ ਇੱਕ ਤਰ੍ਹਾਂ ਚਿੱਠੀ ਵਾਲੇ ਲਿਫਾਫੇ ਵਾਂਗ ਦਿਸਣ ਵਾਲੇ ਇਹ ਲਿਫਾਫੇ ਕਰੀਬ ਛੇ ਸਕੂਲਾਂ ਵਿਚ ਭੇਜੇ ਗਏ ਹਨ। ਇਹ ਲਿਫਾਫੇ ਪਹਿਲਾਂ 10 ਮਾਰਚ ਨੂੰ ਪ੍ਰਾਪਤ ਕੀਤੇ ਗਏ ਸਨ। ਸਭ ਤੋਂ ਤਾਜ਼ਾ ਲਿਫਾਫਾ ਬੀਤੇ ਸ਼ੁੱਕਰਵਾਰ ਨੂੰ ਮਿਲਿਆ ਹੈ।

ਨਿਊ ਯਾਰਕ ਪੁਲਿਸ ਵਿਭਾਗ ਵਲੋਂ ਹਰੇਕ ਲਿਫਾਫੇ ਦੀ ਜਾਂਚ ਕੀਤੀ ਗਈ, ਜਿਸ ਦੌਰਾਨ ਕਿਸੇ ਤਰ੍ਹਾਂ ਦਾ ਕੋਈ ਖਤਰਨਾਕ ਪਦਾਰਥ ਇਨ੍ਹਾਂ ਵਿਚ ਨਹੀਂ ਪਾਇਆ ਗਿਆ। ਇਹ ਸਾਰੇ ਛੇ ਸਕੂਲ ਮੈਨਹੱਟਨ ਵਿਚ ਸਥਿਤ ਹਨ। ਇਹ ਸਰਕਾਰੀ ਸਕੂਲ ਹਨ ਜਾਂ ਨਿੱਜੀ, ਇਸ ਬਾਰੇ ਨਹੀਂ ਦੱਸਿਆ ਗਿਆ ਹੈ। ਪੁਲਿਸ ਵਿਭਾਗ ਨੇ ਇਕ ਲਿਫਾਫੇ ਦੀ ਇਕ ਤਸਵੀਰ ਜਾਰੀ ਕੀਤੀ ਹੈ, ਜਿਸ ਵਿਚ ਵੱਡੇ ਅੱਖਰਾਂ 'ਚ 'ਮਿਡਲ ਸਕੂਲ' ਲਿਖਣ ਦੇ ਨਾਲ ਅਮਰੀਕਾ ਦੇ ਝੰਡੇ ਦੀ ਮੋਹਰ ਹੈ। ਪੁਲਿਸ ਅਨੁਸਾਰ ਇਹ ਲਿਫਾਫੇ ਭੇਜਣ ਵਾਲੇ ਦਾ ਉਦੇਸ਼ ਪ੍ਰਸ਼ਾਸਨ ਵਿਚ ਵਿਘਨ ਪੈਦਾ ਕਰਨਾ ਹੈ।

ਇਨ੍ਹਾਂ ਪੱਤਰਾਂ ਨੇ 2001 ਦੇ ਐਂਥ੍ਰੈਕਸ ਹਮਲਿਆਂ ਦੀਆਂ ਯਾਦਾਂ ਤਾਜ਼ਾ ਕੀਤੀਆਂ ਹਨ, ਜੋ 11 ਸਤੰਬਰ ਦੇ ਹਮਲਿਆਂ ਤੋਂ ਬਾਅਦ ਦੇ ਹਫਤਿਆਂ ਵਿਚ ਹੋਏ ਸਨ। ਜਿਸ ਦੌਰਾਨ ਨਿਊ ਯਾਰਕ ਸਿਟੀ ਵਿਚ ਮੀਡੀਆ, ਵਾਸ਼ਿੰਗਟਨ ਵਿਚ ਵਿਧਾਇਕਾਂ ਦੇ ਦਫਤਰਾਂ ਨੂੰ ਕਈ ਪੱਤਰ ਭੇਜੇ ਗਏ ਸਨ, ਜਿਨ੍ਹਾਂ ਕਰਕੇ 5 ਲੋਕ ਮਰ ਗਏ ਸਨ।

## ਇੰਡੀਆਨਾ ਪੁਲਿਸ ਨੇ ਬਰਾਮਦ ਕੀਤੀ 8 ਮਿਲੀਅਨ ਡਾਲਰ ਤੋਂ ਵੱਧ ਮੁੱਲ ਦੀ ਭੰਗ

**ਇੰਡੀਅਨਐਪੋਲਿਸ (ਬਿਊਰੋ):** ਅਮਰੀਕਾ ਦੇ ਉੱਤਰ ਪੱਛਮੀ ਇੰਡੀਆਨਾ ਵਿਚ ਪੁਲਿਸ ਨੇ ਰੁਟੀਨ ਟ੍ਰੈਫਿਕ ਸਟਾਪ ਦੌਰਾਨ ਇੱਕ ਪੁਲਸੀਆ ਕੁੱਤੇ ਦੀ ਮਦਦ ਨਾਲ 8 ਮਿਲੀਅਨ ਡਾਲਰ ਮੁੱਲ ਤੋਂ ਵੱਧ ਦੀ ਕਰੀਬ ਅੱਧਾ ਟਨ ਤੋਂ ਵੱਧ ਭੰਗ ਬਰਾਮਦ ਕੀਤੀ ਹੈ। ਇੰਡਿਆਨਾ ਸਟੇਟ ਪੁਲਿਸ ਵਲੋਂ ਜਾਰੀ ਕੀਤੇ ਗਏ ਇੱਕ ਬਿਆਨ ਅਨੁਸਾਰ ਇਹ ਬਰਾਮਦੀ ਮੰਗਲਵਾਰ, 16 ਮਾਰਚ ਨੂੰ ਸਵੇਰੇ 11:15 ਵਜੇ ਇੱਕ ਇੰਡਿਆਨਾ ਸਟੇਟ ਪੁਲਿਸ ਦੇ ਜਵਾਨ ਵੱਲੋਂ ਸ਼ਿਕਾਗੋ ਤੋਂ 50 ਮੀਲ ਦੱਖਣ-ਪੂਰਬ ਵਿਚ ਲੋਏਲ ਕਸਬੇ ਨੇੜੇ ਇੱਕ ਵੈਨ ਨੂੰ ਰੋਕਣ ਦੌਰਾਨ ਹੋਈ।

ਇਸ ਸਟਾਪ ਦੌਰਾਨ ਅਧਿਕਾਰੀ ਦੁਆਰਾ ਕੈਲੀਫੋਰਨੀਆ ਦੇ ਮੈਕਕਿਨਵਿਲੇ ਨਾਲ ਸੰਬੰਧਿਤ 31 ਸਾਲਾ ਡਰਾਈਵਰ ਕ੍ਰਿਸਟੋਫਰ ਐਸ. ਕੋਲਬਰਨ ਨਾਲ ਗੱਲਬਾਤ ਕੀਤੀ ਗਈ ਅਤੇ ਉਸ ਉੱਪਰ ਸ਼ੱਕ ਹੋਣ 'ਤੇ ਪੁਲਿਸ ਦੇ ਖੋਜੀ ਕੁੱਤੇ ਦੀ ਮੱਦਦ ਨਾਲ ਵਾਹਨ ਦੇ ਅੰਦਰੋਂ ਜਾਂਚ ਕੀਤੀ ਗਈ। ਇਸ ਤਲਾਸ਼ੀ ਦੌਰਾਨ ਅਧਿਕਾਰੀਆਂ ਨੇ 38 ਵੱਡੇ ਬਕਸੇ ਅਤੇ 6 ਕਾਲੇ ਗਾਰਬੇਜ ਬੈਗ ਬਰਾਮਦ ਕੀਤੇ। ਬਕਸਿਆਂ ਦੇ ਅੰਦਰ ਕੁੱਲ 1,264 ਅਲੱਗ ਤੌਰ 'ਤੇ ਸੀਲ ਕੀਤੇ ਬੈਗ ਬਰਾਮਦ ਕੀਤੇ ਗਏ, ਜਿਨ੍ਹਾਂ ਵਿਚੋਂ ਹਰੇਕ ਦਾ ਲੱਗਭਗ 1.5 ਪੌਂਡ ਭਾਰ ਸੀ ਅਤੇ ਇਸ ਵਿਚ ਹਰੇ ਰੰਗ ਦੀ ਸਮੱਗਰੀ ਸੀ। ਇਸ ਦੀ ਬਾਅਦ ਵਿਚ ਇੱਕ ਫੀਲਡ ਟੈਸਟ ਨੇ ਭੰਗ ਵਜੋਂ ਪੁਸ਼ਟੀ ਕੀਤੀ। ਅਧਿਕਾਰੀਆਂ ਅਨੁਸਾਰ ਬਰਾਮਦ ਕੀਤੀ ਗਈ ਭੰਗ ਦੀ ਕੀਮਤ ਲੱਗਭਗ 5.7 ਤੋਂ 8.5 ਮਿਲੀਅਨ ਡਾਲਰ ਹੈ। ਪੁਲਿਸ ਦੁਆਰਾ ਕੋਲਬਰਨ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰਕੇ ਲੇਕ ਕਾਊਂਟੀ ਜੇਲ੍ਹ ਵਿਚ ਭੇਜਿਆ ਗਿਆ, ਜਿਥੇ ਉਸ ਉੱਪਰ ਭੰਗ ਨਾਲ ਸੰਬੰਧਿਤ ਦੋਸ਼ ਲਗਾਏ ਗਏ।

## ਤਿੰਨ ਟਰੱਕਾਂ ਵਿਚ 300 ਤੋਂ ਵੱਧ ਗੈਰ-ਕਾਨੂੰਨੀ ਪਰਵਾਸੀ ਹੋਏ ਬਰਾਮਦ

**ਫਰਿਜ਼ਨੋ (ਬਿਊਰੋ):** ਮੈਕਸੀਕਨ ਅਧਿਕਾਰੀਆਂ ਨੇ ਤਿੰਨ ਟਰੱਕਾਂ ਵਿਚ ਬੰਦ 300 ਤੋਂ ਵੱਧ ਪਰਵਾਸੀਆਂ ਨੂੰ ਬਰਾਮਦ ਕੀਤਾ ਹੈ। ਇਸ ਸੰਬੰਧੀ ਮੈਕਸੀਕਨ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਉਨ੍ਹਾਂ ਨੂੰ ਗੁਆਟੇਮਾਲਾ ਦੀ ਸਰਹੱਦ ਨੇੜੇ ਕੇਂਦਰੀ ਅਮਰੀਕੀ ਦੇ ਪਰਵਾਸੀਆਂ ਨਾਲ ਭਰੇ ਤਿੰਨ ਟ੍ਰੇਲਰ ਟਰੱਕ ਮਿਲੇ ਹਨ।

ਮੈਕਸੀਕਨ ਮਾਈਗ੍ਰੇਸ਼ਨ ਏਜੰਟਾਂ ਨੇ ਨੈਸ਼ਨਲ ਗਾਰਡ ਪੁਲਿਸ ਦੇ ਨਾਲ ਰੁਟੀਨ ਜਾਂਚ ਦੇ ਹਿੱਸੇ ਵਜੋਂ ਵੀਰਵਾਰ ਸਵੇਰੇ ਟਰੱਕਾਂ ਨੂੰ ਰੋਕਿਆ, ਜਿਨ੍ਹਾਂ ਵਿਚੋਂ ਕਰੀਬ 329 ਗੁਆਟੇਮਾਲਾ ਅਤੇ ਹਾਂਡੂਰਾਸ ਨਾਲ ਸੰਬੰਧਿਤ ਲੋਕਾਂ ਨੂੰ ਬਰਾਮਦ ਕੀਤਾ। ਇਨ੍ਹਾਂ ਵਿਚ 114 ਇਕੱਲੇ ਨਾਬਾਲਗ ਵੀ ਸ਼ਾਮਲ ਸਨ। ਗ੍ਰਹਿ ਮੰਤਰਾਲੇ ਦੇ ਇੱਕ ਬਿਆਨ ਅਨੁਸਾਰ, ਇਨ੍ਹਾਂ ਟਰੱਕਾਂ ਨੂੰ ਚਿਆਪਾਸ ਰਾਜ ਦੀ ਰਾਜਧਾਨੀ ਤੁਕਸਤਲਾ ਗੁਟੀਰੇਜ਼ ਦੇ ਦੱਖਣ ਵੱਲ ਇੱਕ ਹਾਈਵੇ 'ਤੇ ਰੋਕਿਆ ਗਿਆ ਸੀ। ਪਰਵਾਸੀਆਂ ਨੂੰ ਖਾਣਾ ਅਤੇ ਪਾਣੀ ਦਿੱਤਾ ਗਿਆ ਸੀ।

ਬਿਆਨ ਅਨੁਸਾਰ ਟਰੱਕਾਂ ਵਿਚ ਪਰਵਾਸੀਆਂ ਨੂੰ ਭੋਜਨ ਮੁਹੱਈਆ ਕਰਵਾਇਆ ਗਿਆ ਸੀ। ਇਸ ਸੰਬੰਧੀ ਕਾਰਵਾਈ ਕਰਦਿਆਂ ਇਕੱਲੇ ਨਾਬਾਲਗਾਂ ਨੂੰ ਮਾਈਗ੍ਰੇਸ਼ਨ ਅਥਾਰਟੀ ਦੁਆਰਾ ਚਲਾਏ ਜਾਂਦੇ ਸ਼ੈਲਟਰਾਂ ਵਿਚ ਭੇਜਿਆ ਗਿਆ, ਜਦੋਂਕਿ ਬਾਲਗਾਂ ਨੂੰ ਪ੍ਰਬੰਧਕੀ ਕਾਰਵਾਈ ਸ਼ੁਰੂ ਕਰਨ ਲਈ ਨੇੜਲੇ ਦਫਤਰਾਂ ਵਿਚ ਲਿਜਾਇਆ ਗਿਆ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਅਮਰੀਕਾ, ਮੈਕਸੀਕਨ ਸਰਹੱਦ 'ਤੇ ਵੱਧ ਰਹੇ ਮਨੁੱਖਤਾਵਾਦੀ ਸੰਕਟ ਵੱਲ ਆਪਣੀ ਪਹੁੰਚ ਨੂੰ ਹੋਰ ਤੇਜ਼ ਕਰ ਰਿਹਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 27 ਮਾਰਚ 2021*

## ਸ਼ਹਾਦਤਾਂ ਨੂੰ ਸਿਜਦਾ

ਜਦੋਂ ਦਾ ਕਿਸਾਨ ਮੋਰਚਾ ਦਿੱਲੀ ਦੀਆਂ ਬਰੂਹਾਂ ਉਤੇ ਪੁੱਜਾ ਹੈ, ਪੰਜਾਬ ਅਤੇ ਪੰਜਾਬੀਆਂ ਨਾਲ ਜੁੜੇ ਸਭ ਅਹਿਮ ਤਿੱਥ ਅਤੇ ਤਿਉਹਾਰ ਉਸ ਥਾਂ ਵੱਖਰੇ ਜਲੌਅ ਨਾਲ ਮਨਾਏ ਜਾ ਰਹੇ ਹਨ। ਇਸ ਪ੍ਰਸੰਗ ਵਿਚ ਐਤਕੀਂ 23 ਮਾਰਚ ਦਾ ਸ਼ਹਾਦਤ ਦਿਹਾੜਾ ਬਿਲਕੁੱਲ ਨਿਵੇਕਲੇ ਰੰਗ ਵਿਚ ਮਨਾਇਆ ਗਿਆ। ਦੇਸ਼ ਦੀ ਆਜ਼ਾਦੀ ਲਈ 23 ਮਾਰਚ 1931 ਨੂੰ ਫਾਂਸੀ ਉਤੇ ਚੜ੍ਹਨ ਵਾਲੇ ਨੌਜਵਾਨਾਂ- ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ, ਦਾ ਸ਼ਹਾਦਤ ਦਿਵਸ ਦਿੱਲੀ ਦੀਆਂ ਬਰੂਹਾਂ ਉਤੇ ਤਾਂ ਆਪਣੇ ਜਲੌਅ ਵਿਚ ਮਨਾਇਆ ਹੀ ਗਿਆ, ਪੰਜਾਬ ਅੰਦਰ ਇਸ ਦਾ ਜਲੌਅ ਦੇਖਣਾ ਹੀ ਬਣਦਾ ਸੀ। ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਲੜੇ ਜਾ ਰਹੇ ਸੰਘਰਸ਼ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਦੀ ਪਹਿਲਕਦਮੀ ਨਾਲ ਐਤਕੀਂ ਬੰਗਾ ਵਿਖੇ ਹੋਇਆ ਸ਼ਹੀਦੀ ਸਮਾਗਮ ਮਿਸਾਲੀ ਹੋ ਨਿਬੜਿਆ। ਪਹਿਲਾਂ ਇਹ ਸਮਾਗਮ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਜੋ ਬੰਗਾ ਦੇ ਐਨ ਨੇੜੇ ਪੈਂਦਾ ਹੈ, ਵਿਖੇ ਹੋਣਾ ਸੀ ਪਰ ਮੀਂਹ ਕਾਰਨ ਇਸ ਸਮਾਗਮ ਦਾ ਸਥਾਨ ਮੌਕੇ ਉਤੇ ਹੀ ਬਦਲਣਾ ਪੈ ਗਿਆ। ਉਂਜ, ਖਰਾਬ ਮੌਸਮ ਅਤੇ ਖੜ੍ਹੇ ਪੈਰ ਸਮਾਗਮ ਦਾ ਸਥਾਨ ਬਦਲੇ ਜਾਣ ਦਾ ਸਮਾਗਮ ਅਤੇ ਸਮਾਗਮ ਵਿਚ ਸ਼ਿਰਕਤ ਕਰਨ ਵਾਲੇ ਲੋਕਾਂ ਉਤੇ ਕੋਈ ਅਸਰ ਨਹੀਂ ਹੋਇਆ ਅਤੇ ਲੋਕ ਵੱਡੀ ਗਿਣਤੀ ਵਿਚ ਇਸ ਸਮਾਗਮ ਵਿਚ ਪੁੱਜੇ। ਇਉਂ ਇਸ ਸਮਾਗਮ ਦਾ ਜਿਹੜਾ ਸੁਨੇਹਾ ਗਿਆ, ਉਸ ਬਹੁਤ ਬੱਝਵਾਂ ਅਤੇ ਅਸਰਦਾਰ ਸੀ। ਇਸ ਸਮਾਗਮ ਦੀ ਅਹਿਮੀਅਤ ਇਸ ਕਰ ਕੇ ਵੀ ਸੀ, ਕਿਉਂਕਿ ਪਿਛਲੇ ਕੁਝ ਸਮੇਂ ਤੋਂ ਕੁਝ ਧਿਰਾਂ ਇਹ ਪ੍ਰਚਾਰ ਲਗਾਤਾਰ ਕਰ ਰਹੀਆਂ ਸਨ ਕਿ ਨੌਜਵਾਨਾਂ ਦਾ ਕਿਸਾਨ ਸੰਘਰਸ਼ ਤੋਂ ਮੋਹ-ਭੰਗ ਹੋ ਗਿਆ ਹੈ ਪਰ 23 ਮਾਰਚ ਦੇ ਸ਼ਹੀਦਾਂ ਦੇ ਇਸ ਦਿਵਸ ਮੌਕੇ ਸਾਫ ਜ਼ਾਹਿਰ ਹੋ ਗਿਆ ਕਿ ਪੰਜਾਬ ਦੇ ਨੌਜਵਾਨ, ਕਿਸਾਨ ਸੰਘਰਸ਼ ਦੇ ਨਾਲ ਹੀ ਨਹੀਂ ਸਗੋਂ ਹਰ ਤਰ੍ਹਾਂ ਦੀ ਸਰਗਰਮੀ ਲਈ ਵੀ ਤਿਆਰ-ਬਰ-ਤਿਆਰ ਹਨ।

ਅਸਲ ਵਿਚ 26 ਜਨਵਰੀ ਵਾਲੀਆਂ ਘਟਨਾਵਾਂ ਨੇ ਕਿਸਾਨ ਸੰਘਰਸ਼ ਅੰਦਰ ਬੜੀ ਉਥਲ-ਪੁਥਲ ਕੀਤੀ ਹੈ। ਇਕ ਤਾਂ ਮੋਦੀ ਸਰਕਾਰ ਨੇ ਕਿਸਾਨ ਲੀਡਰਸ਼ਿਪ ਨਾਲ ਗੱਲਬਾਤ ਬੰਦ ਕੀਤੀ ਹੋਈ ਹੈ; ਦੂਜੇ ਪਾਸੇ ਕੁਝ ਧਿਰਾਂ ਵੱਲੋਂ ਕਿਸਾਨ ਲੀਡਰਸ਼ਿਪ ਉਤੇ ਕੋਈ ਨਾ ਕੋਈ ਮੁੱਦਾ ਬਣਾ ਕੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਇਸ ਕਾਰਜ ਵਿਚ ਪਹਿਲਾਂ-ਪਹਿਲ ਕੁਝ ਕਥਿਤ ਪੰਥਕ ਧਿਰਾਂ ਸ਼ਾਮਿਲ ਸਨ ਪਰ ਮਗਰੋਂ ਕਿਸਾਨ ਸੰਘਰਸ਼ ਦੀਆਂ ਕੁਝ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਕੁਝ ਹੋਰ ਧਿਰਾਂ ਵੀ ਇਸ ਹਮਲੇ ਵਿਚ ਸ਼ਾਮਿਲ ਹੋ ਗਈਆਂ। ਇਨ੍ਹਾਂ ਸਾਰੀਆਂ ਧਿਰਾਂ ਦੇ ਹਮਲੇ ਦੀ ਸੁਰ ਇਕ ਹੀ ਹੈ ਕਿ ਕਿਸਾਨ ਲੀਡਰਸ਼ਿਪ ਨੇ ਸਰਕਾਰ ਨਾਲ ਸਮਝੌਤਾ ਕਰ ਲੈਣਾ ਹੈ ਹਾਲਾਂਕਿ ਕਿਸਾਨ ਲੀਡਰਸ਼ਿਪ ਵਿਚ ਸ਼ਾਮਿਲ ਕੁਝ ਧਿਰਾਂ ਦੀ ਨਰਮ ਸੁਰ ਦੇ ਬਾਵਜੂਦ ਇਕ ਵੀ ਕਿਸਾਨ ਧਿਰ ਨੇ ਅਜੇ ਤੱਕ ਇਹ ਨਹੀਂ ਕਿਹਾ ਹੈ ਕਿ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਉਣ ਤੋਂ ਘੱਟ ਉਨ੍ਹਾਂ ਨੂੰ ਕੁਝ ਮਨਜ਼ੂਰ ਹੋਵੇਗਾ। ਉਹ ਤਾਂ ਸਗੋਂ ਘੱਟ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਲਈ ਵੀ ਡਟ ਕੇ ਲਾਮਬੰਦੀ ਕਰ ਰਹੇ ਹਨ। ਇਸ ਕਾਰਜ ਤਹਿਤ ਕਿਸਾਨ ਸੰਘਰਸ਼ ਨੂੰ ਮੁਲਕ ਪੱਧਰ ਉਤੇ ਫੈਲਾਉਣ ਦੇ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਸਿਆਸੀ ਅਤੇ ਕਿਸਾਨ ਮਾਹਿਰ ਵੀ ਵਾਰ-ਵਾਰ ਇਹੀ ਕਹਿ ਰਹੇ ਹਨ ਕਿ ਹੁਣ ਇਸ ਕਿਸਾਨ ਸੰਘਰਸ਼ ਨੂੰ ਹਰ ਹਾਲ ਮੁਲਕ ਪੱਧਰੀ ਬਣਾਇਆ ਜਾਣਾ ਚਾਹੀਦਾ ਹੈ, ਇਉਂ ਕਰ ਕੇ ਹੀ ਮੋਦੀ ਸਰਕਾਰ ਉਤੇ ਵਧੇਰੇ ਦਬਾਅ ਪਾਇਆ ਜਾ ਸਕਦਾ ਹੈ। ਸੰਯੁਕਤ ਕਿਸਾਨ ਮੋਰਚੇ ਦੀ ਲੀਡਰਸ਼ਿਪ ਨੇ ਇਸ ਪਾਸੇ ਉਚੇਚਾ ਧਿਆਨ ਦਿੰਦਿਆਂ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਤਿੱਖੀ ਸਰਗਰਮੀ ਵੀ ਆਰੰਭੀ ਹੋਈ ਹੈ ਅਤੇ ਇਨ੍ਹਾਂ ਨੂੰ ਇਨ੍ਹਾਂ ਸੂਬਿਆਂ ਅੰਦਰ ਭਰਪੂਰ ਹੁੰਗਾਰਾ ਵੀ ਮਿਲ ਰਿਹਾ ਹੈ।

ਇਉਂ ਇਕ ਪਾਸੇ ਤਾਂ ਕਿਸਾਨ ਲੀਡਰਸ਼ਿਪ ਇਸ ਕਿਸਾਨ ਅੰਦੋਲਨ ਨੂੰ ਮੁਲਕ ਪੱਧਰੀ ਬਣਾ ਕੇ ਮੋਦੀ ਸਰਕਾਰ ਉਤੇ ਹੋਰ ਦਬਾਅ ਬਣਾ ਰਹੀ ਹੈ, ਦੂਜੇ ਪਾਸੇ ਲੀਡਰਸ਼ਿਪ ਦੀ ਨੁਕਤਾਚੀਨੀ ਕਰਨ ਵਾਲੇ ਇਸ ਅੰਦੋਲਨ ਨੂੰ ਖਿੱਚ-ਖਿੱਚ ਕੇ ਪੰਜਾਬ ਜਾਂ ਸਿੱਖਾਂ ਦਾ ਅੰਦੋਲਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੋਦੀ ਸਰਕਾਰ ਵੀ ਮੁੱਢ ਤੋਂ ਹੀ ਇਹੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਅੰਦੋਲਨ ਨੂੰ ਪੰਜਾਬ ਤੱਕ ਸੀਮਤ ਕਰ ਕੇ ਪ੍ਰਚਾਰਿਆ ਜਾਵੇ। ਇਸੇ ਕਰ ਕੇ ਹੀ ਇਸ ਨੇ ਪਹਿਲਾਂ-ਪਹਿਲ ਅੰਦੋਲਨਕਾਰੀਆਂ ਉਤੇ ਖਾਲਿਸਤਾਨੀ ਹੋਣ ਦੇ ਦੋਸ਼ ਲਾਏ ਸਨ। ਅਸਲ ਵਿਚ ਕਿਸਾਨ ਲੀਡਰਸ਼ਿਪ ਦੀ ਨੁਕਤਾਚੀਨੀ ਕਰਨ ਵਾਲੀਆਂ ਧਿਰਾਂ ਇਸ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਤੋਂ ਵੀ ਅਗਾਂਹ ਜਾ ਕੇ ਲੀਡਰਸ਼ਿਪ ਵਿਚ ਆਪਣੀ ਹਿੱਸੇਦਾਰੀ ਲਈ ਹੱਥ-ਪੈਰ ਮਾਰ ਰਹੀਆਂ ਹਨ। ਇਸੇ ਕਰ ਕੇ ਕਦੇ ਬੁੱਢੀ ਲੀਡਰਸ਼ਿਪ ਦਾ ਮਸਲਾ ਉਭਾਰਿਆ ਜਾਂਦਾ ਹੈ ਅਤੇ ਕਦੀ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਤਿੱਖਾ ਪ੍ਰੋਗਰਾਮ ਦਿੱਤੇ ਬਗੈਰ ਸਰਕਾਰ ਉਤੇ ਦਬਾਅ ਨਹੀਂ ਬਣਾਇਆ ਜਾ ਸਕਦਾ ਜਦਕਿ ਲੀਡਰਸ਼ਿਪ ਵਾਰ-ਵਾਰ ਸਪਸ਼ਟ ਕਰ ਚੁੱਕੀ ਹੈ ਕਿ ਤਿੰਨ ਖੇਤੀ ਕਾਨੂੰਨ ਰੱਦ ਕਰਨ ਤੋਂ ਘੱਟ ਕੋਈ ਵੀ ਫੈਸਲਾ ਇਸ ਨੂੰ ਮਨਜ਼ੂਰ ਨਹੀਂ ਹੋਵੇਗਾ। ਖੈਰ! ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਸ਼ਹਾਦਤ ਦਿਵਸ ਨੇ ਸਭ ਨੂੰ ਇਕ ਮੌਕਾ ਮੁਹੱਈਆ ਕਰਵਾਇਆ ਹੈ ਕਿ ਸਾਰੀ ਤਾਕਤ ਸੰਘਰਸ਼ ਲੜ ਰਹੀ ਲੀਡਰਸ਼ਿਪ ਪਿੱਛੇ ਲਾ ਦਿੱਤੀ ਜਾਵੇ ਤਾਂ ਕਿ ਮੋਦੀ ਸਰਕਾਰ ਜੋ ਇਹ ਕਾਨੂੰਨ ਰੱਦ ਨਾ ਕਰਨ ਲਈ ਅੜੀ ਹੋਈ ਹੈ, ਉਤੇ ਇਹ ਕਾਨੂੰਨ ਰੱਦ ਕਰਵਾਉਣ ਲਈ ਹੋਰ ਦਬਾਅ ਪਾਇਆ ਜਾ ਸਕੇ। ਲੀਡਰਸ਼ਿਪ ਨੂੰ ਵੀ ਚਾਹੀਦਾ ਹੈ ਕਿ ਉਹ ਮੋਦੀ ਸਰਕਾਰ ਖਿਲਾਫ ਲੜਾਈ ਦੇ ਨਾਲ-ਨਾਲ ਇਸ ਗੱਲ ਦਾ ਵੀ ਖਿਆਲ ਰੱਖਣ ਕਿ ਮੋਰਚੇ ਅੰਦਟ ਪਾਟਕ ਪਾਉਣ ਵਾਲਿਆਂ ਦੀ ਚੱਲਣ ਨਾ ਦਿੱਤੀ ਜਾਵੇ। ਇਸ ਪੱਖ ਤੋਂ ਇਹ ਸੱਚਮੁੱਚ ਮੋਰਚੇ ਦੀ ਲੀਡਰਸ਼ਿਪ ਲਈ ਅਜ਼ਮਾਇਸ਼ ਦੀਆਂ ਘੜੀਆਂ ਹਨ। ਸਰਕਾਰ ਦੀ ਲਗਾਤਾਰ ਇਹ ਕੋਸ਼ਿਸ਼ ਰਹੀ ਹੈ ਕਿ ਅੰਦੋਲਨਕਾਰੀ ਕੋਈ ਗਲਤੀ ਕਰਨ ਅਤੇ ਇਹ ਬਹਾਨਾ ਬਣਾ ਕੇ ਇਸ ਨੂੰ ਕੁਚਲਣ ਲਈ ਆਪਣੀ ਤਾਕਤ ਦੀ ਵਰਤੋਂ ਕਰੇ। ਸਾਰੀਆਂ ਧਿਰਾਂ ਨੂੰ ਇਸ ਪ੍ਰਸੰਗ ਨੂੰ ਧਿਆਨ ਵਿਚ ਰੱਖ ਕੇ ਸੰਜਮ ਅਤੇ ਸਬਰ ਨਾਲ ਚੱਲਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੱਚੀ ਮਾਰਚ ਦਾ ਮਾਰਚ!


ਪੈਰ ਮਿੱਧਣੇ ਜਾਣਦੀ 'ਦੂਜਿਆਂ' ਦੇ, ਹਉਮੈ ਚੌਧਰ ਹੀ 'ਆਪਣੀ' ਲੋੜਦੀ ਐ।
ਸਿਆਣਪ ਦੱਸਦੀ ਗੁਰ ਹੈ ਜਾਬਤੇ ਦਾ, 'ਬੇ-ਮੁਹਾਰੇ' ਹੋ ਜਾਣ ਤੋਂ ਹੋੜਦੀ ਐ।
ਪਾਉਣ ਲਈ ਕੁਰਾਹੇ ਅੰਦੋਲਨਾਂ ਨੂੰ, ਸੱਤਾ ਧਿਰ 'ਸਟੇਅਰਿੰਗ' ਨੂੰ ਮੋੜਦੀ ਐ।
ਕੰਮ ਕੈਂਚੀ ਦਾ ਹੁੰਦਾ ਹੈ ਕੱਟਣੇ ਦਾ, ਕੱਟੇ ਹੋਇਆਂ ਨੂੰ ਸੂਈ ਫਿਰ ਜੋੜਦੀ ਐ।
ਦਾਅ ਨਿੱਜ ਦੇ ਲਾਭ ਲਈ ਲੈਣ ਵਾਲੀ, ਨੀਤੀ ਚੰਦਰੀ ਜੁੜਿਆਂ ਨੂੰ ਤੋੜਦੀ ਐ।
ਪੱਚੀ ਮਾਰਚ ਦੇ 'ਮਾਰਚ' ਨੇ ਜੋੜ ਦੇਣੇ, 'ਚਾਹਤ' ਕਈਆਂ ਦੀ ਭਾਵੇਂ ਵਿਛੋੜਦੀ ਐ!

## ਇਤਿਹਾਸ ਦੇ ਝਰੋਖੇ ਵਿਚੋਂ

# ਜਦੋਂ ਕਿਸਾਨ ਟਰੈਕਟਰ ਮਾਰਚ ਨੇ ਵਾਸ਼ਿੰਗਟਨ ਡੀ.ਸੀ. ਜਾਮ ਕੀਤਾ

*ਨਾਦੀਆ ਸਿੰਘ ਇਸ ਵਕਤ ਲੰਡਨ (ਇੰਗਲੈਂਡ) ਦੀ ਨੌਰਥੰਬਰੀਆ ਯੂਨੀਵਰਸਿਟੀ ਵਿਚ ਪੜ੍ਹਾਉਂਦੀ ਹੈ। ਉਸ ਨੇ ਭਾਰਤ ਵਿਚ ਚੱਲ ਰਹੇ ਕਿਸਾਨ ਘੋਲ ਦੇ ਪ੍ਰਸੰਗ ਵਿਚ ਅਮਰੀਕਾ ਦੇ ਕਿਸਾਨਾਂ ਦਾ ਇਤਿਹਾਸ ਫਰੋਲਿਆ ਹੈ। ਪੰਜਾਬ ਅਤੇ ਭਾਰਤ ਦੇ ਕਿਸਾਨਾਂ ਨਾਲ ਮਿਲਦਾ-ਜੁਲਦਾ, ਅਮਰੀਕਾ ਦੇ ਕਿਸਾਨਾਂ ਦਾ ਇਹ ਘੋਲ 1978 ਵਿਚ ਹੋਇਆ ਸੀ ਅਤੇ ਉਦੋਂ ਕਿਸਾਨਾਂ ਨੇ ਮੁਲਕ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਜਾਮ ਕਰ ਕੇ ਰੱਖ ਦਿੱਤੀ ਸੀ। ਨਾਦੀਆ ਸਿੰਘ ਨੇ ਇਸ ਲੇਖ ਵਿਚ ਉਸ ਵਕਤ ਕਿਸਾਨਾਂ ਦੀਆਂ ਮੰਗਾਂ ਅਤੇ ਉਨ੍ਹਾਂ ਦੇ ਹਾਲਾਤ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਹੈ। -ਸੰਪਾਦਕ*

ਫਰਵਰੀ 1978 ਵਿਚ ਅਮਰੀਕਾ ਭਰ ਦੇ ਹਜ਼ਾਰਾਂ ਕਿਸਾਨਾਂ ਨੇ ਆਪਣੇ ਟਰੈਕਟਰਾਂ ਉਤੇ ਮੁਲਕ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਮਾਰਚ ਕੀਤਾ। ਇਨ੍ਹਾਂ ਵਿਚੋਂ ਬਹੁਤ ਸਾਰੇ ਕਿਸਾਨ ਕਈ-ਕਈ ਦਿਨ ਟਰੈਕਟਰ ਚਲਾ ਕੇ ਅਤੇ ਸੈਂਕੜੇ ਮੀਲਾਂ ਦਾ ਪੈਂਡਾ ਤੈਅ ਕਰ ਕੇ ਪੁੱਜੇ ਸਨ। ਉਨ੍ਹਾਂ ਦੇ ਇਸ ਲੰਬੇ ਤੇ ਔਖੇ ਸਫਰ ਦਾ ਕੀ ਮਕਸਦ ਸੀ? ਉਹ ਉਹੋ ਕੁਝ ਮੰਗ ਰਹੇ ਸਨ ਜੋ ਕੁਝ ਅੱਜ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਭਾਰਤੀ ਕਿਸਾਨ ਮੰਗ ਰਹੇ ਸਨ, ਭਾਵ ਖੇਤੀ ਜਿਣਸਾਂ ਦਾ ਵਾਜਬ ਭਾਅ ਅਤੇ ਖੇਤੀ ਵਿਕਾਸ ਦਾ ਵਧੀਆ ਮਾਡਲ।



ਨਾਦੀਆ ਸਿੰਘ

ਅਮਰੀਕਾ ਨੇ 1970ਵਿਆਂ ਤੱਕ 'ਇਕਸਾਰ ਕੀਮਤ ਪ੍ਰਬੰਧ' ਦੇ ਸਿਧਾਂਤ ਦਾ ਪਾਲਣ ਕੀਤਾ। ਇਹ ਕੀਮਤਾਂ ਦੇ ਅਜਿਹੇ ਪੱਧਰਾਂ ਦਾ ਸਿਸਟਮ ਸੀ, ਜਿਹੜਾ ਅਮਰੀਕਾ ਦੇ ਕਿਸਾਨਾਂ ਲਈ ਘੱਟੋ-ਘੱਟ ਆਮਦਨ ਯਕੀਨੀ ਬਣਾਉਂਦਾ ਸੀ ਪਰ ਖੇਤੀ-ਕਾਰੋਬਾਰੀਆਂ ਦੀ ਗੰਢ-ਤੁੱਪ ਤੇ ਲਾਬੀਇੰਗ ਕਾਰਨ ਮੱਧ 1970ਵਿਆਂ ਤੋਂ ਇਸ ਘੱਟੋ-ਘੱਟ ਸਮਰਥਨ ਪ੍ਰਬੰਧ ਦਾ ਗਿਣ-ਮਿਥ ਕੇ ਭੋਗ ਪੈਣਾ ਲੱਗਾ। ਨਾਲ ਹੀ ਗੜਬੜ ਇਹ ਹੋਈ ਕਿ ਉਸ ਸਮੇਂ ਅਮਰੀਕਾ ਵਿਚ ਪ੍ਰਮੁੱਖ ਵਿਆਜ ਦਰਾਂ ਤੇਲ ਦੀਆਂ ਉੱਚੀਆਂ ਕੀਮਤਾਂ ਕਾਰਨ ਸਭ ਤੋਂ ਉੱਚੀ ਦਰ 21.5 ਫੀਸਦੀ 'ਤੇ ਸਨ। ਇਸ ਕਾਰਨ ਮੱਧ-ਪੱਛਮੀ ਸੂਬਿਆਂ ਦੇ ਕਿਸਾਨਾਂ ਲਈ ਕਰਜ਼ਿਆਂ ਦੀਆਂ ਅਦਾਇਗੀਆਂ ਮੁਸ਼ਕਿਲ ਹੋ ਰਹੀਆਂ ਸਨ ਤੇ ਉਹ ਕੁਰਕੀਆਂ ਦਾ ਸ਼ਿਕਾਰ ਹੋ ਰਹੇ ਸਨ।

ਇਸ ਹਾਲਾਤ ਖਿਲਾਫ ਅਮੈਰਿਕਨ ਐਗਰੀਕਲਚਰ ਮੂਵਮੈਂਟ (ਅਮਰੀਕੀ ਖੇਤੀ ਅੰਦੋਲਨ) ਦਾ ਆਗਾਜ਼ ਕੀਤਾ ਗਿਆ ਅਤੇ 5 ਫਰਵਰੀ, 1978 ਨੂੰ ਅਮਰੀਕਾ ਭਰ ਦੇ ਕਿਸਾਨਾਂ ਨੇ ਵਾਸ਼ਿੰਗਟਨ ਡੀ.ਸੀ. ਲਈ 'ਟਰੈਕਟਰਕੇਡ' (ਟਰੈਕਟਰ ਮਾਰਚ) ਆਰੰਭ ਦਿੱਤਾ, ਜੋ ਕੁਰਕੀਆਂ ਖਿਲਾਫ ਸੁਰੱਖਿਆ ਅਤੇ 100 ਫੀਸਦੀ ਇਕਸਾਰ ਕੀਮਤ ਪ੍ਰਬੰਧ ਦੀ ਮੰਗ ਕਰ ਰਹੇ ਸਨ, ਤਾਂ ਕਿ ਖੇਤੀ ਜਿਣਸਾਂ ਦੀਆਂ ਕੀਮਤਾਂ ਪੈਦਾਵਾਰ ਦੀ ਲਾਗਤ ਤੋਂ ਥੱਲੇ ਨਾ ਡਿੱਗਣ। 'ਟਰੈਕਟਰ ਮਾਰਚ' ਨੇ ਵਾਸ਼ਿੰਗਟਨ ਡੀ.ਸੀ. ਨੂੰ ਜਾਮ ਕਰ ਕੇ ਰੱਖ ਦਿੱਤਾ। ਫੈਡਰਲ ਹਕੂਮਤ ਨੇ ਕਿਸਾਨਾਂ ਉਤੇ 'ਪ੍ਰੇਸ਼ਾਨੀਆਂ ਖੜ੍ਹੀਆਂ' ਕਰਨ ਦੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ ਕਿਉਂਕਿ ਇਸ ਕਾਰਨ ਦੇਸ਼ ਦੇ ਮਾਲੀਏ ਦਾ ਰੋਜ਼ਾਨਾ ਦਸ ਲੱਖ ਡਾਲਰ ਦਾ ਨੁਕਸਾਨ ਹੋ ਰਿਹਾ ਸੀ। ਵਾਸ਼ਿੰਗਟਨ ਦੇ ਵਸਨੀਕ ਤੇ ਉਥੇ ਆਏ ਲੋਕ ਵੀ ਅੰਦੋਲਨਕਾਰੀ ਕਿਸਾਨਾਂ ਤੋਂ ਔਖੇ ਸਨ ਪਰ 22 ਫਰਵਰੀ ਨੂੰ ਅੰਦੋਲਨਕਾਰੀ ਕਿਸਾਨਾਂ ਪ੍ਰਤੀ ਲੋਕਾਂ ਦੀ ਰਾਇ ਉਦੋਂ ਬਦਲ ਗਈ ਜਦੋਂ ਭਾਰੀ ਬਰਫੀਲੇ ਤੂਫਾਨ ਕਾਰਨ ਸਾਰਾ ਵਾਸ਼ਿੰਗਟਨ ਬਰਫ ਦੀ ਛੇ ਇੰਚ ਮੋਟੀ ਪਰਤ ਨਾਲ ਢਕਿਆ ਗਿਆ। ਕਿਸਾਨਾਂ ਨੇ ਬਰਫ ਹਟਾ ਕੇ ਸੈਂਕੜੇ ਕਾਰਾਂ ਨੂੰ ਬਾਹਰ ਕੱਢਿਆ ਤੇ ਬਹੁਤ ਸਾਰੇ ਫਸੇ ਹੋਏ ਲੋਕਾਂ ਦੀ ਵੀ ਮਦਦ ਕੀਤੀ। ਡਾਕਟਰਾਂ ਤੇ ਨਰਸਾਂ ਨੂੰ ਉਨ੍ਹਾਂ ਦੇ ਡਿਊਟੀ ਸਥਾਨਾਂ ਤੱਕ ਪਹੁੰਚਾਇਆ।

ਅੰਦੋਲਨ ਦੇ ਕਈ ਹਫਤਿਆਂ ਬਾਅਦ ਰਾਸ਼ਟਰਪਤੀ ਜਿਮੀ ਕਾਰਟਰ ਦੇ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਕੁਰਕੀਆਂ ਰੋਕਣ ਅਤੇ ਜਿਣਸਾਂ ਦਾ ਵਾਜਬ ਮੁੱਲ ਦੇਣ ਦਾ ਜ਼ੁਬਾਨੀ ਭਰੋਸਾ ਦਿੱਤਾ ਪਰ ਇਹ ਭਰੋਸੇ ਝੂਠੇ ਸਾਬਤ ਹੋਏ ਅਤੇ 1980 ਵਿਚ ਬੈਂਕਾਂ ਨੇ ਮੁੜ ਕੁਰਕੀਆਂ ਸ਼ੁਰੂ ਕਰ ਦਿੱਤੀਆਂ। ਬਹੁਤ ਸਾਰੇ ਛੋਟੇ ਤੇ ਦਰਮਿਆਨੇ ਕਿਸਾਨ ਦਿਵਾਲੀਆ ਹੋ ਗਏ। ਅੰਕੜਿਆਂ ਤੋਂ




ਸਾਹਮਣੇ ਆਇਆ ਹੈ ਕਿ 1948 ਤੋਂ 2018 ਦੌਰਾਨ ਅਮਰੀਕਾ ਵਿਚ 40 ਲੱਖ ਛੋਟੇ ਤੇ ਦਰਮਿਆਨੇ ਕਿਸਾਨ ਖੇਤੀ ਕਿੱਤੇ ਤੋਂ ਬਾਹਰ ਹੋ ਗਏ ਅਤੇ ਦੂਜੇ ਪਾਸੇ ਇਸੇ ਸਮੇਂ ਦੌਰਾਨ 2000 ਏਕੜ ਜਾਂ ਇਸ ਤੋਂ ਵੱਧ ਰਕਬੇ ਵਾਲੇ ਫਾਰਮਾਂ ਦੀ ਗਿਣਤੀ ਅਨੁਪਾਤਕ ਤੌਰ 'ਤੇ ਦੁੱਗਣੀ ਹੋ ਗਈ। ਅੱਜ ਅਮਰੀਕਾ ਵਿਚ 250,000 ਫੈਕਟਰੀ ਫਾਰਮ ਹਨ ਜਿਨ੍ਹਾਂ ਦਾ ਮੁਲਕ ਦੀ ਕੁੱਲ ਖੇਤੀ ਪੈਦਾਵਾਰ ਵਿਚ 51 ਫੀਸਦੀ ਹਿੱਸਾ ਹੈ।

ਇੰਝ ਅਗਲੇਰੇ ਸਾਲਾਂ ਦੌਰਾਨ ਅਮਰੀਕਾ ਵਿਚ ਦੌਲਤ ਅਤੇ ਖੇਤੀ ਮੁਨਾਫੇ ਦਾ ਵੱਡੇ ਪੱਧਰ 'ਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਤੋਂ ਵੱਡੀਆਂ ਖੇਤੀ-ਕਾਰੋਬਾਰੀ ਕਾਰਪੋਰੇਸ਼ਨਾਂ (ਐਗਰੀ-ਬਿਜ਼ਨਸ ਕਾਰਪੋਰੇਸ਼ਨਜ਼) ਵੱਲ ਵਹਾਅ ਹੋਇਆ। ਫਿਰ ਇਨ੍ਹਾਂ ਖੇਤੀ ਕਾਰਪੋਰੇਟ ਅਦਾਰਿਆਂ ਨੇ 'ਖੇਤਾਂ ਤੋਂ ਲੈ ਕੇ ਭੋਜਨ ਦੀ ਥਾਲੀ ਤੱਕ' ਸਮੁੱਚੀ ਸਪਲਾਈ ਲੜੀ ਨੂੰ ਆਪਣੇ ਕੰਟਰੋਲ ਵਿਚ ਲੈਣਾ ਸ਼ੁਰੂ ਕਰ ਦਿੱਤਾ ਅਤੇ ਉਹ ਖੇਤੀ ਪੈਦਾਵਾਰ ਨੂੰ ਵੀ ਆਪਣੇ ਮੁਨਾਫੇ ਮੁਤਾਬਕ ਤੈਅ ਕਰਨ ਲੱਗੇ ਤੇ ਪੈਦਾਵਾਰੀ ਕੀਮਤ ਤੇ ਮੰਗ ਨੂੰ ਵੀ ਕੰਟਰੋਲ ਕਰਨਾ ਸ਼ੁਰੂ ਕਰ ਦਿੱਤਾ, ਜੋ ਪੇਂਡੂ ਇਲਾਕਿਆਂ ਵਿਚਲੇ ਛੋਟੇ ਕਾਰੋਬਾਰੀਆਂ ਲਈ ਨੁਕਸਾਨਦੇਹ ਸੀ। ਸਿੱਟੇ ਵਜੋਂ ਪਿੰਡਾਂ ਵਿਚ ਬੀਜਾਂ ਤੇ ਖੇਤੀ ਅਤੇ ਹੋਰ ਸਾਜ਼ੋ-ਸਾਮਾਨ ਮੁਹੱਈਆ ਕਰਾਉਣ ਵਾਲੇ ਕਾਰੋਬਾਰੀਆਂ ਦੇ ਧੰਦੇ ਬੰਦ ਹੋਣ ਲੱਗੇ। ਇਸ ਤਰ੍ਹਾਂ ਵਕਤ ਬੀਤਣ ਨਾਲ ਅਮਰੀਕਾ ਵਿਚ ਕਿਸਾਨੀ ਭਾਈਚਾਰੇ ਅਤੇ ਖੇਤੀ ਆਧਾਰਤ ਰਹਿਣ-ਸਹਿਣ ਦਾ ਇਕ ਤਰ੍ਹਾਂ ਖਾਤਮਾ ਹੋ ਗਿਆ।

ਦੂਜੇ ਪਾਸੇ ਅਮਰੀਕਾ ਵਿਚ ਇਨ੍ਹਾਂ ਚਾਰ ਦਹਾਕਿਆਂ ਦੌਰਾਨ ਖੇਤੀਬਾੜੀ ਪੈਦਾਵਾਰ ਲਗਾਤਾਰ ਵਧ ਰਹੀ ਹੈ ਪਰ ਇਸ ਖੇਤੀ ਮੁਨਾਫੇ ਦਾ ਬੜਾ ਛੋਟਾ ਹਿੱਸਾ ਹੀ ਛੋਟੇ ਤੇ ਦਰਮਿਆਨੇ ਕਾਸ਼ਤਕਾਰਾਂ ਤੱਕ ਪੁੱਜਦਾ ਹੈ ਅਤੇ ਉਨ੍ਹਾਂ ਦੇ ਹਾਲਾਤ ਬਦਤਰ ਹੋ ਰਹੇ ਹਨ। ਅਮਰੀਕਾ ਦੇ ਖੇਤੀਬਾੜੀ ਵਿਭਾਗ (ਯੂ.ਐਸ.ਡੀ.ਏ.) ਦੇ ਅੰਕੜਿਆਂ ਮੁਤਾਬਕ ਕਿਸਾਨੀ ਕਰਜ਼ੇ ਇਤਿਹਾਸ ਦੀ ਸਭ ਤੋਂ ਸਿਖਰਲੀ ਪੱਧਰ 41.60 ਕਰੋੜ ਡਾਲਰ ਤੱਕ ਪੁੱਜ ਗਏ ਹਨ ਅਤੇ ਅਮਰੀਕਾ ਦੇ ਆਜ਼ਾਦਾਨਾ ਢੰਗ ਨਾਲ ਖੇਤੀ ਕਰਨ ਵਾਲੇ ਅੱਧੇ ਕਿਸਾਨ ਕਰਜ਼ੇ ਵਿਚ ਜਕੜੇ ਹਨ। ਛੋਟੇ ਕਿਸਾਨਾਂ ਦੀ ਔਸਤ ਆਮਦਨ ਮਨਫੀ 1553 ਡਾਲਰ ਤੱਕ ਡਿੱਗ ਪਈ ਹੈ, ਕਿਉਂਕਿ ਖੇਤੀ ਲਾਹੇਵੰਦੀ ਨਾ ਰਹਿਣ ਕਾਰਨ ਹਰ ਸਾਲ ਕਿਸਾਨਾਂ ਦਾ ਨੁਕਸਾਨ ਵਧਦਾ ਜਾ ਰਿਹਾ ਹੈ। ਇੰਝ ਆਮਦਨ, ਘਰ ਤੇ ਰੋਜ਼ੀ-ਰੋਟੀ ਖੁੱਸ ਜਾਣ ਕਾਰਨ ਅਮਰੀਕਾ ਵਿਚ ਵੀ ਬਹੁਤ ਸਾਰੇ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਅਮਰੀਕਾ ਦੇ ਬਿਮਾਰੀ ਕੰਟਰੋਲ ਤੇ ਰੋਕਥਾਮ ਕੇਂਦਰ ਦਾ ਅੰਦਾਜ਼ਾ ਹੈ ਕਿ ਮੁਲਕ ਦੇ ਕਿਸਾਨੀ ਭਾਈਚਾਰੇ ਵਿਚ ਖੁਦਕੁਸ਼ੀਆਂ ਦੀ ਦਰ ਮੁਲਕ ਦੀ ਕੌਮੀ ਔਸਤ ਨਾਲੋਂ ਡੇਢ ਗੁਣਾ ਵੱਧ ਹੈ।

ਅਮਰੀਕੀ ਕਿਸਾਨਾਂ ਦੇ ਵਾਸ਼ਿੰਗਟਨ ਡੀ.ਸੀ. ਟਰੈਕਟਰ ਮਾਰਚ ਦੇ 43 ਸਾਲਾਂ ਬਾਅਦ ਭਾਰਤੀ ਕਿਸਾਨ ਵੀ ਮੁਲਕ ਦੀ ਰਾਜਧਾਨੀ ਨਵੀਂ ਦਿੱਲੀ ਦੇ ਬਾਹਰ ਡੇਰੇ ਲਾਈ ਬੈਠੇ ਹਨ, ਕਿਉਂਕਿ ਉਨ੍ਹਾਂ ਨੂੰ ਵੀ ਆਪਣਾ ਹਸ਼ਰ ਅਮਰੀਕੀ ਕਿਸਾਨਾਂ ਵਰਗਾ ਹੀ ਹੋਣ ਦਾ ਖਦਸ਼ਾ ਹੈ। ਉਹ ਭਾਰਤ ਸਰਕਾਰ ਵੱਲੋਂ ਲਿਆਂਦੇ ਨਵੇਂ ਖੇਤੀ ਕਾਨੂੰਨਾਂ ਨੂੰ 'ਕਾਲੇ ਕਾਨੂੰਨ' ਗਰਦਾਨ ਰਹੇ ਹਨ, ਕਿਉਂਕਿ ਇਹ ਕਾਨੂੰਨ ਉਨ੍ਹਾਂ ਨੂੰ ਬਾਜ਼ਾਰੀ ਬੇਯਕੀਨੀਆਂ ਦੇ ਰਹਿਮ ਦਾ ਮੁਥਾਜ ਬਣਾ ਦੇਣਗੇ। ਮੁਲਕ ਦੀ ਕੌਮੀ ਆਮਦਨ ਵਿਚ 19 ਫੀਸਦੀ ਯੋਗਦਾਨ ਪਾਉਣ ਅਤੇ ਕਿਰਤ ਸ਼ਕਤੀ ਦੇ ਅੱਧੇ ਤੋਂ ਵੱਧ ਹਿੱਸੇ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਦੇ ਬਾਵਜੂਦ ਭਾਰਤ ਵਿਚ ਖੇਤੀਬਾੜੀ ਹਰ ਬੀਤਦੇ ਸਾਲ ਨਾਲ ਰੋਜ਼ੀ-ਰੋਟੀ ਪੱਖੋਂ ਘੱਟ ਲਾਹੇਵੰਦੀ ਹੁੰਦੀ ਜਾ ਰਹੀ ਹੈ। ਪੰਜਾਬ, ਜਿਸ ਨੂੰ ਭਾਰਤ ਦਾ ਅੰਨ ਭੰਡਾਰ ਆਖਿਆ ਜਾਂਦਾ ਹੈ, ਦੇ 72 ਫੀਸਦੀ ਕਿਸਾਨ ਕਰਜ਼ੇ ਹੇਠ ਹਨ। ਉਹ ਪ੍ਰਾਈਵੇਟ ਬਾਜ਼ਾਰੀ ਤਾਕਤਾਂ ਤੋਂ ਫਿਕਰਮੰਦ ਹਨ ਤੇ ਉਨ੍ਹਾਂ ਨੂੰ ਡਰ ਹੈ ਕਿ ਸਰਕਾਰੀ ਸੁਰੱਖਿਆ ਤੋਂ ਬਗੈਰ ਅਣਹੋਂਦ ਵਿਚ ਉਨ੍ਹਾਂ ਦੀ ਪਹਿਲਾਂ ਹੀ ਮਾਮੂਲੀ ਆਮਦਨ ਹੋਰ ਨਾ ਘਟ ਜਾਵੇ।

ਇਨ੍ਹਾਂ ਜ਼ੋਰਦਾਰ ਕਿਸਾਨ ਅੰਦੋਲਨਾਂ ਦੇ ਬਾਵਜੂਦ ਭਾਰਤ ਸਰਕਾਰ ਆਪਣੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ ਫਾਇਦੇਮੰਦ ਤੇ ਵਧੀਆ ਕਰਾਰ ਦੇ ਕੇ ਇਨ੍ਹਾਂ ਦੀ ਭਾਰੀ ਹਮਾਇਤ ਕਰ ਰਹੀ ਹੈ। ਭਾਰਤ ਸਰਕਾਰ ਨੂੰ ਇਸ ਮਾਮਲੇ ਵਿਚ ਅਮਰੀਕਾ ਜਿਸ ਦੀ ਇਹ ਅਕਸਰ ਨਕਲ ਕਰਦੀ ਹੈ, ਦੇ ਤਜਰਬੇ ਤੋਂ ਮੱਤ ਲੈਣੀ ਚਾਹੀਦੀ ਹੈ। ਸਭਨਾਂ ਦੀ ਭਲਾਈ ਹੀ ਮੁਲਕ ਦੀ ਨੀਤੀ ਨਿਰਮਾਣ ਦਾ ਮੁੱਖ ਮਕਸਦ ਹੋਣਾ ਚਾਹੀਦਾ ਹੈ। ਕੌਮੀ ਸਰਕਾਰਾਂ ਨੂੰ ਕਦੇ ਵੀ ਮੁਨਾਫੇ ਦੀ ਇਕਸਾਰਤਾ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ!!

# 23 ਮਾਰਚ ਦੀ ਵਿਰਾਸਤ ਅਤੇ ਅਜੋਕਾ ਮਹਾਂ ਅੰਦੋਲਨ

**ਬੂਟਾ ਸਿੰਘ**
ਫੋਨ: +91-94634-74342

ਮਾਰਚ ਦਾ ਮਹੀਨਾ ਲੋਕ ਮੁਕਤੀ ਸੰਘਰਸ਼ਾਂ ਦੇ ਇਤਿਹਾਸ ਵਿਚ ਖਾਸ ਮਹੱਤਵ ਰੱਖਦਾ ਹੈ। ਇਸ ਵਾਰ ਮਾਰਚ ਦੇ ਸ਼ਹੀਦਾਂ ਨੂੰ ਨਿਵੇਕਲੇ ਮਾਹੌਲ ਵਿਚ ਯਾਦ ਕੀਤਾ ਗਿਆ। ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਦੀ ਫਿਜ਼ਾ ਭਗਵੇਂ ਫਾਸ਼ੀਵਾਦ ਨਿਜ਼ਾਮ ਨਾਲ ਮੱਥਾ ਲਾਈ ਬੈਠੇ ਮਹਾਂ ਅੰਦੋਲਨ ਦੇ ਸੰਗਰਾਮੀ ਰੰਗ ਵਿਚ ਰੰਗੀ ਹੋਈ ਹੈ। ਘਰਾਂ, ਦੁਕਾਨਾਂ ਅਤੇ ਵਹੀਕਲਾਂ ਉਪਰ ਲਹਿਰਾਉਂਦੇ ਕਿਸਾਨੀ ਝੰਡੇ ਨਵੀਂ ਸਮਾਜੀ ਅੰਗੜਾਈ ਅਤੇ ਜਾਗਰੂਕਤਾ ਦੇ ਪ੍ਰਤੀਕ ਹਨ। ਇਨ੍ਹਾਂ ਝੰਡਿਆਂ ਵਿਚ ਸਰਕਾਰਾਂ ਅਤੇ ਹਾਕਮ ਜਮਾਤੀ ਸਿਆਸਤ ਤੋਂ ਅੱਕੀ ਅਵਾਮ ਆਪਣਾ ਭਵਿੱਖ ਦੇਖ ਰਹੀ ਹੈ। ਇਸ ਸਮੂਹਿਕ ਖਵਾਇਸ਼, ਰੀਝ, ਬਦਲਾਓ ਦੀ ਤਾਂਘ ਅਤੇ ਸਵੈਮਾਣ ਵਾਲੀ ਜ਼ਿੰਦਗੀ ਦੇ ਸੁਪਨੇ ਦੇ ਸਾਕਾਰ ਹੋਣ ਲਈ ਇਹ ਲਾਜ਼ਮੀ ਹੈ ਕਿ ਆਰ.ਐਸ.ਐਸ.-ਭਾਜਪਾ ਹਕੂਮਤ ਵਿਰੁੱਧ ਅਵਾਮੀ ਗੁੱਸੇ ਅਤੇ ਨਫਰਤ ਨੂੰ ਸਾਮਰਾਜਵਾਦ-ਪੂੰਜੀਵਾਦ ਅਤੇ ਇਸ ਲੋਟੂ ਢਾਂਚੇ ਵਿਰੁੱਧ ਇਨਕਲਾਬੀ ਚੇਤਨਾ ਵਿਚ ਬਦਲਿਆ ਜਾਵੇ। ਇਸ ਲਈ ਲਾਜ਼ਮੀ ਹੈ ਕਿ ਅਵਾਮ ਲੋਕ ਦੁਸ਼ਮਣ ਰਾਜ ਢਾਂਚੇ ਨੂੰ ਖਤਮ ਕਰ ਕੇ ਇਸ ਦੀ ਜਗ੍ਹਾ ਸਰਬਪੱਖੀ ਬਰਾਬਰੀ, ਨਿਆਂ ਅਤੇ ਸਾਂਝੀਵਾਲਤਾ 'ਤੇ ਆਧਾਰਿਤ ਸੱਚਾ ਲੋਕਤੰਤਰੀ ਸਮਾਜ ਉਸਾਰਨ ਅਤੇ ਇਸ ਲਈ ਜਾਨ-ਹੂਲਵੀਂ ਲੜਾਈ ਲੜਨ ਦੀ ਜ਼ਰੂਰਤ ਨੂੰ ਆਤਮਸਾਤ ਕਰਨ।

ਪੰਜਾਬ ਅਤੇ ਪੂਰੇ ਮੁਲਕ ਵਿਚ ਮਾਰਚ ਦੇ ਮਹੀਨੇ ਗਦਰੀਆਂ, ਬੱਬਰ ਅਕਾਲੀਆਂ ਅਤੇ ਹੋਰ ਬਹੁਤ ਸਾਰੇ ਇਨਕਲਾਬੀ ਸੂਰਮਿਆਂ ਨੇ ਆਜ਼ਾਦੀ, ਮੁਕਤੀ ਅਤੇ ਮਨੁੱਖ ਦੇ ਜਿਊਣਯੋਗ ਸਮਾਜ ਦੀ ਸਿਰਜਣਾ ਲਈ ਸੰਗਰਾਮ ਵਿਚ ਆਪਣੀਆਂ ਜਾਨਾਂ ਵਾਰੀਆਂ ਸਨ। 23 ਮਾਰਚ ਦੇ ਦਿਨ ਅੰਗਰੇਜ਼ ਹਕੂਮਤ ਵੱਲੋਂ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਮਾਰਚ ਵਿਚ ਹੀ ਪੰਜਾਬ ਵਿਚ ਨਕਸਲਬਾੜੀ ਲਹਿਰ ਦੇ ਬਾਨੀ ਆਗੂ (ਅਤੇ ਸੀ.ਪੀ.ਆਈ.-ਐਮ.ਐਲ. ਦੇ ਪਹਿਲੇ ਸੂਬਾ ਸਕੱਤਰ) ਕਾਮਰੇਡ ਦਇਆ ਸਿੰਘ ਅਤੇ ਉਨ੍ਹਾਂ ਦੇ ਸਾਥੀ ਬਜ਼ੁਰਗ ਦੇਸ਼ਭਗਤ ਹਰੀ ਸਿੰਘ ਮਰਗਿੰਦ ਨੂੰ ਫਰਜ਼ੀ ਪੁਲਿਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ। ਇਸੇ ਮਹੀਨੇ ਇਨਕਲਾਬੀ ਆਗੂ ਅਤੇ ਲੋਕ ਕਵੀ ਜੈਮਲ ਸਿੰਘ ਪੱਡਾ ਅਤੇ ਇਨਕਲਾਬੀ ਕਵੀ ਅਵਤਾਰ ਪਾਸ਼ ਨੂੰ ਉਸ ਦੇ ਸਾਥੀ ਹੰਸ ਰਾਜ ਸਮੇਤ ਖਾਲਿਸਤਾਨੀਆਂ ਵੱਲੋਂ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਦਾ ਮਹੱਤਵ ਮਹਿਜ਼ ਇਸ ਕਰ ਕੇ ਨਹੀਂ ਕਿ ਉਨ੍ਹਾਂ ਨੇ ਲੋਕ ਦੁਸ਼ਮਣ ਤਾਕਤਾਂ ਨਾਲ ਟੱਕਰ ਲੈਂਦਿਆਂ ਬਹਾਦਰੀ ਨਾਲ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਦੀ ਸ਼ਹਾਦਤ ਅਤੇ ਸੂਰਮਗਤੀ ਇਸ ਕਰ ਕੇ ਵਧੇਰੇ ਮਹੱਤਵਪੂਰਨ ਹੈ ਕਿ ਉਨ੍ਹਾਂ ਨੇ ਆਪਣੇ ਜ਼ਮਾਨੇ ਦੀ ਇਨਕਲਾਬੀ ਵਿਚਾਰਧਾਰਾ ਦੀ ਚੇਤਨਾ ਗ੍ਰਹਿਣ ਕਰ ਕੇ ਆਦਮਖੋਰ ਲੋਟੂ ਪ੍ਰਬੰਧ ਦੀ ਬੁਨਿਆਦ, ਇਸ ਦੇ ਮੂਲ ਕਾਰਨਾਂ ਨੂੰ ਕ੍ਰਮਵਾਰ ਇਨਕਲਾਬੀ ਅਤੇ ਵਿਗਿਆਨਕ ਨਜ਼ਰੀਏ ਨਾਲ ਸਮਝ ਕੇ ਇਨਕਲਾਬੀ ਸੰਘਰਸ਼ ਜ਼ਰੀਏ ਚੁਣੌਤੀ ਦਿੱਤੀ। ਇਸ ਦੇ ਆਧਾਰ 'ਤੇ ਉਹ ਇਨਕਲਾਬੀ ਸੰਘਰਸ਼ਾਂ ਨੂੰ ਅੱਗੇ ਵਧਾਉਣ ਅਤੇ ਵਿਸ਼ਾਲ ਅਵਾਮ ਨੂੰ ਜਾਗਰੂਕ ਕਰਕੇ ਸੰਘਰਸ਼ਾਂ ਵਿਚ ਪਾਉਂਦਿਆਂ ਆਪੋ-ਆਪਣੀ ਕਰਮਭੂਮੀ ਵਿਚ ਆਖਰੀ ਦਮ ਤੱਕ ਦ੍ਰਿੜਤਾ ਨਾਲ ਡਟੇ ਰਹੇ।

ਹਾਕਮ ਜਮਾਤਾਂ ਗਦਰੀਆਂ, ਬੱਬਰ ਅਕਾਲੀਆਂ ਅਤੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਹਰਮਨਪਿਆਰਤਾ ਨੂੰ ਦੇਖਦਿਆਂ ਉਨ੍ਹਾਂ ਦੀ ਕੁਰਬਾਨੀ ਨੂੰ ਸਿਜਦਾ ਕਰਨ ਦਾ ਦੰਭ ਜ਼ਰੂਰ ਕਰਦੀਆਂ ਹਨ ਲੇਕਿਨ ਉਨ੍ਹਾਂ ਦੀ ਇਨਕਲਾਬੀ ਵਿਚਾਰਧਾਰਾ ਅਤੇ ਕੁਰਬਾਨੀ ਦੇ ਉਦੇਸ਼ ਉਪਰ ਚਲਾਕੀ ਨਾਲ ਪਰਦਾ ਪਾਉਂਦੀਆਂ ਹਨ। ਲਿਹਾਜ਼ਾ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਵਿਚਾਰਧਾਰਾ ਅਤੇ ਕੁਰਬਾਨੀ ਦੇ ਉਦੇਸ਼ ਨੂੰ ਲੋਕਾਂ ਦੀ ਸੂਝ ਅਤੇ ਚੇਤਨਾ ਦਾ ਹਿੱਸਾ ਬਣਾਉਣਾ ਸ਼ਹੀਦਾਂ ਦੇ ਸੱਚੇ ਵਾਰਿਸਾਂ ਅੱਗੇ ਬਹੁਤ ਬੜੀ ਚੁਣੌਤੀ ਹੈ।

ਅਤੀਤ ਵਿਚ ਹੋਏ ਸ਼ਹੀਦਾਂ, ਸੂਰਮਿਆਂ ਨੂੰ ਯਾਦ ਕਰ ਲੈਣਾ ਹੀ ਕਾਫੀ ਨਹੀਂ ਹੈ, ਉਨ੍ਹਾਂ ਵੱਲੋਂ ਲੜੇ ਜਾਨ-ਹੂਲਵੇਂ ਸੰਘਰਸ਼ ਨੂੰ ਅਜੋਕੇ ਸੰਘਰਸ਼ਾਂ ਦੀ ਪ੍ਰੇਰਣਾ ਦੇ ਰੂਪ 'ਚ ਦੇਖਣਾ ਅਤੇ ਅਵਾਮ ਦੀ ਬਦਲਾਓ ਦੀ ਤਾਂਘ ਨੂੰ ਲੋਕ-ਮੁਕਤੀ ਲਈ ਸੰਘਰਸ਼ ਦੀ ਚੇਤਨਾ ਵਿਚ ਬਦਲਣਾ ਸਭ ਤੋਂ ਮਹੱਤਵਪੂਰਨ ਕਾਰਜਾਂ ਵਿਚੋਂ ਇਕ ਹੈ। ਇਹ ਕਾਰਜ ਪੰਜਾਬ ਵਿਚ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਕਾਲੇ ਕਾਨੂੰਨ ਵਿਰੁੱਧ ਸੰਘਰਸ਼ ਨੇ ਮੁਕਾਬਲਤਨ ਸੁਖਾਲਾ ਬਣਾ ਦਿੱਤਾ ਹੈ। ਸਮਾਜ ਦੇ ਵੱਖ-ਵੱਖ ਹਿੱਸੇ ਇਹ ਚੇਤਨਾ ਗ੍ਰਹਿਣ ਕਰਨ ਲਈ ਰੁਚਿਤ ਹਨ। ਬੇਸ਼ੱਕ ਇਸ ਸੰਘਰਸ਼ ਦੇ ਕੇਂਦਰ ਵਿਚ ਕਿਸਾਨ ਲਾਮਬੰਦੀ ਹੈ ਲੇਕਿਨ ਇਹ ਸੰਘਰਸ਼ ਵਰਗਾਂ, ਧਰਮਾਂ ਅਤੇ ਹੋਰ ਸਮਾਜੀ ਵੰਡੀਆਂ ਤੋਂ ਪਾਰ ਜਾ ਕੇ ਸਮਾਜ ਦੇ ਵੱਖ-ਵੱਖ ਹਿੱਸਿਆਂ ਨੂੰ ਕਲਾਵੇ ਵਿਚ ਲੈਣ ਵਾਲਾ ਮਹਾਂ ਅੰਦੋਲਨ ਬਣ ਚੁੱਕਾ ਹੈ। ਪੰਜਾਬ ਦੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਸੰਘਰਸ਼ ਨੇ ਪੰਜਾਬ ਦਾ ਸਿਆਸੀ ਮਾਹੌਲ ਅਸਲੋਂ ਹੀ ਬਦਲ ਦਿੱਤਾ ਹੈ। ਅਵਾਮ ਦੇ ਮਨ-ਮਸਤਕ ਉਪਰ ਇਸ ਅੰਦੋਲਨ ਦਾ ਜ਼ਬਰਦਸਤ ਪ੍ਰਭਾਵ ਸਪਸ਼ਟ ਦੇਖਿਆ ਜਾ ਸਕਦਾ ਹੈ। ਇਹ ਪ੍ਰਭਾਵ ਪੰਜਾਬ ਤੱਕ ਹੀ ਸੀਮਤ ਨਹੀਂ ਰਿਹਾ। ਮਹਾਂ ਅੰਦੋਲਨ ਦੇ ਦਿੱਲੀ ਵੱਲ ਕੂਚ ਤੋਂ ਬਾਅਦ ਹਰਿਆਣਾ ਅਤੇ ਇਸ ਤੋਂ ਅੱਗੇ ਹੋਰ ਬਹੁਤ ਸਾਰੇ ਰਾਜਾਂ ਵਿਚ ਵਿਸ਼ਾਲ ਕਿਸਾਨ ਉਭਾਰ ਅਤੇ ਲਾਮਬੰਦੀ ਇਸੇ ਮਹਾਂ ਅੰਦੋਲਨ ਦੀ ਬਦੌਲਤ ਹੀ ਸੰਭਵ ਹੋਈ ਹੈ। ਭਗਵੇਂ ਹੁਕਮਰਾਨਾਂ ਨੂੰ ਹਰ ਥਾਂ ਹੀ ਕਿਸਾਨਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਹਿਜ਼ ਭਾਰਤ ਵਿਚ ਹੀ ਨਹੀਂ, ਇਸ ਮਹਾਂ ਅੰਦੋਲਨ ਦਾ ਪ੍ਰਭਾਵ ਕੌਮਾਂਤਰੀ ਪੱਧਰ 'ਤੇ ਵੀ ਦੇਖਿਆ ਜਾ ਸਕਦਾ ਹੈ ਅਤੇ ਇਹ ਹੋਰ ਮੁਲਕਾਂ ਦੇ ਲੋਕਾਂ ਨੂੰ ਕਾਰਪੋਰੇਟ ਸਰਮਾਏਦਾਰਾ ਗਲਬੇ ਵਾਲੀ ਆਰਥਕਤਾ ਵਿਰੁੱਧ ਉਠਣ ਅਤੇ ਚੁਣੌਤੀ ਦੇਣ ਲਈ ਪ੍ਰੇਰਨਾ ਬਣ ਰਿਹਾ ਹੈ।

ਭਾਰਤ ਵਿਚ ਇਸ ਬੇਮਿਸਾਲ ਅੰਦੋਲਨ ਨੇ ਹਾਕਮ ਜਮਾਤੀ ਸਿਆਸਤ ਨੂੰ ਪਾਸੇ ਧੱਕ ਕੇ ਅਤੇ ਉਨ੍ਹਾਂ ਨੂੰ ਵਕਤੀ ਤੌਰ 'ਤੇ ਗੈਰ ਪ੍ਰਸੰਗਿਕ ਬਣਾ ਕੇ ਯੁਗ-ਪਲਟਾਊ ਬਦਲਾਓ ਦੇ ਪ੍ਰਫੁੱਲਤ ਹੋਣ ਲਈ ਮੁੱਢਲੇ ਹਾਲਾਤ ਪੈਦਾ ਕਰ ਦਿੱਤੇ ਹਨ। ਪੰਜਾਬ ਵਿਚ ਲੋਕ-ਦੁਸ਼ਮਣ ਤਾਕਤਾਂ ਇਸ ਬਦਲਾਓ ਦੀ ਸੰਭਾਵਨਾ ਦਾ ਬੀਜ-ਨਾਸ਼ ਕਰਨ ਲਈ ਅਤੇ ਆਪਣੀ ਖੁੱਸ ਚੁੱਕੀ ਚੌਧਰ ਅਤੇ ਗਲਬੇ ਨੂੰ ਮੁੜ-ਬਹਾਲ ਕਰਨ ਲਈ ਬੁਰੀ ਤਰ੍ਹਾਂ ਤਰਲੋਮੱਛੀ ਹੋ ਰਹੀਆਂ ਹਨ। ਉਹ ਮਹਾ-ਅੰਦੋਲਨ ਨੂੰ ਸੱਟ ਮਾਰਨ ਲਈ ਵੱਖ-ਵੱਖ ਤਰੀਕਿਆਂ ਨਾਲ ਸਰਗਰਮ ਹਨ। ਪਿਛਾਖੜੀ ਏਜੰਡਿਆਂ ਵਾਲੀਆਂ ਹੋਰ ਤਾਕਤਾਂ ਇਸ ਬੇਮਿਸਾਲ ਉਭਾਰ ਉਪਰ ਚਲਾਕੀ ਨਾਲ ਕਬਜ਼ਾ ਕਰ ਕੇ ਅਤੇ ਅਵਾਮ ਨੂੰ ਵਰਗਲਾ ਕੇ ਆਪਣੇ ਮਗਰ ਲਾਉਣ ਲਈ ਹਰ ਹਰਬਾ ਇਸਤੇਮਾਲ ਕਰ ਰਹੀਆਂ ਹਨ। ਇਨ੍ਹਾਂ ਹਾਲਾਤ ਵਿਚ ਅਵਾਮੀ ਉਭਾਰ ਨੂੰ ਯੁਗ-ਪਲਟਾਊ ਰਾਜਸੀ ਚੇਤਨਾ ਵਿਚ ਬਦਲਣ ਦੀ ਜ਼ਿੰਮੇਵਾਰੀ ਪੰਜਾਬ ਦੀਆਂ ਸੱਚੀਆਂ ਤਬਦੀਲੀਪਸੰਦ, ਸੱਚੀਆਂ ਇਨਕਲਾਬੀ ਤਾਕਤਾਂ ਉੱਪਰ ਹੈ। ਮਾਰਚ ਮਹੀਨੇ ਦੇ ਸ਼ਹੀਦਾਂ ਦੀ ਵਿਰਾਸਤ ਨੂੰ ਆਤਮਸਾਤ ਕਰਾਉਣ ਲਈ ਹੰਭਲਾ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਸਮੂਹ ਲੋਕਪੱਖੀ ਤਾਕਤਾਂ ਨੂੰ ਵਿਸ਼ੇਸ਼ ਯਤਨ ਜੁਟਾ ਕੇ ਅਵਾਮ ਨੂੰ ਸਿਖਿਅਤ ਕਰਨਾ ਹੋਵੇਗਾ ਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਦਿੱਤੇ ਦੋ ਨਾਅਰਿਆਂ 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਦੇ ਮਾਇਨੇ ਕੀ ਹਨ। ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਐਲਾਨ ਕੀਤਾ ਸੀ ਕਿ 'ਜਦ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੁੰਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।' ਭਾਰਤੀ ਹਾਕਮ ਜਮਾਤਾਂ ਵੱਲੋਂ ਅਪਣਾਇਆ 'ਖੁੱਲ੍ਹੀ ਮੰਡੀ' ਦਾ ਮਾਡਲ ਕਿਰਤੀ ਲੋਕਾਂ ਦੀ ਧਾੜਵੀ ਲੁੱਟਖਸੁੱਟ ਨੂੰ ਹੋਰ ਬੇਕਿਰਕ ਬਣਾਉਣ ਅਤੇ ਕੁਦਰਤੀ ਵਸੀਲਿਆਂ ਨੂੰ ਆਪਣੇ ਸੁਪਰ-ਮੁਨਾਫੇ ਯਕੀਨੀਂ ਬਣਾਉਣ ਲਈ ਹੋਰ ਵੀ ਬੇਕਿਰਕੀ ਨਾਲ ਨਿਚੋੜਨ ਦਾ ਮਾਡਲ ਹੈ। ਖੇਤੀ ਖੇਤਰ ਉੱਪਰ ਮੁਕੰਮਲ ਕਬਜ਼ੇ ਦਾ ਸੰਦ ਮੌਜੂਦਾ ਕਾਲੇ ਕਾਨੂੰਨ ਕਾਰਪੋਰੇਟ ਸਰਮਾਏ ਦੀ ਜਕੜ ਨੂੰ ਹੋਰ ਪੀਡੀ ਕਰਨ ਲਈ ਬਣਾਏ ਗਏ ਹਨ ਜੋ ਅਮੀਰ-ਗਰੀਬ ਦਰਮਿਆਨ ਮੌਜੂਦਾ ਪਾੜੇ ਅਤੇ ਹਰ ਤਰ੍ਹਾਂ ਦੀ ਨਾਬਰਾਬਰੀ ਨੂੰ ਤੇਜ਼ੀ ਨਾਲ ਜ਼ਰਬਾਂ ਦੇਣਗੇ। ਲਿਹਾਜ਼ਾ, ਸਾਡੇ ਸਮਾਜ ਨੂੰ ਨਿਚੋੜ ਰਹੀ ਲੁੱਟਖਸੁੱਟ, ਦਾਬੇ ਅਤੇ ਹਰ ਤਰ੍ਹਾਂ ਦੇ ਵਿਤਕਰੇ ਤੋਂ ਮੁਕਤੀ ਲਈ ਅਤੇ ਸੱਚੀ ਤਰੱਕੀ ਲਈ ਆਲਮੀ ਅਤੇ ਦੇਸੀ ਕਾਰਪੋਰੇਟ ਸਰਮਾਏ ਦੇ ਇਸ ਗਲਬੇ ਨੂੰ ਤੋੜਨਾ ਪਵੇਗਾ ਅਤੇ ਸਮਾਜੀ ਪਾੜੇ ਅਤੇ ਡੂੰਘੀ ਨਾਬਰਾਬਰੀ ਦੀ ਜੜ੍ਹ ਵੱਢਣੀ ਪਵੇਗੀ। ਇਹ ਮੌਜੂਦਾ ਰਾਜ ਪ੍ਰਬੰਧ ਦਾ ਮੁਕੰਮਲ ਖਾਤਮਾ ਕਰ ਕੇ ਹੀ ਸੰਭਵ ਹੈ, ਨਹੀਂ ਤਾਂ 'ਗੋਰੇ ਅੰਗਰੇਜ਼ ਦੀ ਥਾਂ ਆਏ ਕਾਲੇ ਅੰਗਰੇਜ਼' ਬਦਲ-ਬਦਲ ਕੇ ਭਾਰਤ ਉਪਰ ਰਾਜ ਕਰਦੇ ਰਹਿਣਗੇ ਅਤੇ ਲੋਟੂ ਢਾਂਚਾ ਸਰਕਾਰ-ਬਦਲੀ ਦੇ ਪਰਦੇ ਹੇਠ ਨਿਰਵਿਘਨ ਕੰਮ ਕਰਦਾ ਰਹੇਗਾ। ਸ਼ਹੀਦ ਭਗਤ ਸਿੰਘ ਨੇ ਕਿਹਾ ਸੀ, "ਸਾਮਰਾਜ ਡਾਕੇ ਮਾਰਨ ਦੀ ਸਾਜ਼ਿਸ਼ ਤੋਂ ਬਿਨਾ ਕੁਝ ਨਹੀਂ, ਇਹ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੀ ਸਿਖਰ ਹੈ।" ਉਨ੍ਹਾਂ ਸਪਸ਼ਟ ਕਿਹਾ ਸੀ, "ਇਨਕਲਾਬ ਦੇ ਇਸ ਸਦੀ ਵਿਚ ਇਕ ਹੀ ਮਤਲਬ ਹੋ ਸਕਦੇ ਹਨ -ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ ਤੇ ਕਬਜ਼ਾ। ਸਾਮਰਾਜਵਾਦੀਆਂ ਨੂੰ ਗੱਦੀਓਂ ਲਾਹੁਣ ਲਈ ਭਾਰਤ ਦਾ ਇਕੋ ਇਕ ਹਥਿਆਰ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਇਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ।" ਉਹ ਇਸ ਬਾਬਤ ਪੂਰੇ ਸਪਸ਼ਟ ਸਨ ਕਿ ਇਨਕਲਾਬ ਨਿਰਾ ਸਿਆਸੀ ਰਾਜ-ਪਲਟਾ ਨਹੀਂ। ਇਹ ਸਮਾਜੀ ਪ੍ਰਬੰਧ ਦੇ ਹਰ ਪਹਿਲੂ ਦੀ ਕਾਇਆਪਲਟੀ ਹੈ।

ਕਾਲੇ ਕਾਨੂੰਨਾਂ ਵਿਰੁੱਧ ਮਹਾਂ ਅੰਦੋਲਨ ਦੀ ਕਾਮਯਾਬੀ ਲਈ ਅਤੇ ਭਾਰਤ ਦੇ ਲੋਕਾਂ ਦੇ ਮਹਿਫੂਜ਼ ਭਵਿੱਖ ਲਈ ਸ਼ਹੀਦੇ-ਆਜ਼ਮ ਦੇ ਵਿਚਾਰਾਂ ਦੀ ਚੇਤਨਾ ਦਾ ਵਸੀਹ ਪੈਮਾਨੇ 'ਤੇ ਸੰਚਾਰ ਅਤੇ ਪਸਾਰਾ ਅੱਜ ਅਣਸਰਦੀ ਲੋੜ ਹੈ।

---

# ਫਾਂਸੀ ਨਹੀਂ, ਗੋਲੀ ਦੇ ਹੱਕਦਾਰ...

## ਗਵਰਨਰ ਨੂੰ ਖਤ

**20 ਮਾਰਚ, 1931**
**ਮਿਲੇ: ਗਵਰਨਰ ਪੰਜਾਬ, ਸ਼ਿਮਲਾ**
**ਸ੍ਰੀਮਾਨ,**

ਵਾਜਿਬ ਸਨਮਾਨ ਨਾਲ ਅਸੀਂ ਤੁਹਾਡਾ ਧਿਆਨ ਹੇਠ ਲਿਖੀਆਂ ਗੱਲਾਂ ਵੱਲ ਦਿਵਾਉਂਦੇ ਹਾਂ:

ਭਾਰਤ 'ਚ ਅੰਗਰੇਜ਼ੀ ਸਰਕਾਰ ਦੇ ਮੁਖੀ, ਵਾਇਸਰਾਏ ਦੇ ਵਿਸ਼ੇਸ਼ ਲਾਹੌਰ ਸਾਜ਼ਿਸ਼ ਕੇਸ ਬਾਰੇ ਹੁਕਮ ਦੇ ਮੁਤਾਬਕ, ਸਾਡੇ ਕੇਸ ਦੀ ਸੁਣਵਾਈ ਲਈ ਖਾਸ ਅਦਾਲਤ (ਟ੍ਰਿਬਿਊਨਲ) ਕਾਇਮ ਕੀਤੀ ਗਈ ਸੀ ਜਿਸ ਨੇ ਸਾਨੂੰ 7 ਅਕਤੂਬਰ, 1930 ਵਾਲੇ ਦਿਨ ਫਾਂਸੀ ਦੀ ਸਜ਼ਾ ਸੁਣਾਈ ਸੀ। ਸਭ ਤੋਂ ਵੱਡਾ ਦੋਸ਼, ਇੰਗਲੈਂਡ ਦੇ ਰਾਜੇ ਸਮਰਾਟ ਜਾਰਜ ਪੰਚਮ ਵਿਰੁੱਧ ਜੰਗ ਛੇੜਨ ਦਾ ਸੀ।

ਇਹ ਫੈਸਲਾ ਦਿੰਦੇ ਸਮੇਂ ਅਦਾਲਤ ਨੇ ਤਿੰਨ ਗੱਲਾਂ ਮਿਥੀਆਂ ਹਨ। ਪਹਿਲੀ ਇਹ, ਕਿ ਅੰਗਰੇਜ਼ਾਂ ਅਤੇ ਭਾਰਤੀ ਜਨਤਾ ਵਿਚਾਲੇ ਜੰਗ ਚੱਲ ਰਹੀ ਹੈ। ਦੂਜੀ ਇਹ ਕਿ ਅਸਾਂ ਨਿਯਮਿਤ ਰੂਪ ਵਿਚ ਜੰਗ ਵਿਚ ਹਿੱਸਾ ਲਿਆ ਹੈ ਜਿਸ ਕਰ ਕੇ ਅਸੀਂ ਜੰਗੀ ਕੈਦੀ ਹਾਂ। ਦੂਜੀ ਗੱਲ ਦੀ ਵਿਆਖਿਆ ਕਰਦਿਆਂ ਭਾਵੇਂ ਬਹੁਤ ਹੱਦ ਤਕ ਚਲਾਕੀ ਤੋਂ ਕੰਮ ਲਿਆ ਗਿਆ ਹੈ ਜਿਸ ਕਰ ਕੇ ਇਸ ਦੇ ਖਿਲਾਫ ਕੁਝ ਕਹਿਣਾ ਜ਼ਰੂਰੀ ਭਾਸਦਾ ਹੈ, ਫਿਰ ਵੀ ਅਸੀਂ ਇਹ ਕਹੇ ਬਗੈਰ ਨਹੀਂ ਰਹਿ ਸਕਦੇ ਕਿ ਸਾਡੇ ਬਾਰੇ ਇਸ ਤਰ੍ਹਾਂ ਕਹਿ ਕੇ ਸਾਨੂੰ ਸਨਮਾਨਿਆ ਗਿਆ ਹੈ।

ਜਿੱਥੋਂ ਤਕ ਪਹਿਲੀ ਮਿਥੀ ਗੱਲ ਦਾ ਸਬੰਧ ਹੈ, ਉਸ 'ਤੇ ਅਸੀਂ ਥੋੜ੍ਹਾ ਵਿਸਥਾਰ ਨਾਲ ਰੌਸ਼ਨੀ ਪਾਉਣਾ ਚਾਹਾਂਗੇ। ਪ੍ਰਤੱਖ ਰੂਪ 'ਚ ਐਸੀ ਕੋਈ ਲੜਾਈ ਨਜ਼ਰ ਨਹੀਂ ਆਉਂਦੀ। ਫਿਰ ਵੀ ਇਸ ਦੇ ਲਫਜ਼ੀ ਅਰਥਾਂ ਵਿਚ ਇਸ ਵਿਆਖਿਆ ਨੂੰ ਮੰਨਣ ਲਈ ਤਿਆਰ ਹਾਂ। ਪਰ ਅਸੀਂ ਇਸ ਨੂੰ ਹੋਰ ਵਿਸਥਾਰ ਨਾਲ ਦੱਸਣਾ ਚਾਹਾਂਗੇ ਤਾਂ ਕਿ ਸਾਨੂੰ ਠੀਕ ਤਰ੍ਹਾਂ ਨਾਲ ਸਮਝਿਆ ਜਾਵੇ। ਅਸੀਂ ਇਹ ਐਲਾਨ ਕਰਦੇ ਹਾਂ ਕਿ ਯੁੱਧ ਚਲ ਰਿਹਾ ਹੈ ਤੇ ਇਹ ਤਦ ਤਕ ਚਲਦਾ ਰਹੇਗਾ, ਜਦ ਤਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ, ਚਾਹੇ ਉਹ ਜਨਤਾ ਦਾ ਖੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ-ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ। ਇਹ ਸਭ ਕੁਝ ਨਾਲ ਸਾਨੂੰ ਕੋਈ ਫਰਕ ਨਹੀਂ ਪਵੇਗਾ। ਜੇ ਤੁਹਾਡੀ ਸਰਕਾਰ, ਛੋਟੀਆਂ-ਛੋਟੀਆਂ ਸਹੂਲਤਾਂ ਦੇ ਕੇ ਜਾਂ ਸਮਝੌਤਾ ਕਰ ਕੇ ਭਾਰਤੀ ਨੇਤਾਵਾਂ ਤੇ ਇਸ ਸਮਾਜ ਦੇ ਉਚ-ਤਬਕੇ ਦੇ ਮੁਖੀਆਂ ਨੂੰ ਆਪਣੇ ਨਾਲ ਗੰਢਣ ਵਿਚ ਕਾਮਯਾਬ ਹੋ ਜਾਂਦੀ ਹੈ ਤੇ ਕੁਝ ਅਰਸੇ ਲਈ ਜਨਤਾ ਦੀ ਤਾਕਤ ਨੂੰ ਮੱਧਮ ਕਰ ਦਿੰਦੀ ਹੈ, ਤਾਂ ਵੀ ਇਸ ਨਾਲ ਹਾਲਾਤ ਵਿਚ ਕੋਈ ਫਰਕ ਨਹੀਂ ਆਵੇਗਾ। ਇਸ ਦੀ ਵੀ ਕੋਈ ਚਿੰਤਾ ਨਹੀਂ ਕਿ ਇਕ ਵਾਰ ਫਿਰ ਭਾਰਤੀ ਲਹਿਰ ਦੇ ਮੋਹਰੀ ਦਸਤੇ, ਇਨਕਲਾਬੀ ਪਾਰਟੀ ਨੂੰ ਜ਼ੋਰਾਂ ਦੀ ਲੜਾਈ ਵਿਚ ਖੜ੍ਹਿਆਂ ਨੂੰ ਧੋਖਾ ਦਿੱਤਾ ਗਿਆ ਹੈ। ਇਸ ਦਾ ਵੀ ਕੋਈ ਫਰਕ ਨਹੀਂ ਪਵੇਗਾ, ਜੇ ਭਾਰਤੀ ਨੇਤਾ ਜਿਨ੍ਹਾਂ ਦੇ ਅਸੀਂ ਜ਼ਾਤੀ ਤੌਰ 'ਤੇ ਇਸ ਕਰ ਕੇ ਧੰਨਵਾਦੀ ਹਾਂ ਕਿ ਉਨ੍ਹਾਂ ਸਾਡੇ ਲਈ ਹਮਦਰਦੀ ਤੇ ਚੰਗੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਹਨ, ਏਨੇ ਬਦਲਾਲਊ ਹੋ ਗਏ ਹਨ ਕਿ ਉਨ੍ਹਾਂ ਨੇ ਸ਼ਾਂਤੀ ਸਮਝੌਤਾ ਵਾਰਤਾ ਵਿਚ ਬੇਘਰ ਤੇ ਬੇਸਹਾਰਾ ਇਸਤਰੀ ਰਾਜਨੀਤਕ ਕਾਰਕੁਨਾਂ ਦਾ ਜ਼ਿਕਰ ਤਕ ਵੀ ਨਹੀਂ ਕੀਤਾ ਕਿਉਂਕਿ ਉਨ੍ਹਾਂ ਨੂੰ ਇਨਕਲਾਬੀ ਪਾਰਟੀ ਦੇ ਮੈਂਬਰ ਸਮਝਿਆ ਗਿਆ ਹੈ ਤੇ ਨੇਤਾਵਾਂ ਦੀ ਨਜ਼ਰ ਵਿਚ ਇਨਕਲਾਬੀ ਪਾਰਟੀ ਉਨ੍ਹਾਂ ਦੀ ਸ਼ੇਖਚਿੱਲੀ ਵਾਲੀ ਕਲਪਿਤ ਅਹਿੰਸਾ ਦੀ ਵਿਰੋਧੀ ਹੈ। ਇਹ ਅਹਿੰਸਾ ਭਾਵੇਂ ਹੁਣ ਬੋਦੀ ਗੱਲ ਬਣ ਚੁੱਕੀ ਹੈ। ਇਹ ਭਾਰਤ ਦੀਆਂ ਉਹ ਬਹਾਦਰ ਸਪੁਤਰੀਆਂ ਹਨ ਜਿਨ੍ਹਾਂ ਦੀ ਆਪਣੀ ਕੁਰਬਾਨੀ ਤਾਂ ਬੇਮਿਸਾਲ ਹੈ, ਨਾਲ ਹੀ ਜਿਨ੍ਹਾਂ ਆਪਣੇ ਪਤੀਆਂ ਤੇ ਭਰਾਵਾਂ ਨੂੰ ਜਾਂ ਬਲੀ ਵੇਦੀ 'ਤੇ ਭੇਟ ਚੜ੍ਹਾਇਆ ਹੈ ਜਾਂ ਬਲੀ ਲਈ ਆਪਣੇ ਹੱਥੀਂ ਤੋਰਿਆ ਹੈ। ਇਨ੍ਹਾਂ ਬਹਾਦਰ ਦੇਵੀਆਂ ਨੇ ਆਪਣੀ ਜਾਨ ਸਮੇਤ, ਹਰ ਪਿਆਰੀ ਤੇ ਨਜ਼ਦੀਕੀ ਚੀਜ਼ ਨੂੰ ਕੁਰਬਾਨੀ ਲਈ ਭੇਟ ਕੀਤਾ ਹੈ। ਤੇ ਤੁਹਾਡੀ ਸਰਕਾਰ ਨੇ ਇਨ੍ਹਾਂ ਨੂੰ ਵਿਦਰੋਹੀ ਕਰਾਰ ਦਿੱਤਾ ਹੈ। ਜੇ ਤੁਹਾਡੇ ਏਜੰਟ ਏਨੇ ਗਿਰ ਗਏ ਹਨ ਕਿ ਉਨ੍ਹਾਂ ਮਨਘੜਤ ਕਹਾਣੀਆਂ ਘੜ ਕੇ ਇਨ੍ਹਾਂ ਤੇ ਇਨ੍ਹਾਂ ਦੀ ਪਾਰਟੀ ਦੀ ਇਜ਼ਤ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਵੀ ਇਹ ਯੁੱਧ ਚਲਦਾ ਰਹੇਗਾ।

ਹੋ ਸਕਦਾ ਹੈ ਕਿ ਇਹ ਲੜਾਈ ਵੱਖ-ਵੱਖ ਪੜਾਵਾਂ ਵਿਚ ਵੱਖ-ਵੱਖ ਰੂਪ ਧਾਰੇ। ਕਿਸੇ ਸਮੇਂ ਇਹ ਲੜਾਈ ਪ੍ਰਗਟ ਰੂਪ ਵਿਚ ਹੋਵੇ, ਕਦੀ ਖੁਫੀਆ, ਕਦੀ ਨਿਰੋਲ ਅੰਦੋਲਨਕਾਰੀ ਤੇ ਕਦੇ ਇਹ ਇੰਨੀ ਭਿਆਨਕ ਹੋਵੇ ਕਿ ਜੀਵਨ ਤੇ ਮੌਤ ਦੀ ਬਾਜ਼ੀ ਲੱਗ ਜਾਵੇ ਪਰ ਇਹ ਕਿਹੋ ਜਿਹਾ ਰੂਪ ਧਾਰਦੀ ਹੈ, ਖੂਨੀ ਜਾਂ ਥੋੜ੍ਹਾ ਸ਼ਾਂਤੀਪੂਰਨ, ਇਸ ਦੀ ਚੋਣ ਤੁਹਾਡੇ 'ਤੇ ਨਿਰਭਰ ਹੈ। ਸੋ, ਤੁਸੀਂ ਇਸ ਦੇ ਰੂਪ ਦੇ ਚੋਣ ਆਪਣੀ ਮਰਜ਼ੀ ਮੁਤਾਬਕ ਕਰ ਸਕਦੇ ਹੋ ਪਰ ਇਹ ਜੰਗ, ਐਵੇਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਪਏ ਬਗੈਰ ਤੇ ਬੇਮਤਲਬ ਨੈਤਿਕ ਸਿਧਾਂਤਾਂ ਵਿਚ ਉਲਝੇ ਬਿਨਾਂ ਲਗਾਤਾਰ ਚਲਦੀ ਰਹੇਗੀ।

ਜਦ ਤਕ ਸਮਾਜਵਾਦੀ ਲੋਕਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖਤਮ ਕਰ ਕੇ ਉਸ ਦੀ ਥਾਂ ਸਮਾਜ ਖੁਸ਼ਹਾਲੀ ਤੇ ਆਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤਕ ਹਰ ਕਿਸਮ ਦੀ ਲੁੱਟ-ਖਸੁੱਟ ਅਸੰਭਵ ਬਣਾ ਕੇ ਮਨੁੱਖਤਾ ਉਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਨਿਕਟ ਭਵਿੱਖ ਵਿਚ ਆਖਰੀ ਯੁੱਧ ਲੜਿਆ ਜਾਵੇਗਾ ਤੇ ਉਹ ਫੈਸਲਾਕੁਨ ਹੋਵੇਗਾ।

ਸਾਮਰਾਜੀ ਤੇ ਸਰਮਾਏਦਾਰ ਲੁੱਟ ਕੁਝ ਦਿਨਾਂ ਦੀ ਖੇਡ ਹੈ। ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਈ ਹੈ ਅਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗੀ। ਇਹ ਤਾਂ ਇਤਿਹਾਸਕ ਕਾਰਨਾਂ ਤੇ ਆਲੇ-ਦੁਆਲੇ ਪੱਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤੇ ਆਲੇ-ਦੁਆਲੇ ਪੱਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਕੜੀ ਹੈ ਜਿਸ ਨੂੰ ਜਤਿਨ ਦਾਸ ਦੀ ਬੇਮਿਸਾਲ ਕੁਰਬਾਨੀ ਨੇ, ਸ਼ਹੀਦ ਭਗਵਤੀ ਚਰਨ ਜੀ ਦੀ ਅਤਿ ਭਿਆਨਕ ਪਰ ਪਵਿੱਤਰ ਤੇ ਮਹਾਨ ਕੁਰਬਾਨੀ ਨੇ ਤੇ ਸਾਡੇ ਮਹਿਬੂਬ ਜਰਨੈਲ ਆਜ਼ਾਦ (ਚੰਦਰ ਸ਼ੇਖਰ ਆਜ਼ਾਦ) ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਾਏ ਹਨ।

ਜਿਥੋਂ ਤਕ ਸਾਡੀ ਹੋਣੀ ਦਾ ਸਵਾਲ ਹੈ, ਅਸੀਂ ਦ੍ਰਿੜ੍ਹ ਇਰਾਦੇ ਨਾਲ ਕਹਿਣਾ ਚਾਹੁੰਦੇ ਹਾਂ ਕਿ ਤੁਸਾਂ ਜਦ ਸਾਨੂੰ ਫਾਂਸੀ ਦੇਣ ਦਾ ਹੁਕਮ ਦਿੱਤਾ ਹੈ ਤਾਂ ਤੁਸੀਂ ਜ਼ਰੂਰੀ ਹੀ ਇਸ ਨੂੰ ਪੂਰਾ ਕਰੋਗੇ। ਤੁਹਾਡੇ ਹੱਥਾਂ ਵਿਚ ਤਾਕਤ ਹੈ, ਤੇ ਦੁਨੀਆਂ ਵਿਚ ਤਾਕਤ ਨੂੰ ਹਰ ਹੱਕ ਹਾਸਲ ਹੈ। ਅਸੀਂ ਜਾਣਦੇ ਹਾਂ ਕਿ ਤੁਹਾਡਾ ਇਰਾਦਾ ਪੂਰਾ ਕਰਨ ਲਈ 'ਜਿਸ ਦੀ ਲਾਠੀ ਉਸ ਦੀ ਭੈਂਸ' ਵਾਲਾ ਮੁਹਾਵਰਾ ਕੰਮ ਕਰਦਾ ਹੈ। ਸਾਡੇ ਮੁਕੱਦਮੇ ਦੀ ਸੁਣਵਾਈ ਇਸ ਦਾ ਸੁਹਣਾ ਸਬੂਤ ਹੈ। ਅਸੀਂ ਤੁਹਾਨੂੰ ਇਹ ਦੱਸਣਾ ਚਾਹੁੰਦੇ ਹਾਂ, ਤੁਹਾਡੀ ਹੀ ਅਦਾਲਤ ਦੇ ਫੈਸਲੇ ਅਨੁਸਾਰ ਸਾਡੇ ਉਤੇ ਯੁੱਧ ਵਿੱਢਣ ਦਾ ਦੋਸ਼ ਹੈ, ਇਸ ਕਰ ਕੇ ਅਸੀਂ ਜੰਗੀ ਕੈਦੀ ਹਾਂ ਅਤੇ ਇਸੇ ਕਰ ਕੇ ਅਸੀਂ ਮੰਗ ਕਰਦੇ ਹਾਂ ਕਿ ਸਾਡੇ ਨਾਲ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ ਜਾਵੇ; ਯਾਨੀ ਫਾਂਸੀ 'ਤੇ ਲਟਕਾਉਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ। ਹੁਣ ਇਹ ਸਿੱਧ ਕਰਨਾ ਤੁਹਾਡਾ ਕੰਮ ਹੈ ਕਿ ਜੋ ਤੁਹਾਡੀ ਅਦਾਲਤ ਨੇ ਕਿਹਾ ਹੈ, ਉਸ ਵਿਚ ਤੁਹਾਡਾ ਪੂਰਾ ਵਿਸ਼ਵਾਸ ਹੈ ਜਾਂ ਨਹੀਂ?

ਸੋ ਅਸੀਂ ਨਿਮਰਤਾਪੂਰਵਕ ਤੁਹਾਨੂੰ ਇਹ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਫੌਜੀ ਵਿਭਾਗ ਨੂੰ ਹੁਕਮ ਦਿਓ ਕਿ ਸਾਨੂੰ ਗੋਲੀ ਨਾਲ ਉਡਾਣ ਲਈ ਫੌਜੀ ਟੋਲੀ ਭੇਜ ਦੇਵੇ।

**ਤੁਹਾਡੇ,**
**ਭਗਤ ਸਿੰਘ, ਰਾਜਗੁਰੂ, ਸੁਖਦੇਵ।**





(ਖੱਬਿਓਂ): ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ

# ਕਿਸਾਨੀ 'ਤੇ ਭਾਰੂ ਪੈ ਰਹੀਆਂ ਸਿਆਸਤੀ ਤਿਕੜਮਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜੇ ਆਮ ਹਾਲਾਤ ਵਿਚ ਕੋਈ ਬੰਦਾ ਇਹ ਕਹਿ ਦੇਵੇ ਕਿ 'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਲਾਉਣ ਵਾਲੇ ਭਾਰਤ ਵਿਚ ਕਿਸਾਨ ਦੀ ਕੀਮਤ 'ਮਰੀ ਕੁੱਤੀ' ਦੇ ਬਰਾਬਰ ਵੀ ਨਹੀਂ ਤਾਂ ਕਈ ਲੋਕ ਭੜਕ ਪੈਣਗੇ, ਪਰ ਕਮਾਲ ਦੀ ਗੱਲ ਹੈ ਕਿ ਏਡੀ ਵੱਡੀ ਗੱਲ ਉੱਤੇ ਕੋਈ ਖੰਘਿਆ ਹੀ ਨਹੀਂ। ਏਦਾਂ ਦੀ ਗੱਲ ਕਹਿਣ ਵਾਲਾ ਬੰਦਾ ਵੀ ਸਧਾਰਨ ਨਹੀਂ, ਭਾਰਤ ਦੇ ਇੱਕ ਉੱਤਰ-ਪੂਰਬੀ ਰਾਜ ਮੇਘਾਲਿਆ ਦਾ ਗਵਰਨਰ ਹੈ, ਜਿਸ ਨੇ ਕਿਹਾ ਹੈ ਕਿ 'ਇਸ ਦੇਸ਼ ਵਿਚ ਕੁੱਤੀ ਮਰੀ ਤੋਂ ਸ਼ੋਕ ਸੰਦੇਸ਼ ਜਾਰੀ ਹੋ ਜਾਂਦੇ ਹਨ, ਪਰ ਢਾਈ ਸੌ ਕਿਸਾਨ ਮਾਰੇ ਜਾਣ ਉੱਤੇ ਸ਼ੋਕ ਸੰਦੇਸ਼ ਤੱਕ ਜਾਰੀ ਨਹੀਂ ਕੀਤਾ ਗਿਆ ਤਾਂ ਇਹ ਦੁੱਖ ਦੀ ਗੱਲ ਹੈ। ਭਾਰਤ ਦੀ ਸਰਕਾਰ ਨੂੰ ਚਲਾ ਰਹੀ ਪਾਰਟੀ ਭਾਜਪਾ ਤੇ ਉਸ ਦੇ ਪਿੱਛੇ ਖੜ੍ਹੇ ਆਰ. ਐਸ. ਐਸ. ਦੇ ਆਗੂਆਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਸਰਕਾਰ ਦੇ ਖਿਲਾਫ ਭੜਕਾਇਆ ਜਾਂਦਾ ਹੈ, ਕੀ ਉਨ੍ਹਾਂ ਦੇ ਇਸ ਗਵਰਨਰ ਨੂੰ ਵੀ ਵਿਰੋਧੀਆਂ ਨੇ ਭੜਕਾ ਦਿੱਤਾ ਹੈ ਕਿ ਉਹ ਏਡਾ ਅਹੁਦਾ ਦੇਣ ਵਾਲੀ ਸਰਕਾਰ ਦੇ ਵਤੀਰੇ ਖਿਲਾਫ ਬੋਲ ਪਿਆ ਹੈ? ਗਵਰਨਰ ਨੂੰ ਕਿਸੇ ਨੇ ਭੜਕਾਇਆ ਨਹੀਂ, ਉਸ ਦੇ ਅੰਦਰਲਾ ਇੱਕ ਇਨਸਾਨ ਬੋਲਿਆ ਹੈ, ਜਿਵੇਂ ਪਹਿਲਾਂ ਭਾਰਤੀ ਜਨਤਾ ਪਾਰਟੀ ਦਾ ਲੀਡਰ ਸੁਰਜੀਤ ਕੁਮਾਰ ਜਿਆਣੀ ਬੋਲ ਪਿਆ ਸੀ ਕਿ 'ਭਾਜਪਾ ਆਗੂ ਬਾਅਦ ਵਿਚ, ਪਹਿਲਾਂ ਮੈਂ ਕਿਸਾਨ ਹਾਂ', ਪਰ ਅਗਲੇ ਦਿਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣ ਮਗਰੋਂ ਉਹ ਕਿਸਾਨ ਤੋਂ ਪਹਿਲਾਂ ਭਾਜਪਾ ਆਗੂ ਹੋ ਗਿਆ ਸੀ। ਇਸ ਵਾਰੀ ਏਡੀ ਵੱਡੀ ਗੱਲ ਕਹਿਣ ਵਾਲਾ ਗਵਰਨਰ 'ਜਿਆਣਪੁਣਾ' ਕਰਨ ਵਾਲਾ ਨਹੀਂ ਜਾਪਦਾ, ਉਹ ਟਿਕਾਊ ਬੰਦਾ ਹੈ।

ਸੱਚਾਈ ਇਹ ਹੈ ਕਿ ਕਿਸਾਨਾਂ ਨੂੰ ਕਿਸੇ ਵੱਲੋਂ ਭੜਕਾਇਆ ਨਹੀਂ ਗਿਆ, ਸਰਕਾਰ ਵੱਲੋਂ ਸਤਾਇਆ ਗਿਆ ਹੈ ਤੇ ਸਤਾਉਣ ਦਾ ਇਹ ਅਮਲ ਅੱਜ ਵੀ ਜਾਰੀ ਹੈ। ਪਿਛਲੇ ਦਸਾਂ ਦਿਨਾਂ ਦੇ ਕੇਂਦਰ ਸਰਕਾਰ ਦੀਆਂ ਏਜੰਸੀਆਂ, ਖਾਸ ਤੌਰ ਉੱਤੇ ਐਫ. ਸੀ. ਆਈ. (ਫੂਡ ਕਾਰਪੋਰੇਸ਼ਨ ਆਫ ਇੰਡੀਆ) ਦੇ ਪੈਂਤੜੇ ਪਹਿਲਾਂ ਤੋਂ ਸਹਿਕ ਰਹੇ ਕਿਸਾਨਾਂ ਦੀ ਹੋਰ ਸੰਘੀ ਘੁੱਟਣ ਵਾਲੇ ਹਨ। ਇਨ੍ਹਾਂ ਮੰਦੇ ਫੈਸਲਿਆਂ ਦਾ ਵਿਰੋਧ ਵੀ ਬਥੇਰਾ ਹੁੰਦਾ ਪਿਆ ਹੈ। ਸਿਰਫ ਕਿਸਾਨ ਇਸ ਦਾ ਵਿਰੋਧ ਨਹੀਂ ਕਰਦੇ, ਆੜ੍ਹਤੀਏ ਵੀ ਵਿਰੋਧ ਕਰਦੇ ਹਨ ਅਤੇ ਮੰਡੀਆਂ ਵਿਚਲੇ ਮਜ਼ਦੂਰ ਵੀ ਕਰਦੇ ਪਏ ਹਨ। ਸਰਕਾਰ ਲੋਕਤੰਤਰੀ ਢੰਗ ਨਾਲ ਇਸ ਵਿਰੋਧ ਦੀ ਆਵਾਜ਼ ਨੂੰ ਸੁਣਨ ਦੀ ਥਾਂ ਅਗਲੇ ਮਾਰੂ ਕਦਮ ਚੁੱਕਣ ਲੱਗੀ ਹੋਈ ਹੈ।

ਕਿਸਾਨਾਂ ਨਾਲ ਦੁਸ਼ਮਣੀ ਵਾਲੇ ਤਾਜ਼ਾ ਕਦਮਾਂ ਵਿਚੋਂ ਇੱਕ ਖੁਰਾਕ ਏਜੰਸੀ ਐਫ. ਸੀ. ਆਈ. ਦਾ ਇਹ ਨਵਾਂ ਫੈਸਲਾ ਹੈ ਕਿ ਹਰ ਕਿਸਾਨ ਆਪਣੀ ਜ਼ਮੀਨ ਮਾਲਕੀ ਦੀ ਜਮਾਂਬੰਦੀ ਦੀ ਨਕਲ ਐਫ. ਸੀ. ਆਈ. ਦੀ ਵੈੱਬਸਾਈਟ ਉੱਤੇ ਅਪਲੋਡ ਕਰੇ ਤੇ ਨਾਲ ਬੈਂਕ ਖਾਤਾ ਦੱਸੇ, ਤਾਂ ਕਿ ਉਸ ਦੀ ਵੇਚੀ ਫਸਲ ਦੇ ਪੈਸੇ ਸਿੱਧੇ ਬੈਂਕ ਖਾਤੇ ਵਿਚ ਜਾ ਸਕਣ। ਵੇਖਣ ਨੂੰ ਇਹ ਕਿਸਾਨ ਹਿਤੈਸ਼ੀ ਫੈਸਲਾ ਜਾਪਦਾ ਹੈ, ਪਰ ਅਸਲ ਵਿਚ ਕਿਸਾਨਾਂ ਦੀ ਵੱਡੀ ਗਿਣਤੀ ਦੀ ਫਸਲ ਵਿਕਣ ਤੋਂ ਰੋਕਣ ਤੱਕ ਜਾ ਸਕਦਾ ਹੈ। ਬਹੁਤ ਸਾਰੇ ਛੋਟੇ ਕਿਸਾਨਾਂ ਕੋਲ ਆਪਣੀ ਜ਼ਮੀਨ ਥੋੜ੍ਹੀ ਹੈ ਅਤੇ ਦੂਸਰਿਆਂ ਦੀ ਜ਼ਮੀਨ ਠੇਕੇ ਜਾਂ ਹਿੱਸੇ ਉੱਤੇ ਲੈ ਕੇ ਖੇਤੀ ਕਰਦੇ ਹਨ। ਉਹ ਆਪਣੀ ਫਸਲ ਨਹੀਂ ਵੇਚ ਸਕਣਗੇ, ਕਿਉਂਕਿ ਉਨ੍ਹਾਂ ਕੋਲ ਜ਼ਮੀਨ ਦੀ ਮਾਲਕੀ ਕੋਈ ਨਹੀਂ ਤੇ ਜ਼ਮੀਨ ਮਾਲਕ ਦੇ ਖਾਤੇ ਵਿਚ ਫਸਲ ਲਿਖਵਾ ਕੇ ਵੇਚਣ ਲਈ ਤਰਲਾ ਕੱਢਣਗੇ ਤਾਂ ਇਸ ਦੇ ਬਦਲੇ ਜ਼ਮੀਨਾਂ ਵਾਲੇ ਮਾਲਕਾਂ ਵਿਚੋਂ ਕੁਝ ਏਹੋ ਜਿਹੇ ਹੋਣਗੇ, ਜਿਹੜੇ ਇਸ ਮਜਬੂਰੀ ਵਿਚ ਕਿਸਾਨ ਦੀ ਛਿੱਲ ਲਾਹੁਣਗੇ। ਕਈ ਕਿਸਾਨਾਂ ਕੋਲ ਐਨ. ਆਰ. ਆਈ. ਭਰਾਵਾਂ ਦੀ ਜ਼ਮੀਨ ਹੈ, ਐਨ. ਆਰ. ਆਈ. ਇਸ ਵਕਤ ਭਾਰਤ ਵਿਚ ਨਹੀਂ ਅਤੇ ਜਦ ਤੱਕ ਜ਼ਮੀਨ ਦੇ ਮਾਲਕ ਐਨ. ਆਰ. ਆਈ. ਉਸ ਫਸਲ ਨੂੰ ਆਪਣੇ ਖਾਤੇ ਵਿਚ ਲਿਖਾਉਣ ਲਈ ਏਥੇ ਨਾ ਆਉਣਗੇ, ਕਿਸਾਨ ਦੀ ਫਸਲ ਵਿਕਣ ਦਾ ਕੋਈ ਰਾਹ ਨਹੀਂ ਲੱਭ ਸਕੇਗਾ। ਤੀਸਰੀ ਗੱਲ ਇਹ ਕਿ ਪੰਜਾਬ ਦੇ ਬਹੁਤ ਸਾਰੇ ਪਰਿਵਾਰਾਂ ਵਿਚ ਬਾਪੂ ਦੇ ਜਿਉਂਦੇ ਹੁੰਦੇ ਤੋਂ ਸਾਰੀ ਜ਼ਮੀਨ ਦੀ ਜ਼ਬਾਨੀ ਵੰਡ ਹੁੰਦੀ ਹੈ, ਕਾਗਜ਼ਾਂ ਵਿਚ ਜ਼ਮੀਨ ਬਾਪੂ ਦੇ ਨਾਂ ਰਹਿੰਦੀ ਹੈ ਤੇ ਬਾਪੂ ਦਾ ਕਈ ਵਾਰ ਬੈਂਕ ਖਾਤਾ ਨਹੀਂ ਹੁੰਦਾ, ਉਨ੍ਹਾਂ ਦੀ ਫਸਲ ਵੇਚਣ ਲਈ ਵੀ ਕਈ ਸਮੱਸਿਆਵਾਂ ਆਉਣਗੀਆਂ। ਕਈ ਪਰਿਵਾਰਾਂ ਨੇ ਪੜਦਾਦੇ ਦੇ ਵਕਤ ਤੋਂ ਅੱਗੇ ਆਪਣੇ ਨਾਂ ਇੰਤਕਾਲ ਅਜੇ ਨਹੀਂ ਕਰਵਾਏ, ਉਹ ਵੀ ਫਸ ਜਾਣਗੇ। ਖੜ੍ਹੇ ਪੈਰ ਇਹੋ ਜਿਹੀ ਕਾਗਜ਼ੀ ਕਾਰਵਾਈ ਲਈ ਤਹਿਸੀਲਾਂ ਵੱਲ ਭੱਜਣਗੇ ਤਾਂ ਉਨ੍ਹਾਂ ਦੀ ਮਜਬੂਰੀ ਕਾਰਨ ਉਥੋਂ ਵਾਲਿਆਂ ਗਿਰਝਾਂ ਉਨ੍ਹਾਂ ਦੀ ਚਮੜੀ ਉਧੇੜਨ ਵਾਸਤੇ ਸਰਗਰਮ ਹੋ ਜਾਣਗੀਆਂ। ਐਫ. ਸੀ. ਆਈ. ਦਾ ਇਹ ਫੈਸਲਾ ਕਿਸਾਨਾਂ ਦਾ ਰਗੜਾ ਕੱਢ ਦੇਵੇਗਾ।

ਇਸੇ ਖਰੀਦ ਏਜੰਸੀ ਐਫ. ਸੀ. ਆਈ. ਨੇ ਜ਼ਮੀਨੀ ਦੀਆਂ ਜਮਾਂਬੰਦੀਆਂ ਦੇ ਹੁਕਮ ਕਰਨ ਪਿੱਛੋਂ ਇੱਕ ਕਦਮ ਹੋਰ ਵੀ ਚੁੱਕ ਲਿਆ ਹੈ, ਜਿਹੜਾ ਕਿਸਾਨਾਂ ਦਾ ਨਹਾਉਣ ਕਰ ਦੇਵੇਗਾ। ਇਸ ਵਕਤ ਕਣਕ ਦੀ ਫਸਲ ਪੱਕਣ ਲਈ ਤਿਆਰ ਹੈ ਤਾਂ ਐਫ. ਸੀ. ਆਈ. ਨੇ ਫਸਲ ਖਰੀਦ ਲਈ ਨਵੇਂ ਗਰੇਡਾਂ ਦੀ ਸਿਫਾਰਸ਼ ਭੇਜ ਦਿੱਤੀ ਹੈ, ਜਿਸ ਮੁਤਾਬਕ ਨਮੀ ਦੀ ਜਿਹੜੀ ਮਾਤਰਾ ਪਹਿਲਾਂ ਕਣਕ ਵਾਸਤੇ ਚੌਦਾਂ ਫੀਸਦੀ ਹੁੰਦੀ ਸੀ, ਉਹ ਘਟਾ ਕੇ ਬਾਰਾਂ ਫੀਸਦੀ ਕੀਤੀ ਜਾਵੇਗੀ, ਜਿਸ ਨਾਲ ਫਸਲ ਖਰੀਦਣ ਵਾਲੇ ਅਧਿਕਾਰੀਆਂ ਤੇ ਵਪਾਰੀਆਂ ਨੂੰ ਕਿਸਾਨਾਂ ਦੀ ਬਾਂਹ ਮਰੋੜਨ ਦਾ ਮੌਕਾ ਮਿਲੇਗਾ ਤੇ ਕੁਰੱਪਸ਼ਨ ਹੋਰ ਵਧੇਗੀ। ਦੂਸਰੀ ਸਿਫਾਰਸ਼ ਇਹ ਹੈ ਕਿ ਇਸ ਵਿਚ ਛੋਟੇ ਰੋੜੇ, ਆਮ ਬੋਲੀ ਵਿਚ ਰੋੜ, ਸਿਰਫ ਅੱਧੀ ਫੀਸਦੀ ਹੋਣ ਤਾਂ ਫਸਲ ਦੀ ਖਰੀਦ ਹੋਵੇਗੀ। ਇਸ ਤੋਂ ਪਹਿਲਾਂ ਪੌਣਾ ਫੀਸਦੀ ਤੱਕ ਦਾ ਪੱਧਰ ਸੀ। ਇਸ ਨਾਲ ਕਿਸਾਨਾਂ ਨੂੰ ਫਸਲ ਵਿਚ ਇੱਕ ਚੌਥਾਈ ਰੋੜ ਦਾ ਪੱਧਰ ਘਟਾ ਕੇ ਹੋਰ ਖੂੰਜੇ ਲਾਇਆ ਜਾਵੇਗਾ।

ਤੀਸਰਾ ਫੈਸਲਾ ਇਹ ਕਿ ਫਸਲ ਵਿਚ ਘਾਹ-ਫੂਸ ਆਦਿ ਅੱਗੇ ਤੋਂ ਸਿਰਫ ਜ਼ੀਰੋ ਪੁਆਇੰਟ ਚਾਰ ਫੀਸਦੀ ਪ੍ਰਵਾਨ ਹੋ ਸਕਣਗੇ, ਜਦ ਕਿ ਪਹਿਲੇ ਪੱਧਰ ਮੁਤਾਬਕ ਇਹ ਵਧੇਰੇ ਰੱਖਿਆ ਹੁੰਦਾ ਸੀ। ਚੌਥੀ ਸਿਫਾਰਸ਼ ਇਹ ਕਿ ਕਣਕ ਵਿਚ ਟੁੱਟੇ ਹੋਏ ਦਾਣੇ ਵੀ ਚਾਰ ਫੀਸਦੀ ਤੋਂ ਵੱਧ ਹੋਏ ਤਾਂ ਫਸਲ ਨਹੀਂ ਖਰੀਦੀ ਜਾਣੀ, ਜਦ ਕਿ ਪਹਿਲੇ ਸਟੈਂਡਰਡ ਮੁਤਾਬਕ ਇਹ ਛੇ ਫੀਸਦੀ ਹੁੰਦੇ ਸਨ। ਇਹੋ ਜਿਹੇ ਫੈਸਲਿਆਂ ਨਾਲ ਜਿਹੜੇ ਸਟੈਂਡਰਡ ਨਵੇਂ ਮਿਥੇ ਜਾ ਰਹੇ ਹਨ, ਉਨ੍ਹਾਂ ਬਾਰੇ ਐਨ ਉਦੋਂ ਦੱਸਿਆ ਜਾ ਰਿਹਾ ਹੈ, ਜਦੋਂ ਕਣਕ ਤਿਆਰ ਹੋਈ ਜਾਪਦੀ ਹੈ। ਪਿਛਲੇ ਸਾਲ ਹੀ ਏਡੀ ਸਖਤੀ ਕਰਨ ਬਾਰੇ ਦੱਸ ਦਿੱਤਾ ਹੁੰਦਾ ਤਾਂ ਕਿਸਾਨ ਕੋਈ ਹੋਰ ਫਸਲ ਬੀਜਣ ਬਾਰੇ ਸੋਚ ਸਕਦੇ ਸਨ, ਅੱਜ ਖੜ੍ਹੇ ਪੈਰ ਉਹ ਪੱਕੀ ਹੋਈ ਫਸਲ ਦਾ ਕੀ ਕਰਨਗੇ, ਉਨ੍ਹਾਂ ਨੂੰ ਕੋਈ ਦੱਸਣ ਵਾਲਾ ਨਹੀਂ ਹੈ।

ਗੱਲ ਏਨੇ ਫੈਸਲਿਆਂ ਨਾਲ ਵੀ ਮੁੱਕਣ ਵਾਲੀ ਨਹੀਂ, ਸਗੋਂ ਹੋਰ ਅੱਗੇ ਉਸ ਹੱਦ ਤੱਕ ਜਾਂਦੀ ਹੈ, ਜਿਸ ਬਾਰੇ ਕਿਹਾ ਗਿਆ ਹੈ ਕਿ ਖਰੀਦਣ ਵਾਲੀਆਂ ਪ੍ਰਾਈਵੇਟ ਏਜੰਸੀਆਂ ਦੀ ਮੰਗ ਉੱਤੇ ਇਹੋ ਜਿਹੇ ਫੈਸਲੇ ਕਰਨੇ ਪੈ ਸਕਦੇ ਹਨ। ਪੰਜਾਬੀ ਦੇ ਇੱਕ ਪ੍ਰਮੁੱਖ ਅਖਬਾਰ ਨੇ ਖਰੀਦ ਏਜੰਸੀ ਐਫ. ਸੀ. ਆਈ. ਦੀਆਂ ਏਦਾਂ ਦੀਆਂ ਸਿਫਾਰਸ਼ਾਂ ਬਾਰੇ ਜਿਹੜਾ ਖੁਲਾਸਾ ਕੀਤਾ ਹੈ, ਉਸ ਨੂੰ ਜਿਸ ਕਿਸੇ ਨੇ ਵੀ ਪੜ੍ਹਿਆ ਹੈ, ਉਹ ਸਮਝ ਗਿਆ ਕਿ ਗੱਲ ਸਿਰਫ ਫਸਲਾਂ ਖਰੀਦਣ ਦੀ ਨਾਂਹ ਤੋਂ ਕਿਸਾਨਾਂ ਨੂੰ ਸਬਕ ਸਿਖਾਉਣ ਤੱਕ ਜਾਂਦੀ ਹੈ। ਭਾਰਤ ਸਰਕਾਰ ਨੂੰ ਚਲਾਉਣ ਵਾਲਿਆਂ ਤੇ ਉਨ੍ਹਾਂ ਦੇ ਪਿੱਛੇ ਖੜ੍ਹੀ 'ਤਾਕਤ' ਵਾਲਿਆਂ ਦਾ ਵਾਰ-ਵਾਰ ਇਹ ਰੱਟ ਲਾਉਣਾ ਕਿ ਕਿਸਾਨਾਂ ਨੂੰ ਭੜਕਾਇਆ ਜਾ ਰਿਹਾ ਹੈ, ਅਸਲ ਵਿਚ ਕਿਸਾਨਾਂ ਦਾ ਕਚੂੰਬਰ ਕੱਢਣ ਦੇ ਅਗਲੇ ਕਦਮਾਂ ਲਈ ਦੇਸ਼ ਦੇ ਆਮ ਲੋਕਾਂ ਨੂੰ ਮਾਨਸਿਕ ਤੌਰ ਉੱਤੇ ਤਿਆਰ ਕਰਨ ਵਾਲੀ ਨੀਤੀ ਨੂੰ ਜ਼ਾਹਰ ਕਰਦਾ ਹੈ। ਫਿਰ ਏਦਾਂ ਦੇ ਦੇਸ਼ ਵਿਚ ਜੇ ਇਹ ਕਿਹਾ ਜਾ ਰਿਹਾ ਹੈ ਕਿ 'ਜੈ ਜਵਾਨ ਤੇ ਜੈ ਕਿਸਾਨ' ਵਾਲੇ ਦੇਸ਼ ਵਿਚ ਅੱਜ ਕਿਸਾਨਾਂ ਦੀ ਕਦਰ 'ਮਰੀ ਕੁੱਤੀ' ਜਿੰਨੀ ਨਹੀਂ ਰਹਿ ਗਈ ਤਾਂ ਕਹਿਣ ਵਾਲਿਆਂ ਦਾ ਕਸੂਰ ਨਹੀਂ, ਹਕੂਮਤਾਂ ਦੇ ਸੁਖ ਮਾਣਨ ਵਾਲਿਆਂ ਦੀਆਂ ਨੀਤੀਆਂ ਦਾ ਉਹ ਪ੍ਰਗਟਾਵਾ ਹੈ, ਜਿਹੜਾ ਸੌ ਪਰਦੇ ਪਾੜ ਕੇ ਵੀ ਬਾਹਰ ਆਈ ਜਾਂਦਾ ਹੈ।


# ਫੇਸਬੁੱਕ, ਟਵਿੱਟਰ ਅਤੇ ਵ੍ਹੱਟਸ ਐਪ ਬਣੇ ਸੂਚਨਾ ਤੇ ਜੰਗ ਦੇ ਮੈਦਾਨ

ਸੁਖਵੀਰ ਸਿੰਘ ਕੰਗ
ਫੋਨ: 91-85678-72291

ਕਦੇ ਸਮਾਂ ਹੁੰਦਾ ਸੀ ਕਿ ਜੰਗਾਂ, ਯੁੱਧਾਂ, ਅੰਦੋਲਨਾਂ, ਸੰਘਰਸ਼ਾਂ ਅਤੇ ਖਿੱਚੋਤਾਣਾਂ ਦੌਰਾਨ ਲੋਕਾਂ ਨੂੰ ਸੰਦੇਸ਼ ਪਹੁੰਚਾਉਣ, ਲਾਮਬੰਦ ਕਰਨ ਤੇ ਪ੍ਰਚਾਰ ਕਰਨ ਲਈ ਕਾਫੀ ਮੁਸ਼ੱਕਤ ਲੱਗਦੀ ਸੀ। ਅੱਜ ਉਹ ਸਮਾਂ ਨਹੀਂ ਹੈ ਕਿ ਲੋਕਾਂ ਤੱਕ ਸਰੀਰਕ ਤੌਰ 'ਤੇ ਜਾਂ ਪੱਤਰਾਂ ਦੇ ਰੂਪ ਵਿਚ ਸੰਪਰਕ ਬਣਾਏ ਜਾਣ। ਹੁਣ ਤਾਂ ਲੋਕਾਂ, ਸਹਿਯੋਗੀਆਂ, ਦੇਸ਼ ਅਤੇ ਦੁਨੀਆਂ ਵਿਚ ਅਜਿਹੀਆਂ ਖਬਰਾਂ ਪਲਾਂ ਵਿਚ ਪਹੁੰਚ ਜਾਂਦੀਆਂ ਹਨ। ਖਬਰਾਂ, ਜਾਣਕਾਰੀਆਂ ਤੇ ਸੂਚਨਾਵਾਂ ਪਹਿਲਾਂ ਅਖਬਾਰਾਂ, ਕਦੇ ਰੇਡੀਓ ਅਤੇ ਫਿਰ ਟੈਲੀਵਿਜ਼ਨ ਰਹੀਂ ਤੇਜੀ ਨਾਲ ਲੋਕਾਂ ਤੱਕ ਪਹੁੰਚ ਜਾਂਦੀਆਂ ਸਨ। ਸਮਾਂ ਪਾ ਕੇ ਇਨ੍ਹਾਂ ਸਾਧਨਾਂ ਉੱਪਰ ਸਰਕਾਰੀ, ਫਿਰਕੂ, ਧਾਰਮਿਕ, ਲਾਲਚ ਅਤੇ ਮੌਕਾਪ੍ਰਸਤੀ ਦੀ ਰੰਗਤ ਚੜ੍ਹ ਜਾਣ ਕਾਰਨ ਲੋਕਾਂ ਵਿਚ ਇਨ੍ਹਾਂ ਦੀ ਭਰੋਸੇਯੋਗਤਾ ਘਟ ਹੀ ਨਹੀਂ ਗਈ, ਸਗੋਂ ਅੱਜ ਦੇ ਸਮੇਂ ਵਿਚ ਤਾਂ ਖਤਮ ਹੀ ਹੋ ਗਈ ਹੈ। ਲੋਕ ਹੁਣ ਮੁਲੰਮਾ ਰਹਿਤ ਖਬਰਾਂ ਅਤੇ ਹੋਰ ਜਾਣਕਾਰੀਆਂ ਲਈ ਸੋਸ਼ਲ ਮੀਡੀਏ ਵੱਲ ਆਕਰਸ਼ਿਤ ਹੋ ਗਏ ਹਨ। ਇਸ ਵਿਚ ਫੇਸਬੁੱਕ, ਟਵਿੱਟਰ, ਵ੍ਹੱਟਸ ਐਪ, ਯੂ-ਟਿਊਬ ਪ੍ਰਮੁੱਖ ਹਨ। ਲੋਕ ਹੁਣ ਅਖਬਾਰਾਂ ਅਤੇ ਟੀ. ਵੀ. ਖਬਰ ਚੈਨਲਾਂ ਦੀਆਂ ਖਬਰਾਂ, ਜਾਣਕਾਰੀਆਂ ਅਤੇ ਸੂਚਨਾਵਾਂ 'ਤੇ ਨਿਰਭਰ ਨਹੀਂ ਰਹਿ ਸਕਦੇ, ਸਗੋਂ ਅਜਿਹੇ ਕਈ ਮੁਹਾਜ਼ਾਂ ਨੂੰ ਫਰੋਲਣਾ ਪੈਂਦਾ ਹੈ, ਤਾਂ ਹੀ ਉਹ ਕੋਈ ਨਿਚੋੜ ਕੱਢ ਸਕਦੇ ਹਨ ਕਿ ਅਸਲ ਸੱਚਾਈ ਕੀ ਹੈ!

ਸੋਸ਼ਲ ਮੀਡੀਏ ਅਤੇ ਹੋਰ ਆਨ ਲਾਈਨ ਸਾਧਨਾਂ ਨੇ ਜਿੱਥੇ ਸ਼ੁੱਧ ਅਤੇ ਅਸਲ ਖਬਰਾਂ, ਜਾਣਕਾਰੀਆਂ, ਸੂਚਨਾਵਾਂ ਅਤੇ ਘਟਨਾਵਾਂ ਨੂੰ ਤੇਜੀ ਨਾਲ ਫੈਲਾਉਣ ਵਿਚ ਅਹਿਮ ਰੋਲ ਨਿਭਾਇਆ, ਉੱਥੇ ਇਸ ਉੱਪਰ ਪਾਬੰਦੀ ਜਾਂ ਨਿਯੰਤਰਣ ਨਾ ਹੋਣ ਕਾਰਨ ਇਹ ਵੀ ਸਮਾਂ ਪਾ ਕੇ ਸੁਆਰਥ, ਸ਼ਰਾਰਤੀ, ਗੈਰ-ਜ਼ਿੰਮੇਵਾਰ, ਲਾਲਚੀ ਅਤੇ ਵੱਖ ਵੱਖ ਆਈ. ਟੀ. ਸੈੱਲਾਂ ਦੇ ਧੱਕੇ ਵੀ ਚੜ੍ਹ ਗਏ, ਪਰ ਫਿਰ ਵੀ ਇਹ ਮੁਹਾਜ਼ ਹਾਲ ਦੀ ਘੜੀ ਲੋਕਾਂ, ਸਰਕਾਰਾਂ ਅਤੇ ਹੋਰ ਦੁਨਿਆਵੀ ਸੰਸਥਾਵਾਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਹਨ। ਇਹ ਸਾਧਨ ਭਾਵੇਂ ਕੱਚੀਆਂ-ਪੱਕੀਆਂ ਅਤੇ ਸੱਚੀਆਂ-ਝੂਠੀਆਂ ਜਾਣਕਾਰੀਆਂ ਨਾਲ ਵੀ ਲੱਦਿਆ ਪਿਆ ਹੈ, ਪਰ ਫਿਰ ਵੀ ਕਿਸੇ ਅਹਿਮ ਸ਼ਖਸੀਅਤ ਦੀ ਪੋਸਟ, ਟਵੀਟ ਜਾਂ ਵੀਡੀਓ ਸਬੰਧਤ ਵਿਸ਼ੇ ਸਬੰਧੀ ਅਤੇ ਦੁਨਿਆਵੀ ਤੌਰ 'ਤੇ ਡੂੰਘਾ ਪ੍ਰਭਾਵ ਪਾਉਂਦੀ ਹੈ। ਸੋਸ਼ਲ ਮੀਡੀਆ ਅਤੇ ਹੋਰ ਸਾਧਨ ਹਰ ਕਿਸੇ ਦੇਸ਼ ਦੀ ਅੰਦਰੂਨੀ ਜਾਂ ਬਾਹਰੀ ਹਿੱਲ-ਜੁੱਲ, ਗਤੀਵਿਧੀ ਜਾਂ ਖਿੱਚੋਤਾਣ ਦੀ ਚਰਚਾ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਹਨ। ਹੁਣ ਤਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਕੌਮਾਂਤਰੀ ਸੰਗਠਨ ਇਨ੍ਹਾਂ ਦੀ ਨਿੱਠ ਕੇ ਵਰਤੋਂ ਵੀ ਕਰਦੇ ਹਨ ਅਤੇ ਇਨ੍ਹਾਂ ਗਤੀਵਿਧੀਆਂ 'ਤੇ ਪੂਰੀ ਨਜ਼ਰ ਵੀ ਰੱਖਦੇ ਹਨ। ਸੋਸ਼ਲ ਅਤੇ ਦੂਸਰੇ ਮੀਡੀਏ ਦੀਆਂ ਨਿੱਜੀ ਪੋਸਟਾਂ ਸਰਕਾਰੀ ਤੇ ਨਿਆਇਕ ਕਾਰਵਾਈਆਂ ਦਾ ਆਧਾਰ ਅਤੇ ਕਾਰਨ ਵੀ ਬਣਨ ਲੱਗੀਆਂ ਹਨ।

ਦੇਸ਼ ਵਿਚ ਚੱਲ ਰਹੇ ਕਿਸਾਨ ਅੰਦੋਲਨ ਦਰਮਿਆਨ ਵੀ ਸੋਸ਼ਲ ਅਤੇ ਹੋਰ ਆਨ ਲਾਈਨ ਮੀਡੀਆ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਪੰਜਾਬ ਦੇ ਕਿਸਾਨਾਂ ਦੇ ਦਿੱਲੀ ਵੱਲ ਕੀਤੇ ਕੂਚ ਵਿਚ ਪਾਈਆਂ ਸਰਕਾਰੀ ਰੁਕਾਵਟਾਂ ਅਤੇ ਕਿਸਾਨਾਂ ਦੇ ਇਨ੍ਹਾਂ ਨੂੰ ਪਾਰ ਕਰ ਜਾਣ ਦੀ ਜ਼ਮੀਨੀ ਤਸਵੀਰ ਨੂੰ ਪਲਾਂ ਵਿਚ ਦੇਸ਼ ਤੇ ਦੁਨੀਆਂ ਸਾਹਮਣੇ ਲਿਆਉਣ ਅਤੇ ਕਿਸਾਨ ਅੰਦੋਲਨ ਦੀਆਂ ਸਰਗਰਮੀਆਂ ਤੇ ਸਰਕਾਰ ਦੇ ਰਵੱਈਏ ਦਾ ਨਾਲੋਂ ਨਾਲ ਹਾਲ ਪੇਸ਼ ਕਰਨ ਸਦਕਾ ਸੋਸ਼ਲ ਮੀਡੀਆ ਪਿਛਲੇ ਕਈ ਮਹੀਨਿਆਂ ਤੋਂ ਕਿਸਾਨਾਂ ਅਤੇ ਸਬੰਧਤ ਲੋਕਾਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਦੇਸ਼ ਦੇ ਖ਼ਬਰ ਚੈਨਲਾਂ ਦਾ ਨਿਰੋਲ ਸਰਕਾਰੀ ਅਤੇ ਪੱਖਪਾਤੀ ਹੋ ਜਾਣਾ ਹੈ। ਲੋਕਾਂ ਨੂੰ ਅਸਲ ਖਬਰ, ਜ਼ਮੀਨੀ ਸੱਚਾਈ ਅਤੇ ਨਿਰਪੱਖ ਸੂਚਨਾ ਤੇ ਜਾਣਕਾਰੀ ਲਈ ਹੁਣ ਫੇਸਬੁੱਕ, ਵ੍ਹੱਟਸ ਐਪ, ਟਵਿੱਟਰ ਅਤੇ ਹੋਰ ਆਨ ਲਾਈਨ ਸਾਧਨਾਂ ਦੀ ਫੋਲਾ-ਫਾਲੀ ਕਰਨੀ ਹੀ ਪੈਂਦੀ ਹੈ, ਇਸ ਤੋਂ ਬਿਨਾ ਉਨ੍ਹਾਂ ਦਾ ਨਿਚੋੜ ਕੱਢ ਪਾਉਣਾ ਸੰਭਵ ਨਹੀਂ ਹੈ। ਇਸੇ ਕਰਕੇ ਕਿਸਾਨ ਅੰਦੋਲਨ ਨਾਲ ਕਿਸੇ ਵੀ ਕਿਸਮ ਦਾ ਸਰੋਕਾਰ ਰੱਖਣ ਵਾਲਾ ਹਰ ਵਿਅਕਤੀ ਆਪਣੇ ਵਿਚਾਰ, ਪ੍ਰਤੀਕ੍ਰਿਆ ਅਤੇ ਗਤੀਵਿਧੀ ਨੂੰ ਇਨ੍ਹਾਂ ਪਲੇਟਫਾਰਮਾਂ ਤੇ ਸਾਂਝਾ ਕਰਨਾ ਜਰੂਰੀ ਸਮਝਦਾ ਹੈ। ਇਸ ਤਰ੍ਹਾਂ ਇਹ ਸਾਰੇ ਪਲੇਟਫਾਰਮ ਪੇਸ਼ਕਾਰੀ ਅਤੇ ਆਲੋਚਨਾ ਦਾ ਪਿੜ ਬਣੇ ਹੋਏ ਹਨ।



ਨਵੇਂ ਚਿਹਰਿਆਂ ਦੇ ਉਭਾਰ ਵਿਚ ਵੀ ਇਹ ਪੂਰਾ ਯੋਗਦਾਨ ਪਾਉਣ ਦੇ ਸਮਰੱਥ ਹਨ। ਕਿਸਾਨ ਅੰਦੋਲਨ ਦਰਮਿਆਨ 26 ਜਨਵਰੀ ਦੇ ਟਰੈਕਟਰ ਮਾਰਚ ਦੌਰਾਨ ਲਾਲ ਕਿਲ੍ਹੇ ਦੀ ਘਟਨਾ ਤੋਂ ਇੱਕ ਦਮ ਬਾਅਦ ਕੁਝ ਕਿਸਾਨ ਆਗੂਆਂ ਦੇ ਨੌਜਵਾਨਾਂ ਦੀ ਇਸ ਕਾਰਵਾਈ ਅਤੇ ਰੱਖਿਆ ਤੋਂ ਪੱਲਾ ਝਾੜ ਦੇਣ ਤੋਂ ਲੈ ਕੇ ਅੱਜ ਤੱਕ ਕਿਸਾਨ ਆਗੂਆਂ ਅਤੇ ਨਿਰਾਸ਼ ਨੌਜਵਾਨਾਂ ਵਿਚਕਾਰ ਸੋਸ਼ਲ ਮੀਡੀਏ ਉੱਪਰ ਪੋਸਟਾਂ ਅਤੇ ਟਿੱਪਣੀਆਂ ਦੀ ਜੰਗ ਜਾਰੀ ਹੈ। ਇਹ ਖਿੱਚੋਤਾਣ ਕਿਤੇ ਉਸਾਰੂ ਬਹਿਸ ਵੀ ਹੈ, ਪਰ ਕਈ ਵਾਰ ਇਹ ਬੇਕਾਬੂ ਅਤੇ ਉਲਾਰੂ ਵੀ ਦੇਖਣ ਨੂੰ ਮਿਲ ਰਹੀ ਹੈ। ਵਿਚਾਰ ਪੇਸ਼ ਕਰ ਦੇਣਾ ਤਾਂ ਠੀਕ ਹੈ, ਪਰ ਪੋਸਟਾਂ ਅਤੇ ਟਿੱਪਣੀਆਂ ਦਾ ਕੁਰੱਖਤ ਤੇ ਅਸ਼ਲੀਲ ਹੋ ਕੇ ਹੱਦਾਂ ਪਾਰ ਕਰ ਜਾਣਾ ਨਿਰਾਸ਼ਾਜਨਕ ਵਰਤਾਰਾ ਹੈ।

ਸੋਸ਼ਲ ਮੀਡੀਏ ਉੱਪਰ ਕੁਝ ਵੀ ਕਹਿ ਦੇਣ ਦੀ ਆਜ਼ਾਦੀ ਦਾ ਨਾਜਾਇਜ਼ ਫਾਇਦਾ ਉਠਾ ਕੇ ਬਹੁਤ ਸਾਰੇ ਅਨਸਰ ਗਾਲ੍ਹੀ-ਗਲੋਚ ਤੋਂ ਵੀ ਨਹੀਂ ਕਤਰਾਉਂਦੇ। ਇਨ੍ਹਾਂ ਸੋਸ਼ਲ ਸਾਈਟਾਂ ਅਤੇ ਹੋਰ ਆਨ ਲਾਈਨ ਸਾਧਨਾਂ ਉੱਪਰ ਪਿਛਲੇ ਕੁਝ ਸਮੇਂ ਤੋਂ ਸਰਕਾਰ ਤੇ ਕਿਸਾਨ ਆਗੂਆਂ ਵਿਚਕਾਰ ਅਤੇ ਕਿਸਾਨ ਮੋਰਚਿਆਂ ਦੀ ਸੱਤਾ 'ਤੇ ਕਾਬਜ਼ ਆਗੂਆਂ; ਅੰਦੋਲਨ ਦੇ ਅੰਦਰੋਂ ਹੀ ਨੌਜਵਾਨ ਅਤੇ ਸਿੱਖ ਸਿਧਾਂਤ ਪੱਖੀ ਪੈਦਾ ਹੋਈ ਮੁਕਾਬਲੇ ਦੀ ਧਿਰ ਵਿਚਕਾਰ ਬਹੁਤ ਸਰਗਰਮ ਬਹਿਸ, ਟਿਪਣੀਬਾਜ਼ੀ ਤੇ ਦੂਸ਼ਣਬਾਜ਼ੀ ਛਿੜੀ ਹੋਈ ਹੈ। ਕਿਸਾਨ ਅੰਦੋਲਨ ਅੰਦਰ ਪੈਦਾ ਹੋਈ ਇਸ ਖਿੱਚੋਤਾਣ ਦਾ ਲਾਭ ਉਠਾਉਣ ਲਈ ਸਰਕਾਰ ਅਤੇ ਕਈ ਕਿਸਮ ਦੇ ਆਈ. ਟੀ. ਸੈੱਲ ਵੀ ਸੰਘਰਸ਼ ਨੂੰ ਦੋਫਾੜ ਕਰਨ ਲਈ ਪੂਰੇ ਤਾਣ ਨਾਲ ਡਟੇ ਹੋਏ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਅੰਦੋਲਨ ਨੂੰ ਲੀਹੋਂ ਲਾਹਿਆ ਜਾਵੇ। ਸਰਕਾਰ ਅਤੇ ਆਈ. ਟੀ. ਸੈੱਲ ਅਨੇਕਾਂ ਫਰਜ਼ੀ ਆਈ. ਡੀ. ਬਣਾ ਕੇ ਇਸ ਮੁਹਾਜ਼ 'ਤੇ ਪੂਰੇ ਸਰਗਰਮ ਹਨ।

ਕਿਸਾਨ ਆਗੂਆਂ ਨੇ ਨੌਜਵਾਨ ਚਿਹਰਿਆਂ ਦਾ ਪਿਛੋਕੜ ਕੀ ਫਰੋਲਿਆ ਕਿ ਲੋਕਾਂ ਨੇ ਕਿਸਾਨ ਆਗੂਆਂ ਦੇ ਪਿਛੋਕੜ ਦੇ ਦਾਗਾਂ ਨੂੰ ਉਛਾਲਣਾ ਸ਼ੁਰੂ ਕਰ ਦਿੱਤਾ। ਕਿਸਾਨ ਆਗੂਆਂ ਵਲੋਂ ਸ਼ੱਕ ਨੂੰ ਆਧਾਰ ਬਣਾ ਕੇ ਕੁਝ ਨਵੇਂ ਚਿਹਰਿਆਂ ਦੇ ਕਿਰਦਾਰਾਂ ਵੱਲ ਉਂਗਲ ਉਠਾਉਣ ਦੀ ਦੇਰ ਸੀ ਕਿ ਉਨ੍ਹਾਂ ਦੇ ਹਮਾਇਤੀ ਨੌਜਵਾਨਾਂ ਨੇ ਕਿਸਾਨ ਆਗੂਆਂ ਦੇ ਕਿਰਦਾਰਾਂ ਬਾਰੇ ਉਪਲਬਧ ਨਾਂਹ ਪੱਖੀ ਤੱਥਾਂ ਦੀ ਹਨੇਰੀ ਲਿਆ ਦਿੱਤੀ। ਸਰਕਾਰ ਤਾਂ ਇਸ ਵਰਤਾਰੇ ਦੀ ਹੀ ਉਡੀਕ ਵਿਚ ਬੈਠੀ ਸੀ। ਇਸ ਮੰਦਭਾਗੇ ਵਰਤਾਰੇ ਨੇ ਸ਼ਰਾਰਤੀ ਤੱਤਾਂ, ਸਰਕਾਰ ਅਤੇ ਆਈ. ਟੀ. ਸੈੱਲਾਂ ਨੂੰ ਆਪਣੀਆਂ ਕੋਝੀਆਂ, ਨਕਲੀ, ਮਿਲਾਵਟੀ ਅਤੇ ਕਿਸਾਨ ਸੰਘਰਸ਼ ਵਿਚ ਵਖਰੇਵੇਂ ਭੜਕਾਉਣ ਵਾਲੀਆਂ ਗਤੀਵਿਧੀਆਂ ਨੂੰ ਸਿਖਰ 'ਤੇ ਪਹੁੰਚਾਉਣ ਦਾ ਸੁਨਹਿਰਾ ਮੌਕਾ ਦਿੱਤਾ।

ਇੰਟਰਨੈੱਟ ਉੱਪਰ ਵਖਰੇਵੇਂ ਤੇ ਖਿੱਚੋਤਣ ਦੀ ਪੈਦਾ ਹੋਈ ਇਸ ਲਹਿਰ ਦਾ ਲਾਭ ਲੈਂਦਿਆਂ ਸਰਕਾਰ ਨੇ ਵੀ ਨੌਜਵਾਨਾਂ ਖਿਲਾਫ ਦਮਨਕਾਰੀ ਮੁਹਿੰਮ ਅਰੰਭ ਦਿੱਤੀ, ਪਰ ਅੰਦੋਲਨ ਦੀ ਵਿਸ਼ਵ ਪੱਧਰ ਤੱਕ ਬਣੀ ਪਛਾਣ ਕਾਰਨ ਇਹ ਬਹੁਤੀ ਸਫਲ ਨਹੀਂ ਹੋ ਸਕੀ। ਉਂਜ ਤਸ਼ੱਦਦ ਦੇ ਸ਼ਿਕਾਰ ਲੋਕਾਂ, ਉਨ੍ਹਾਂ ਦੇ ਵਾਰਸਾਂ ਅਤੇ ਹਮਾਇਤੀਆਂ ਦਾ ਤੋੜ-ਵਿਛੋੜਾ ਕਰੀਂ ਚੁੱਪ ਬੈਠੇ ਕਿਸਾਨ ਆਗੂਆਂ ਵਿਚਕਾਰ ਪਾੜਾ ਹੋਰ ਵਧ ਗਿਆ, ਜਿਸ ਦੇ ਨਤੀਜੇ ਵਜੋਂ ਸੋਸ਼ਲ ਮੀਡੀਆਈ ਜੰਗ ਹੋਰ ਤੇਜ ਹੋ ਗਈ। ਫਿਰ ਇਸ ਖਿਚੋਤਾਣ ਵਿਚ ਨਵਾਂ ਮੋੜ ਆਇਆ ਵਿਸ਼ਵ ਪੱਧਰੀ ਮਸ਼ਹੂਰ ਹਸਤੀਆਂ ਦੇ ਕਿਸਾਨ ਪੱਖੀ ਟਵੀਟਾਂ ਨੇ ਹਲਚਲ ਮਚਾ ਦਿੱਤੀ ਅਤੇ ਸਰਕਾਰ ਨੂੰ ਵੀ ਇੱਕ ਵਾਰ ਤਾਂ ਭਾਜੜ ਹੀ ਪੈ ਗਈ ਅਤੇ ਇਹ ਬਾਹਰੀ ਦਖਲ ਸਰਕਾਰ ਨੂੰ ਬਹੁਤ ਚੁਭਿਆ।

ਆਪਣੇ ਬਚਾਓ ਲਈ ਸਰਕਾਰ ਨੂੰ ਦੇਸ਼ ਦੇ ਅੰਦਰੂਨੀ ਭਾੜੇ ਦੇ ਮਸ਼ਹੂਰ ਫਿਲਮੀ ਅਤੇ ਖਿਡਾਰੀ ਚਿਹਰਿਆਂ ਦਾ ਸਹਾਰਾ ਲੈਣਾ ਪਿਆ, ਪਰ ਛੇਤੀ ਹੀ ਮਜ਼ਾਕ ਅਤੇ ਲੋਕ ਵਿਰੋਧ ਦਾ ਸ਼ਿਕਾਰ ਹੋ ਕੇ ਇਹ ਟੋਲਾ ਛੇਤੀ ਹੀ ਚੁੱਪ ਹੋ ਗਿਆ। ਇਸ ਦਾ ਕਾਰਨ ਸੀ ਕਿ ਕਿਸਾਨ ਅੰਦੋਲਨ ਨੂੰ ਵਿਦੇਸ਼ਾਂ ਤੋਂ ਅਤੇ ਵਿਸ਼ਵ ਪੱਧਰੀ ਵੱਡੀ ਪਛਾਣ ਰੱਖਦੀਆਂ ਹਸਤੀਆਂ ਵਲੋਂ ਮਿਲੀ ਹਮਾਇਤ ਆਪ ਮੁਹਾਰੇ ਸੀ, ਜਦੋਂ ਕਿ ਦੇਸ਼ ਦੀਆਂ ਫਿਲਮੀ, ਖਿਡਾਰੀ ਅਤੇ ਹੋਰ ਹਸਤੀਆਂ ਦੇ ਟਵੀਟ ਪ੍ਰਭਾਵ ਅਧੀਨ ਕੀਤੇ ਸਨ। ਅਮਰੀਕੀ ਗਾਇਕਾ ਰੇਹਾਨਾ, ਸਵੀਡਨ ਦੀ ਵਾਤਾਵਰਣ ਕਾਰਜਕਰਤਾ ਗਰੇਟਾ ਥਨਬਰਗ ਅਤੇ ਹੋਰ ਖੇਤਰਾਂ ਵਿਚ ਕੌਮਾਂਤਰੀ ਨਾਮਣਾ ਖੱਟਣ ਵਾਲੀਆਂ ਹਸਤੀਆਂ ਦੇ ਟਵੀਟਾਂ ਨੇ ਇਸ ਅੰਦੋਲਨ ਨੂੰ ਬਹੁਤ ਤਾਕਤ ਦਿੱਤੀ।

ਸਰਕਾਰ ਨੇ ਇਸ ਕਿਸਮ ਦੀ ਹਮਾਇਤ ਨੂੰ ਰੋਕਣ ਲਈ ਕਈ ਹੱਥ ਕੰਡੇ ਵਰਤੇ। ਫਿਰ ਸਰਕਾਰ ਦੇ ਨੈਟ 'ਤੇ ਸਰਗਰਮ ਵਿੰਗਾਂ ਦੇ ਯੋਗਦਾਨ ਅਤੇ ਕਿਸਾਨਾਂ ਦੇ ਵਧੇ ਹੋਏ ਤਸ਼ੱਦਦ ਪ੍ਰਤੀ ਕਿਸਾਨ ਆਗੂਆਂ ਦੇ ਦੂਰੀ ਅਤੇ ਚੁੱਪ ਵਾਲੇ ਵਤੀਰੇ ਨੇ ਇੰਟਰਨੈੱਟ ਦੇ ਸਾਰੇ ਮੁਹਾਜ਼ਾਂ 'ਤੇ ਆਪਸੀ ਵਿਰੋਧ ਭਰੀ ਜੰਗ ਨੂੰ ਬਹੁਤ ਤੇਜ ਕਰ ਦਿੱਤਾ। ਮੌਕੇ ਦੀ ਨਜ਼ਾਕਤ ਨੂੰ ਪਛਾਣਦਿਆਂ ਕਿਸਾਨ ਅੰਦੋਲਨ ਪ੍ਰਤੀ ਸ਼ੁਭ ਅਤੇ ਫਿਕਰਮੰਦ ਭਾਵਨਾਂ ਰੱਖਣ ਵਾਲੇ ਲੋਕਾਂ ਨੇ ਨੌਜਵਾਨਾਂ ਤੇ ਆਗੂਆਂ ਨੂੰ ਹੋਸ਼ ਕਰਨ ਦੀਆਂ ਨਸੀਹਤਾਂ ਦੀ ਮੁਹਿੰਮ ਵੀ ਵਿੱਢੀ, ਜਿਸ ਦਾ ਕਾਫੀ ਅਸਰ ਵੀ ਹੋਇਆ। ਇਨ੍ਹਾਂ ਸਭ ਵਰਤਾਰਿਆਂ ਦੇ ਬਾਵਜੂਦ ਹਾਲੇ ਵੀ ਫੇਸਬੁੱਕ, ਟਵਿੱਟਰ ਅਤੇ ਵ੍ਹੱਟਸ ਐਪ ਕਿਸਾਨ ਅੰਦੋਲਨ ਦਰਮਿਆਨ ਸਭ ਧਿਰਾਂ ਲਈ ਜੰਗ ਦਾ ਮੈਦਾਨ ਬਣੇ ਹੋਏ ਹਨ। ਆਮ ਲੜਾਈਆਂ ਵਿਚ ਤਾਂ ਮਿਹਣੋ-ਮਿਹਣੀ, ਗਾਲ੍ਹੋ-ਗਾਲ੍ਹੀ, ਛਿੱਤਰੋ-ਛਿੱਤਰੀ ਜਾਂ ਮਰਨ-ਮਾਰਨ 'ਤੇ ਉੱਤਰਨਾ ਪੈਂਦਾ ਹੈ, ਪਰ ਇਹ ਜੰਗ ਪੋਸਟੋ-ਪੋਸਟੀ, ਕੁਮੈਂਟੋ-ਕੁਮੈਂਟੀ, ਮੈਸਜੋ-ਮੈਸਜੀ ਅਤੇ ਟਵੀਟੋ-ਟਵੀਟੀ ਹੋ ਕੇ ਲੜੀ ਜਾ ਰਹੀ ਹੈ। ਕੁਝ ਵੀ ਹੋਵੇ, ਇਹ ਵਿਲੱਖਣ ਜੰਗ ਕਿਸਾਨ ਅੰਦੋਲਨ ਦਾ ਮੁਹਾਂਦਰਾ ਅਤੇ ਮੁੱਖ ਮੁਹਾਜ ਬਣੀ ਹੋਈ ਹੈ।

# ਪੰਚਾਇਤਾਂ, ਖਾਪ-ਪੰਚਾਇਤਾਂ, ਮਹਾਂ-ਪੰਚਾਇਤਾਂ ਅਤੇ ਕਿਸਾਨ ਅੰਦੋਲਨ

**ਰਵਿੰਦਰ ਚੋਟ, ਫਗਵਾੜਾ**
ਫੋਨ: 91-98726-73703

ਖੁੱਲ੍ਹੇ ਅਸਮਾਨ ਹੇਠ ਜੰਗਲਾਂ ਵਿਚ ਕੁਦਰਤ ਦੀ ਗੋਦ ਮਾਣਦਾ ਮਨੁੱਖ ਜਦੋਂ ਸਭਿਆ ਸਮਾਜ ਸਿਰਜਣ ਵਲ ਤੁਰਿਆ ਤਾਂ ਇਸ ਨੇ ਆਪਣੇ ਆਪ ਹੀ ਆਪਣੇ ਦੁਆਲੇ ਸਮਾਜਿਕ ਬੰਦਿਸ਼ਾਂ ਸਿਰਜਣੀਆਂ ਸ਼ੁਰੂ ਕਰ ਦਿੱਤੀਆਂ। ਇਹੀ ਬਦਿਸ਼ਾਂ ਸਮਾਜਿਕ ਰਹੁ-ਰੀਤਾਂ ਅਤੇ ਰਿਵਾਜ ਬਣਦੇ ਗਏ। ਹੌਲੀ ਹੌਲੀ ਇਹ ਰਹੁ-ਰੀਤਾਂ ਕਬੀਲਿਆਂ, ਜਾਤਾਂ, ਗੋਤਾਂ ਵਿਚ ਵੰਡ ਹੁੰਦੀਆਂ ਗਈਆਂ। ਇਨ੍ਹਾਂ ਰਹੁ-ਰੀਤਾਂ ਦੇ ਘੇਰੇ ਨੂੰ ਨਿਰਵਿਘਨ ਚਾਲੂ ਰੱਖਣ ਲਈ ਉਨ੍ਹਾਂ ਕਬੀਲਿਆਂ ਦੇ ਤਕੜੇ ਤੇ ਬਹਾਦਰ ਬੰਦੇ ਆਗੂਆਂ ਦੇ ਰੂਪ ਵਿਚ ਅੱਗੇ ਆਉਂਦੇ ਰਹੇ। ਇਨ੍ਹਾਂ ਆਗੂਆਂ ਦਾ ਗਰੁੱਪ ਸਮਾਜਿਕ ਸੰਸਥਾ ਦਾ ਰੂਪ ਲੈ ਕੇ ਕਿਸੇ ਖਿੱਤੇ ਦੀ ਜਾਤ ਬਰਾਦਰੀ ਲਈ ਘੜੇ ਗਏ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨ ਲੱਗੇ। ਖਾਪ ਪੰਚਾਇਤਾਂ ਵੀ ਇਨ੍ਹਾਂ ਸੰਸਥਾਵਾਂ ਦਾ ਹੀ ਅਗਲਾ-ਅਗਲੇਰਾ ਰੂਪ ਹੈ।

ਇਹ ਖਾਪ ਪੰਚਾਇਤਾਂ ਜਨਤਾ ਵਲੋਂ ਚੁਣੀਆਂ ਹੋਈਆਂ ਨਹੀਂ ਹੁੰਦੀਆਂ, ਸਗੋਂ ਮੋਹਤਬਰ ਤੇ ਪ੍ਰਭਾਵਸ਼ਾਲੀ ਲੋਕ ਹੀ ਅਗਵਾਈ ਕਰਦੇ ਹਨ। ਖਾਪਾਂ ਉਤਰ-ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਇਲਾਕਿਆਂ ਵਿਚ ਆਪਣੀ ਦੀਰਘ ਹੋਂਦ ਰੱਖਦੀਆਂ ਹਨ। ਹਰਿਆਣਾ ਵਿਚ ਕਰੀਬ 120 ਖਾਪ ਪੰਚਾਇਤਾਂ ਕੰਮ ਕਰ ਰਹੀਆਂ ਹਨ। ਆਮ ਕਰਕੇ ਇਕ ਖਾਪ ਵਿਚ 84 ਪਿੰਡ ਆਉਂਦੇ ਹਨ, ਪਰ ਇਹ ਗਿਣਤੀ ਵੱਧ-ਘੱਟ ਵੀ ਹੋ ਸਕਦੀ ਹੈ। ਹਰਿਆਣੇ ਵਿਚ ਇਹ ਜ਼ਿਆਦਾ ਕਰਕੇ ਜਾਟ ਬਿਲਟ ਵਜੋਂ ਜਾਣੇ ਜਾਂਦੇ ਜਿਲੇ-ਜ਼ੀਦ, ਰੋਹਤਕ, ਸੋਨੀਪਤ, ਰਿਵਾੜੀ, ਮਹਿੰਦਰਗੜ੍ਹ, ਚਰਖੀ-ਦਾਦਰੀ, ਹਿਸਾਰ, ਭਵਾਨੀ ਅਤੇ ਝੱਜਰ ਵਿਚ ਕੰਮ ਕਰਦੀਆਂ ਹਨ। ਇਸੇ ਤਰ੍ਹਾਂ ਯੂ. ਪੀ. ਅਤੇ ਰਾਜਸਥਾਨ ਵਿਚ ਵੀ ਬਹੁਤੀਆਂ ਖਾਪਾਂ ਜਾਟ ਬਰਾਦਰੀ ਨਾਲ ਸਬੰਧ ਰੱਖਦੀਆਂ ਹਨ। ਯੂ. ਪੀ. ਦੇ ਵੀ ਅਠਾਰਾਂ ਤੋਂ ਵੀਹ ਜਿਲਿਆਂ ਵਿਚ ਜਾਟ ਬਰਾਦਰੀ ਦਾ ਕਾਫੀ ਪ੍ਰਭਾਵ ਹੈ।

ਪਿਛਲੇ ਸਮੇਂ ਵਿਚ ਖਾਪਾਂ ਦੀ ਕਾਰਗੁਜ਼ਾਰੀ ਤੇ ਪ੍ਰਸ਼ਨ-ਚਿੰਨ ਲੱਗਦੇ ਰਹੇ ਹਨ, ਕਿਉਂਕਿ ਇਨ੍ਹਾਂ ਦੇ ਮੁਖੀਏ ਬਰਾਦਰੀ ਨਾਲ ਸਬੰਧਤ ਨਿਯਮਾਂ ਨੂੰ ਬਹੁਤ ਸਖਤੀ ਨਾਲ ਲਾਗੂ ਕਰਦੇ ਆ ਰਹੇ ਹਨ। ਇਹ ਖਾਪਾਂ ਖਾਨਗਾਹੀ ਕੋਰਟਾਂ ਦੇ ਤੌਰ 'ਤੇ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਕੋਲ ਆਪੇ ਪੈਦਾ ਕੀਤੇ ਵਿਆਪਕ ਅਧਿਕਾਰ ਹਨ। ਇਨ੍ਹਾਂ ਖਾਪਾਂ ਦੇ ਬਹੁਤ ਸਾਰੇ ਫਤਵੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਵੀ ਹੁੰਦੇ ਹਨ। ਗੈਂਗ ਰੇਪ ਅਤੇ ਆਨਰ ਕਿਲਿੰਗ ਇਸੇ ਸ਼੍ਰੇਣੀ ਵਿਚ ਆਉਂਦੇ ਹਨ। ਇਕੋ ਗੋਤਰ ਵਿਚ ਜਾਂ ਦੂਸਰੀ ਜਾਤੀ ਵਿਚ ਵਿਆਹ ਕਰਨਾ ਵਰਜਿਤ ਹੈ। ਜੇ ਕੋਈ ਜੋੜਾ ਇਸ ਤਰ੍ਹਾਂ ਆਪਣੇ ਹੀ ਗੋਤਰ ਵਿਚ ਵਿਆਹ ਕਰਦਾ ਹੈ ਤਾਂ ਉਨ੍ਹਾਂ ਲਈ ਸਖਤ ਸਜ਼ਾਵਾਂ ਨਿਯਤ ਹਨ। ਅਜਿਹਾ ਵਿਆਹ ਤੁੜਵਾ ਦਿੱਤਾ ਜਾਂਦਾ ਹੈ। ਉਨ੍ਹਾਂ ਦਾ 'ਹੁੱਕਾ ਪਾਣੀ ਬੰਦ' ਕਰਕੇ ਬਰਾਦਰੀ ਵਿਚੋਂ ਛੇਕ ਦਿੱਤਾ ਜਾਂਦਾ ਹੈ। ਕਈ ਵਾਰੀ ਪਿੰਡੋਂ ਕੱਢ ਦਿੱਤਾ ਜਾਂਦਾ ਹੈ। ਇਥੋਂ ਤਕ ਕਿ ਬਰਾਦਰੀ ਦਾ ਜਿਹੜਾ ਬੰਦਾ ਉਨ੍ਹਾਂ ਨਾਲ ਵਰਤੋਂ ਰੱਖਦਾ ਹੈ, ਉਸ ਨੂੰ ਵੀ ਸਖਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਕਈ ਵਾਰੀ ਅਜਿਹੇ ਜੋੜਿਆਂ ਨੂੰ ਮਾਰਨ ਦੀਆਂ ਸਜ਼ਾਵਾਂ ਵੀ ਦਿੱਤੀਆਂ ਗਈਆ। ਇਸੇ ਕਰਕੇ 2018 ਵਿਚ ਦੇਸ਼ ਦੀ ਸਰਬ ਉੱਚ ਅਦਾਲਤ ਨੇ ਇਨ੍ਹਾਂ ਖਾਪਾਂ ਦੇ ਫੈਸਲਿਆਂ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ।

ਹਰਿਆਣਾ ਅਤੇ ਯੂ. ਪੀ. ਵਿਚ ਜਦੋਂ ਤਕ ਗੈਰ-ਭਾਜਪਾ ਸਰਕਾਰਾਂ ਰਹੀਆਂ, ਉਦੋਂ ਤਕ ਇਨ੍ਹਾਂ ਖਾਪਾਂ ਦੀ ਤੂਤੀ ਉਚੀ ਆਵਾਜ਼ ਵਿਚ ਬੋਲਦੀ ਰਹੀ। ਪਿਛਲੇ ਪੰਜ-ਛੇ ਸਾਲਾਂ ਤੋਂ ਭਾਜਪਾ ਦੀਆਂ ਸਰਕਾਰਾਂ ਦੇ ਹੋਂਦ ਵਿਚ ਆਉਣ 'ਤੇ ਇਨ੍ਹਾਂ ਦਾ ਪ੍ਰਭਾਵ ਕੁਝ ਘੱਟ ਵੇਖਣ ਨੂੰ ਮਿਲਿਆ। ਹਰਿਆਣੇ ਵਿਚ ਖੱਟਰ ਸਰਕਾਰ ਤੋਂ ਪਹਿਲਾਂ ਆਮ ਕਰਕੇ ਜਾਟ ਮੁੱਖ ਮੰਤਰੀ ਰਹੇ, ਜਿਵੇਂ ਕਿ ਦੇਵੀ ਲਾਲ, ਓਮ ਪ੍ਰਕਾਸ਼ ਚੌਟਾਲਾ ਅਤੇ ਭੂਪਿੰਦਰ ਸਿੰਘ ਹੂਡਾ ਆਦਿ। ਜਾਟ ਸਰਕਾਰਾਂ ਵਿਚ ਖਾਪਾਂ ਆਪਣੇ ਅਧਿਕਾਰ ਖੂਬ ਵਰਤਦੀਆਂ ਰਹੀਆਂ। ਭਾਜਪਾ ਸਰਕਾਰਾਂ ਵਿਚ ਖਾਪਾਂ ਦਾ ਜਿੰਨਾ ਪ੍ਰਭਾਵ ਖੀਣ ਹੋਇਆ, ਹੁਣ ਕਿਸਾਨੀ ਅੰਦੋਲਨ ਵਿਚ ਇਹ ਦੁੱਗਣਾ ਹੋ ਕੇ ਉਭਰਿਆ ਹੈ। ਇਹ ਖਾਪਾਂ ਜ਼ਿਮੀਂਦਾਰਾ ਬਰਾਦਰੀ ਨਾਲ ਸਬੰਧਤ ਹੋਣ ਕਰਕੇ ਖੁੱਲ੍ਹ ਕੇ ਕਿਸਾਨ ਅੰਦੋਲਨ ਦੇ ਹੱਕ ਵਿਚ ਆਈਆਂ। ਕਿਸਾਨ ਅੰਦੋਲਨ ਨੇ ਜਿੱਥੇ ਖਾਪ-ਪੰਚਾਇਤਾਂ ਨੂੰ ਨਵੀਂ ਰੂਹ ਤੇ ਵੱਖਰਾ ਰੰਗ ਦਿੱਤਾ ਹੈ, ਉੱਥੇ ਖਾਪਾਂ ਨੇ ਕਿਸਾਨ ਅੰਦੋਲਨ ਨੂੰ ਵੀ ਵਿਆਪਕਤਾ ਬਖਸ਼ੀ ਹੈ।

26 ਜਨਵਰੀ ਵਾਲੇ ਦਿਨ ਵਾਪਰੀ ਲਾਲ ਕਿਲ੍ਹੇ ਵਾਲੀ ਮੰਦਭਾਗੀ ਘਟਨਾ ਤੋਂ ਬਾਅਦ ਜਦੋਂ ਕੇਂਦਰ ਸਰਕਾਰ ਨੇ ਗਾਜ਼ੀਪੁਰ ਬਾਰਡਰ 'ਤੇ ਲੱਗੇ ਕਿਸਾਨ ਮੋਰਚੇ ਨੂੰ ਹੁਕਮ ਦਿੱਤਾ ਕਿ ਸਵੇਰ ਤਕ ਇਹ ਬਾਰਡਰ ਖਾਲੀ ਕਰ ਦਿੱਤਾ ਜਾਵੇ ਤਾਂ ਇਸ ਮੋਰਚੇ ਦੇ ਮੁੱਖ ਆਗੂ ਰਾਕੇਸ਼ ਟਿਕੈਤ ਦੀ ਹੰਝੂਆਂ ਭਰੀ ਦਹਾੜ ਨੇ ਕਿਸਾਨ ਅੰਦੋਲਨ ਦਾ ਰੁੱਖ ਹੀ ਬਦਲ ਦਿੱਤਾ। 29 ਫਰਵਰੀ ਨੂੰ ਇਸੇ ਅਪੀਲ ਨੂੰ ਮੁੱਖ ਰੱਖਦਿਆ ਮੁਜ਼ੱਫਰ ਨਗਰ ਵਿਖੇ ਮਹਾਂਵੀਰ ਚੌਂਕ ਕੋਲ ਜੀ. ਆਈ. ਜੀ. ਗਰਾਉਂਡ ਵਿਚ ਰਾਕੇਸ਼ ਟਿਕੈਤ ਦੇ ਭਰਾ ਦੀ ਅਗਵਾਈ ਵਿਚ ਟਿਕੈਤ ਖਾਪ ਵਲੋਂ ਮਹਾਂ-ਪੰਚਾਇਤ ਬੁਲਾਈ ਗਈ। ਇਸ ਮਹਾਂ-ਪੰਚਾਇਤ ਵਿਚ ਖਾਪਾਂ ਦੇ ਆਗੂਆਂ ਦੇ ਨਾਲ ਨਾਲ ਰਾਸ਼ਟਰੀ ਲੋਕ ਦਲ ਦੇ ਮੁਖੀ ਅਜੀਤ ਸਿੰਘ ਅਤੇ ਪੁੱਤਰ ਜੈਅੰਤ ਨੇ ਵੀ ਕਿਸਾਨ ਅੰਦੋਲਨ ਦਾ ਸਮਰਥਨ ਕੀਤਾ। ਇਸ ਮਹਾਂ-ਪੰਚਾਇਤ ਵਿਚ ਹੋਏ ਫੈਸਲੇ 'ਤੇ ਅਮਲ ਕਰਦਿਆਂ ਹਜ਼ਾਰਾਂ ਕਿਸਾਨ ਟਰੈਕਟਰ ਲੈ ਕੇ ਮੋਰਚੇ ਵਿਚ ਪਹੁੰਚ ਗਏ। ਉਸ ਰਾਤ ਕੇਂਦਰ ਸਰਕਾਰ ਵਲੋਂ ਇਸ ਬਾਰਡਰ 'ਤੇ ਅਰਧ-ਸੈਨਿਕ ਬਲ ਕਿਸੇ ਖਾਸ ਐਕਸ਼ਨ ਲਈ ਭੇਜੇ ਗਏ ਸਨ-ਕਿਸਾਨਾਂ ਦੇ ਭਾਰੀ ਇਕੱਠ ਨੂੰ ਵੇਖਦਿਆਂ ਉਨ੍ਹਾਂ ਨੂੰ ਵਾਪਿਸ ਬੁਲਾ ਲਿਆ ਗਿਆ। ਥੋੜ੍ਹਾ ਜਿਹਾ ਹਿੱਲ ਚੁਕਿਆ ਮੋਰਚਾ ਫਿਰ ਮੁੜ ਪੱਕੇ ਪੈਰੀਂ ਖੜ੍ਹਾ ਹੋ ਗਿਆ। ਇਹ ਸ਼ੁਰੂਆਤ ਸੀ ਖਾਪ ਪੰਚਾਇਤਾਂ ਦੀ ਆਪਣੇ ਨਵੇਂ ਰੰਗ ਵਿਚ ਕਿਸਾਨ ਮੋਰਚੇ ਦੀ ਹਮਾਇਤ ਵਿਚ ਖੜ੍ਹਨ ਦੀ ਅਤੇ ਲੋਕ ਮਨਾਂ ਵਿਚ ਬਣੀ ਆਪਣੀ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੀ ਦਿੱਖ ਨੂੰ ਸੁਧਾਰਨ ਦੀ। ਇਸ ਤੋਂ ਅੱਗੇ ਹਮਾਇਤ ਦਾ ਇਹ ਸਿਲਸਿਲਾ ਨਿਰੰਤਰ ਯਾਰੀ ਹੈ।

ਸਿੰਘੂ ਬਾਰਡਰ ਤੇ ਪੁਰਅਮਨ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਅਣਪਛਾਤੇ ਗੁੰਡਿਆਂ ਵਲੋਂ ਹਮਲਾ ਕੀਤਾ ਗਿਆ, ਟੈਂਟ ਪਾੜ ਦਿੱਤੇ ਗਏ, ਬਿਜਲੀ-ਪਾਣੀ ਬੰਦ ਕਰ ਦਿੱਤਾ ਗਿਆ, ਦੂਸਰੇ ਕਿਸਾਨ ਮੋਰਚਿਆ ਵਿਚੋਂ ਵੀ ਉਨ੍ਹਾਂ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ ਗਈ ਤਾਂ ਰੋਸ ਵਜੋਂ ਹਰਿਆਣਾ ਦੇ ਕਿਸਾਨਾਂ ਨੇ ਜੀਂਦ ਜਿਲੇ ਦੇ ਪਿੰਡ ਕੰਧੋਲਾ ਵਿਚ ਤਿੰਨ ਫਰਵਰੀ 2021 ਨੂੰ ਟੇਕ ਰਾਮ ਕੰਦੇਲਾ ਦੀ ਪ੍ਰਧਾਨਗੀ ਵਿਚ ਕੰਦੇਲਾਂ ਖਾਪ ਵਲੋਂ ਮਹਾਂ-ਪੰਚਾਇਤ ਬੁਲਾਈ ਗਈ। ਟੇਕ ਰਾਮ ਕੰਦੇਲਾ ਆਪ ਭਾਵੇਂ ਭਾਜਪਾ ਦਾ ਸਮਰਥਕ ਹੈ, ਪਰ ਉਸ ਨੇ ਕਿਸਾਨ ਅੰਦੋਲਨ ਨੂੰ ਪੂਰਾ ਸਮਰਥਨ ਦਿੱਤਾ। ਇਸ ਮਹਾਂ-ਪੰਚਾਇਤ ਵਿਚ ਹਰਿਅਣਾ, ਰਾਜਸਥਾਨ ਅਤੇ ਉਤਰ ਪ੍ਰਦੇਸ਼ ਦੀਆਂ ਲੱਗਪਗ ਪੰਜਾਹ ਖਾਪਾਂ ਦੇ ਮੈਂਬਰਾਂ ਅਤੇ ਆਗੂਆਂ ਨੇ ਹਿੱਸਾ ਲਿਆ।

ਇਸ ਮਹਾਂ-ਪੰਚਾਇਤ ਵਿਚ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਰਾਕੇਸ਼ ਟਿਕੈਤ, ਬਲਬੀਰ ਸਿੰਘ ਰਾਜੇਵਾਲ ਅਤੇ ਹੋਰ ਕਿਸਾਨ ਆਗੂਆਂ ਨੇ ਕੁਝ ਮਤੇ ਪਾਸ ਕੀਤੇ। ਪਹਿਲਾ, ਕਿਸਾਨਾਂ ਨਾਲ ਮੀਟਿੰਗ ਸਮੇਂ ਪ੍ਰਧਾਨ ਮੰਤਰੀ ਅਤੇ ਗ੍ਰਹਿ-ਮੰਤਰੀ ਦੀ ਮੌਜੂਦਗੀ ਜ਼ਰੂਰੀ; ਦੂਸਰਾ, ਕਿਸਾਨ ਵਿਰੋਧੀ ਤਿੰਨੇ ਬਿਲ ਰੱਦ ਕੀਤੇ ਜਾਣ ਅਤੇ ਐਮ. ਐਸ. ਪੀ. ਨੂੰ ਲਾਜ਼ਮੀ ਕੀਤਾ ਜਾਵੇ; ਤੀਸਰਾ, ਕਿਸਾਨਾਂ 'ਤੇ ਦਰਜ ਕੀਤੇ ਝੂਠੇ ਕੇਸ ਰੱਦ ਕੀਤੇ ਜਾਣ ਅਤੇ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਰਿਹਾ ਕੀਤਾ ਜਾਵੇ; ਚੌਥਾ, ਸਵਾਮੀਨਾਥਨ ਰਿਪੋਰਟ ਲਾਗੂ ਕੀਤੀ ਜਾਵੇ। ਕੇਂਦਰ ਦੀ ਸਰਕਾਰ 'ਤੇ ਇਨ੍ਹਾਂ ਮਹਾਂ-ਪੰਚਾਇਤਾਂ ਦਾ ਭਾਵੇਂ ਸਿੱਧੇ ਤੌਰ 'ਤੇ ਕੋਈ ਬਹੁਤਾ ਅਸਰ ਨਹੀਂ ਹੋਇਆ, ਪਰ ਜਨ ਸਮੂਹ ਦੇ ਮਨਾ ਵਿਚ ਭਾਜਪਾ ਦੀ ਰਾਜਸੀ ਜ਼ਮੀਨ ਖਿਸਕਾਉਣ ਲਈ ਇਹ ਮਹਾਂ-ਪੰਚਾਇਤਾਂ ਪਲੇਟਫਾਰਮ ਤਿਆਰ ਕਰ ਰਹੀਆਂ ਹਨ। ਇਹ ਇਨ੍ਹਾਂ ਦਾ ਉਪਰਾਲਾ ਅਜੇ ਵੀ ਜਾਰੀ ਹੈ।

ਉੱਤਰ ਪ੍ਰਦੇਸ਼ ਵਿਚ ਮੁਜ਼ੱਫਰਨਗਰ, ਮਥੁਰਾ, ਬਾਗਪੱਤ ਤੋਂ ਬਾਅਦ ਪੰਜ ਫਰਵਰੀ ਨੂੰ ਜਿਲਾ ਸ਼ਮਲੀ ਦੇ ਪਿੰਡ ਭੈਸਵਾਲ ਵਿਖੇ ਰਾਸ਼ਟਰੀ ਲੋਕ ਦਲ ਵਲੋਂ ਕਿਸਾਨਾਂ ਦੀ ਮਹਾਂ-ਪੰਚਾਇਤ ਬੁਲਾਈ ਗਈ, ਜਿਸ ਵਿਚ ਧਾਰਾ 144 ਲੱਗੀ ਹੋਣ ਦੇ ਬਾਵਜੂਦ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨਾਂ ਨੇ ਹਿੱਸਾ ਲਿਆ। ਇਸ ਵਿਚ ਆਰ. ਐਲ. ਡੀ. ਦੇ ਆਗੂ ਜੈਅੰਤ ਚੌਧਰੀ ਨੇ ਵੀ ਕਿਸਾਨਾਂ ਦੇ ਹੱਕ ਵਿਚ ਆਵਾਜ਼ ਉਠਾਈ। ਇਸੇ ਤਰ੍ਹਾਂ ਚਰਖੀ ਦਾਦਰੀ ਦੇ ਵਿਧਾਇਕ ਸੋਮਵੀਰ ਸਾਂਗਵਾਨ ਵਲੋਂ ਕਿਟਲਾਣਾ ਟੋਲ ਪਲਾਜ਼ਾ 'ਤੇ ਮਹਾਂ-ਪੰਚਾਇਤ ਬੁਲਾਈ ਗਈ। ਇਥੇ ਵੀ ਲੋਕਾਂ ਦੇ ਵੱਡੇ ਇਕੱਠ ਵਿਚ ਉਹੀ ਮਤੇ ਪਾਸ ਕੀਤੇ ਗਏ। ਬਾਰਾਂ ਫਰਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਵਲੋਂ ਬਹਾਦਰਗੜ੍ਹ ਅਤੇ ਬੁਲਾਰੀ ਵਿਖੇ ਵੀ ਮਹਾਂ-ਪੰਚਾਇਤਾਂ ਕੀਤੀਆਂ ਗਈਆਂ ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਭੁੱਖ ਦਾ ਵਪਾਰ ਨਹੀਂ ਕਰਨ ਦਿੱਤਾ ਜਾਵੇਗਾ।

ਹਰਿਆਣਾ ਵਿਚ ਕਰਨਾਲ ਵਿਖੇ ਇੰਦਰੀ ਅਨਾਜ ਮੰਡੀ ਵਿਚ ਕਿਸਾਨਾਂ-ਮਜ਼ਦੂਰਾਂ ਦੀ ਮਹਾਂ-ਪੰਚਾਇਤ 14 ਫਰਵਰੀ ਨੂੰ ਕੀਤੀ ਗਈ, ਹਜ਼ਾਰਾਂ ਵਿਚ ਕਿਸਾਨ, ਮਜ਼ਦੂਰ ਤੇ ਹੋਰ ਵਰਗਾਂ ਦੇ ਲੋਕ ਇਕੱਠੇ ਹੋਏ ਅਤੇ ਅੰਦੋਲਨ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਕਿਸਾਨ ਲਿਖਣ, ਬੋਲਣ ਅਤੇ ਪ੍ਰੈਸ ਦੀ ਖੁਸ ਰਹੀ ਆਜ਼ਾਦੀ 'ਤੇ ਵੀ ਚਿੰਤਿਤ ਹਨ। ਇਹ ਵੀ ਖਬਰਾਂ ਹਨ ਕਿ ਖਾਪਾਂ ਦੇ ਇਕੱਠਾਂ ਤੋਂ ਪ੍ਰਭਾਵਿਤ ਹੋ ਕੇ ਯੂ. ਪੀ. ਦੇ ਅਠਾਰਾਂ ਜਿਲਿਆਂ ਦੇ ਜਾਟ ਭਾਜਪਾ ਤੋਂ ਮੂੰਹ ਮੋੜ ਕੇ ਕਿਸਾਨ ਅੰਦੋਲਨ ਨਾਲ ਆ ਖੜ੍ਹੇ ਹੋਏ ਹਨ। ਇਸੇ ਕਰਕੇ ਸੰਯੁਕਤ ਮੋਰਚੇ ਨੇ ਅੰਦੋਲਨ ਨੂੰ ਹੋਰ ਤੇਜ਼ ਕਰਨ ਲਈ ਸਾਰੇ ਦੇਸ਼ ਵਿਚ ਮਹਾਂ-ਪੰਚਾਇਤਾਂ ਕਰਨ ਦਾ ਮਨ ਬਣਾਇਆ ਹੈ। ਕਿਸਾਨ ਅੰਦੋਲਨ ਨੂੰ ਏਨੀ ਸ਼ਿੱਦਤ ਨਾਲ ਲੜਿਆ ਜਾ ਰਿਹਾ ਹੈ ਕਿ ਹਰਿਆਣੇ ਦੇ ਕਿਸਾਨ ਆਗੂ ਇਸ ਨੂੰ ਪ੍ਰਚੰਡ ਕਰਨ ਲਈ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਤੋਂ ਜਲ ਅਤੇ ਜੱਲ੍ਹਿਆਂਵਾਲੇ ਬਾਗ ਤੋਂ ਸ਼ਹੀਦਾਂ ਦੇ ਖੂਨ ਨਾਲ ਸਿੰਜੀ ਮਿੱਟੀ ਵੀ ਸਿੰਘੂ ਬਾਰਡਰ 'ਤੇ ਲੈ ਕੇ ਗਏ ਹਨ।

ਪੰਜਾਬ ਵਿਚ ਖਾਪਾਂ ਨਾਂ-ਮਾਤਰ ਹਨ। ਇਥੇ ਪਿੰਡਾਂ ਵਿਚ ਲੋਕਾਂ ਵਲੋਂ ਚੁਣੀਆਂ ਪੰਚਾਇਤਾਂ ਹੀ ਕੰਮ ਕਰਦੀਆਂ ਹਨ। ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਕਿਸਾਨ ਅੰਦੋਲਨ ਦੇ ਹੱਕ ਵਿਚ 11 ਫਰਵਰੀ 2021 ਨੂੰ ਜਗਰਾਓਂ ਵਿਖੇ ਮਹਾਂ-ਪੰਚਾਇਤ ਦਾ ਇਕੱਠ ਕੀਤਾ ਗਿਆ। ਇਸ ਵਿਚ ਪੰਜਾਬ ਦੇ ਕੋਨੇ ਕੋਨੇ ਤੋਂ ਸਾਰੇ ਵਰਗਾਂ ਦੇ ਲੋਕਾਂ ਨੇ ਇਕੱਠੇ ਹੋ ਕੇ ਇਹ ਸਿੱਧ ਕਰ ਦਿੱਤਾ ਕਿ ਇਹ ਅੰਦੋਲਨ ਹੁਣ ਜਨ-ਅੰਦੋਲਨ ਬਣ ਚੁਕਾ ਹੈ-ਜਾਤ, ਧਰਮ, ਇਲਾਕਾ ਸਭ ਪਿਛੇ ਰਹਿ ਗਏ ਹਨ। ਇਹ ਵੀ ਸਿੱਧ ਕਰ ਦਿੱਤਾ ਹੈ ਕਿ ਇਹ ਲੋਕ ਕੋਈ ਅਤਿਵਾਦੀ/ਵੱਖਵਾਦੀ ਨਹੀਂ ਹਨ, ਸਗੋਂ ਰਾਸ਼ਟਰਵਾਦੀ ਹੋਣ ਕਰਕੇ ਸਾਰੇ ਰਾਸ਼ਟਰ ਨਾਲ ਪੁਲਵਾਮਾ ਦੇ ਸ਼ਹੀਦਾਂ ਨੂੰ ਮੋਮਬੱਤੀਆਂ ਜਗਾ ਕੇ ਦਿਲੋਂ ਸ਼ਰਧਾਂਜਲੀਆਂ ਦੇ ਰਹੇ ਹਨ। ਹੁਣ ਪੰਜਾਬ ਵਿਚ ਵੀ ਥਾਂ ਥਾਂ 'ਤੇ ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ ਦੀਆਂ ਮਹਾਂ-ਪੰਚਾਇਤਾਂ ਰੰਗ ਦਿਖਾ ਰਹੀਆਂ ਹਨ। ਬੰਗਾਲ ਦੀਆਂ ਹੋ ਰਹੀਆਂ ਚੋਣਾਂ ਵਿਚ ਵੀ ਇਨ੍ਹਾਂ ਪੰਚਾਇਤਾਂ ਰਾਹੀਂ ਹਵਾ ਦਾ ਰੁਖ ਬਦਲਦਾ ਨਜ਼ਰ ਆ ਰਿਹਾ ਹੈ।



ਪੰਚਾਇਤਾਂ, ਖਾਪ ਪੰਚਾਇਤਾਂ ਅਤੇ ਮਹਾਂ-ਪੰਚਾਇਤਾਂ ਦੇ ਭਰਵੇਂ ਸਮਾਗਮਾਂ ਦੀ ਲਗਾਤਾਰਤਾ ਵਿਚ ਹੋਰ ਵੀ ਬਹੁਤ ਸਾਰੀਆਂ ਜਥੇਬੰਦੀਆਂ ਕਿਸਾਨ ਅੰਦੋਲਨ ਦੀਆਂ ਝੰਡਾਬਰਦਾਰ ਬਣੀਆਂ ਹਨ। ਕਿਸਾਨਾਂ ਦੇ ਨਾਲ ਮਜ਼ਦੂਰ, ਛੋਟੇ ਦੁਕਾਨਦਾਰ ਤੇ ਵਪਾਰੀ, ਆੜ੍ਹਤੀਏ, ਬੁੱਧੀਜੀਵੀ, ਚਿੰਤਕਾਂ, ਲੇਖਕਾਂ, ਫਿਲਮੀ ਅਦਾਕਾਰਾਂ ਸਮੇਤ ਸਮਾਜ ਦਾ ਹਰ ਚੇਤਨ ਵਰਗ ਇਨ੍ਹਾਂ ਕਾਲੇ ਕਾਨੂੰਨਾਂ ਦਾ ਮਾਤਮ ਮਨਾ ਰਿਹਾ ਹੈ। ਇਸ ਵਿਆਪਕ ਵਿਰੋਧ ਦਾ ਤੂਫਾਨ ਸਰਕਾਰ ਦੀ ਰੂਹ ਤੇ ਅਦਿੱਖ ਬੋਝ ਬਣਦਾ ਜਾ ਰਿਹਾ ਹੈ, ਜਿਹੜਾ ਦਿੱਲੀ ਦੀਆਂ ਸੜਕਾਂ 'ਤੇ ਕਿਸਾਨ ਮੋਰਚਿਆਂ ਦੇ ਦੁਆਲੇ ਗੱਡੀਆਂ ਕਿੱਲਾਂ, ਕੰਡਿਆਲੀਆਂ ਤਾਰਾਂ, ਸੀਮੈਂਟ ਦੇ ਬਲਾਕਾਂ ਅਤੇ ਮਸ਼ੀਨਾਂ ਨਾਲ ਪੁੱਟੇ ਵੱਡੇ ਵੱਡੇ ਟੋਇਆਂ ਦੇ ਰੂਪ ਵਿਚ ਵਿਅਕਤ ਹੋ ਰਿਹਾ ਹੈ। ਦੇਖਣਾ ਇਹ ਹੈ ਕਿੰਨੀ ਕੁ ਦੇਰ ਹੋਰ ਸਰਕਾਰ ਇਸ ਬੋਝ ਹੇਠ ਸੰਤੁਲਨ ਬਣਾ ਕੇ ਰੱਖਦੀ ਹੈ ਅਤੇ ਇਸ ਸਮੱਸਿਆ ਦਾ ਸਾਰਥਕ ਹੱਲ ਕਰਦੀ ਹੈ। ਭਾਵੇਂ ਕਿਸਾਨ ਆਗੂਆਂ ਨੇ ਇਹ ਸੋਚਦਿਆਂ ਕਿ ਅਜੇ ਦਿੱਲੀ ਬਾਰਡਰਾਂ 'ਤੇ ਲਗੇ ਮੋਰਚਿਆਂ ਨੂੰ ਹੋਰ ਤੀਬਰਤਾਂ ਨਾਲ ਭਖਾਉਣ ਦੀ ਲੋੜ ਹੈ-ਪੰਜਾਬ ਤੇ ਹਰਿਆਣਾ ਵਿਚ ਕੁਝ ਦੇਰ ਲਈ ਮਹਾਂ-ਪੰਚਾਇਤਾਂ ਨਾ ਕਰਨ ਦਾ ਫੈਸਲਾ ਲਿਆ ਹੈ, ਪਰ ਇਨ੍ਹਾਂ ਇਕੱਠਾਂ ਨੇ ਲੋਕਾਂ ਨੂੰ ਜਾਗ੍ਰਿਤ ਕਰਨ ਵਿਚ ਵੱਡਾ ਹਿੱਸਾ ਪਾਇਆ ਹੈ।

---

# ਸਰਕਾਰਾਂ, ਸੰਘਰਸ਼ ਅਤੇ ਸਰਗੋਸ਼ੀਆਂ

**ਬਬੀਤਾ, ਨਾਭਾ**
babitamarkanda@gmail.com

ਲੋਕਤੰਤਰੀ ਸਰਕਾਰਾਂ ਦੀ ਵੱਡੀ ਖੂਬੀ ਇਹ ਹੈ ਕਿ ਇਨ੍ਹਾਂ ਵਿਚ ਜਨਸੰਘਰਸ਼ ਅਕਸਰ ਦੇਖਣ ਨੂੰ ਮਿਲਦੇ ਹਨ। ਸਰਕਾਰ ਦੁਆਰਾ ਬਣਾਏ ਕਾਨੂੰਨ ਸੰਸਦ ਵਿਚ ਪੇਸ਼ ਕੀਤੇ ਜਾਂਦੇ ਹਨ। ਵਿਰੋਧੀ ਧਿਰਾ ਦੁਆਰਾ ਇਨ੍ਹਾਂ ਦੀਆਂ ਊਣਤਾਈਆਂ 'ਤੇ ਸਵਾਲ ਉਠਾਏ ਜਾਂਦੇ ਹਨ ਅਤੇ ਬਹਿਸ ਕੀਤੀ ਜਾਂਦੀ ਹੈ; ਪਰ ਕਈ ਵਾਰੀ ਬਹੁਮਤ ਦੀਆਂ ਸਰਕਾਰਾਂ ਹੋਣ ਕਾਰਨ ਵਿਰੋਧੀਆਂ ਨੂੰ ਨਜ਼ਰ ਅੰਦਾਜ਼ ਕਰਕੇ ਜਲਦਬਾਜ਼ੀ ਵਿਚ ਫੈਸਲੇ ਲੈ ਕੇ ਕਾਨੂੰਨ ਪਾਸ ਕੀਤੇ ਜਾਂਦੇ ਹਨ। ਅੱਜ ਕੱਲ੍ਹ ਸੋਸ਼ਲ ਮੀਡੀਆ ਦਾ ਯੁੱਗ ਹੋਣ ਕਰਕੇ ਇਨ੍ਹਾਂ ਦੀ ਪੜਚੋਲ ਆਮ ਜਨਤਾ ਤੱਕ ਬੜੀ ਜਲਦੀ ਪਹੁੰਚਦੀ ਹੈ। ਪਿਛਲੇ ਕੁਝ ਸਮੇਂ ਵਿਚ ਜੋ ਵੀ ਕਾਨੂੰਨ ਪਾਸ ਹੋਏ, ਉਨ੍ਹਾਂ ਵਿਰੁੱਧ ਹੋਏ ਸੰਘਰਸ਼ਾਂ ਨੂੰ ਸਰਕਾਰ ਦੁਆਰਾ ਬੜੀ ਚਤੁਰਾਈ ਨਾਲ ਕੁਚਲ ਦਿੱਤਾ ਗਿਆ, ਪਰ ਜੋ ਸੰਘਰਸ਼ 'ਕਿਸਾਨੀ ਬਿਲਾਂ' ਵਿਰੁੱਧ ਹੋਇਆ, ਉਹ ਸਰਕਾਰ ਦੇ ਗਲੇ ਦੀ ਫਾਸ ਬਣਿਆ ਹੋਇਆ ਹੈ। ਅੱਤ ਦੀ ਸਰਦੀ ਵਿਚ ਦਿੱਲੀ ਦੇ ਬਾਰਡਰਾਂ 'ਤੇ ਹੋਣ ਵਾਲਾ ਇਹ ਸੰਘਰਸ਼ ਸਰਕਾਰ ਮੁਤਾਬਿਕ ਤਾਂ ਬੜੇ ਥੋੜ੍ਹੇ ਜਿਹੇ ਦਿਨਾਂ ਵਿਚ ਖਤਮ ਹੋਣ ਵਾਲਾ ਸੀ, ਪਰ ਇਸ ਅੰਦੋਲਨ ਨੇ ਦੇਸ਼-ਵਿਦੇਸ਼ ਵਿਚ ਧੁੰਮਾਂ ਪਾ ਦਿੱਤੀਆਂ। ਅੱਗੋਂ ਸਰਕਾਰ ਨੇ ਵੀ ਇਸ ਨੂੰ ਕੁਚਲਣ ਦੀਆਂ ਕੋਝੀਆਂ ਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ।

ਜਦੋਂ ਇਹ ਸੰਘਰਸ਼ ਪੂਰੇ ਜੋਬਨ 'ਤੇ ਸੀ ਤਾਂ ਢਾਹ ਲਾਉਣ ਲਈ 26 ਜਨਵਰੀ ਵਾਲੇ ਦਿਨ ਚੰਦ ਕੁ ਜਨੂੰਨੀ ਨੌਜੁਆਨਾਂ ਨੂੰ ਲਾਲ ਕਿਲ੍ਹੇ 'ਤੇ ਜਾਣ ਲਈ ਉਤਸ਼ਾਹਿਤ ਕੀਤਾ ਅਤੇ ਝੰਡਾਂ ਝੁਲਾ ਦਿੱਤਾ ਗਿਆ। ਇਸ ਦੇ ਨਾਲ ਹੀ ਸਰਕਾਰ ਨੂੰ ਦੇਸ਼ਧ੍ਰੋਹੀ ਅਨਸਰਾਂ ਦਾ ਸੰਘਰਸ਼ ਸਾਬਿਤ ਕਰਨ ਦਾ ਮੌਕਾ ਮਿਲ ਗਿਆ ਅਤੇ ਵਿਰੋਧੀ ਮੁਲਕਾਂ ਵਿਚ ਵੀ ਭਾਰਤ ਦੀ ਕਿਰਕਿਰੀ ਹੋਈ। ਕਿਸਾਨ ਜੱਥੇਬੰਦੀਆਂ ਵੱਲੋ ਵਾਰ ਵਾਰ ਸੁਚੇਤ ਕਰਨ ਦੇ ਬਾਵਜੂਦ ਜਵਾਨੀ ਆਪਣੇ ਹੋਸ਼ ਗਵਾ ਬੈਠੀ, ਜਦੋਂ ਕਿ ਬਾਕੀ ਸਾਰਾ ਟਰੈਕਟਰ ਮਾਰਚ ਸਰਕਾਰ ਦੁਆਰਾ ਤੈਅ ਰੂਟ 'ਤੇ ਬੜੇ ਹੀ ਅਮਨ ਅਮਾਨ ਨਾਲ ਹੋਇਆ, ਪਰ ਸਦਕੇ ਜਾਈਏ ਸਾਡੇ ਇਲੈਕਟ੍ਰੋਨਿਕ ਮੀਡੀਆ ਦੇ, ਜਿਸ ਨੇ ਸਾਰੇ ਕੈਮਰੇ ਲਾਲ ਕਿਲ੍ਹੇ 'ਤੇ ਹੀ ਫੋਕਸ ਰੱਖੇ, ਬਾਕੀ ਮਾਰਚ ਦੀ ਝਲਕ ਨਾਂ-ਮਾਤਰ ਹੀ ਦਿਖਾਈ, ਜਿਸ ਉਤੇ ਦਿੱਲੀ ਦੇ ਲੋਕਾਂ ਦੁਆਰਾ ਫੁੱਲ ਵਰਸਾਏ ਗਏ। ਸਰਕਾਰ ਹੱਥ ਇੱਕ ਵੱਡਾ ਮੌਕਾ ਲੱਗ ਗਿਆ ਕਿਸਾਨਾਂ ਨੂੰ ਡਰਾ ਧਮਕਾ ਕੇ ਧਰਨਾ ਚੁਕਵਾਉਣ ਦਾ, ਇੱਕ ਜਾਟ ਨੇਤਾ ਦੀਆਂ ਅੱਖਾਂ ਵਿਚੋਂ ਨਿਕਲੇ ਹੰਝੂਆਂ ਨੇ ਸਰਕਾਰ ਦਾ ਇਹ ਦਾਅ ਵੀ ਉਲਟਾ ਪਾ ਦਿੱਤਾ।

ਸ਼ਾਂਤੀਪੂਰਨ ਢੰਗ ਨਾਲ ਚੱਲਣਵਾਲਾ ਇਹ ਸੰਘਰਸ਼ ਆਪਣੇ 100 ਦਿਨ ਪੂਰੇ ਕਰ ਚੁਕਾ ਹੈ। ਅਮਰੀਕਾ ਦੇ 'ਟਾਈਮ' ਮੈਗਜ਼ੀਨ ਵੱਲੋਂ ਇਸ ਸੰਘਰਸ਼ 'ਚ ਸ਼ਾਮਿਲ ਕਿਸਾਨ ਬੀਬੀਆਂ ਦੀ ਫੋਟੋ ਕਵਰ ਪੇਜ਼ 'ਤੇ ਛਾਪਣਾ ਤੇ ਸਿਰਲੇਖ ਦੇਣਾ "ਮੈਨੂੰ ਖਰੀਦਿਆ ਨਹੀਂ ਜਾ ਸਕਦਾ, ਮੈਨੂੰ ਡਰਾਇਆ ਨਹੀਂ ਜਾ ਸਕਦਾ" ਇਸ ਅੰਦੋਲਨ ਦੀ ਇੱਕ ਪ੍ਰਾਪਤੀ ਹੈ। ਕਿਸਾਨਾਂ ਵਲੋਂ ਇਹ ਅਪੀਲ ਲਗਾਤਾਰ ਕੀਤੀ ਜਾਂਦੀ ਰਹੀ ਕਿ ਇਹ ਕਿਸੇ ਵਿਸ਼ੇਸ਼ ਪਾਰਟੀ, ਜਾਤ ਜਾਂ ਧਰਮ ਨਾਲ ਸੰਬਧਤ ਸੰਘਰਸ਼ ਨਹੀਂ ਹੈ।

ਹੁਣ ਆਲਮ ਇਹ ਹੈ ਕਿ ਹਾਕਮ ਧਿਰ ਅਜੇ ਵੀ ਆਪਣੇ ਬਣਾਏ ਕਾਨੂੰਨਾਂ ਨੂੰ ਸਹੀ ਸਿੱਧ ਕਰਵਾਉਣ 'ਤੇ ਤੁਲੀ ਹੋਈ ਹੈ। ਹਾਲਾਂਕਿ ਉਹ ਕਾਨੂੰਨਾਂ ਵਿਚਲੀਆਂ ਖਾਮੀਆਂ ਨੂੰ ਮੰਨ ਕੇ ਸੋਧਾ ਕਰਨ ਲਈ ਤਿਆਰ ਹੈ। ਕਿਸਾਨੀ ਸੰਘਰਸ਼ ਵਿਚ ਹੋਣ ਵਾਲੀਆ ਸ਼ਹਾਦਤਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ, ਜਿਨ੍ਹਾਂ ਦੇ ਚੱਲਦੇ ਕਿਸਾਨ ਵੀ ਕਾਨੂੰਨ ਵਾਪਸ ਕਰਵਾਉਣ ਦੀ ਆਪਣੀ ਮੰਗ 'ਤੇ ਬਜ਼ਿੱਦ ਹਨ। ਸਰਕਾਰ ਤੇ ਕਿਸਾਨਾਂ ਵਿਚਲੀ ਕਸ਼ਮਕਸ਼ ਵਿਚਾਲੇ ਮਨੁੱਖੀ ਜਾਨਾਂ ਦਾ ਘਾਣ ਤੇ ਆਮ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੂੰ ਹੀ ਪਹਿਲ ਕਰਕੇ ਕੋਈ ਹੱਲ ਕੱਢਣਾ ਪਵੇਗਾ, ਕਿਉਂਕਿ ਲੋਕਤੰਤਰੀ ਸਰਕਾਰ ਦੀ ਅਸਲੀ ਪਰਿਭਾਸ਼ਾ ਹੀ ਇਹੀ ਹੈ ਕਿ ਲੋਕਾਂ ਦੀ, ਲੋਕਾਂ ਲਈ, ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੈ। ਸੋ ਇਹ ਕੋਈ ਰਾਜਤੰਤਰ ਤਾਂ ਹੈ ਨਹੀਂ ਕਿ ਜੋ ਰਾਜੇ ਨੇ ਫੈਸਲਾ ਕਰ'ਤਾ, ਉਹ ਵਾਪਸ ਨਹੀਂ ਹੋਏਗਾ। ਜੇ ਕੋਈ ਕਾਨੂੰਨ ਜਿਨ੍ਹਾਂ ਲੋਕਾਂ ਲਈ ਬਣਿਆ, ਉਨ੍ਹਾਂ ਦੇ ਹੀ ਪਸੰਦ ਨਹੀ ਤਾਂ ਉਸ ਨੂੰ ਜ਼ਬਰਦਸਤੀ ਥੋਪਣ ਦੀ ਕੀ ਲੋੜ ਹੈ!

ਸਰਕਾਰ ਦੁਆਰਾ ਦਿੱਤਾ ਜਾਣ ਵਾਲਾ ਤਰਕ ਕਿ ਕਿਸਾਨਾਂ ਨੂੰ ਵਰਗਲਾਇਆ ਜਾ ਰਿਹਾ ਹੈ, ਵੀ ਹਾਸੋਹੀਣਾ ਪ੍ਰਤੀਤ ਹੋ ਰਿਹਾ ਹੈ, ਕਿਉਂਕਿ ਜ਼ਿਆਦਾਤਰ ਕਿਸਾਨ ਆਗੂ ਪੜ੍ਹੇ-ਲਿਖੇ ਤੇ ਸੂਝਬਾਨ ਹਨ, ਜੋ ਇਨ੍ਹਾਂ ਕਾਨੂੰਨਾਂ ਵਿਚਲੀਆਂ ਖਾਮੀਆਂ ਤੋਂ ਚੰਗੀ ਤਰ੍ਹਾਂ ਵਾਕਿਫ ਹਨ। ਸਰਕਾਰ ਅਜੇ ਵੀ ਆਪਣੀਆਂ ਹਰਕਤਾਂ ਤੋ ਬਾਜ਼ ਨਹੀਂ ਆ ਰਹੀ। ਜੋ ਵੀ ਇਸ ਅੰਦੋਲਨ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਰਿਹਾ ਹੈ, ਉਸ 'ਤੇ ਇਨਕਮ ਟੈਕਸ ਵਿਭਾਗ ਵੱਲੋ ਛਾਪੇ ਮਾਰ ਕੇ ਉਸ ਨੂੰ ਕਾਨੂੰਨੀ ਪੇਚੀਦਗੀਆਂ ਵਿਚ ਉਲਝਾਇਆ ਜਾ ਰਿਹਾ। ਦੂਸਰੀ ਵੱਡੀ ਗੱਲ, ਜੇ ਕੋਈ ਖੁੱਲ੍ਹ ਕੇ ਸਰਕਾਰ ਵਿਰੁੱਧ ਆਪਣੀ ਰਾਇ ਪ੍ਰਗਟਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹਨੂੰ ਦੇਸ਼ਧ੍ਰੋਹੀ ਆਖ ਭੰਡਿਆ ਜਾ ਰਿਹਾ ਹੈ।

ਸੁਪਰੀਮ ਕੋਰਟ ਦੁਆਰਾ ਇਨ੍ਹੀਂ ਦਿਨੀਂ ਲਏ ਗਏ ਇੱਕ ਦੋ ਫੈਸਲੇ ਸਰਾਹੁਣਯੋਗ ਹਨ, ਜਿਨ੍ਹਾਂ ਵਿਚ ਇਹ ਸਾਫ ਕਰ ਦਿੱਤਾ ਗਿਆ ਹੈ ਕਿ ਸਰਕਾਰ ਤੋਂ ਅੱਲਗ ਜਾਂ ਅਸਹਿਮਤ ਰਾਏ ਰੱਖਣਾ ਦੇਸ਼ ਧ੍ਰੋਹ ਨਹੀਂ ਹੈ, ਸਗੋਂ ਸੁਪਰੀਮ ਕੋਰਟ ਦੁਆਰਾ ਜਾਂਚਕਰਤਾ ਨੂੰ ਜੁਰਮਾਨਾ ਵੀ ਕੀਤਾ ਗਿਆ। ਇਹ ਇੱਕ ਲੋਕਤੰਤਰ ਨੂੰ ਮਜ਼ਬੂਤ ਕਰਨ ਵਾਲਾ ਫੈਸਲਾ ਹੈ। ਇਸ ਦੇ ਨਾਲ ਕੋਈ ਵੀ 'ਐਰਾ ਗੈਰਾ' ਕਿਸੇ ਸਨਮਾਨਿਤ ਸ਼ਖਸੀਅਤ ਨੂੰ ਭੰਡਣ ਦਾ ਕੰਮ ਨਹੀਂ ਕਰ ਸਕਦਾ। ਸੋ ਸਰਕਾਰਾ ਨੂੰ ਵੀ ਜਨਤਾ ਦੀਆਂ ਅਸਲੀ ਸਮੱਸਿਆਵਾਂ ਵੱਲ ਧਿਆਨ ਦੇਣਾ ਪਵੇਗਾ। ਸਿਰਫ ਮੁਫਤ ਸਹੂਲਤਾਂ ਵੰਡਣ ਨਾਲ ਹੱਲ ਨਹੀਂ ਨਿਕਲਣ ਵਾਲਾ, ਲੋਕਾਂ ਲਈ ਰੁਜ਼ਗਾਰ ਯਕੀਨੀ ਬਣਾਉਣਾ ਪਏਗਾ। ਚੰਦ ਕੁ ਘਰਾਣਿਆਂ ਵੱਲੋਂ ਆਏ ਚੰਦੇ ਦੁਆਰਾ ਵਿਰੋਧੀਆਂ ਦੀਆਂ ਸਰਕਾਰਾਂ ਗਿਰਾਉਣੀਆਂ, ਵਿਧਾਇਕਾਂ ਦੀ ਖਰੀਦੋ-ਫਰੋਖਤ ਕਰਨੀ-ਇਹ ਰੁਝਾਨ ਆਉਣ ਵਾਲੇ ਸਮੇਂ ਵਿਚ ਲੋਕਤੰਤਰ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੇ ਹਨ।

# ਮਸਤੂਆਣਾ ਸਾਹਿਬ ਦੇ ਇਕੱਠ 'ਚ ਵਿਚਾਰਾਂ ਦੀ ਮੂਸਲਾਧਾਰ ਬਾਰਸ਼

*ਇਕ ਪਾਸੇ ਪਿਛਲੇ ਕਈ ਮਹੀਨਿਆਂ ਤੋਂ ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਚੱਲ ਰਿਹਾ ਹੈ, ਦੂਜੇ ਪਾਸੇ ਇਸ ਸੰਘਰਸ਼ ਨੂੰ ਪੰਜਾਬ ਦੀ ਵੱਖਰੀ ਹਸਤੀ ਲਈ ਲੜੀ ਜਾ ਰਹੀ ਲੜਾਈ ਨਾਲ ਜੋੜਨ ਲਈ ਜ਼ੋਰ-ਅਜ਼ਮਾਈ ਚੱਲ ਰਹੀ ਹੈ। ਇਸ ਬਾਰੇ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਦੀਆਂ ਕਈ ਟਿੱਪਣੀਆਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿਚੋਂ ਕੁਝ ਅਸੀਂ ਪਾਠਕਾਂ ਨਾਲ ਵੀ ਸਾਂਝੀਆਂ ਕੀਤੀਆਂ ਹਨ। ਹੁਣ ਉਨ੍ਹਾਂ ਮਸਤੂਆਣਾ ਸਾਹਿਬ ਰੈਲੀ ਬਾਰੇ ਟਿੱਪਣੀ ਕੀਤੀ ਹੈ। ਅਸਲ ਵਿਚ ਪੰਜਾਬ ਜਾਂ ਸਿੱਖਾਂ ਦੀ ਵੱਖਰੀ ਹਸਤੀ ਬਾਰੇ ਟਿੱਪਣੀ ਕਰਦਿਆਂ ਉਹ ਇੰਨੇ ਜਜ਼ਬਾਤੀ ਹੋ ਜਾਂਦੇ ਹਨ ਕਿ ਆਪਣੀ ਸੁਘੜ ਪੱਤਰਕਾਰੀ ਦਾ ਲੜ ਵੀ ਉਨ੍ਹਾਂ ਤੋਂ ਛੁੱਟ ਜਾਂਦਾ ਹੈ। ਇਸ ਦੇ ਨਾਲ ਹੀ ਅਸੀਂ ਇਕ ਹੋਰ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਅਤੇ ਡਾ. ਸਾਧੂ ਸਿੰਘ ਦੀਆਂ ਟਿੱਪਣੀਆਂ ਵੀ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ, ਜਿਸ ਵਿਚ ਉਹ ਕਿਸਾਨ ਅੰਦੋਲਨ ਨੂੰ ਸਿਰਫ ਕਿਸਾਨ ਅੰਦੋਲਨ ਤੱਕ ਸੀਮਤ ਰੱਖਣ ਦੀ ਤਾਕੀਦ ਕਰਦੇ ਵੱਖਰੀ ਹਸਤੀ ਦੀ ਗੱਲ ਕਰਨ ਵਾਲਿਆਂ ਲਈ ਕੁਝ ਸਵਾਲ ਵੀ ਛੱਡੇ ਹਨ। -ਸੰਪਾਦਕ*

ਮਸਤੂਆਣਾ ਸਾਹਿਬ ਦੀ ਰੈਲੀ ਨੂੰ ਵੀ ਅਖਬਾਰਾਂ ਨੇ ਮਿੱਥ ਕੇ ਨਜ਼ਰਅੰਦਾਜ਼ ਕੀਤਾ ਹੈ ਅਤੇ ਜਿਨ੍ਹਾਂ ਨੇ ਉਸ ਰੈਲੀ ਬਾਰੇ ਕੁਝ ਲਿਖਿਆ ਵੀ ਹੈ ਉਨ੍ਹਾਂ ਵਿਚ 'ਉਹ ਗੱਲ' ਸ਼ਾਮਲ ਨਹੀਂ ਜੋ ਸੁੱਚੇ ਇਤਿਹਾਸ ਦਾ ਪੰਨਾ ਬਣਦੀ ਹੈ। ਖਾਸਮ-ਖਾਸ ਗੱਲਾਂ ਵਿਚੋਂ ਲਿਖਣ ਤੇ ਸੋਚਣ ਵਾਲੀ ਗੱਲ ਇਹ ਸੀ ਕਿ ਉਸ ਇਕੱਠ ਵਿਚ ਵਿਚਾਰਾਂ ਦੀ ਬਾਰਿਸ਼ ਹੋ ਰਹੀ ਸੀ ਜਾਂ ਇਉਂ ਕਹਿ ਲਓ ਵਿਚਾਰਾਂ ਦੇ ਤੀਰ ਸਿੱਧੇ ਨਿਸ਼ਾਨੇ ਉੱਤੇ ਲੱਗ ਰਹੇ ਸਨ।

ਭਾਵੁਕਤਾ ਦੇ ਸੰਸਾਰ ਨੂੰ ਵਿਚਾਰਾਂ ਦੀ ਪ੍ਰੌਂਠ ਨਾਲ ਸਜਾਇਆ ਅਤੇ



**ਕਰਮਜੀਤ ਸਿੰਘ**
**ਫੋਨ: +91-99150-9106**

ਸ਼ਿੰਗਾਰਿਆ ਗਿਆ ਸੀ। ਮਹਿਰਾਜ ਦੀ ਰੈਲੀ ਅਤੇ ਮਸਤੂਆਣਾ ਸਾਹਿਬ ਦੀ ਰੈਲੀ ਵਿਚ ਬੁਨਿਆਦੀ ਫਰਕ ਇਹ ਸੀ ਕਿ ਜਿੱਥੇ ਮਹਿਰਾਜ ਦੀ ਇਕੱਤਰਤਾ ਨੇ ਕਿਸਾਨ ਮੋਰਚੇ ਨਾਲ ਜੁੜੇ ਹਰ ਹਮਾਇਤੀ ਤੇ ਵਿਰੋਧੀ ਨੂੰ ਇਹ ਯਾਦ ਕਰਾਇਆ ਕਿ 'ਅਸੀਂ ਅਜੇ ਜਿਊਂਦੇ ਹਾਂ', ਉੱਥੇ ਮਸਤੂਆਣਾ ਸਾਹਿਬ ਦੀ ਰੈਲੀ ਇਹ ਐਲਾਨ ਕਰ ਰਹੀ ਸੀ ਕਿ 'ਅਸੀਂ ਜਾਗਦੇ ਵੀ ਹਾਂ'।

ਭਲਾ ਉਹ ਲੁਕੀ ਅਤੇ ਅਸਲ ਗੱਲ ਕਿਹੜੀ ਸੀ ਜੋ ਇਸ ਰੈਲੀ ਬਾਰੇ ਬੜੇ ਮਾਣ ਨਾਲ ਕਹੀ ਜਾ ਸਕਦੀ ਹੈ ਅਤੇ ਜਿਹੜੀ ਬੁਝਾਰਤ ਨੂੰ ਬਹੁਤੇ ਅਕਲਾਂ ਵਾਲੇ ਵੀ ਨਹੀਂ ਬੁੱਝ ਸਕੇ? ਉਹ ਇਹ ਸੀ ਕਿ ਸੰਤ ਅਤਰ ਸਿੰਘ ਜੀ ਦੀਆਂ ਯਾਦਾਂ ਨਾਲ ਜੁੜੀ ਇਸ ਸਰਜ਼ਮੀਨ 'ਤੇ 'ਸੁਣਾਉਣ ਵਾਲੇ' ਅਤੇ ਹਜ਼ਾਰਾਂ ਦੀ ਗਿਣਤੀ ਵਿਚ ਬੈਠੇ 'ਸੁਣਨ ਵਾਲਿਆਂ' ਵਿਚ ਕੋਈ ਫਰਕ ਨਹੀਂ ਸੀ ਰਹਿ ਗਿਆ। ਤੁਸੀਂ ਇਹ ਐਲਾਨ ਕਰ ਸਕਦੇ ਹੋ ਕਿ ਸੱਚੀਮੁੱਚੀ ਹੀ ਉਸ ਰੈਲੀ ਵਿਚ ਸੰਗਤਾਂ ਦੇ ਮਨਾਂ ਅੰਦਰ ਵਿਦਵਤਾ ਦੀ ਨਦੀ ਵਗ ਰਹੀ ਸੀ- ਅਜਿਹੀ ਨਦੀ ਜੋ ਕਦੇ ਸ਼ਾਂਤ ਸੀ, ਕਦੇ ਤੇਜ਼ ਸੀ, ਕਦੇ ਅਸਮਾਨ ਵਾਂਗ ਵਿਸ਼ਾਲ ਸੀ ਅਤੇ ਕਦੇ ਬਹੁਤ ਹੀ ਡੂੰਘੀ। ਜੇ ਸੰਗਤ ਸ਼ਬਦ ਦੇ ਡੂੰਘੇ ਅਤੇ ਇਤਿਹਾਸਕ ਅਰਥਾਂ ਨੂੰ ਸਮਝਣਾ ਹੋਵੇ ਤਾਂ ਮਸਤੂਆਣਾ ਸਾਹਿਬ ਰੈਲੀ ਵਿਚ ਸ਼ਾਮਲ ਲੋਕ ਅਸਲ ਵਿਚ ਸੰਗਤ ਦਾ ਰੁਤਬਾ ਅਖਤਿਆਰ ਕਰ ਗਏ ਸਨ।

ਮਹਿਰਾਜ ਦੀ ਰੈਲੀ ਵਿਚ ਵੀ ਇਕੱਠ 'ਢੋਇਆ' ਹੋਇਆ ਨਹੀਂ ਸੀ ਅਤੇ ਇਸ ਰੈਲੀ ਵਿਚ ਵੀ ਆਪ ਮੁਹਾਰੇ ਹੀ ਲੋਕ ਆਏ ਸਨ ਪਰ ਇਸ ਰੈਲੀ ਦੇ ਖਤਮ ਹੋਣ ਪਿੱਛੋਂ 'ਜਾਣ ਵਾਲੇ ਲੋਕ' ਆਪਣੇ ਨਾਲ 'ਕੁਝ ਇਹੋ ਜਿਹਾ' ਲੈ ਕੇ




ਗਏ ਸਨ ਜੋ ਨੌਜਵਾਨਾਂ ਨੂੰ ਹਰ ਹਾਲਤ ਵਿਚ ਇਕ ਥਾਂ ਇਕੱਠੇ ਹੋਣ ਤੇ ਜਥੇਬੰਦ ਹੋਣ ਦੀ ਪ੍ਰੇਰਨਾ ਦੇ ਰਿਹਾ ਸੀ।

ਤਕਰੀਰ ਕਰਨ ਵਾਲੇ ਜਿਨ੍ਹਾਂ ਚਾਰ ਬੁਲਾਰਿਆਂ ਨੇ ਜਜ਼ਬਿਆਂ ਤੇ ਵਿਚਾਰਾਂ ਦਾ ਉੱਚੀ ਪੱਧਰ ਤੇ ਸੁਮੇਲ ਕੀਤਾ ਅਤੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ, ਉਨ੍ਹਾਂ ਵਿਚ ਅਜਮੇਰ ਸਿੰਘ, ਸੁਖਪ੍ਰੀਤ ਸਿੰਘ ਉਦੋਕੇ, ਨਰਾਇਣ ਸਿੰਘ ਚੌੜਾ ਅਤੇ ਬਲਜੀਤ ਸਿੰਘ ਖਾਲਸਾ ਸ਼ਾਮਲ ਸਨ। ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਦੀ ਸਾਬਕਾ ਪ੍ਰਧਾਨ ਕੰਨੂ ਪ੍ਰਿਆ ਦੀ ਤਕਰੀਰ ਦਾ ਅੰਦਾਜ਼, ਪੇਸ਼ਕਾਰੀ ਅਤੇ ਸੁਰ ਵਿਚ ਗੁਰਾਂ ਦੇ ਨਾਂ 'ਤੇ ਵੱਸਦੇ ਪੰਜਾਬ ਦੀ ਰੂਹਾਨੀ ਖੁਸ਼ਬੋ ਸ਼ਾਮਲ ਨਹੀਂ ਸੀ, ਕਿਉਂਕਿ ਅਜੇ ਉਸ ਨੂੰ ਇਸ ਖੂਬਸੂਰਤ ਵਹਿਮ ਨੇ ਘੇਰਾ ਪਾ ਰੱਖਿਆ ਹੈ ਕਿ ਕੋਈ ਖੱਬੇ ਪੱਖੀ ਵਿਚਾਰਾਂ ਦਾ ਦਰਿਆ ਇੱਕ ਨਾ ਇੱਕ ਦਿਨ ਪੰਜਾਬ ਦੇ ਲੋਕਾਂ ਨੂੰ ਆਪਣੇ ਨਾਲ ਵਹਾ ਕੇ ਲਿਜਾ ਸਕਦਾ ਹੈ। ਫਿਰ ਵੀ ਮਾਝੇ ਦੀ ਇਹ ਦਾਨਿਸ਼ਵਰ ਮੁਟਿਆਰ ਵਿਚ ਆਪਣੀ ਗੱਲ ਕਹਿਣ, ਜਚਾਉਣ ਅਤੇ ਮਨਾਉਣ ਦਾ ਹੁਨਰ, ਇਮਾਨਦਾਰੀ ਤੇ ਸੰਜੀਦਗੀ ਦੇ ਸਾਰੇ ਤੱਤ ਸੱਜਰੀ ਸਵੇਰ ਵਾਂਗ ਜਗਦੇ ਮਘਦੇ ਹਨ ਪਰ ਉਸ ਨੂੰ ਇਹ ਨਹੀਂ ਪਤਾ ਕਿ 'ਲਾਲ ਸਲਾਮ' ਤੇ 'ਵਾਹਿਗੁਰੂ ਜੀ ਕੀ ਫਤਿਹ' ਵਿਚ ਜੁੱਗਾਂ ਜੁਗਾਂਤਰਾਂ ਦਾ ਫਰਕ ਹੈ।

ਲੇਕਿਨ ਫਿਰ ਵੀ ਉਸ ਦੇ ਇਨ੍ਹਾਂ ਲਫਜ਼ਾਂ ਵਿਚ ਕਿੰਨੀਆਂ ਧਿਰਾਂ ਨੂੰ ਚਿਤਾਵਨੀ ਸੀ ਕਿ 'ਏਕਾ ਰੱਖਣ ਤੇ ਏਕਾ ਬਚਾਉਣ ਦੀ ਲੋੜ ਹੈ, ਇਸ ਲੜਾਈ ਵਿਚ ਬਹੁਤ ਲੋਕਾਂ ਦੀ ਉਮੀਦ ਹੈ ਅਤੇ ਅਸਾਂ ਇਸ ਉਮੀਦ ਨੂੰ ਪੂਰਾ ਕਰਨਾ ਹੈ'। ਇਕ ਹੋਰ ਗੱਲ ਨਾਲ ਉਹ ਤੁਹਾਨੂੰ ਆਪਣੇ ਦਿਲ ਵੱਲ ਖਿੱਚਦੀ ਹੈ, ਜਦੋਂ ਉਹ ਕਾਰਪੋਰੇਟ ਘਰਾਣਿਆਂ ਦੀ ਨੀਅਤ ਅਤੇ ਭਿਆਨਕ ਦੂਰਅੰਦੇਸ਼ ਨੀਤੀ ਨੂੰ ਇਨ੍ਹਾਂ ਲਫਜ਼ਾਂ ਨਾਲ ਚੇਤੇ ਕਰਾਉਂਦੀ ਹੈ ਕਿ 'ਅੰਬਾਨੀ ਤੇ ਅਡਾਨੀ ਚੀਜ਼ਾਂ ਹੀ ਨਹੀਂ ਵੇਚਦੇ ਸਗੋਂ ਵਿਚਾਰ ਵੀ ਵੇਚਦੇ ਹਨ'।

ਮੇਰਾ ਖਿਆਲ ਹੈ ਕਿ ਜੇਕਰ ਉਸ ਦਿਨ ਸੰਗਤ ਨੂੰ ਆਪਣੇ ਨਾਲ-ਨਾਲ ਲਗਾਤਾਰ ਅਤੇ ਹਰ ਪਲ ਬੰਨ੍ਹ ਕੇ ਰੱਖਣ ਦੇ ਹੁਨਰ ਦਾ ਮੁਕਾਬਲਾ ਕਰਨਾ ਹੋਵੇ ਤਾਂ ਮੈਦਾਨ ਸ. ਅਜਮੇਰ ਸਿੰਘ ਦੇ ਹੱਥ ਵਿਚ ਰਿਹਾ। ਉਨ੍ਹਾਂ ਨੇ 'ਜੋਸ਼ ਅਤੇ ਹੋਸ਼' ਦੇ ਸੰਕਲਪ ਨੂੰ ਜਿਵੇਂ ਨਿਖੇੜ ਕੇ ਪੇਸ਼ ਕੀਤਾ ਅਤੇ ਜਿਵੇਂ ਮਿਸਾਲਾਂ ਦੇ ਦੇ ਕੇ ਜੋਸ਼ ਅਤੇ ਹੋਸ਼ ਨੂੰ ਨਵੇਂ ਅਰਥਾਂ ਨਾਲ ਸਜਾਇਆ, ਉਸ ਨਾਲ ਉਹ ਬਿਰਤਾਂਤ ਇੱਕ ਵਾਰ ਮੁੜ ਜਿਊਂਦਾ-ਜਾਗਦਾ ਹੋ ਗਿਆ ਜੋ ਦੀਪ ਸਿੱਧੂ ਤੇ ਲੱਖਾ ਸਿਧਾਣਾ ਦੇ ਯਤਨਾਂ ਨਾਲ ਕਿਸਾਨ ਮੋਰਚੇ ਵਿਚ ਲੋਕ ਮਨਾਂ ਦੇ ਅੰਦਰ ਸਥਾਪਤ ਕਰ ਦਿੱਤਾ ਗਿਆ ਸੀ, ਪਰ ਜਿਸ ਨੂੰ ਛੱਬੀ ਜਨਵਰੀ ਤੋਂ ਮਗਰੋਂ ਕਿਸਾਨ ਆਗੂਆਂ ਨੇ ਧੁੰਦਲਾ ਤੇ ਬਦਨਾਮ ਕਰਨ ਵਿਚ ਕੋਈ ਵੀ ਕਸਰ ਨਹੀਂ ਸੀ ਛੱਡੀ। ਅਜਮੇਰ ਸਿੰਘ ਨੇ ਉਸ ਝੂਠੇ ਬਿਰਤਾਂਤ ਨੂੰ ਉਲਟਾ ਕੇ ਰਖ ਦਿੱਤਾ। ਇਹ ਇਕੱਠ ਦੀ ਵੱਡੀ ਪ੍ਰਾਪਤੀ ਸੀ। ਉਨ੍ਹਾਂ ਨੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੇ ਨਿਤਨੇਮ ਦਾ ਜ਼ਿਕਰ ਕਰਦਿਆਂ ਮਿੱਠਾ ਮਜ਼ਾਕ ਕੀਤਾ ਕਿ ਇਹ ਕੈਸਾ ਨਿਤਨੇਮ ਹੈ ਜਿਥੇ ਕਥਨਾਂ ਅਤੇ ਅਮਲਾਂ ਵਿਚ ਫਰਕ ਹੈ।

ਸ. ਸੁਖਪ੍ਰੀਤ ਸਿੰਘ ਉਦੋਕੇ ਨੇ 'ਸਰਦਾਰੀ ਤੇ ਗੱਦਾਰੀ' ਦੇ ਅਰਥਾਂ ਨੂੰ ਇਤਿਹਾਸ ਦੀ ਰੌਸ਼ਨੀ ਵਿਚ ਪੇਸ਼ ਕਰਦਿਆਂ ਕਿਹਾ ਕਿ ਇਹੋ ਜਿਹੇ ਫੈਸਲੇ ਸੰਘਰਸ਼ਾਂ ਦੇ ਖਤਮ ਹੋਣ ਪਿੱਛੋਂ ਕੀਤੇ ਜਾਂਦੇ ਹਨ ਪਰ ਉਹ ਜਿਸ ਅੰਦਾਜ਼ ਵਿਚ ਆਪਣੀ ਗੱਲ ਕਹਿ ਰਹੇ ਸਨ, ਉਸ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਸੀ ਕਿ ਇਸ ਸਾਰੇ ਵਰਤਾਰੇ ਅੰਦਰ ਅਸਲ ਅਰਥਾਂ ਵਿਚ ਗੱਦਾਰ ਕੌਣ ਸਾਬਤ ਹੋ ਰਹੇ ਹਨ। ਅਸਲ ਵਿਚ ਇਸ ਵਿਦਵਾਨ ਨੂੰ ਇਤਿਹਾਸ ਨੂੰ ਵਰਤਮਾਨ ਦੀ ਰੌਸ਼ਨੀ ਵਿਚ ਰੌਸ਼ਨ ਕਰਨ ਵਿਚ ਕਮਾਲ ਦਾ ਹੁਨਰ ਅਤੇ ਕਾਬਲੀਅਤ ਹਾਸਲ ਹੈ।

ਪੁਰਾਤਨ ਅਤੇ ਵਰਤਮਾਨ ਇਤਿਹਾਸ ਦੇ ਜਜ਼ਬਿਆਂ ਤੇ ਸਿਧਾਂਤਾਂ ਨੂੰ ਪ੍ਰਣਾਏ ਉਘੇ ਮੈਗਜ਼ੀਨ 'ਵੰਗਾਰ' ਦੇ ਸੰਪਾਦਕ ਸ. ਬਲਜੀਤ ਸਿੰਘ ਖਾਲਸਾ ਦੀ ਤਕਰੀਰ ਨੇ ਕਿਸਾਨ ਆਗੂਆਂ ਦੇ ਇਸ ਬਿਰਤਾਂਤ ਦਾ ਮਖੌਲ ਉਡਾਇਆ ਕਿ ਇਸ ਕਿਸਾਨ ਮੋਰਚੇ ਨੂੰ ਧਰਮ ਤੋਂ ਵੱਖਰਾ ਕਰ ਕੇ ਦੇਖਿਆ ਜਾਵੇ। ਉਹ ਯਾਦ ਕਰਵਾ ਰਹੇ ਸਨ ਕਿ ਪੰਜਾਬ ਦੇ ਇਤਿਹਾਸ ਦੀ ਸ਼ਾਨ ਹੀ ਇਸ ਹਕੀਕਤ ਵਿਚ ਹੈ ਕਿ ਇੱਥੇ ਹਰ ਜੰਗ ਦੀ ਤਰਜ਼-ਜ਼ਿੰਦਗੀ ਵਿਚ ਧਰਮ ਦੀਆਂ ਕਦਰਾਂ ਕੀਮਤਾਂ ਅਟੁੱਟ ਤੌਰ 'ਤੇ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜੰਗ ਦੀ ਦਾਸਤਾਨ ਛੇਵੇਂ ਪਾਤਸ਼ਾਹ ਤੋਂ ਆਰੰਭ ਹੋ ਕੇ ਹੁਣ ਤਕ ਜਿਵੇਂ ਪਹੁੰਚੀ ਹੈ, ਉਸ ਦਾਸਤਾਨ ਵਿਚ ਹਰ ਪੜਾਅ ਤੇ ਧਰਮ ਨਾਲ ਨਾਲ ਸਫਰ ਕਰਦਾ ਰਿਹਾ ਹੈ।

ਸਾਰੀਆਂ ਤਕਰੀਰਾਂ ਵਿਚ ਸ. ਨਰੈਣ ਸਿੰਘ ਚੌੜਾ ਦੀਆਂ ਗੱਲਾਂ ਬਾਕੀ ਸਭਨਾਂ ਬੁਲਾਰਿਆਂ ਨਾਲੋਂ ਵੱਖਰੀਆਂ ਅਤੇ ਸ਼ਾਇਦ ਕੁਝ ਪਹਿਲੂਆਂ ਤੋਂ ਵਧੇਰੇ ਨਿਖਰਵੀਆਂ, ਵਧੇਰੇ ਖਰੀਆਂ-ਖਰੀਆਂ, ਵਧੇਰੇ ਬੇਬਾਕ ਅਤੇ ਸੱਚੀਆਂ ਅਤੇ ਸੰਗਤਾਂ ਦੀ ਸੋਚ ਨੂੰ ਡੂੰਘੀਆਂ ਵਾਦੀਆਂ ਵਿਚ ਲਿਜਾਣ ਵਾਲੀਆਂ ਸਨ ਜਿੱਥੇ ਬਾਕੀ ਬੁਲਾਰੇ 'ਵਰਤਮਾਨ' ਨੂੰ ਜਜ਼ਬਿਆਂ ਦਾ ਰੰਗ ਦੇ ਰਹੇ ਸਨ, ਉੱਥੇ ਨਰੈਣ ਸਿੰਘ ਵਰਤਮਾਨ ਨੂੰ 'ਬਦਲਣ' ਦੀ ਗੱਲ ਕਰ ਰਹੇ ਸਨ। ਮੌਜੂਦਾ ਕਿਸਾਨ ਸੰਘਰਸ਼ ਦੀ ਸਿਧਾਂਤਕ ਸਮਝ ਦੀ ਲੋੜ ਦਾ ਅਹਿਸਾਸ ਕਰਦਿਆਂ ਨਰਾਇਣ ਸਿੰਘ ਨੇ ਸਵਾਲ ਕੀਤਾ ਕਿ ਅਸਲ ਵਿਚ ਸਾਡੀ ਲੜਾਈ ਕਿਸ ਨਾਲ ਹੈ? ਫਿਰ ਆਪ ਹੀ ਜਵਾਬ ਦਿੱਤਾ ਕਿ 'ਸਰਕਾਰਾਂ ਨਾਲ ਨਹੀਂ ਸਟੇਟ ਨਾਲ ਹੈ'। ਉਨ੍ਹਾਂ ਨੇ ਸਟੇਟ ਦੇ ਵੱਖ-ਵੱਖ ਅੰਗਾਂ ਉਤੇ ਟਿੱਪਣੀ ਕਰਦਿਆਂ ਜੋਸ਼ ਤੇ ਗੁੱਸੇ ਵਿਚ ਫਰਕ ਨੂੰ ਸਮਝਾਉਣ ਦੀ ਵੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਜਿੱਥੇ ਜੋਸ਼ ਹੁਲਾਸ ਪੈਦਾ ਕਰਦਾ ਹੈ, ਜਿੱਥੇ ਜੋਸ਼ ਗੁਰੂ ਦੀ ਬਖਸ਼ਿਸ਼ ਹੈ, ਉੱਥੇ ਗੁੱਸਾ ਭੈੜਾ ਅਤੇ ਦਿਸ਼ਾਹੀਣ ਹੁੰਦਾ ਹੈ। ਸ. ਨਰੈਣ ਸਿੰਘ ਨੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਜਾਣ ਦੀ ਘਟਨਾ ਵਿਚ ਦੀਪ ਸਿੱਧੂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਉਹ ਘਟਨਾ ਗੁਰੂ ਵੱਲੋਂ ਵਰਤਾਈ ਗਈ ਸੀ। ਉਹ ਗੁਰੂ ਦੀ ਬਖਸ਼ਿਸ਼ ਸੀ। ਉਨ੍ਹਾਂ ਇਹ ਵੀ ਕਿਹਾ ਕਿ ਖੇਤੀ ਦਾ ਰੋਲ ਮਾਡਲ ਵੀ ਗੁਰੂ ਨਾਨਕ ਸਾਹਿਬ ਦੀ ਸਿਰਜਣਾ ਹੈ। ਉਨ੍ਹਾਂ ਨੇ ਦੇਸ਼ ਭਗਤੀ ਦਾ ਜਨੂਨ ਤੇ ਸਰਬੱਤ ਦੇ ਭਲੇ ਦੇ ਸਿਧਾਂਤ ਵਿਚ ਬੁਨਿਆਦੀ ਫਰਕ ਨੂੰ ਵੀ ਸਪਸ਼ਟ ਕੀਤਾ। ਉਨ੍ਹਾਂ ਦੀ ਤਕਰੀਰ ਵਿਚ ਇਹ ਸੁਝਾਅ ਵੀ ਸ਼ਾਮਲ ਸੀ ਕਿ ਸਾਨੂੰ ਹੜਤਾਲਾਂ ਮੁਜ਼ਾਹਰਿਆਂ ਦੀ ਥਾਂ ਨਵੇਂ ਸਿਰੇ ਤੋਂ ਸੰਘਰਸ਼ ਦੇ ਪੈਂਤੜੇ ਉਲੀਕਣੇ ਪੈਣਗੇ।

## ਕਿਸਾਨ ਅੰਦੋਲਨ ਅਤੇ ਸਿੱਖ ਰਾਜ

ਕਈ ਦਰਸ਼ਨੀ ਅੰਮ੍ਰਿਤਧਾਰੀ ਸਿੱਖ ਨੌਜਵਾਨ, ਸਿਰ-ਗੁੰਮ ਘੋਨੇ ਮੋਨੇ ਸਿੱਖ ਨੌਜਵਾਨਾਂ ਪਿੱਛੇ ਪਾਗਲ ਹੋਏ ਫਿਰਦੇ ਨੇ। ਉਹ ਕਿਸਾਨ ਲੀਡਰਾਂ ਨੂੰ ਮਣ-ਮਣ ਦੀਆ ਗੰਦੀਆਂ ਗਾਲ੍ਹਾਂ ਕੱਢਦੇ ਥੱਕਦੇ ਨਹੀਂ। ਸਿੱਖੀ ਵਿਚਲੀ ਹਲੀਮੀ ਉਨ੍ਹਾਂ ਦੀ ਕਿੱਥੇ ਗਈ?

ਫਿਰ ਉਹ ਸਿੱਖ ਨੌਜਵਾਨ ਕਿਸਾਨ ਲੀਡਰਾਂ ਵੱਲੋਂ ਸੰਵਿਧਾਨ ਅਤੇ ਦੇਸ਼ ਦੇ ਸਿਸਟਮ ਅੰਦਰ ਰਹਿ ਕੇ ਲਾਏ ਮੋਰਚੇ ਤੋਂ ਸਿੱਖ ਰਾਜ ਦੀ ਪ੍ਰਾਪਤੀ ਦੀਆਂ ਉਮੀਦਾਂ ਕਿਉਂ ਲਾਈ ਫਿਰਦੇ ਹਨ?

ਕਿਉਂ ਉਹ ਕਿਸਾਨਾਂ ਵੱਲੋਂ ਲਾਏ ਮੋਰਚੇ ਦੇ ਪਿੱਛੇ ਦਿੱਲੀ ਭੱਜੇ ਫਿਰਦੇ ਨੇ?

ਕਿਉਂ ਉਹ ਸਿੱਖ ਰਾਜ ਦੀ ਪ੍ਰਾਪਤੀ ਲਈ ਆਪਣਾ ਵੱਖਰਾ ਮੋਰਚਾ ਨਹੀਂ ਵਿੱਢ ਦਿੰਦੇ? ਕੌਣ ਉਨ੍ਹਾਂ ਨੂੰ ਰੋਕਦਾ? ਉਹ ਆਪਣੀ ਤਾਕਤ ਤੇ ਸਮਝਦਾਰੀ ਦਾ ਵੀ ਟੈਸਟ ਕਰ ਲੈਣ?

***-ਜਸਪਾਲ ਸਿੰਘ ਸਿੱਧੂ***
***ਸੀਨੀਅਰ ਪੱਤਰਕਾਰ।***

# ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਅਤੇ ਮੌਜੂਦਾ ਹਾਲਾਤ

ਦੇਸ਼ ਦੀ ਆਜ਼ਾਦੀ ਲਈ ਜਾਨਾਂ ਨਿਛਾਵਰ ਕਰਨ ਵਾਲੇ ਯੋਧਿਆਂ ਦੀ ਜਦੋਂ ਗੱਲ ਚਲਦੀ ਹੈ ਤਾਂ ਸੂਰਮਿਆਂ ਦੀ ਪਹਿਲੀ ਕਤਾਰ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਵਿਖਾਈ ਦਿੰਦੇ ਹਨ। ਇਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਸ਼ਹੀਦ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ ਦਾ ਨਾਂ ਆਪ ਮੁਹਾਰੇ ਸਾਹਮਣੇ ਆ ਜਾਂਦਾ ਹੈ।

**ਅੱਬਾਸ ਧਾਲੀਵਾਲ, ਮਲੇਰਕੋਟਲਾ**
**ਫੋਨ: 91-98552-59650**

ਭਗਤ ਸਿੰਘ ਜਿਨ੍ਹਾਂ ਨੂੰ ਫਾਂਸੀ ਲਾਏ ਜਾਣ ਬਾਅਦ ਦਿੱਲੀ ਵਿਖੇ ਇਕ ਜਲਸੇ 'ਚ ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ, "ਭਗਤ ਸਿੰਘ ਇੱਕ ਵਿਅਕਤੀ ਨਹੀਂ, ਉਹ ਇਕ ਨਿਸ਼ਾਨ ਹੈ, ਇਕ ਚਿੰਨ੍ਹ ਹੈ ਉਸ ਇਨਕਲਾਬ ਦਾ, ਜੋ ਉਸ ਦੀਆਂ ਕੁਰਬਾਨੀਆਂ ਸਦਕਾ ਹਰ ਦੇਸ਼ ਵਾਸੀ ਦੇ ਸੀਨੇ ਵਿਚ ਮਘਦੀ ਅੱਗ ਦੀ ਤਰ੍ਹਾਂ ਬਲ ਉਠਿਆ ਹੈ।" ਜਦੋਂ ਕਿ ਪੰਡਿਤ ਜਵਾਹਰ ਲਾਲ ਨੇ ਲਿਖਿਆ ਸੀ, "ਇਹ ਨੌਜਵਾਨ ਗੱਭਰੂ ਅਚਨਚੇਤ ਇੰਨਾ ਹਰਮਨ ਪਿਆਰਾ ਹੋ ਗਿਆ ਹੈ। ਸਾਨੂੰ ਉਸ ਦੀ ਸ਼ਹਾਦਤ ਤੋਂ ਸਬਕ ਸਿਖਣਾ ਚਾਹੀਦਾ ਹੈ ਕਿ ਦੇਸ਼ ਤੇ ਕੌਮ ਦੀ ਆਜ਼ਾਦੀ ਲਈ ਕਿਵੇਂ ਹੱਸ ਹੱਸ ਕੇ ਮਰਿਆ ਜਾਂਦਾ ਹੈ।"

ਅੱਜ ਦੇਸ਼ ਨੂੰ ਆਜ਼ਾਦ ਹੋਇਆਂ ਬੇਸ਼ੱਕ 75 ਸਾਲ ਹੋਣ ਜਾ ਰਹੇ ਹਨ, ਪਰ ਕੀ ਕਦੇ ਸੋਚਿਆ ਹੈ ਕਿ ਜਿਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਸਾਡੇ ਸੂਰਮਿਆਂ ਨੇ ਅੰਗਰੇਜ਼ਾਂ ਤੋਂ ਦੇਸ਼ ਨੂੰ ਆਜ਼ਾਦ ਕਰਵਾਇਆ ਸੀ, ਅੱਜ ਕੀ ਉਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਨ 'ਚ ਸਾਡੀ ਲੀਡਰਸ਼ਿਪ ਸਫਲ ਹੋਈ ਹੈ? ਯਕੀਨਨ ਇਸ ਦਾ ਜਵਾਬ ਨਹੀਂ ਵਿਚ ਹੋਵੇਗਾ।

ਹਰ ਸਾਲ 23 ਮਾਰਚ ਨੂੰ ਅਸੀਂ ਦੇਸ਼ ਵਾਸੀ ਵਿਸ਼ੇਸ਼ ਤੌਰ 'ਤੇ ਪੰਜਾਬੀ ਲੋਕ ਭਗਤ ਸਿੰਘ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ ਵਜੋਂ ਮਨਾਉਂਦੇ ਹਾਂ ਤੇ ਇਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕਰਦੇ ਹਾਂ, ਪਰ ਅਸੀਂ ਕਦੇ ਇਹ ਨਹੀਂ ਸੋਚਦੇ ਕਿ ਜਿਸ ਮਕਸਦ ਲਈ ਉਨ੍ਹਾਂ ਦੇਸ਼ ਲਈ ਆਪਣੀ ਜਾਨ ਨੂੰ ਵਾਰਿਆ, ਉਸ ਨੂੰ ਪ੍ਰਾਪਤ ਕਰਨ ਵਿਚ ਕਿੰਨੇ ਕੁ ਸਫਲ ਹੋਏ ਹਾਂ। ਅਫਸੋਸ! ਦੇਸ਼ ਉਹੋ ਜਿਹਾ ਨਹੀਂ ਬਣ ਸਕਿਆ, ਜਿਹੋ ਜਿਹੇ ਦੀ ਭਗਤ ਸਿੰਘ ਹੁਰਾਂ ਨੇ ਕਲਪਨਾ ਕੀਤੀ ਸੀ।

ਮੌਜੂਦਾ ਸਮੇਂ ਜਿਥੇ ਦੇਸ਼ ਵਿਚ ਫਿਰਕਾਪ੍ਰਸਤੀ ਲੋਕਾਂ ਦੇ ਸਿਰ ਚੜ੍ਹ ਬੋਲਦੀ ਹੈ, ਉਥੇ ਹੀ ਦੇਸ਼ ਅੰਦਰ ਗਰੀਬੀ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਅੱਜ ਸਿਖਰ 'ਤੇ ਪਹੁੰਚ ਚੁਕਾ ਹੈ। ਅੱਜ ਦਾ ਇਕ ਵੱਡਾ ਦੁਖਾਂਤ ਇਹ ਹੈ ਕਿ ਦੇਸ਼ ਦੀਆਂ ਔਰਤਾਂ ਆਪਣੇ ਹੀ ਮੁਲਕ 'ਚ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ, ਪਰ ਅਫਸੋਸ ਕਿ ਉਕਤ ਗੰਭੀਰ ਹਾਲਾਤ ਹੋਣ ਦੇ ਬਾਵਜੂਦ ਸ਼ਾਸਕਾਂ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕਦੀ, ਇੰਜ ਲੱਗਦਾ ਹੈ ਜਿਵੇਂ ਸ਼ਾਸਕਾਂ ਨੂੰ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਨਾਲ ਕੋਈ ਸਰੋਕਾਰ ਹੀ ਨਾ ਹੋਵੇ।

ਇਹ ਕਿ ਪਿਛਲੇ ਕੁਝ ਕੁ ਸਾਲਾਂ ਤੋਂ ਵੇਖਣ 'ਚ ਆਇਆ ਹੈ ਕਿ ਦੇਸ਼ ਵਿਚ ਪ੍ਰਚਲਿਤ ਗੰਭੀਰ ਸਮੱਸਿਆਵਾਂ ਤੋਂ ਆਵਾਮ ਦਾ ਧਿਆਨ ਹਟਾਉਣ ਲਈ ਗੋਦੀ ਮੀਡੀਆ ਲੋਕਾਂ ਨੂੰ ਫਰਜ਼ੀ ਕਿਸਮ ਦੀਆਂ ਧਾਰਮਿਕ ਬਹਿਸਾਂ ਵਿਚ ਉਲਝਾ ਰਿਹਾ ਹੈ। ਜੇ ਵਿਸ਼ਲੇਸ਼ਣ ਕੀਤਾ ਜਾਏ ਤਾਂ ਕੁਝ ਸਾਲਾਂ ਤੋਂ ਮੀਡੀਆ ਦੇ ਰਵੱਈਏ ਤੋਂ ਜਾਪਦਾ ਹੈ ਕਿ ਜਿਵੇਂ ਮੌਜੂਦਾ ਮੇਨ ਸਟਰੀਮ ਮੀਡੀਆ ਲਗਾਤਾਰ ਕਿਸੇ ਵਲੋਂ ਦਿੱਤੀ ਹੋਈ ਸਕਰਿਪਟ 'ਤੇ ਕੰਮ ਕਰ ਰਿਹਾ ਹੋਵੇ ਅਤੇ ਲੋਕਾਂ ਦੇ ਜਰੂਰੀ ਤੇ ਸੰਵੇਦਨਸ਼ੀਲ ਮੁੱਦਿਆਂ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰ ਬੇਲੋੜੇ ਅਤੇ ਆਧਾਰਹੀਣ ਮੁੱਦੇ ਪੈਦਾ ਕਰ ਰਿਹਾ ਹੋਵੇ। ਅੱਜ ਕਲ੍ਹ ਮੇਨ ਸਟਰੀਮ ਮੀਡੀਆ 'ਚ ਅਕਸਰ ਬਹਿਸਾਂ ਦੇ ਵਿਸ਼ੇ ਹਿੰਦੂ-ਮੁਸਲਿਮ ਜਾਂ ਸਿੱਖਾਂ ਦੇ ਇਰਦ-ਗਿਰਦ ਘੁੰਮਦੇ ਹਨ। ਇਨ੍ਹਾਂ ਬਹਿਸਾਂ ਦਾ ਹੀ ਨਤੀਜਾ ਹੈ ਕਿ ਅੱਜ ਬਹੁ ਗਿਣਤੀ ਦੇ ਮਨਾਂ ਵਿਚ ਘਟ ਗਿਣਤੀਆਂ ਲਈ ਇਸ ਕਦਰ ਘ੍ਰਿਣਾ ਭਰ ਦਿੱਤੀ ਗਈ ਹੈ, ਅਸੀਂ ਆਏ ਦਿਨ ਅਜਿਹੀਆਂ ਘਟਨਾਵਾਂ ਵੇਖਦੇ ਹਾਂ, ਜਿਨ੍ਹਾਂ 'ਚ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਨਾ ਸਿਰਫ ਨਿਸ਼ਾਨਾ ਬਣਾਇਆ ਜਾਂਦਾ ਹੈ, ਸਗੋਂ ਉਸ ਘਟਨਾਕ੍ਰਮ ਦੀ ਮੌਕੇ 'ਤੇ ਵੀਡੀਓ ਬਣਾ ਕੇ ਵਾਇਰਲ ਕੀਤੀ ਜਾਂਦੀ ਹੈ। ਯਕੀਨਨ ਇਸ ਦੇ ਚਲਦਿਆਂ ਦੇਸ਼ ਦੇ ਅਕਸ ਨੂੰ ਦੁਨੀਆਂ ਵਿਚ ਜੋ ਵੱਟਾ ਲੱਗਦਾ ਹੈ, ਉਸ ਦੀ ਮਿਸਾਲ ਮਿਲ ਪਾਉਣਾ ਮੁਸ਼ਕਿਲ ਹੈ।

ਇਸ ਦੇ ਨਾਲ ਹੀ ਜਿਥੋਂ ਤਕ ਸਰਕਾਰ ਦੁਆਰਾ ਘੜੀਆਂ ਜਾਂਦੀਆਂ ਨੀਤੀਆਂ ਦਾ ਸੁਆਲ ਹੈ, ਉਸ ਦੀਆਂ ਵਧੇਰੇ ਨੀਤੀਆਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਵਾਲੀਆਂ ਨਜ਼ਰ ਆਉਂਦੀਆਂ ਹਨ। ਇਸ ਸੰਦਰਭ ਵਿਚ ਸੱਜਰੀਆਂ ਮਿਸਾਲਾਂ ਖੇਤੀ ਆਰਡੀਨੈਂਸਾਂ ਅਤੇ ਮਜਦੂਰਾਂ ਦੇ ਸੰਦਰਭ ਵਿਚ ਤਰਮੀਮਸ਼ੁਦਾ ਕਾਨੂੰਨਾਂ ਤੋਂ ਭਲੀਭਾਂਤ ਮਿਲ ਜਾਂਦੀਆਂ ਹਨ।

ਸਰਕਾਰਾਂ ਕਿਸ ਕਦਰ ਸੰਵੇਦਨਹੀਣ ਹਨ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਖੇਤੀ ਕਾਨੂੰਨਾਂ ਨੂੰ ਲੈ ਕੇ ਦੇਸ਼ ਦੇ ਕਿਸਾਨ ਲਗਭਗ ਪਿਛਲੇ ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ 'ਤੇ ਹਰ ਤਰ੍ਹਾਂ ਦੀਆਂ ਤਕਲੀਫਾਂ ਝੱਲਦਿਆਂ ਡਟੇ ਹੋਏ ਹਨ, ਪਰ ਸਰਕਾਰ ਹਾਲੇ ਤੱਕ ਉਨ੍ਹਾਂ ਦੀਆਂ ਹੱਕੀ ਮੰਗਾਂ ਮੰਨਣ ਲਈ ਤਿਆਰ ਨਜ਼ਰ ਨਹੀਂ ਆਉਂਦੀ।

ਇਹ ਵੀ ਵਿਡੰਬਨਾ ਹੀ ਹੈ ਕਿ ਜਿਨ੍ਹਾਂ ਲੋਕਾਂ ਨੇ ਦੇਸ਼ ਦੀ ਆਜ਼ਾਦੀ ਲਈ ਕੋਈ ਕੁਰਬਾਨੀ ਨਹੀਂ ਦਿੱਤੀ, ਅੱਜ ਉਹੀ ਲੋਕ ਦੇਸ਼ ਦੇ ਦੂਜੇ ਅਸਲ ਦੇਸ਼ ਭਗਤਾਂ ਦੇ ਵਾਰਿਸਾਂ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾ ਰਹੇ ਨੇ, ਕਿੰਨੇ ਸੋਹਣੇ ਸ਼ਬਦਾਂ 'ਚ ਅਜਿਹੇ ਲੋਕਾਂ ਦੀ ਮਾਨਸਿਕਤਾ ਦਾ ਨਕਸ਼ਾ ਇਕ ਸ਼ਾਇਰ ਨੇ ਆਪਣੇ ਇਨ੍ਹਾਂ ਸ਼ਬਦਾਂ 'ਚ ਖਿੱਚਿਆ ਹੈ,

ਜਬ ਪੜਾ ਵਕਤ ਗੁਲਸਤਾਂ ਪੇ ਤੋ ਖ਼ੂੰ ਹਮਨੇ ਦੀਆ,
ਜਬ ਬਹਾਰ ਆਈ ਤੋ ਕਹਿਤੇ ਹੈਂ ਤੇਰਾ ਕਾਮ ਨਹੀਂ।

ਯਕੀਨਨ ਮੌਜੂਦਾ ਸਮੇਂ ਦੇਸ਼ ਜਿਨ੍ਹਾਂ ਨਾਜ਼ੁਕ ਹਾਲਾਤ ਵਿਚੋਂ ਦੀ ਲੰਘ ਰਿਹਾ ਹੈ, ਉਸ ਨੂੰ ਵੇਖ ਕੇ ਦੇਸ਼ ਦੇ ਸੱਚੇ ਤੇ ਹਕੀਕੀ ਦੇਸ਼ ਭਗਤਾਂ ਨੂੰ ਡਾਢਾ ਦੁੱਖ ਪਹੁੰਚ ਰਿਹਾ ਏ।

*(ਬਾਕੀ ਅਗਲੇ ਸਫੇ 'ਤੇ)*

# ਸਿੱਖ ਬੁੱਧੀਜੀਵੀਆਂ ਦੇ ਧਿਆਨ ਹਿਤ

***ਕੈਨੇਡਾ ਵੱਸਦੇ ਵਿਦਵਾਨ ਡਾ. ਸਾਧੂ ਸਿੰਘ ਨੇ ਭਾਰਤ ਅੰਦਰ ਚੱਲ ਰਹੇ ਮਿਸਾਲੀ ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਕੁਝ ਅਹਿਮ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਉਨ੍ਹਾਂ ਇਸ ਸੰਘਰਸ਼ ਦੌਰਾਨ ਚੱਲ ਰਹੀ ਖਿੱਚੋਤਾਣ ਨੂੰ ਇਸ ਦੇ ਪਿਛੋਕੜ ਵਿਚ ਰੱਖ ਕੇ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ ਅਤੇ ਅਖੌਤੀ ਧਰਮ-ਸ਼ਾਸਤਰੀਆਂ ਦੀ ਅੱਛੀ-ਖਾਸੀ ਖਬਰਸਾਰ ਲਈ ਹੈ। -ਸੰਪਾਦਕ***

**ਡਾ. ਸਾਧੂ ਸਿੰਘ**
**ਫੋਨ: 604-582-4261**

ਭਾਰਤ ਦਾ ਕਿਸਾਨ ਅੰਦੋਲਨ ਇਸ ਸਮੇਂ ਬਹੁਤ ਨਾਜ਼ੁਕ ਮੋੜ 'ਤੇ ਹੈ। ਦੁਨੀਆਂ ਵਿਚ ਸਾਰੇ ਪੰਜਾਬੀ ਭਾਈਚਾਰੇ ਦੀਆਂ ਅੱਖਾਂ ਦਿੱਲੀ ਦੇ ਬਾਰਡਰਾਂ 'ਤੇ ਲੱਗੀਆਂ ਹੋਈਆਂ ਹਨ ਅਤੇ ਕੋਈ ਹੈਰਾਨੀ ਨਹੀਂ ਕਿ ਉਹ ਬਹੁਤ ਚਿੰਤਾ ਨਾਲ ਸਾਰੇ ਘਟਨਾਕ੍ਰਮ ਨੂੰ ਦੇਖ ਰਹੇ ਹਨ। ਅੰਦੋਲਨਕਾਰੀਆਂ ਦੀ ਟੱਕਰ ਉਸ ਹੰਕਾਰੀ ਹੋਈ ਲੋਕ-ਦੋਖੀ ਫਾਸ਼ੀ ਮੋਦੀ ਸਰਕਾਰ ਨਾਲ ਪਈ ਹੋਈ ਹੈ ਜਿਸ ਦੀ ਪਾਰਲੀਮੈਂਟ ਅੰਦਰ ਹੀ ਭਾਰੀ ਬਹੁਗਿਣਤੀ ਨਹੀਂ ਸਗੋਂ ਪੂਰਾ ਕੌਮਾਂਤਰੀ ਕਾਰਪੋਰੇਟ ਜਗਤ ਵੀ ਜਿਸ ਦੀ ਪਿਠ 'ਤੇ ਖੜ੍ਹਾ ਹੈ। ਕਿਸਾਨ ਆਗੂ ਧੰਨ ਹਨ ਜਿਨ੍ਹਾਂ ਨੇ ਪੂਰੇ ਸਬਰ, ਸਿਦਕ ਤੇ ਸੰਤੋਖ ਨਾਲ ਅਜਿਹੀ ਤਾਨਾਸ਼ਾਹੀ ਨੂੰ ਸਫਲ ਚੁਣੌਤੀ ਦਿਤੀ ਹੈ। ਸੱਚ ਤਾਂ ਇਹ ਹੈ ਕਿ ਦੁਨੀਆਂ ਦੀਆਂ ਅੱਖਾਂ ਵਿਚ ਕਿਸਾਨ ਆਗੂ ਇਖਲਾਕੀ ਤੌਰ 'ਤੇ ਜਿੱਤ ਹਾਸਲ ਕਰ ਚੁਕੇ ਹਨ। ਇਹ ਕਾਨੂੰਨ ਹੁਣ ਕਿਸੇ ਤੋਂ ਲਾਗੂ ਕੀਤੇ ਨਹੀਂ ਜਾਣੇ। ਅਜਿਹੇ ਮੌਕੇ 'ਤੇ ਸਭ ਜ਼ਿੰਮੇਵਾਰ ਧਿਰਾਂ ਨੂੰ ਕਿਸਾਨਾਂ ਦੀ ਪਿੱਠ 'ਤੇ ਖੜ੍ਹੇ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਕਿਸੇ ਵੀ ਧਰਮ ਸੰਕਟ ਵਿਚ ਫਸਾਉਣ ਦੀਆਂ ਸਾਜ਼ਿਸ਼ਾਂ ਨਹੀਂ ਕਰਨੀਆਂ ਚਾਹੀਦੀਆਂ। ਸਿੱਖ ਰਾਜ ਦਾ ਏਜੰਡਾ ਜਿਸ ਦਾ ਹੈ, ਉਹ ਜੀਅ ਸਦਕੇ ਰੱਖੇ, ਉਸ ਨੂੰ ਰੋਕਦਾ ਕੌਣ ਹੈ, ਉਹ ਜਦੋਂ ਮਰਜ਼ੀ ਆਪਣਾ ਵੱਖਰਾ ਮੋਰਚਾ ਲਗਾ ਸਕਦਾ ਹੈ।

ਪਰ ਸਤਿਕਾਰਯੋਗ ਭਾਈ ਅਜਮੇਰ ਸਿੰਘ ਜੀ ਅਤੇ ਹੋਰ ਸਬੰਧਿਤ ਸੱਜਣੋਂ: ਬਹੁਤ ਸਾਰੀਆਂ ਸਿੱਖ ਸੰਗਤਾਂ ਦੇ ਮਨਾਂ ਵਿਚ ਆਮ ਕਰ ਕੇ, ਤੇ ਗੈਰ-ਸਿੱਖ ਪੰਜਾਬੀ ਭਾਈਚਾਰੇ ਦੇ ਲੋਕਾਂ ਦੇ ਮਨਾਂ ਵਿਚ ਖਾਸ ਕਰ ਕੇ ਖਾਲਿਸਤਾਨ ਬਾਰੇ ਕੁਝ ਖਦਸ਼ੇ ਤੇ ਭਰਮ-ਭੁਲੇਖੇ ਹਨ ਜਿਨ੍ਹਾਂ ਨੂੰ ਦੂਰ ਕਰਨ ਲਈ ਤੁਹਾਨੂੰ ਬੜੀ ਨਿਮਰਤਾ ਨਾਲ ਬੇਨਤੀ ਹੈ ਕਿ ਹੇਠ ਲਿਖੇ ਤਿੰਨ-ਚਾਰ ਮੁੱਦਿਆਂ ਬਾਰੇ ਸਪਸ਼ਟ ਕਰਨ ਦੀ ਖੇਚਲ ਕਰੋ:

1. ਖਾਲਿਸਤਾਨ ਦਾ ਸਰੂਪ।
2. ਵਿਧਾਨ ਤੇ ਰਾਜ ਪ੍ਰਬੰਧ।
3. ਖਾਲਿਸਤਾਨ ਦੇ ਭੂਗੋਲਿਕ ਖਿੱਤੇ ਦੀ ਨਿਸ਼ਾਨਦੇਹੀ ਅਤੇ ਉਸ ਖਿੱਤੇ 'ਤੇ ਕਾਬਜ਼ ਹੋਣ ਲਈ ਦਰਪੇਸ਼ ਸਮੱਸਿਆਵਾਂ ਤੇ ਉਨ੍ਹਾਂ ਦਾ ਸਮਾਧਾਨ।
4. ਖਾਲਿਸਤਾਨ ਵਿਚ ਸਹਿਜਧਾਰੀ ਸਿੱਖਾਂ, ਨਾਮਧਾਰੀਆਂ, ਰਵਿਦਾਸੀਆਂ, ਸੇਵਾ-ਪੰਥੀਆਂ, ਉਦਾਸੀਆਂ, ਨਿਰਮਲਿਆਂ, ਹਿੰਦੂਆਂ, ਮੁਸਲਮਾਨਾਂ, ਈਸਾਈਆਂ ਤੇ ਤਰਕਸ਼ੀਲ ਲੋਕਾਂ ਦਾ ਸਥਾਨ।
5. ਖਾਲਿਸਤਾਨ ਦੇ ਖੇਤਰ ਤੋਂ ਬਾਹਰ ਵਸਦੇ ਸਿੱਖਾਂ ਦੀ ਸਥਿਤੀ।
6. ਪੰਜਾਬੀ ਵਿਚ ਰਚੇ ਗਏ ਕਿੱਸਾ-ਕਾਵਿ, ਸੂਫੀ-ਕਾਵਿ, ਰੁਮਾਂਟਿਕ ਕਾਵਿ-ਧਾਰਾ, ਪ੍ਰਗਤੀਸ਼ੀਲ ਸਾਹਿਤ, ਪਾਕਿਸਤਾਨ ਤੇ ਹੋਰ ਵਿਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਪ੍ਰਤੀ ਰਵੱਈਆ।

ਸਨਮਾਨਯੋਗ ਸੱਜਣੋਂ ਜੇ ਇਨ੍ਹਾਂ ਮੁਢਲੇ ਜਿਹੇ ਮੁੱਦਿਆਂ ਤੋਂ ਬਿਨਾ ਖੁਰਾਕ ਤੇ ਪੁਸ਼ਾਕ ਦੇ ਬੰਧੇਜਾਂ ਬਾਰੇ ਵੀ ਆਪਣੇ ਵਿਚਾਰ ਸਪਸ਼ਟ ਕਰਨ ਦੀ ਕ੍ਰਿਪਾਲਤਾ ਕਰ ਸਕੋ ਤਾਂ ਆਪ ਜੀ ਦੀ ਬੜੀ ਮਿਹਰਬਾਨੀ ਹੋਵੇਗੀ।

### ਸਿਆਸੀਕਰਨ ਦਾ ਹਊਆ

ਹਿੰਦੁਸਤਾਨ ਦੀ ਪਾਰਲੀਮੈਂਟ ਦੇ ਇਜਲਾਸਾਂ ਦੌਰਾਨ ਵਿਰੋਧੀ ਪਾਰਟੀਆਂ ਵਲੋਂ ਜਦੋਂ ਕਦੇ ਵੀ ਹੁਕਮਰਾਨ ਧਿਰ ਦੀ ਕਿਸੇ ਧਾਂਦਲੀ ਜਾਂ ਕਿਸੇ ਬਿੱਲ ਦੀ ਇਤਰਾਜ਼ਯੋਗ ਮਦ ਵਲ ਧਿਆਨ ਦਿਵਾਇਆ ਜਾਂਦਾ ਹੈ, ਤਦ ਸਬੰਧਿਤ ਉਜ਼ਰ ਦਾ ਤਰਕਸ਼ੀਲ ਉੱਤਰ ਦੇਣ ਦੀ ਥਾਂ ਸਾਰੇ ਮਾਮਲੇ ਨੂੰ ਇਹ ਕਹਿ ਕੇ ਹੀ ਠੱਪ ਕਰ ਦਿੱਤਾ ਜਾਂਦਾ ਹੈ ਕਿ ਵਿਰੋਧੀ ਧਿਰ ਮਸਲੇ ਦਾ ਸਿਆਸੀਕਰਨ ਕਰ ਰਹੀ ਹੈ। ਅਜਿਹਾ ਹੀ ਰੁਖ ਪਾਰਲੀਮੈਂਟ ਤੋਂ ਬਾਹਰ ਹੋ ਰਹੇ ਜਨਤਕ ਅੰਦੋਲਨਾਂ ਵਲ ਧਾਰਨ ਕੀਤਾ ਜਾਂਦਾ ਹੈ।

ਇਸ ਦੀ ਸਭ ਤੋਂ ਨੁਮਾਇਆ ਮਿਸਾਲ ਸਮਕਾਲੀ ਕਿਸਾਨ ਅੰਦੋਲਨ ਵਲ ਅਪਨਾਈ ਨੀਤੀ ਦੀ ਹੈ। ਜਦੋਂ ਇਨ੍ਹਾਂ ਅੰਦਰ ਚੀਨ-ਪਾਕਿਸਤਾਨ ਸਬੰਧਾਂ 'ਤੇ ਖਾਲਿਸਤਾਨੀ ਰੰਗ ਸਿੱਧ ਕਰਨ ਦੇ ਸਾਰੇ ਪੱਤੇ ਅਸਫਲ ਹੋ ਗਏ ਤਾਂ ਇਸ ਨੂੰ ਸਿਆਸੀ ਪਾਰਟੀਆਂ ਦੀ ਹਮਾਇਤ ਹਾਸਿਲ ਹੋਣ ਦੀ ਰੰਗ ਦੀ ਦੁੱਕੀ ਦੀ ਵਰਤੋਂ ਕੀਤੀ ਗਈ। ਇਸ ਦਾ ਕੀ ਹਸ਼ਰ ਹੋਇਆ? ਇਸ ਬਹਿਸ ਵਿਚ ਨਾ ਪੈਂਦੇ ਹੋਏ ਆਪਾਂ ਸਿਰਫ ਇਹ ਹੀ ਸਵਾਲ ਪੁੱਛ ਸਕਦੇ ਹਾਂ ਕਿ ਚਲੋ ਮੰਨਿਆ, ਕਿਸਾਨ ਅੰਦੋਲਨ ਵਿਚ ਸ਼ਾਮਿਲ ਸਭਨਾਂ ਦੇ ਕਿਸੇ ਨਾ ਕਿਸੇ ਰਾਜਸੀ ਸੰਗਠਨ ਨਾਲ ਸਬੰਧ ਜ਼ਰੂਰ ਹੋਣਗੇ। ਸਿਆਸੀ ਪਾਰਟੀਆਂ ਦਾ ਨੁਕਤਾ ਉਠਾ ਕੇ ਸਾਰੀ ਸਮੱਸਿਆ ਤੋਂ ਇਸ ਨਿਰਲੱਜਤਾ ਨਾਲ ਸੁਬਕਦੋਸ਼ ਹੋਇਆ ਜਾਂਦਾ ਹੈ, ਜਿਵੇਂ ਉਸ ਬਾਰੇ ਹੋਰ ਕਿਸੇ ਵਿਚਾਰ-ਵਟਾਂਦਰੇ ਦੀ ਗੁੰਜਾਇਸ਼ ਹੀ ਨਾ ਬਚੀ ਹੋਵੇ। ਇਹ ਸਾਰਾ ਵਿਹਾਰ ਇਸ ਬੇਸ਼ਰਮੀ ਨਾਲ ਅਪਨਾਇਆ ਜਾਂਦਾ ਹੈ, ਜਿਵੇਂ ਹੁਕਮਰਾਨ ਧਿਰਾਂ ਦਾ ਕਿਸੇ ਸਿਆਸੀ ਪਾਰਟੀ ਨਾਲ ਅਸਲੋਂ ਹੀ ਕੋਈ ਸਬੰਧ ਨਾ ਹੋਵੇ ਤੇ ਇਹ ਸਾਰੇ ਸੱਤਿਆਵਾਦੀ ਰਾਜਾ ਹਰੀਸ਼ ਚੰਦ ਦੀ ਨਾਦੀ-ਬਿੰਦੀ ਸੰਤਾਨ ਹੋਣ।

ਜੇ ਇਨ੍ਹਾਂ ਭੱਦਰਪੁਰਸ਼ਾਂ ਦੇ ਵੱਸ ਹੋਵੇ ਤਾਂ ਇਹ ਸਿਆਸਤ ਨੂੰ ਹੋਰ ਸਭਨਾਂ ਧਿਰਾਂ ਲਈ ਕਾਨੂੰਨੀ ਤੇ ਨੈਤਿਕ ਤੌਰ 'ਤੇ ਵਰਜਿਤ ਕਰਾਰ ਦੇ ਕੇ ਸਿਰਫ ਆਪਣੇ ਅਤੇ ਆਪਣੇ ਸਕਿਆਂ ਸੋਧਰਿਆਂ ਲਈ ਹੀ ਰਾਖਵਾਂ-ਖੇਤਰ ਐਲਾਨ ਕਰ ਦੇਣ। ਮੁਤਬਾਦਲ ਅਤੇ ਨਾਬਰੀ ਦੀ ਸਿਆਸਤ ਵਾਲੇ ਸਭਨਾਂ ਲੋਕਾਂ ਨੂੰ ਸਰਕਾਰੀ ਸ਼ਹਿ ਨਾਲ ਜਾਨੋਂ ਹੀ ਮਾਰ ਮੁਕਾਉਣ ਜਾਂ ਉਨ੍ਹਾਂ ਉੱਪਰ 'ਦੇਸ਼ ਧ੍ਰੋਹ' ਜਿਹੇ ਸੰਗੀਨ ਇਲਜ਼ਾਮ ਲਾ ਕੇ ਅਨਿਸ਼ਚਿਤ ਸਮੇਂ ਲਈ ਜੇਲ੍ਹਾਂ ਵਿਚ ਸੁੱਟੀ ਰੱਖਣ ਦੀ ਨੀਤੀ ਇਸ ਦਿਸ਼ਾ ਵਲ ਵਧ ਰਹੇ ਕਦਮਾਂ ਦੇ ਨਿਸ਼ਾਨ ਹਨ।

ਕਿਸੇ ਨੂੰ ਕਮਿਊਨਿਸਟ ਪਿਛੋਕੜ ਵਾਲਾ ਕਹਿਣ ਤੋਂ ਮਗਰੋਂ ਤਾਂ ਇਹ ਆਪਣੇ ਸਾਰੇ ਹੀ ਕੁਕਰਮਾਂ ਤੋਂ ਇਸ ਕਦਰ ਸੁਬਕਦੋਸ਼ ਹੋ ਜਾਂਦੇ ਹਨ, ਜਿਵੇਂ ਉਨ੍ਹਾਂ ਬਾਰੇ ਉਜ਼ਰ ਉਠਾਉਣ ਵਾਲੇ ਬੰਦੇ ਨੂੰ ਤਾਂ ਬਿਨਾ ਕਿਸੇ ਅਗਲੇਰੀ ਚਰਚਾ ਦੇ ਸਿੱਧਾ ਸੂਲੀ 'ਤੇ ਹੀ ਟੰਗ ਦਿੱਤਾ ਜਾਣਾ ਚਾਹੀਦਾ ਹੋਵੇ।

ਕੀ ਇਸ ਤੱਥ ਤੋਂ ਕੋਈ ਵੀ ਇਨਕਾਰੀ ਹੋ ਸਕਦਾ ਹੈ ਕਿ ਸਮਕਾਲੀ ਭਾਰਤੀ, ਸਿਆਸੀ ਮਾਹੌਲ ਵਿਚ ਸਭ ਤੋਂ ਸਾਫ ਸੁਥਰੀ ਤੇ ਜਨ-ਹਿਤੈਸ਼ੀ ਸਰਕਾਰ ਦਾ ਪ੍ਰਬੰਧ ਹਾਲੇ ਵੀ ਕੇਰਲ ਦੇ ਕਮਿਊਨਿਸਟ ਲੋਕ ਹੀ ਚਲਾ ਰਹੇ ਹਨ।

ਅਸਲੀਅਤਾਂ ਦੀ ਅਸਲੀਅਤ ਤਾਂ ਇਹ ਹੈ ਕਿ ਕਿਸੇ ਵੀ ਪਾਰਟੀ/ਸਰਕਾਰ ਦੀ ਪਛਾਣ ਉਹਦੇ ਨਾਮਾਂਕਣ ਜਾਂ ਨੌਟੰਕੀ ਨਹੀਂ ਸਗੋਂ ਉਸ ਦੀ ਆਮ ਲੋਕਾਂ ਵਲ ਅਮਲੀ ਕਾਰਗੁਜ਼ਾਰੀ ਵਿਚ ਹੁੰਦੀ ਹੈ।

ਭਾਜਪਾ ਸਰਕਾਰ ਇਸ ਤੱਕੜੀ ਵਿਚ ਤੁਲਣ ਦੀ ਹਿੰਮਤ ਕਰਨੀ ਤਾਂ ਕੀ, ਉਹਦੇ ਨੇੜੇ ਜਾਣ ਵੇਲੇ ਵੀ ਤ੍ਰਹਿ ਕੇ ਰਾਮ ਰਾਮ ਕਰਦੀ ਹੋਈ ਦੂਰ ਭੱਜ ਖਲੋਂਦੀ ਹੈ।

ਸਮਕਾਲੀ ਕਿਸਾਨ ਅੰਦੋਲਨ ਵਿਚ ਵੱਖ-ਵੱਖ ਸਿਆਸੀ ਰੰਗਤ ਵਾਲੇ ਲੋਕ ਸ਼ਾਮਿਲ ਹਨ। ਉਨ੍ਹਾਂ ਦੀ ਇਮਾਨਦਾਰੀ ਤੇ ਸੁਹਿਰਦਤਾ ਦੀ ਇੱਕੋ-ਇਕ ਪਰਖ-ਕਸੌਟੀ ਇਹੀ ਹੈ ਕਿ ਉਹ ਆਪਣੇ ਸਿਆਸੀ ਏਜੰਡੇ ਨੂੰ ਪਾਸੇ ਰੱਖ ਕੇ ਆਪਣਾ ਸਾਰਾ ਧਿਆਨ ਅੰਦੋਲਨ ਦੇ ਮੂਲ-ਮੁੱਦੇ 'ਤੇ ਹੀ ਕੇਂਦ੍ਰਿਤ ਕਰਨ। ਸਰਵ-ਸਾਂਝੇ ਅੰਦੋਲਨ ਵਿਚ ਆਪੋ-ਆਪਣੇ ਸਿਆਸੀ ਹਿਤਾਂ ਦੀ ਡੁਗਡੁਗੀ ਵਜਾਉਣੀ ਇਸ ਸ਼ਾਨਦਾਰ ਸੰਗਰਾਮ ਦੀ ਸਾਂਝ ਤੇ ਸ਼ਕਤੀ ਵਿਚ ਇੰਤਸ਼ਾਰ ਪੈਦਾ ਕਰ ਕੇ ਇਸ ਦੀ ਪਿੱਠ ਵਿਚ ਛੁਰੀ ਖੋਭਣ ਜਿਹਾ ਕੁਕਰਮ ਹੋਵੇਗੀ। ਤਸੱਲੀ ਦੀ ਗੱਲ ਹੈ ਕਿ ਸੂਝਵਾਨ ਕਿਸਾਨ ਨੇਤਾ ਸਭਨਾਂ ਧਿਰਾਂ ਨੂੰ ਆਪਣੇ ਮੂਲ ਮੁੱਦੇ ਤੋਂ ਭਟਕਣ/ਭਟਕਾਉਣ ਦੇ ਸਾਰੇ ਯਤਨਾਂ ਨੂੰ ਲਾਂਭੇ ਕਰ ਕੇ ਆਪਣੇ ਅੰਦੋਲਨ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਹਰ ਸੰਭਵ ਯਤਨ ਕਰ ਰਹੇ ਹਨ।

### ਤੀਰਥਾਂ 'ਤੇ ਤਰਸ ਕਰੋ

ਪ੍ਰੋ. ਮੋਹਨ ਸਿੰਘ ਕਵਿਤਾਕਾਰੀ ਦੇ ਹੀ ਨਹੀਂ, ਗੱਲਬਾਤ ਦੇ ਵੀ ਧਨੀ ਸਨ। ਇਕ ਵਾਰ ਉਨ੍ਹਾਂ ਕਿਸੇ ਹੋਰ ਦੀ ਗੱਲ ਨੂੰ ਆਪ-ਬੀਤੀ ਬਣਾ ਕੇ ਸੁਣਾਇਆ: ਕਹਿੰਦੇ, ਸਾਡੇ ਪਿੰਡ ਦਾ ਜਥਾ ਕੁੰਭ-ਇਸ਼ਨਾਨ ਦਾ ਲਾਹਾ ਲੈਣ ਲਈ ਹਰਿਦੁਆਰ ਗਿਆ। ਉਥੋਂ ਦੇ ਸਾਰੇ ਧਰਮ ਸਥਾਨਾਂ ਦੀ ਰੱਜ ਕੇ ਯਾਤਰਾ ਕੀਤੀ। ਅੰਤਲੇ ਦਿਨ ਗੰਗਾ ਇਸ਼ਨਾਨ ਕਰਨ ਮਗਰੋਂ ਸਾਡੇ ਵਿਚੋਂ ਇਕ ਸਿਆਣੇ ਨੇ ਕਿਹਾ, ਹੁਣ ਵਾਪਸੀ ਤੋਂ ਪਹਿਲਾਂ ਆਪੋ-ਆਪਣੀ ਕੋਈ ਬੁਰੀ ਆਦਤ/ਐਬ ਛੱਡਣ ਦੀ ਗੰਗਾ ਮਈਆ ਸਾਹਮਣੇ ਕਸਮ ਖਾਓ। ਕਿਸੇ ਨੇ ਕੁਛ ਛੱਡਿਆ, ਕਿਸੇ ਨੇ ਕੁਛ। ਅਖੀਰ ਵਿਚ ਸਾਡੇ ਵਰਗੇ ਕਿਸੇ ਭਾਈ ਦੀ ਵਾਰੀ ਆ ਗਈ। ਉਹ ਤਾਂ ਜੀ ਚੁੱਪ-ਗੜੁੱਪ, ਜਿਵੇਂ ਦੰਦਲ ਪਈ ਹੋਈ ਹੋਵੇ। ਨਾਲ ਵਾਲੇ ਕਹੀ ਜਾਣ ਭਗਤ-ਜਨੋ, ਮੋਨ ਤੋੜੋ। ਕੁਛ ਉਚਰੋ। ਹੁਣ ਉਹ ਕੀ ਬੋਲੇ! ਸਿਆਸਤਦਾਨ ਤੇ ਵਿਚਾਰਾ ਹੈ ਨਹੀਂ ਸੀ ਜੋ ਝੂਠੀਆਂ ਸਹੁੰਆਂ ਖਾਵੇ ਜਾਂ ਕੂੜੇ ਬਚਨ-ਬਿਲਾਸ ਕਰੇ। ਸਾਡੇ ਵਰਗਾ ਆਮ ਦੁਨੀਆਦਾਰ ਬੰਦਾ ਸੱਤੇ ਐਬ ਸ਼ਰਈ। ਉਹ ਤਾਂ ਵਾੜ ਵਿਚ ਫਸੇ ਬਿੱਲੇ ਵਾਂਗ ਇੱਧਰ-ਉੱਧਰ ਝਾਕੀ ਜਾਵੇ, ਬਿਟਰ-ਬਿਟਰ; ਪਰ ਕੀਤਾ ਕੀ ਜਾਵੇ?

ਕੀ ਫੜਾਂ ਤੇ ਕੀ ਛੱਡਾਂ?
ਮੈਨੂੰ ਸੱਤੇ ਰੰਗ ਪਸੰਦ। (ਮੋਹਨ ਸਿੰਘ)

ਨਾਲ ਵਾਲੇ ਨੇ ਮੋਢਾ ਝੂਣਿਆ ਤਾਂ ਉਹ ਇਕ ਦਮ ਬਰੜਾ ਕੇ ਬੋਲਿਆ, ਮੈਂ ਗੰਗਾ ਆਉਣਾ ਹੀ ਛੱਡਿਆ।

ਨੇਤਾ ਜਨ ਸ਼ਾਇਦ ਤੁਹਾਡੇ ਲਈ ਇਹੀ ਅਕਸੀਰੀ ਪਾਵਨ ਵਚਨ ਹੋਵੇ।

ਅਸੀਂ ਜਾਣਦੇ ਹਾਂ ਕਿ ਤੁਹਾਨੂੰ ਅਜਿਹਾ ਕੋਈ ਮਸ਼ਵਰਾ ਮਨਜ਼ੂਰ ਨਹੀਂ ਹੋਵੇਗਾ, ਕਿਉਂਕਿ ਤੁਸੀਂ ਕਾਸ਼ੀ ਆਪਣੀ ਮਰਜ਼ੀ ਨਾਲ ਨਹੀਂ ਜਾਂਦੇ ਸਗੋਂ 'ਗੰਗਾ ਮਈਆ' ਦਾ ਬੁਲਾਵਾ ਆਉਂਦਾ ਹੈ ਤਾਂ ਜਾਂਦੇ ਹੋ। ਤੁਹਾਡੀ ਤੀਰਥ ਯਾਤਰਾ ਨਾਲ ਗੰਗਾ ਮਈਆ ਦੇ ਕਰੋੜਾਂ ਭਗਤ ਜਨ ਤੁਹਾਡੀ ਅਪਾਰ ਸ਼ਰਧਾ 'ਤੇ ਭਰੋਸਾ ਕਰ ਕੇ ਤੁਹਾਨੂੰ ਆਪਣਾ ਭਾਈਵੰਦ ਸਮਝ ਲੈਂਦੇ ਹਨ ਤੇ ਤੁਸੀਂ ਅਜਿਹੇ ਚਮਤਕਾਰੀ ਪੁਰਖ ਹੋ ਕਿ ਵੇਲਾ ਆਉਣ 'ਤੇ, ਉਨ੍ਹਾਂ ਦੇ ਇਸ ਭਰੋਸੇ ਨੂੰ ਵੋਟਾਂ ਵਿਚ ਤਬਦੀਲ ਕਰ ਲੈਂਦੇ ਹੋ।

ਸਾਨੂੰ ਤਾਂ ਸਾਡੇ ਪਿੰਡ ਦੀਆਂ ਸਾਦਾ ਸੁਭਾ ਤੇ ਸਚਿਆਰੀਆਂ ਮਾਂਵਾਂ ਨੇ ਸਾਡੇ ਬਾਲ-ਕੰਨਾਂ ਵਿਚ ਇਕ ਹੋਰ ਹੀ ਬੋਲੀ ਘੋਲ ਦਿੱਤੀ ਸੀ। ਉਹ ਤੇ ਗਿੱਧੇ ਦੀ ਤਾੜੀ ਦੀ ਤਾਲ 'ਤੇ ਧਮੱਚੜ ਪਾਉਂਦੀਆਂ ਬੜੇ ਜ਼ੋਰ-ਸ਼ੋਰ ਨਾਲ ਗਾਉਂਦੀਆਂ ਹੁੰਦੀਆਂ ਸਨ:

ਤੇਰੇ ਅੰਦਰੋਂ ਮੈਲ ਨੀ ਜਾਣੀ
ਤੀਰਥਾਂ 'ਤੇ ਨ੍ਹਾਉਣ ਵਾਲੀਏ।

ਉਨ੍ਹਾਂ ਨੂੰ ਕੀ ਦੱਸੀਏ ਕਿ ਤੁਸੀਂ ਤਾਂ ਉੱਥੇ ਅੰਦਰਲੀ ਮੈਲ ਧੋਣ ਨਹੀਂ ਸਗੋਂ ਲੁਕੋਣ ਜਾਂਦੇ ਹੋ। ਇਸੇ ਲਈ ਤੁਸੀਂ 'ਕੌਨ ਬਨੇਗਾ ਕਰੋੜਪਤੀ' ਦੇ ਮਹਾਂਨਾਇਕ ਵਾਂਗ ਰੋਜ਼ ਨਵੀਂ-ਨਕੋਰ ਪੁਸ਼ਾਕ ਪਹਿਨ ਪੂਰੀ ਸਜਧਜ ਨਾਲ ਮਾਈਕ ਸਾਹਮਣੇ ਪੇਸ਼ ਹੁੰਦੇ ਹੋ। ਤੁਹਾਡੀ ਚਿੰਤਾ ਤਾਂ ਆਪਣੀ 'ਛਵੀ ਬਣਾਈ ਰੱਖਣ' ਦੀ ਹੁੰਦੀ ਹੈ ਤੇ ਇਸੇ ਮਕਸਦ ਲਈ ਤੁਸੀਂ 'ਪਾਪਾਂ ਬਾਝਹੁ ਹੋਵੇ ਨਾਹੀ' ਵਾਲੀ ਆਪਣੀ ਮਾਇਆ ਦੇ ਅੰਬਾਰਾਂ ਵਿਚੋਂ ਖੁੱਲ੍ਹੇ ਗੱਫੇ ਵਰਤਾ ਕੇ ਭਰਤੀ ਕੀਤੇ ਬੇਸ਼ੁਮਾਰ 'ਭੌਂਕੇ' ਪਾਲ ਰੱਖੇ ਨੇ।

ਸਾਨੂੰ ਆਪਣੇ ਪਿੰਡ ਦੀਆਂ ਮਾਈਆਂ ਦੀ ਬੋਲੀ ਹੀ ਨਹੀਂ ਸੀ ਭੁੱਲਦੀ ਤੇ ਹੁਣ ਸਾਡੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਨੇ ਹੋਰ ਹੀ ਭਾਖਿਆ ਕੱਢਣੀ ਸ਼ੁਰੂ ਕਰ ਦਿੱਤੀ ਹੈ। ਉਹ ਕਹਿ ਰਹੀਆਂ ਨੇ ਕਿ ਹੁਣ ਤੁਹਾਡੇ ਕੂੜ ਦੀ ਕਲਈ ਪੂਰੀ ਤਰ੍ਹਾਂ ਲੱਥ ਚੁਕੀ ਹੈ:

ਵਿਚ ਚੌਰਾਹੇ ਭੰਨਣਾ ਭਾਂਡਾ ਪਾਪਾਂ ਦਾ।

ਤੇ ਇਨ੍ਹਾਂ 'ਅੱਥਰੀਆਂ' ਨੇ ਤੁਹਾਡੇ ਕਾਣਸੂਤੇ ਕਾਲੇ ਕਾਨੂੰਨਾਂ ਦੀ ਧੂਣੀ ਬਾਲ ਕੇ ਲੋਹੜੀ ਦਾ ਤਿਉਹਾਰ ਮਨਾਉਣ ਦਾ ਨਵਾਂ ਤਰੀਕਾ ਈਜਾਦ ਕਰ ਲਿਆ ਹੈ।

ਇਹ ਜਦ ਆਪਣੀ ਆਈ 'ਤੇ ਆ ਜਾਣ, ਬੜੇ-ਬੜੇ ਲਾਟੀਕੀਨਾਂ ਦੀ ਮੰਜੀ ਮੂਧੀ ਕਰ ਛੱਡਦੀਆਂ ਨੇ। ਮੈਨੂੰ ਤਾਂ ਇਨ੍ਹਾਂ ਦੀ ਇਸ ਭਵਿੱਖਵਾਣੀ ਵਿਚ ਕੋਈ ਗਹਿਰੀ ਰਮਜ਼ ਨਜ਼ਰ ਆ ਰਹੀ ਹੈ, "ਗੰਗਾ ਦੇ ਵਿਚ ਡੁੱਬਣੀ, ਬੇੜੀ ਪਾਪਾਂ ਦੀ।"

### ਗੰਗਾ-ਜਮਨੀ ਸਭਿਆਚਾਰ ਦੇ ਦੁਸ਼ਮਣ

ਕਿਸੇ ਵਿਚਾਰ, ਸੰਕਲਪ ਜਾਂ ਦਾਰਸ਼ਨਿਕ ਧਾਰਾ, ਸਭਿਆਚਾਰਕ ਵਿਹਾਰ ਜਾਂ ਰਹਿਤਲ ਨਾਲ ਸਹਿਮਤ ਜਾਂ ਅਸਹਿਮਤ ਹੋਣ ਦਾ ਸੁਆਲ ਤਾਂ ਇਨ੍ਹਾਂ ਵਿਚੋਂ ਕਿਸੇ ਦੀ ਪੜ੍ਹਤ, ਬੋਧ ਤੇ ਪ੍ਰਤੀਤੀ ਪਿਛੋਂ ਪੈਦਾ ਹੁੰਦਾ ਹੈ, ਪਰ ਦੋਸਤੋ! ਮੈਂ ਤਾਂ ਸਿਰਫ ਇਸ ਗੱਲ ਦਾ ਰੋਣਾ ਰੋਣਾ ਹੈ ਕਿ ਜਿਸ ਕਦਰ ਸਮਕਾਲੀ ਹਿੰਦੂਤਵ ਦੇ ਸੁਆਂਗਧਾਰੀ ਸਿਆਸਤਦਾਨ, ਸਨਿਆਸੀ, ਸਾਧ-ਸਾਧਵੀਆਂ, ਮੱਠਾਧੀਸ਼ਾਂ ਤੇ ਡੇਰੇਦਾਰਾਂ ਦੀਆਂ ਧਾੜਾਂ ਹੀ ਭਾਰਤੀ ਸਭਿਆਚਾਰ ਦਾ ਸੰਘ ਪਾੜ-ਪਾੜ ਕੇ ਪ੍ਰਚਾਰ ਕਰ ਰਹੀਆਂ ਹਨ (ਭਾਰਤੀ ਸਭਿਆਚਾਰ ਵਿਚ ਭਾਵੇਂ ਹੋਰ ਅਨੇਕਾਂ/ਸੂਫੀਆਨਾ ਰਹਿਤਲਾਂ ਵੀ ਸ਼ਾਮਿਲ ਹਨ), ਉਸ ਦਾ ਭਾਰਤੀ ਦਰਸ਼ਨ ਦੀ ਕਿਸੇ ਵੀ ਧਾਰਾ, ਵੈਸ਼ਿਸਕ, ਨਿਆਇ, ਸਾਂਖ, ਯੋਗ, ਮੀਮਾਂਸ, ਜਾਂ ਵੇਦਾਂਤ ਨਾਲ ਦੂਰ ਨੇੜੇ ਦਾ ਵੀ ਕੋਈ ਲਾਗਾ-ਦੇਗਾ ਨਹੀਂ ਤੇ ਨਾ ਹੀ ਬੁੱਧ ਜਾਂ ਜੈਨ ਮੱਤ ਤੇ ਗੁਰਮਤਿ ਨਾਲ ਹੀ ਕੋਈ ਲੈਣਾ ਦੇਣਾ ਹੈ।

ਇਨ੍ਹਾਂ ਸੱਜਣਾਂ ਨੂੰ ਤਾਂ ਬੱਸ ਬੁੱਤ-ਪੂਜਾ, ਕਰਮ-ਕਾਂਡ, ਪੌਰਾਣਿਕ ਕਥਾਵਾਂ ਦੀ ਓਪਰੀ-ਪੇਤਲੀ ਜਿਹੀ ਸਮਝ ਹੈ ਤੇ ਉਸ ਦੇ ਆਧਾਰ 'ਤੇ ਇਹ ਵਿਗਿਆਨ, ਸੈਨਿਕ-ਰਣਨੀਤੀ ਤੇ ਇਤਿਹਾਸ ਅਤੇ ਸਮਕਾਲ ਬਾਰੇ ਵੀ ਹਾਸੋ ਹੀਣੇ ਛੁਰਲੀਆਂ-ਸ਼ਟਲ ਛੱਡਦੇ ਰਹੇ ਹਨ, ਉਹ ਕਿਸੇ ਤੋਂ ਗੁੱਝੇ ਨਹੀਂ।

(ਸੁਆਮੀ) ਰਾਮਦੇਵ ਆਪਣੇ ਵਿਖਿਆਨਾਂ ਵਿਚ ਪਾਤੰਜਲੀ ਦੇ ਯੋਗ-ਦਰਸ਼ਨ ਵਿਚਲੇ ਯਮ, ਨਿਯਮ, ਪ੍ਰਤਯਾਹਾਰ, ਧਾਰਨਾ ਧਿਆਨ ਤੇ ਸਮਾਧੀ ਦੀ ਗੱਲ ਨਹੀਂ ਕਰਦੇ। ਪਾਤੰਜਲੀ ਦਾ ਯੋਗ ਦਰਸ਼ਨ ਸ਼ੁਰੂ ਹੀ ਚਿੱਤ ਵ੍ਰਿਤੀਆਂ ਦੇ ਨਿਰੋਧ ਤੋਂ ਸ਼ੁਰੂ ਹੋ ਕੇ ਸਮਾਧੀ ਤੱਕ ਦੀ ਯਾਤਰਾ ਕਰਦਾ ਹੈ ਤੇ ਰਾਮਦੇਵ ਦਾ ਯੋਗ ਆਸਣਾਂ ਤੇ ਪ੍ਰਾਣਾਯਾਮ ਦੀ ਮੂਲ ਮੁਢਲੀ ਨੁਮਾਇਸ਼ ਕਰ ਕੇ ਆਪਣੀਆਂ ਜਿਣਸਾਂ ਦੀ ਵਿਕਰੀ ਲਈ ਇਸ਼ਤਿਹਾਰਬਾਜ਼ੀ ਕਰਨ 'ਤੇ ਹੀ ਸਮਾਪਤ ਹੋ ਜਾਂਦਾ ਹੈ।

(ਸੁਆਮੀ) ਰਾਮਦੇਵ ਦੇ ਨਾਲ ਹੀ ਸਾਧਗੁਰੂ ਜੱਗੀ ਮਹਾਰਾਜ ਤਾਂ ਆਪਣੀ ਯੋਗ-ਸਲਤਨਤ ਦਾ ਉਦਘਾਟਨ ਕਰਨ ਗਏ ਮੋਦੀ ਹੋਰਾਂ ਨੂੰ ਇਸ ਯੁੱਗ ਦੇ 'ਮਹਾਂਯੋਗੀ' ਦੀ ਉਪਾਧੀ ਬਖਸ਼ਣ ਦੀ ਹੱਦ ਤੀਕ ਚਲੇ ਗਏ ਸਨ।

ਸਿਆਸੀ ਸਾਧ/ਸਾਧਵੀਆਂ ਦੇ ਤਾਂ ਕਿੱਸੇ ਨਾ ਹੀ ਛੇੜੀਏ ਤਾਂ ਭਲਾ!

ਕੋਈ ਵੇਲਾ ਸੀ ਕਿ ਮੈਕਸਮੂਲਰ, ਥੋਰੋ, ਐਮਰਸਨ, ਕਾਰਲਇਲ, ਤਾਲਸਤਾਇ, ਐਡਵਿਨ ਐਰਨਾਲਡ ਤੇ ਐਂਡ੍ਰਿਊਜ਼ ਜਿਹੇ ਪੱਛਮੀ ਚਿੰਤਕਾਂ ਨੇ ਭਾਰਤੀ ਦਰਸ਼ਨ ਦਾ ਬੜੇ ਮਾਨ ਸਨਮਾਨ ਨਾਲ ਅਨੁਵਾਦ/ਜ਼ਿਕਰ ਕੀਤਾ ਸੀ। ਬਹੁਤ ਸਾਰੇ ਪੱਛਮੀ ਚਿੰਤਕ ਭਾਰਤੀ ਸਭਿਆਚਾਰਕ ਕੇਂਦਰਾਂ ਦੀ ਯਾਤਰਾ ਕਰਨ ਆਉਂਦੇ ਰਹੇ ਹਨ।... ਤੇ ਫੇਰ ਮਹਾਰਿਸ਼ੀ ਮਹੇਸ਼ਯੋਗੀ ਵੇਲੇ ਭਾਰਤੀ ਰਹਿਤਲ ਬੀਟਲਾਂ ਦੀ ਤੇ ਹਿੱਪੀਆਂ ਦੀ ਦਿਲਚਸਪੀ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਸੀ।

ਹੁਣ ਸਮਕਾਲੀ ਯੋਗੀਆਂ ਤੇ ਹਿੰਦੂਤਵੀ ਸਿਆਸਤ ਵਲੋਂ ਭਾਰਤ ਦਾ ਜਿਹੜਾ ਚਿੱਤਰ-ਪੇਸ਼ ਕੀਤਾ ਜਾ ਰਿਹਾ ਹੈ, ਉਹ ਤਾਂ ਸਿਰਫ ਕਾਰਪੋਰੇਟ ਜਗਤ ਦੇ ਮਹਾਂਪ੍ਰਭੂਆਂ ਜਾਂ ਉਨ੍ਹਾਂ ਦੇ ਗੁਮਾਸ਼ਤਿਆਂ ਲਈ ਹੀ ਦਿਲਚਸਪ ਯਾਤਰਾ-ਸਥਲ ਹੋ ਸਕਦਾ ਹੈ।

ਸੰਯੁਕਤ ਭਾਰਤੀ ਗਿਆਨ ਪਰੰਪਰਾ ਨੂੰ ਇਸ ਕਦਰ ਛੁਟਿਆ, ਸੀਮਿਤ ਤੇ ਵਿਕ੍ਰਿਤ ਕਰਨ ਵਾਲੇ ਅਗਿਆਨੀ, ਸੁਆਰਥੀ, ਭੇਖੀ ਨੌਸਰਬਾਜ਼ੀ ਨਾਲ ਲੱਥਪਥ ਹਠ-ਧਰਮੀ ਸਿਆਸਤਦਾਨ ਤੇ ਸਾਧ-ਸਾਧਵੀਆਂ ਭਾਰਤੀ ਗਿਆਨ ਸਾਧਨਾ ਦੇ ਪਰਿਹਾਸ, ਵਿਅੰਗ- ਚਿੱਤਰ, ਡਰਨੇ, ਬਹਿਰੂਪੀਏ ਤੇ ਇਸ ਦੀ ਜੜ੍ਹੀਂ ਤੇਲ ਦੇਣ ਵਾਲੇ ਸੁਆਂਗਧਾਰੀ ਹੀ ਹਨ।

ਆਮੀਨ।

### ਭਗਵੇਂ ਭੇਸ ਵਿਚ ਭੇੜੀਏ

ਬੁਰੇ ਬੰਦੇ ਤਾਂ ਭਾਵੇਂ ਹਰ ਦੇਸ਼ ਅਤੇ ਭੇਸ ਵਿਚ ਹਰਲ-ਹਰਲ ਕਰਦੇ ਫਿਰਦੇ ਹਨ ਪਰ ਭਗਵੇਂ ਕੱਪੜੇ ਕਦੇ ਜਿਗਿਆਸਾ, ਤਪੱਸਿਆ, ਗਿਆਨ, ਤਿਆਗ ਤੇ ਸਨਿਆਸ ਦਾ ਚਿੰਨ੍ਹ ਹੋਇਆ ਕਰਦੇ ਸਨ।

ਬੀਤੇ ਵਕਤਾਂ ਵਿਚ ਯੋਗੀਆ ਵਸਤਰਾਂ ਵਿਚ ਮਲਬੂਸ ਸਵਾਮੀ ਵਿਵੇਕਾਨੰਦ ਹੋਰੀਂ ਸ਼ਿਕਾਗੋ ਵਿਚ ਹੋਏ ਵਿਸ਼ਵ ਧਰਮ-ਸੰਮੇਲਨ ਵਿਚ ਭਾਰਤੀ ਗਿਆਨ ਪਰੰਪਰਾ ਦੀ ਵਜ਼ਾਹਤ ਕਰਨ ਵਾਲੀ ਆਪਣੀ ਤਕਰੀਰ ਨਾਲ ਸੰਸਾਰ ਦੇ ਧਰਮ-ਸ਼ਾਸਤਰੀਆਂ ਨੂੰ ਮੰਤਰ-ਮੁਗਧ ਕਰ ਦਿੱਤਾ ਸੀ। ਹਾਲੇ ਉਹਦੇ ਬੋਲਾਂ ਦੀ ਗੂੰਜ ਮੱਠੀ ਨਹੀਂ ਸੀ ਪਈ ਤਾਂ ਸੁਆਮੀ ਰਾਮ ਤੀਰਥ ਦੀ ਮਧੁਰ ਬਾਣੀ ਨੇ ਉਥੋਂ ਦੇ ਸਰੋਤਿਆਂ ਨੂੰ ਕੀਲ ਛੱਡਿਆ ਸੀ।

ਜਿਸ ਕਿਸੇ ਨੇ ਵੀ ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਜੀਵਨੀ 'ਦਿ ਸਟੋਰੀ ਆਫ ਸਵਾਮੀ ਰਾਮ' ਪੜ੍ਹੀ ਹੋਵੇ, ਉਹ ਸਵਾਮੀ ਰਾਮ ਦੀ ਗਿਆਨਵਾਨ ਤੇ ਤੇਜਸੱਵੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ।

ਪੰਜਾਬ ਤੇ ਭਾਰਤ ਵਿਚ 'ਉਦਾਸੀ ਸੰਪ੍ਰਦਾਇ' ਦੇ ਸੰਤਾਂ ਦੇ ਕੀਤੇ ਗੁਰਮਤਿ ਦੇ ਪ੍ਰਚਾਰ ਤੇ ਮਾਲਵਾ ਖੇਤਰ ਵਿਚ ਖਾਸ ਕਰ ਕੇ ਵਿਦਿਆ ਦੇ ਪ੍ਰਸਾਰ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਐਵੇਂ ਕਿਵੇਂ ਹੀ ਦਰ-ਗੁਜ਼ਰ ਨਹੀਂ ਕੀਤਾ ਜਾ ਸਕਦਾ!

ਹਾਲ ਹੀ ਵਿਚ ਗੰਧਲੀ ਹੋ ਗਈ ਵੇਈਂ ਨਦੀ ਤੇ ਹੋਰ ਨਦੀਆਂ-ਨਾਲਿਆਂ ਦੀ ਸਫਾਈ ਲਈ ਗੇਰੂਏ ਵਸਤਰਾਂ ਵਾਲੇ ਸੰਤ ਬਲਬੀਰ ਸਿੰਘ ਸੀਚੇਵਾਲ ਹੋਰਾਂ ਦੀ ਸੇਵਾ ਤੋਂ ਕਿਵੇਂ ਕੋਈ ਅੱਖਾਂ ਮੀਟ ਕੇ ਰੱਖ ਸਕਦਾ ਹੈ!

ਪਰ ਸਮਕਾਲੀ ਹੁਕਮਰਾਨ ਪਾਰਟੀ ਦੇ ਸੰਤਾਂ, ਸਾਧਵੀਆਂ, ਯੋਗੀਆਂ ਤੇ ਡੇਰੇਦਾਰ ਸੁਆਮੀਆਂ ਦੇ ਕੁਕਰਮਾਂ ਤੇ ਵਿਸ਼ੈਲੇ ਬੋਲਾਂ ਨੇ ਗੇਰੂਏ ਵਸਤਰਾਂ ਦੀ ਆਭਾ ਨੂੰ ਇਸ ਕਦਰ ਪ੍ਰਦੂਸ਼ਿਤ ਕਰ ਕੇ ਰੱਖ ਦਿੱਤਾ ਹੈ ਕਿ ਜਦ ਕਦੇ ਕੋਈ ਸਿਆਸਤ ਦੇ 'ਭਗਵੇਂਕਰਨ' ਦੀ ਗੱਲ ਕਰਦਾ ਹੈ ਤਾਂ ਮਨ ਵਿਚ ਕਹਿਰਾਂ ਦੀ ਕਰਹਿਤ ਤੇ ਗਿਲਾਨੀ ਦੇ ਭਾਵ ਪੈਦਾ ਹੁੰਦੇ ਹਨ।

ਕਦੇ ਹੀਰ ਦੇ ਦਰਸ਼ਨ ਦੀਦਾਰ ਦੀ ਤਾਂਘ ਵਿਚ ਤਾਂ ਸਾਡਾ ਰਾਂਝਾ ਵੀ ਜੋਗੀ ਬਣ ਕੇ ਰੰਗਪੁਰ ਦੀਆਂ ਗਲੀਆਂ ਵਿਚ ਗਿਆ ਸੀ ਪਰ ਭਗਵੇਂ ਭੇਸ ਵਿਚ ਚੋਰਾਂ, ਠੱਗਾਂ ਤੇ ਦੰਭੀਆਂ ਦੀ ਸਰਕਾਰੀ ਅਦਾਰਿਆਂ ਵਿਚ ਆਦਮ ਬੋਅ ਆਦਮ ਬੋਅ ਕਰਦੀ ਭੀੜ...ਤੋਬਾ ਤੋਬਾ!

ਇਸ ਘੋਰ ਕਲਿਯੁਗ ਵਿਚ ਵੀ ਜਿਹੜੇ ਭਗਵੇਂ ਕੱਪੜਿਆਂ ਵਾਲੇ ਸੰਤ, ਦਸਤਾਰਧਾਰੀ, ਹਰਿਆਣਵੀ ਸਾਧਵੀ, ਬੋਧੀ ਭਿਕਸ਼ੂ, ਰਵਿਦਾਸੀਏ ਸਾਧੂ ਤੇ ਕਬੀਰ ਪੰਥੀ ਸੰਤ ਕਿਸਾਨ ਸੰਗਰਾਮ ਦੇ ਵੱਖ-ਵੱਖ ਮੰਚਾਂ ਤੋਂ ਸੱਚ ਤੇ ਨਿਆਂ ਦਾ ਸ਼ੰਖ-ਨਾਦ ਵਜਾ ਕੇ ਗੇਰੂਏ ਵਸਤਰਾਂ ਦੀ ਲੱਜ ਪਾਲ ਰਹੇ ਹਨ, ਉਨ੍ਹਾਂ ਨੂੰ ਸਦ ਨਮਸਕਾਰ।

---

# ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਅਤੇ ਮੌਜੂਦਾ ਹਾਲਾਤ

*(ਪਿਛਲੇ ਸਫੇ ਦੀ ਬਾਕੀ)*

ਜਿਸ ਤਰ੍ਹਾਂ ਪਿਛਲੇ ਕਈ ਸਾਲਾਂ ਤੋਂ ਧਾਰਮਿਕ ਘੱਟ ਗਿਣਤੀਆਂ ਅਤੇ ਸਮਾਜਿਕ ਤੌਰ 'ਤੇ ਪੱਛੜੇ ਵਰਗਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਸਿਰਫ ਤੇ ਸਿਰਫ ਵੋਟਾਂ ਦੇ ਧਰੁਵੀਕਰਨ ਲਈ ਦੇਸ਼ ਦੇ ਲੋਕਾਂ ਵਿਚਾਲੇ ਸਦੀਆਂ ਪੁਰਾਣੀ ਸਾਂਝ ਨੂੰ ਖਤਮ ਕਰ ਵਿਭਾਜਨ ਦੀ ਰਾਜਨੀਤਕ ਨੂੰ ਪਰਪੱਕ ਕੀਤਾ ਜਾ ਰਿਹਾ ਹੈ, ਇਸ ਘਿਨਾਉਣੀ ਖੇਡ ਦੇ ਫਲਸਰੂਪ ਦੇਸ਼ ਨੂੰ ਜੋ ਨੁਕਸਾਨ ਪਹੁੰਚ ਰਿਹਾ ਹੈ, ਉਸ ਦੀ ਕਲਪਨਾ ਕਰਨਾ ਮੁਸ਼ਕਿਲ ਹੈ। ਅੱਜ ਦੇਸ਼ ਵਿਚ ਮੋਬਲਿੰਚਿੰਗ ਦੇ ਨਾਂ ਹੇਠ ਜਿਸ ਤਰ੍ਹਾਂ ਨਾਲ ਦੇਸ਼ ਦੇ ਇਕ ਵਿਸ਼ੇਸ਼ ਵਰਗ ਦੇ ਲੋਕਾਂ ਦਾ ਕਤਲਏਆਮ ਕਰਕੇ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਰਿਹਾ ਹੈ, ਯਕੀਨਨ ਉਸ ਨੂੰ ਕਿਸੇ ਵੀ ਸੱਭਿਅਕ ਸਮਾਜ ਵਿਚ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਯਕੀਨਨ ਅੱਜ ਜਿੱਥੇ ਕਿਤੇ ਵੀ ਭਗਤ ਸਿੰਘ ਦੀ ਆਤਮਾ ਹੋਵੇਗੀ ਉਹ ਦੇਸ਼ ਦੇ ਮੌਜੂਦਾ ਹਾਲਾਤ ਨੂੰ ਵੇਖ ਕੇ ਅਤਿ ਦੁਖੀ ਹੁੰਦੀ ਹੋਵੇਗੀ।

ਦੇਸ਼ ਦੇ ਸਮੁੱਚੀ ਆਵਾਮ ਅਤੇ ਲੀਡਰਸ਼ਿਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਵਾਰਥਾਂ ਨੂੰ ਦੇਸ਼ ਹਿੱਤ ਲਈ ਤਿਆਗ ਕਰਦਿਆਂ ਦੇਸ਼ ਅੰਦਰ ਅਮਨ-ਅਮਾਨ ਦਾ ਖੁਸ਼ਗਵਾਰ ਮਾਹੌਲ ਸਿਰਜਣ ਨੂੰ ਪਹਿਲ ਦੇਣ, ਇਹੋ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਵਿਸ਼ੇਸ਼ ਤੌਰ 'ਤੇ ਸਮੇਂ ਦੀਆਂ ਸਰਕਾਰਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਜੋ ਨੀਤੀਆਂ ਅਤੇ ਕਾਨੂੰਨ ਬਣਾਉਣ, ਉਨ੍ਹਾਂ ਵਿਚ ਇਕੱਲੇ ਕਾਰਪੋਰੇਟ ਘਰਾਣਿਆਂ ਦੇ ਹਿਤ ਹੀ ਨਾ ਵੇਖਣ, ਸਗੋਂ ਅਜਿਹੇ ਕਾਨੂੰਨ ਬਣਾਏ ਜਾਣ ਸਮੇਂ ਗਰੀਬਾਂ, ਕਿਸਾਨਾਂ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਵੱਲ ਵੀ ਉਚੇਚਾ ਧਿਆਨ ਦੇਣ ਦੀ ਲੋੜ ਹੈ। ਅੱਜ ਦੇਸ਼ ਅੰਦਰ ਅਜਿਹਾ ਵਾਤਾਵਰਣ ਸਿਰਜਣ ਦੀ ਲੋੜ ਹੈ, ਜਿਸ ਵਿਚ ਦੇਸ਼ ਦਾ ਹਰ ਨਾਗਰਿਕ ਔਰਤ ਅਤੇ ਮਰਦ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰੇ। ਯਕੀਨਨ ਜੇ ਦੇਸ਼ ਵਿਚ ਭੈਅ ਮੁਕਤ ਮਾਹੌਲ ਹੋਵੇਗਾ ਤਾਂ ਦੇਸ਼ ਦੀ ਤਰੱਕੀ ਵਿਚ ਹਰ ਦੇਸ਼ ਵਾਸੀ ਆਪਣਾ ਬਣਦਾ ਯੋਗਦਾਨ ਪਾਉਣ ਦੇ ਸਮਰੱਥ ਹੋਵੇਗਾ।

# ਖੇਤੀ 'ਤੇ ਸੰਵਾਦ ਨਹੀਂ ਹੋਇਆ; ਪਤਾ ਕਿਉਂ?

## ਪ੍ਰਤੀਕਰਮ

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: 905-795-3428

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਬਲਰਾਜ ਦਿਓਲ ਦਾ ਲੇਖ, 'ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧੀ ਪ੍ਰਵਚਨ ਬਾਰੇ ਖੁੱਲ੍ਹਾ ਲੇਖਾ-ਜੋਖਾ' ਪੜ੍ਹਿਆ। ਲੇਖਕ ਨੇ ਲਿਖਿਆ ਹੈ ਕਿ ਖੇਤੀ ਕਾਨੂੰਨਾਂ ਦਾ ਵਿਰੋਧ ਬਹੁਤ ਹੋਇਆ ਹੈ, ਪਰ ਇਸ ਵਿਸ਼ੇ 'ਤੇ ਖੁੱਲ੍ਹੇ ਮਨ ਨਾਲ ਸੰਵਾਦ ਕਦੇ ਨਹੀਂ ਹੋਇਆ। ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਖੇਤੀ ਦੇ ਵਿਸ਼ੇ 'ਤੇ ਖੁੱਲ੍ਹੇ ਮਨ ਨਾਲ ਸੰਵਾਦ ਨਾ ਹੋਣ ਕਾਰਨ ਹੀ ਕਿਸਾਨੀ ਦੀ ਹਾਲਤ ਨਿੱਘਰੀ ਹੈ ਅਤੇ ਖੇਤੀ ਪੈਦਾਵਾਰ ਨੂੰ ਲੁੱਟ ਦੇ ਮਾਲ ਵਾਂਗ ਲੁੱਟਣ ਵਾਲਿਆਂ ਦੇ ਮਨ ਕਦੇ ਵੀ ਨਾ ਪਸੀਜੇ। ਉਹ ਇਸ ਲੁੱਟ ਨੂੰ ਬੇਗਾਨਾ ਹੱਕ ਸਮਝਣ ਦੀ ਥਾਂ ਮਾਲਕਾਨਾ ਹੱਕ ਸਮਝਣ ਲੱਗ ਪਏ। ਲੁੱਟਣ ਵਾਲੀ ਵਪਾਰੀ ਜਮਾਤ ਦੀ ਸਿਆਸੀ ਜਮਾਤਾਂ ਨਾਲ ਗੰਢ-ਸੰਢ ਨੇ ਇਸ ਲੁੱਟ ਨੂੰ ਕਾਨੂੰਨੀ ਬਣਾਉਣ ਲਈ ਕਾਨੂੰਨ 'ਤੇ ਕਾਨੂੰਨ ਘੜ ਮਾਰੇ।

ਇਹ ਮਸਲਾ ਨਾ ਤਾਂ ਕੋਈ ਨਵਾਂ ਹੈ ਅਤੇ ਨਾ ਹੀ ਇਕੱਲੇ ਭਾਰਤ ਦੇ ਕਿਸਾਨਾਂ ਦਾ ਹੈ। ਲੁੱਟ ਦਾ ਇਹ ਵਰਤਾਰਾ ਸੰਸਾਰ ਵਿਆਪੀ ਹੈ। ਕਾਰਨ ਸਾਫ ਹੈ, ਕਾਰਖਾਨੇਦਾਰਾਂ ਨੂੰ ਸਸਤਾ ਕੱਚਾ ਮਾਲ ਚਾਹੀਦਾ ਹੈ। ਸਰਕਾਰਾਂ ਕਾਰਖਾਨੇਦਾਰਾਂ ਵੱਲ ਹੋ ਗਈਆਂ, ਦੋਹਾਂ ਰਲ ਕੇ ਕਿਸਾਨ ਦੀ ਪੈਦਾਵਾਰ ਨੂੰ ਸਸਤੇ ਵਿਚ ਲੁੱਟਣ ਦੀਆਂ ਤਰਕੀਬਾਂ ਬਣਾ ਲਈਆਂ ਅਤੇ ਕਿਸਾਨ ਨੂੰ 'ਅੰਨਦਾਤਾ' ਹੋਣ ਦੀ ਫੂਕ ਛਕਾ ਛੱਡੀ। ਭਾਰਤ ਦੇ ਸੰਬੰਧ ਵਿਚ ਗੱਲ ਬੜੀ ਸਰਲ ਹੈ। ਆਜ਼ਦੀ ਤੋਂ ਪਹਿਲਾਂ ਈਸਟ ਇੰਡੀਆ ਕੰਪਨੀ ਸਸਤਾ ਕੱਚਾ ਮਾਲ ਲੁੱਟ ਕੇ ਮੁਨਾਫਾ ਕਮਾਉਂਦੀ ਸੀ। ਆਜ਼ਾਦੀ ਤੋਂ ਬਾਅਦ ਇਹੋ ਕੰਮ ਭਾਰਤੀ ਕੰਪਨੀਆਂ ਜਾਂ ਕਾਰਖਾਨੇਦਾਰਾਂ ਨੇ ਭਾਰਤੀ ਹਾਕਮਾਂ ਨਾਲ ਰਲ ਕੇ ਕੀਤਾ। ਕਿਸਾਨ ਨੂੰ ਫੂਕ ਦੇਣ ਲਈ "ਜੈ ਕਿਸਾਨ" ਦਾ ਨਾਹਰਾ ਘੜਿਆ ਗਿਆ, ਪਰ ਕੋਈ ਠੋਸ ਖੇਤੀ ਨੀਤੀ ਨਹੀਂ ਘੜੀ ਗਈ।

ਖੇਤੀ ਨੀਤੀ 'ਤੇ ਖੁੱਲ੍ਹਾ ਸੰਵਾਦ ਨਹੀਂ ਹੋਇਆ। ਨੇਤਾ ਲੋਕ ਭਾਰਤ ਨੂੰ ਖੇਤੀ ਪ੍ਰਧਾਨ ਦੇਸ਼ ਤਾਂ ਜ਼ਰੂਰ ਕਹਿੰਦੇ ਰਹੇ, ਪਰ ਖੇਤੀ ਆਧਾਰਿਤ ਨੀਤੀਆਂ ਬਣਾਉਣ ਲਈ ਖੁੱਲ੍ਹਾ ਸੰਵਾਦ ਨਹੀਂ ਹੋਇਆ ਅਤੇ ਨਾ ਹੀ ਯੋਗ ਖੇਤੀ ਨੀਤੀ ਬਣੀ। ਇੱਕੋ ਨੀਤੀ ਕਿ ਕਿਸਾਨ ਦੀ ਪੈਦਾਵਾਰ (ਕੱਚਾ ਮਾਲ) ਲੁੱਟਣੀ ਹੀ ਲੁੱਟਣੀ ਹੈ, ਜਾਰੀ ਰਹੀ। ਇਸ ਦਾ ਕਾਰਨ ਸੀ ਕਿਸਾਨ ਦੀ ਅਣਜਾਣਤਾ। ਵਪਾਰੀ ਅਤੇ ਕਾਰਖਾਨੇਦਾਰ ਮੁਕਾਬਲੇ ਕਿਸਾਨ ਦੀ ਕਾਨੂੰਨ ਘੜਨ ਵਾਲੇ ਗਲਿਆਰਿਆਂ ਤੱਕ ਮਜਬੂਤ ਪਹੁੰਚ ਨਹੀਂ ਰਹੀ। ਜਾਗਰੂਪਤਾ ਪੱਖੋਂ ਕਿਸਾਨ ਦੀ ਹਾਲਤ, 'ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ' ਵਾਲੀ ਹੋਣ ਕਾਰਨ ਕਿਸਾਨ ਆਪਣੇ ਹੱਕਾਂ 'ਤੇ ਪੈ ਰਹੇ ਡਾਕਿਆਂ ਬਾਰੇ ਸੁਚੇਤ ਨਾ ਹੋ ਸਕਿਆ। ਨਤੀਜੇ ਵਜੋਂ 'ਉਨਾਂ ਲੁਟਿਆ ਲੁੱਟ ਦੇ ਮਾਲ ਵਾਂਗਰ, ਜ਼ਿੰਦਗੀ ਲੁੱਟ ਗਈ ਦਾਦਿਆਂ-ਨਾਨਿਆਂ ਦੀ' ਵਾਂਗ ਲੁੱਟ ਜਾਰੀ ਰਾਹੀ, ਪਰ ਸੰਵਾਦ ਕੋਈ ਨਾ ਹੋਇਆ।

ਸਮੁੱਚੇ ਵਿਸ਼ੇ 'ਤੇ ਸੰਵਾਦ ਦੀ ਥਾਂ ਬੇਈਮਾਨੀ ਧਾਰ ਕੇ ਚੋਣਵਾਂ ਸੰਵਾਦ ਕਰਨ ਦੀ ਪਿਰਤ ਤੋਰ ਲਈ ਗਈ ਤਾਂ ਜੋ ਕੁਝ ਚੋਣਵੇਂ ਅੰਕੜਿਆਂ ਅਤੇ ਕਾਨੂੰਨੀ ਮੋੜਾਂ-ਘੋੜਾਂ ਦਾ ਸਹਾਰਾ ਲੈ ਕੇ ਲੁੱਟ ਵਾਲੇ ਹਰ ਕਾਲੇ ਪ੍ਰਵਚਨ 'ਤੇ ਚਿੱਟੀ ਕੂਚੀ ਫੇਰੀ ਜਾ ਸਕੇ। ਕੁਝ ਅੰਕੜਿਆਂ ਅਤੇ ਤਕਨੀਕੀ ਆਧਾਰ 'ਤੇ ਖੇਤੀ ਕਾਨੂੰਨਾਂ ਨੂੰ ਚਤੁਰਾਈ ਨਾਲ ਸਹੀ ਸਾਬਿਤ ਕਰਨ ਵਾਲਿਆਂ ਨੂੰ ਆਪਣੀ ਅਕਲ 'ਤੇ ਪੂਰਾ ਮਾਣ ਹੈ ਕਿ ਉਹ ਕਾਲੇ ਨੂੰ ਚਿੱਟਾ ਹੋਣ ਦਾ ਭੁਲੇਖਾ ਪਾ ਸਕਦੇ ਹਨ।

ਇਸੇ ਪਿਰਤ ਤਹਿਤ ਇਸ ਲੇਖਕ (ਬਲਰਾਜ ਦਿਓਲ) ਨੇ ਵੀ ਆਪਣੇ ਲੇਖ ਵਿਚ ਸੰਵਾਦ ਨੂੰ ਸਿਰਫ ਤਿੰਨ ਕਾਨੂੰਨਾਂ ਦੇ ਕੁੱਝ ਤਕਨੀਕੀ ਪੱਖਾਂ ਤੱਕ ਹੀ ਸੀਮਿਤ ਰੱਖਿਆ ਹੈ। ਲੇਖਕ ਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਬੋਲਣ ਅਤੇ ਲਿਖਣ ਵਾਲੇ ਦੋ ਲੇਖਕਾਂ (ਪ੍ਰਮੋਦ ਕੁਮਾਰ ਅਤੇ ਡਾ: ਮਿਲਖਾ ਸਿੰਘ ਔਲਖ) ਨੂੰ ਕੁਝ ਅੰਕੜਿਆਂ ਦੇ ਆਧਾਰ 'ਤੇ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਨੂੰ ਮਲਾਲ ਹੈ ਕਿ ਖੇਤੀ ਕਾਨੂੰਨਾਂ ਬਾਰੇ ਸੰਵਾਦ ਨਹੀਂ ਹੋ ਸਕਿਆ। ਬਿਲਕੁਲ ਨਹੀਂ ਹੋ ਸਕਿਆ। ਸੰਵਾਦ ਰਚਾਉਣਾ ਕਿਨ ਸੀ?

ਕਾਨੂੰਨ ਬਣਾਉਣ ਵਾਲੀ ਸਰਕਾਰ ਨੇ ਸੰਵਾਦ ਰਚਾਉਣ ਲਈ ਕੋਈ ਯਤਨ ਕਿਉਂ ਨਹੀਂ ਕੀਤਾ? ਤਿੰਨ ਕਾਨੂੰਨਾਂ ਦੀ ਵਕਾਲਤ ਕਰਨ ਵਾਲੇ, ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਫਸਲਾਂ ਦੇ ਭਾਅ ਨਾ ਦਿੱਤੇ ਜਾਣ ਨੂੰ ਕਿਸਾਨਾਂ ਨਾਲ ਠੱਗੀ ਕਿਉਂ ਨਹੀਂ ਸਮਝਦੇ? ਨਵੇਂ ਕਾਨੂੰਨ ਬਣਾ ਕੇ ਕਿਸਾਨ ਆਮਦਨ ਦੁੱਗਣੀ ਕਰਨ ਲਈ ਕਾਹਲੇ ਹਾਕਮ ਸਵਾਮੀਨਾਥਨ ਕਮੇਟੀ ਅਨੁਸਾਰ ਕਿਸਾਨਾਂ ਨੂੰ ਦੁਆਨੀ ਦੇਣ ਤੋਂ ਵੀ ਹੱਥ ਪਿੱਛੇ ਕਿਉਂ ਖਿੱਚਦੇ ਰਹੇ? ਜਦ ਕਦੇ ਐਸੀ ਗੱਲ ਤੁਰੇ ਤਾਂ, ਚੋਣਵੇਂ ਸੰਵਾਦ ਰਾਹੀਂ ਆਪਣਾ ਉਲੂ ਸਿੱਧਾ ਕਰਨ ਵਾਲੇ ਕਹਿ ਦਿੰਦੇ ਹਨ ਕਿ ਪੁਰਾਣੀਆਂ ਗੱਲਾਂ ਨਹੀਂ, ਮੈਂ ਤਾਂ ਹੁਣ ਦੇ ਕਾਨੂੰਨਾਂ ਬਾਰੇ ਹੀ ਗੱਲ ਕਰ ਰਿਹਾ ਸੀ ਕਿ ਮੈਨੂੰ ਤਾਂ ਇਨ੍ਹਾਂ ਵਿਚ ਕੁਝ ਕਾਲਾ ਨਜ਼ਰ ਨਹੀਂ ਆਉਂਦਾ।

ਅਸਲੀਅਤ ਇਹ ਹੈ ਕਿ ਕਿਸਾਨੀ ਮੁੱਦਿਆਂ 'ਤੇ ਕੋਈ ਸੰਵਾਦ ਕਰਨਾ ਹੀ ਨਹੀਂ ਚਾਹੁੰਦਾ। ਖੇਤੀ ਦੇ ਮੌਜੂਦਾ ਤਿੰਨੋ ਬਿੱਲਾਂ ਬਾਰੇ ਵੀ ਕੋਈ ਵਿਆਪਕ ਸੰਵਾਦ ਨਹੀਂ ਹੋਇਆ। ਕਿਸਾਨਾਂ ਦੀ ਇਹ ਵੀ ਮੰਗ ਹੈ ਕਿ ਬਿਨ ਸੰਵਾਦੋਂ ਪਾਸ ਕੀਤੇ ਕਾਨੂੰਨ ਵਾਪਿਸ ਲੈ ਕੇ ਖੇਤੀ ਬਾਰੇ ਸੰਵਾਦ ਰਚਾਇਆ ਜਾਏ; ਪਰ ਵਿਆਪਕ ਸੰਵਾਦ ਰਚਾਉਣ ਨੂੰ ਕੋਈ ਤਿਆਰ ਨਹੀਂ। ਖੇਤੀ ਕਾਨੂੰਨਾਂ ਕਾਰਨ ਦੇਸ਼ ਭਰ ਦੇ ਕਿਸਾਨਾਂ ਵਿਚ ਐਮ. ਐਸ. ਪੀ. ਦੀ ਗੱਲ ਛਿੜ ਗਈ, ਜੋ ਸਰਕਾਰ ਅਤੇ ਕਾਰਪੋਰੇਟ ਮੀਡੀਆ ਕਦੇ ਵੀ ਛੇੜਨਾ ਨਹੀਂ ਸੀ ਚਾਹੁੰਦਾ। ਗੱਲ, 'ਨਰ ਚਾਹੁਤ ਕਿਛ ਔਰ ਹੈ, ਔਰੇ ਕੀ ਔਰੇ ਭਈ' ਵਾਲੀ ਹੋ ਗਈ।

ਸਰਕਾਰ ਐਮ. ਐਸ. ਪੀ. ਤੋਂ ਖਹਿੜਾ ਛੁਡਾਉਣ ਦੇ ਰੌਂਅ ਵਿਚ ਸੀ, ਪਰ ਕਿਸਾਨ ਸਾਰੇ ਦੇਸ਼ ਵਿਚ ਲਾਗੂ ਕਰਨ ਲਈ ਸੰਵਾਦ ਰਚਾ ਕੇ ਬੈਠ ਗਏ ਹਨ, ਜਿਸ ਤੋਂ ਭੱਜਣ ਲਈ ਪ੍ਰਧਾਨ ਮੰਤਰੀ ਸਮੇਤ ਸਾਰੇ ਝੂਠ 'ਤੇ ਝੂਠ ਮਾਰ ਰਹੇ ਹਨ ਕਿ ਐਮ. ਐਸ. ਪੀ. ਥੀ, ਹੈ ਔਰ ਰਹੇਗੀ। ਸਰਕਾਰੀ ਅੰਕੜੇ ਹੀ ਦੱਸ ਰਹੇ ਹਨ ਕਿ ਐਮ. ਐਸ. ਪੀ. ਨਹੀਂ ਮਿਲ ਰਹੀ। ਇਸੇ ਸਾਲ ਪਹਿਲੀ ਮਾਰਚ ਤੋਂ ਪੰਦਰਾਂ ਮਾਰਚ ਤੱਕ ਸਿਰਫ ਮੱਕੀ ਦੀ ਫਸਲ 'ਤੇ ਹੀ ਕਿਸਾਨਾਂ ਨੂੰ ਐਮ. ਐਸ. ਪੀ. ਤੋਂ 71 ਕਰੋੜ ਘੱਟ ਮਿਲੇ ਹਨ। ਇਸ ਘਾਟੇ 'ਤੇ ਕਿਧਰੇ ਕੋਈ ਸੰਵਾਦ ਨਹੀਂ। ਜਦੋਂ ਕਿ 'ਹੁੰਦੀ ਲੁੱਟ ਕਿਸਾਨਾਂ ਦੀ ਹਰ ਪਲ, ਹਰ ਖਿਣ ਖਿਣ; ਪੈ ਰਿਹਾ ਘਾਟਾ ਫਸਲਾਂ 'ਤੇ, ਵਧ ਰਿਹਾ ਹੈ ਛਿਣ ਛਿਣ' ਅਨੁਸਾਰ ਇਹ ਲੁੱਟ ਰਾਤ-ਦਿਨ ਜਾਰੀ ਹੈ।

ਖੇਤੀ ਕਾਨੂੰਨਾਂ 'ਤੇ ਵੀ ਸੰਵਾਦ ਨਹੀਂ ਹੋਇਆ। ਪਿਛਲੀਆਂ ਚੋਣਾਂ ਵਿਚ ਇਹ ਕੋਈ ਮੁੱਦਾ ਨਹੀਂ ਸੀ। ਸੰਸਦ ਤੋਂ ਬਾਹਰ ਇਸ 'ਤੇ ਸੰਵਾਦ ਰਚਾਉਣ ਦਾ ਕੋਈ ਹੀਲਾ ਨਹੀਂ ਕੀਤਾ ਗਿਆ। ਸੰਵਾਦ ਦੀ ਥਾਂ ਇਹ ਕਾਨੂੰਨ ਕਰੋਨਾ ਦੀ ਆੜ ਵਿਚ ਚੋਰੀ ਚੋਰੀ ਅਤੇ ਕਾਹਲੀ ਨਾਲ ਪਾਸ ਕਰ ਦਿੱਤੇ ਗਏ। ਜਦ ਕਿਸਾਨਾਂ ਨੇ ਰੋਸ ਕੀਤਾ ਤਾਂ ਸੰਵਾਦ ਦੀ ਥਾਂ ਕਿਸਾਨਾਂ ਬਾਰੇ ਕੂੜ ਪ੍ਰਚਾਰ ਦਾ ਤੂਫਾਨ ਝੁਲਾ ਦਿੱਤਾ ਗਿਆ। ਕਦੇ ਕਿਹਾ ਗਿਆ ਕਿ ਇਹ ਤਾਂ ਸਿਰਫ ਪੰਜਾਬ ਦੇ ਕਿਸਾਨ ਹਨ, ਕਦੇ ਇਹ ਖਾਲਿਸਤਾਨੀ, ਕਦੇ ਨਕਸਲੀਏ, ਕਦੇ ਗੁਮਰਾਹ ਹੋਏ ਅਤੇ ਕਦੇ ਨਕਲੀ ਕਿਸਾਨ ਕਹਿ ਕਿ ਅਸਲ ਸੰਵਾਦ ਵੱਲ ਪਿੱਠ ਕਰ ਲਈ। ਨਕਲੀ ਕਿਸਾਨ ਜਥੇਬੰਦੀਆਂ ਤੋਂ ਕਾਨੂੰਨਾਂ ਦੇ ਹੱਕ ਵਿਚ ਕਹਾਉਣ ਦਾ ਬੇਅਸੂਲਾ ਦਸਤੂਰ ਵਰਤ ਕੇ ਭਰਮ ਸਿਰਜਣ ਦੀ ਕੋਸ਼ਿਸ਼ ਕੀਤੀ ਗਈ।

ਜਦ ਚਤੁਰ ਬੁੱਧੀ ਦਾ ਕੋਈ ਵੀ ਕਮੀਨਾ ਤੀਰ ਨਾ ਚੱਲਿਆ ਤਾਂ ਜਿੰਨੀਆ ਮਰਜ਼ੀ ਸੋਧਾਂ ਕਰਵਾਉਣ ਦੀ ਦਰਿਆਦਿਲੀ ਵਿਖਾਉਣ ਦਾ ਦਾਅ ਖੇਲਣ ਦਾ ਯਤਨ ਕੀਤਾ ਗਿਆ। ਅਖੀਰ ਡੇਢ ਸਾਲ ਵਾਸਤੇ ਲਾਗੂ ਨਾ ਕਰਨ ਦੀ ਗੱਲ ਕਰਕੇ ਕਪਟ ਢਕਣ ਦੇ ਯਤਨ ਹੋਏ। ਸੁਪਰੀਮ ਕੋਰਟ ਰਾਹੀਂ ਇਸ ਮਸਲੇ ਨੂੰ ਭੰਬਲਭੂਸੇ ਪਾਉਣ ਦੀ ਕੋਸ਼ਿਸ਼ ਹੋਈ। ਗੱਲ ਇਹ ਵੀ ਚੱਲੀ ਕਿ ਕੇਂਦਰ ਦੀ ਸਰਕਾਰ ਕੋਲ ਖੇਤੀ ਬਾਰੇ ਕਾਨੂੰਨ ਬਣਾਉਣ ਦਾ ਅਧਿਕਾਰ ਹੀ ਨਹੀਂ ਹੈ, ਇਹ ਸੂਬਿਆਂ ਦਾ ਵਿਸ਼ਾ ਹੈ। ਇਸ ਵਿਸ਼ੇ 'ਤੇ ਵੀ ਸੰਵਾਦ ਨਹੀਂ ਹੋਇਆ ਅਤੇ ਨਾ ਹੀ ਸੁਪਰੀਮ ਕੋਰਟ ਨੇ ਆਪਣੇ ਵੱਲੋਂ ਇਸ ਬਾਰੇ ਕੋਈ ਨਿਰਣਾ ਲੈਣ ਨੂੰ ਤਰਜੀਹ ਦਿੱਤੀ। ਸੁਪਰੀਮ ਕੋਰਟ ਨੇ ਆਪਣੇ ਕਰਨ ਵਾਲਾ ਕੰਮ ਕਰਨ ਦੀ ਥਾਂ ਸੰਵਾਦ ਲਈ ਕਮੇਟੀ ਬਣਾ ਕੇ ਗੱਲ ਰੌਲੇ ਪਾਉਣ ਦਾ ਯਤਨ ਕੀਤਾ। ਕਮੇਟੀ ਮੈਂਬਰਾਂ ਵਿਚੋਂ ਬਹੁਤੇ ਕਾਨੂੰਨਾਂ ਦੇ ਹੱਕ ਵਿਚ ਹੋਣ ਦਾ ਢੋਲ ਵਜਾ ਚੁਕੇ ਸਨ। ਇੱਕ ਮੈਂਬਰ ਵੱਲੋਂ ਕਮੇਟੀ ਤੋਂ ਅਸਤੀਫਾ ਦੇਣ ਨਾਲ ਕਮੇਟੀ ਵਾਲੇ ਨਾਟਕ ਨੂੰ ਵੀ ਕੋਈ ਬੂਰ ਨਾ ਪਿਆ।

ਸੰਵਾਦ ਦੇ ਮਾਮਲੇ ਵਿਚ ਮੀਡੀਏ ਦਾ ਬਾਬਾ ਆਦਮ ਹੋਰ ਵੀ ਨਿਰਾਲਾ ਹੈ। ਉਹ ਖੇਤੀ ਕਾਨੂੰਨਾਂ ਤੇ ਸੰਵਾਦ ਕਰਨ ਦੀ ਥਾਂ ਕਿਸਾਨਾਂ ਵਿਚੋਂ ਖਾਲਿਸਤਾਨ ਨੁੱਚੜਦਾ ਦੇਖਣ ਲਈ ਉਤਾਵਲਾ ਹੈ। ਉਸ ਵਾਸਤੇ ਮਾਨ ਅਕਾਲੀ ਦਲ ਦਾ ਕਿਸਾਨ ਨੇਤਾ ਜਸਕਰਨ ਸਿੰਘ ਕਾਹਨਸਿੰਘ ਵਾਲਾ ਪ੍ਰਮੁੱਖ ਕਿਸਾਨ ਨੇਤਾ ਹੈ। ਕਿਉਂਕਿ ਉਹ ਕਿਸਾਨ ਸੰਘਰਸ਼ ਵਿਚ ਖਾਲਿਸਤਾਨ ਦਾ ਬਰਗਾੜੀ ਰਾਗ ਘਸੋੜ ਕੇ ਕਿਸਾਨੀ ਸੰਘਰਸ਼ ਦੇ ਪ੍ਰਵਚਨ ਨੂੰ ਗੰਧਲਾ ਕਰਨ ਵਿਚ ਮਦਦ ਕਰਦਾ ਹੈ। ਇਸ ਕਰਕੇ ਉਸ ਨੂੰ ਨੈਸ਼ਨਲ ਟੀ. ਵੀ. 'ਤੇ ਝੱਲ ਖਿਲਾਰਨ ਦਾ ਖੁੱਲ੍ਹਾ ਮੌਕਾ ਦਿੱਤਾ ਜਾਂਦਾ ਹੈ, ਪਰ ਕਿਸਾਨੀ 'ਤੇ ਖੁੱਲ੍ਹਾ ਸੰਵਾਦ ਵਿਵਰਜਿਤ ਹੈ। ਕਿਸਾਨੀ ਸੰਘਰਸ਼ ਨੂੰ ਹੋਰ ਦੀ ਹੋਰ ਰੰਗਤ ਦੇਣ ਲਈ ਪੱਬਾਂ ਭਾਰ ਹੋਇਆ ਕਾਰਪੋਰੇਟੀ ਮੀਡੀਆ ਪਾਬੰਦੀਸ਼ੁਦਾ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਵਕੀਲ ਗੁਰਪਤਵੰਤ ਪੰਨੂ ਦੀਆਂ ਵੀਡੀਓ ਚਲਾਉਣ ਤੋਂ ਬਿਲਕੁਲ ਨਹੀਂ ਖੁੰਝਦਾ, ਪਰ ਲੱਖਾਂ ਕਿਸਾਨਾਂ ਦੇ ਹੋ ਰਹੇ ਇਕੱਠਾਂ ਨੂੰ ਅੱਖੋਂ ਪਰੋਖੇ ਕਰ ਦਿੰਦਾ ਹੈ। ਪਤਾ ਕਿਉਂ? ਤਾਂ ਕਿ ਖੇਤੀ ਕਾਨੂੰਨਾਂ ਬਾਰੇ ਸਾਰਥਿਕ ਸੰਵਾਦ ਦੀ ਗੱਲ ਨਾ ਚੱਲੇ, ਇਹ ਮੁੱਦਾ ਰਾਸ਼ਟਰੀ ਸੰਵਾਦ ਦਾ ਹਿੱਸਾ ਨਾ ਬਣੇ। ਸੰਵਾਦ ਦੀ ਲੋੜ ਕੀ ਹੈ, ਜਿੱਥੇ ਰੌਲੇ ਦੀ ਕੂਚੀ ਮਾਰ ਕੇ ਸਭ ਕੁਝ ਚਿੱਟਾ ਕਰ ਦੇਣ ਦਾ ਰਿਵਾਜ ਪ੍ਰਚਲਿਤ ਹੋਏ।

ਕਿਸਾਨਾਂ ਵਿਚ ਜਾਗ੍ਰਿਤੀ ਦੀ ਘਾਟ ਕਾਰਨ ਐਮ. ਐਸ. ਪੀ. ਬਾਰੇ ਦੇਸ਼ ਦੇ ਬਹੁਤੇ ਕਿਸਾਨ ਅਣਜਾਣ ਸਨ, ਪਰ ਕਿਸਾਨ ਸੰਘਰਸ਼ ਨੇ ਲੁੱਟਤੰਤਰ ਦੀਆਂ ਪਾਈਆਂ ਸਭ ਵੰਡੀਆਂ ਭੁਲਾ ਕੇ ਸਾਰੇ ਦੇਸ਼ ਦੇ ਕਿਸਾਨਾਂ ਨੂੰ ਇੱਕ ਮੁੱਦੇ 'ਤੇ ਸੰਵਾਦ ਲਈ ਇੱਕ ਰਾਇ ਕਰ ਦਿੱਤਾ। ਕਾਨੂੰਨ-ਘਾੜਿਆਂ ਅਤੇ ਗੋਦੀ ਮੀਡੀਏ ਦੀ ਪਰਿਭਾਸ਼ਾ ਵਿਚ ਕਿਸਾਨ ਤਾਂ ਅਨਪੜ੍ਹ ਹੈ, ਅਗਿਆਨੀ ਹੈ (ਵੈਸੇ ਬੁਝੜ ਕਹਿ ਕੇ ਅਸੱਭਿਅਕ ਕਹਿਣਾ ਚਾਹੁੰਦੇ ਹਨ) ਉਸ ਨੂੰ ਕਾਨੂੰਨਾਂ ਵਰਗੀਆਂ ਗੱਲਾਂ ਦਾ ਕੀ ਪਤਾ। ਕਿਸਾਨਾਂ ਵਿਚ ਆਈ ਜਾਗ੍ਰਿਤੀ ਇਨ੍ਹਾਂ ਲਈ ਪ੍ਰੇਸ਼ਾਨੀ ਦਾ ਸਬੱਬ ਹੈ। ਸ਼ਾਇਰ ਗੁਰਭਜਨ ਗਿੱਲ ਨੇ ਇਸ ਵਰਤਾਰੇ ਬਾਰੇ ਕੁਝ ਇਸ ਤਰ੍ਹਾਂ ਲਿਖਿਆ ਹੈ, "ਅੰਦਰ ਦੀਆਂ ਪੱਕੀਆਂ ਬਾਹਰ ਆਈਆਂ ਹਨ। ਸਾਜ਼ਿਸ਼ਾਂ, ਗੋਂਦਾਂ, ਚਾਲਾਂ, ਕੁਚਾਲਾਂ। ਕੰਨਿਆ ਕੁਮਾਰੀ ਤੋਂ ਕਸ਼ਮੀਰ ਤੀਕ ਭਾਰਤ ਇੱਕ ਹੋਇਆ ਹੈ ਲੁੱਟਤੰਤਰ ਦੇ ਖਿਲਾਫ।"

ਪ੍ਰਧਾਨ ਮੰਤਰੀ ਮੋਦੀ ਦੀ ਤਰਜ਼ 'ਤੇ ਲੇਖਕ ਬਲਰਾਜ ਦਿਓਲ ਵੀ ਇਹੋ ਗੱਲ ਦੁਹਰਾਉਂਦਾ ਹੈ ਕਿ ਮੰਡੀਆਂ ਖਤਮ ਨਹੀਂ ਕੀਤੀਆਂ, ਸਗੋਂ ਮੰਡੀਕਰਨ ਦੇ ਹੋਰ ਬਦਲ ਦਿੱਤੇ ਗਏ ਹਨ। ਅਸਲ ਵਿਚ ਕਿਸਾਨ ਸਮਝ ਗਏ ਹਨ ਕਿ ਬੱਕਰੇ ਨੂੰ ਝਟਕਾਉਣ ਤੋਂ ਪਹਿਲਾਂ ਸੇਵਾ ਕਰਕੇ ਮੋਟਾ ਕਿਉਂ ਕੀਤਾ ਜਾਂਦਾ ਹੈ। ਪ੍ਰਾਈਵੇਟ ਸਕੂਲਾਂ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਬਦਲ ਆਉਣ ਤੋਂ ਬਾਅਦ ਸਰਕਾਰੀ ਸਕੂਲਾਂ ਅਤੇ ਸਰਕਾਰੀ ਹਸਪਤਾਲਾਂ ਦੇ ਉਜਾੜੇ ਦੇ ਦ੍ਰਿਸ਼ ਕਿਸਾਨਾਂ ਦੇ ਸਾਹਮਣੇ ਹਨ। 'ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ' ਵਾਂਗ ਪ੍ਰਾਈਵੇਟ ਮੰਡੀਆਂ ਵੀ ਸਰਕਾਰੀ ਮੰਡੀਆਂ ਨੂੰ ਉਸੇ ਰਾਹ ਤੋਰ ਦੇਣਗੀਆਂ, ਜਿਸ ਰਾਹ ਸਰਕਾਰੀ ਸਕੂਲ ਅਤੇ ਹਸਪਤਾਲ ਜਾ ਚੁਕੇ ਹਨ।

ਐਮ. ਐਸ. ਪੀ. ਦੀ ਗਾਰੰਟੀ ਕੋਈ ਨਹੀਂ, ਸਰਕਾਰੀ ਮੰਡੀਆਂ ਤੋਂ ਬਾਅਦ ਕਿਸਾਨ ਪੂਰੀ ਤਰ੍ਹਾਂ ਵਪਾਰੀ ਦੇ ਰਹਿਮੋ ਕਰਮ 'ਤੇ ਰਹਿ ਜਾਏਗਾ। ਇਹ ਕੋਈ ਕਹਿਣ ਦੀਆਂ ਗੱਲਾਂ ਨਹੀਂ। ਬਿਹਾਰ ਵਿਚ ਇਹ ਹੋ ਚੁਕਾ ਹੈ। ਬਲਰਾਜ ਜੀ, ਬਿਹਾਰ ਦੇ ਕਿਸਾਨ ਨਾਲ ਕੋਈ ਵੀ ਇਸ ਮਸਲੇ 'ਤੇ ਸੰਵਾਦ ਨਹੀਂ ਛੇੜਨਾ ਚਾਹੁੰਦਾ। ਕਾਨੂੰਨਾਂ ਦੇ ਹਾਮੀ ਅਤੇ ਸਰਕਾਰ ਪ੍ਰਾਈਵੇਟ ਮੰਡੀ ਨੂੰ ਕਿਸਾਨ ਹਿਤੈਸ਼ੀ ਦੱਸ ਕੇ ਸਰਕਾਰੀ ਮੰਡੀ ਦੇ ਬੰਦ ਹੋਣ ਨੂੰ ਲੁਕਾਉਣ ਦੇ ਯਤਨ ਕਰ ਰਹੇ ਹਨ, ਪਰ 'ਵਾਰਿਸ ਸ਼ਾਹ ਨਾ ਹਿੰਗ ਦੀ ਬਾਸ ਛੁਪਦੀ, ਭਾਵੇਂ ਰਸਮਿਸੀ ਵਿਚ ਕਾਫੂਰ ਹੋਵੇ', ਪੰਜਾਬ ਅਤੇ ਹਰਿਆਣੇ ਦੇ ਕਿਸਾਨ ਸਮਝ ਗਏ ਕਿ ਪ੍ਰਾਈਵੇਟ ਮੰਡੀਆਂ ਦੀ ਸਹੂਲਤ ਪਿੱਛੇ ਅਸਲ ਰਾਜ਼ ਸਰਕਾਰੀ ਮੰਡੀਆਂ ਬੰਦ ਕਰਕੇ ਵਪਾਰੀਆਂ ਲਈ ਕਿਸਾਨਾਂ ਦੀ ਲੁੱਟ ਕਰਨ ਦਾ ਰਾਹ ਮੋਕਲਾ ਕਰਨਾ ਹੀ ਹੈ।

ਐਮ. ਐਸ. ਪੀ. ਨੂੰ ਕਾਨੂੰਨੀ ਬਣਾਉਣ ਦੇ ਮੁੱਦੇ 'ਤੇ ਵੀ ਨੀਤੀਘਾੜਿਆਂ ਕਦੇ ਸੰਵਾਦ ਨਹੀਂ ਕੀਤਾ। ਜੇ ਐਮ. ਐਸ. ਪੀ. ਦੀ ਕੋਈ ਗਾਰੰਟੀ ਹੈ ਹੀ ਨਹੀਂ ਤਾਂ ਸਰਕਾਰ ਵੱਲੋਂ ਹਰ ਸਾਲ ਕੁਝ ਫਸਲਾਂ ਦੀ ਐਮ. ਐਸ. ਪੀ. ਐਲਾਨਣ ਦਾ ਕੀ ਮਤਲਬ? ਇਹ ਐਮ. ਐਸ. ਪੀ. ਐਲਾਨਣ ਵਾਲੀ ਰਸਮ ਕਿਸ ਨੂੰ ਖੁਸ਼ ਕਰਨ ਵਾਸਤੇ ਕੀਤੀ ਜਾ ਰਹੀ ਹੈ? ਜਦ ਐਮ. ਐਸ. ਪੀ. ਸ਼ੁਰੂ ਕੀਤੀ ਗਈ ਤਾਂ ਸੰਵਾਦ ਹੋਇਆ। ਕਿਸਾਨਾਂ ਨੇ ਭਰਪੂਰ ਫਸਲਾਂ ਪੈਦਾ ਕੀਤੀਆਂ। ਦੇਸ਼ ਅਨਾਜ ਪੱਖੋਂ ਸਵੈ-ਨਿਰਭਰ ਹੋ ਗਿਆ। ਹੋ ਸਕਦਾ ਹੁਣ ਬਹੁਤੇ ਕਣਕ ਝੋਨੇ ਦੀ ਲੋੜ ਨਾ ਰਹੀ ਹੋਵੇ। ਇਸ ਵਾਸਤੇ ਪੜਾਅ ਵਾਰ ਤਬਦੀਲੀ ਦੀ ਲੋੜ ਸੀ (ਹੈ), ਨਾ ਕਿ ਇੱਕਦਮ; ਪਰ ਨੀਤੀਘਾੜੇ ਸੁੱਤੇ ਰਹੇ।

ਸੰਵਾਦ ਤਾਂ ਇਸ ਗੱਲ 'ਤੇ ਵੀ ਹੋਣਾ ਚਾਹੀਦਾ ਹੈ ਕਿ ਨੀਤੀਘਾੜਿਆਂ ਨੇ ਸਮਾਂ ਰਹਿੰਦਿਆਂ ਖੇਤੀ ਨੀਤੀਆਂ ਵਿਚ ਤਬਦੀਲੀਆਂ ਲਈ ਯੋਗ ਸੰਵਾਦ ਕਿਉਂ ਨਾ ਰਚਾਇਆ? ਚਲੋ, ਜੇ ਪਿੱਛੇ ਨਹੀਂ ਹੋ ਸਕਿਆ ਤਾਂ ਇਹ ਸੰਵਾਦ ਹੁਣ ਵੀ ਸ਼ੁਰੂ ਕੀਤਾ ਜਾ ਸਕਦਾ ਹੈ। ਅਸਲ ਗੱਲ ਤਿੰਨ ਕਾਨੂੰਨਾਂ ਨੂੰ ਤਕਨੀਕੀ ਅਤੇ ਅੰਕੜਿਆਂ ਦੀ ਚਤੁਰਾਈ ਨਾਲ ਵਾਜਿਬ ਸਿੱਧ ਕਰਨ ਵਾਲੀ ਕਲਾਕਾਰੀ ਦੀ ਨਹੀਂ ਹੈ, ਸਗੋਂ ਈਮਾਨਦਾਰੀ ਵਾਲੇ ਵਿਆਪਕ ਸੰਵਾਦ ਰਾਹੀਂ ਖੇਤੀ ਬਾਰੇ ਠੋਸ ਨੀਤੀਆਂ ਬਣਾਉਣ ਅਤੇ ਉਨ੍ਹਾਂ 'ਤੇ ਅਮਲ ਕਰਨ ਦੀ ਹੈ। ਨਹੀਂ ਤਾਂ 'ਅਮਲਾਂ ਬਾਝ ਦਰਗਾਹ ਵਿਚ ਪੈਣ ਪੌਲੇ, ਲੋਕਾਂ ਵਿਚ ਮੀਆਂ ਵਾਰਿਸ ਸ਼ਾਹ ਹੋਇਆ', ਵਰਗੀ ਗੱਲ ਹੀ ਹੋਏਗੀ!

###

# ਹਰ ਗੱਲ ਲਈ ਗੁਨਾਹਗਾਰ ਮੈਂ ਹੀ ਕਿਉਂ?

ਗੁਰਪਿੰਦਰਜੀਤ ਕੌਰ ਸਚਦੇਵਾ
ਐਬਟਸਫੋਰਡ, ਕੈਨੇਡਾ

ਇਕ ਔਰਤ ਹਰ ਵਕਤ ਆਪਣੇ ਆਪ ਨੂੰ ਇਹ ਸੁਆਲ ਪੁਛਦੀ ਰਹਿੰਦੀ ਹੈ ਕਿ ਹਰ ਚੰਗੇ ਕੰਮ ਲਈ ਸਰਾਹਣਾ ਮਰਦ ਦੇ ਸਿਰ ਅਤੇ ਹਰ ਗਲਤੀ ਦਾ ਸਿਹਰਾ ਔਰਤ ਦੇ ਸਿਰ ਹੀ ਕਿਉਂ ਬਝਦਾ ਹੈ? ਜੇ ਮਰਦ ਦੀ ਜ਼ਿੰਦਗੀ ਵਿਚ ਕੁਝ ਚੰਗਾ ਉਤਸ਼ਾਹਜਨਕ ਵਾਪਰੇ ਤਾਂ ਉਹ ਉਸ ਦੀ ਚੰਗੀ ਕਿਸਮਤ, ਪਰ ਜੇ ਕੁਝ ਮਾੜਾ ਵਾਪਰੇ ਤਾਂ ਉਹ ਔਰਤ ਦੇ ਉਸ ਘਰ ਵਿਚ ਪਏ ਬੁਰੇ ਕਦਮਾਂ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ। ਬੱਚਿਆਂ ਦੀ ਕਿਸੇ ਮਾੜੀ ਆਦਤ ਜਾਂ ਕੋਈ ਵੀ ਕਮੀ ਔਰਤ ਸਿਰ ਮੜ੍ਹ ਦਿੱਤੀ ਜਾਂਦੀ ਹੈ। ਬੱਚਾ ਤਾਂ ਮਾਂ-ਬਾਪ ਦੋਹਾਂ ਦਾ ਹੁੰਦਾ ਹੈ। ਫਿਰ ਚੰਗਿਆਈਆਂ ਪਿਤਾ ਦੀਆਂ ਤੇ ਬੁਰਿਆਈਆਂ ਮਾਂ ਦੀਆਂ ਹੀ ਕਿਉਂ ਹੁੰਦੀਆਂ ਹਨ?

ਅੱਜ 21ਵੀਂ ਸਦੀ ਵਿਚ ਵੀ ਔਰਤ ਗੁਲਾਮ ਕਿਉਂ ਹੈ? 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਹਰੇ ਲਾਉਣ ਵਾਲੇ ਲੋਕਾਂ ਨੂੰ ਸ਼ਾਇਦ ਇਹ ਸਮਝਾਉਣ ਦੀ ਲੋੜ ਹੈ ਕਿ ਬੇਟੇ ਪੜ੍ਹਾਉਣ ਤੇ ਉਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਸਮਾਜ ਨੂੰ ਅੱਗੇ ਤੋਰਨ ਵਾਲੀ ਔਰਤ ਵੀ ਇੱਜਤ ਤੇ ਸਤਿਕਾਰ ਭਾਲਦੀ ਹੈ। ਨਾਹਰਾ ਇਹ ਹੋਣਾ ਚਾਹੀਦਾ ਹੈ, ਹਰੇਕ ਬੱਚੇ ਨੂੰ ਇਹ ਗੱਲ ਸਮਝਾਓ ਕਿ ਹਰ ਪੱਧਰ ਉਤੇ ਔਰਤ ਦਾ ਸਤਿਕਾਰ ਕਰਨਾ ਚਾਹੀਦਾ ਹੈ। ਔਰਤ-ਮਰਦ ਦੀ ਬਰਾਬਰੀ ਦਾ ਸਤਿਕਾਰ ਹੋਣਾ ਚਾਹੀਦਾ ਹੈ। ਹਰੇਕ ਧੀ ਆਜ਼ਾਦ, ਖੁਦਮੁਖਤਿਆਰ ਤੇ ਦਲੇਰ ਹੋਣੀ ਚਾਹੀਦੀ ਹੈ। ਜੇ ਕੁੜੀਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਮੁੰਡਿਆਂ ਨੂੰ ਧੀਆਂ ਦਾ ਸਤਿਕਾਰ ਕਰਨਾ ਸਿਖਾਇਆ ਜਾਵੇ ਤਾਂ ਸਮਾਜ ਵਿਚ ਔਰਤਾਂ ਵਿਰੁਧ ਹੋਣ ਵਾਲੇ ਬਹੁਤ ਸਾਰੇ ਜੁਰਮ ਘਟ ਸਕਦੇ ਹਨ।

ਆਪਣੀਆਂ ਧੀਆਂ ਨੂੰ ਧੱਕੇ ਅਤੇ ਹਰੇਕ ਕਿਸਮ ਦੇ ਵਿਤਕਰੇ ਵਿਰੁਧ ਆਵਾਜ਼ ਉਠਾਉਣ ਲਈ ਮਾਨਸਿਕ ਤੌਰ ਉਤੇ ਤਿਆਰ ਕਰਨਾ ਚਾਹੀਦਾ ਹੈ। ਮੈਂ ਸੋਚਦੀ ਹਾਂ ਕਿ ਸਿਰਫ ਸਕੂਲੀ ਵਿਦਿਆ ਸਮਾਜ ਵਿਚ ਕੋਈ ਵੱਡੀਆਂ ਤਬਦੀਲੀਆਂ ਨਹੀਂ ਲਿਆ ਸਕਦੀ। ਸਮਾਜ ਵਿਚ ਤਬਦੀਲੀ ਲਿਆਉਣ ਲਈ ਮਨੁੱਖੀ ਚੇਤਨਾ ਜਗਾਉਣ ਦੀ ਲੋੜ ਹੈ, ਜਿਹੜੀ ਸਾਡੇ ਗੁਰੂਆਂ ਨੇ ਜਗਾਈ। ਮੁੰਡਿਆਂ ਨੂੰ ਆਪਣੀ ਜਵਾਨੀ ਦੇ ਪਹਿਲੇ ਦੌਰ ਵਿਚ ਹੀ ਔਰਤਾਂ ਦਾ ਆਦਰ ਸਤਿਕਾਰ ਕਰਨਾ ਸਿਖਾਉਣਾ ਚਾਹੀਦਾ ਹੈ।

ਅੱਜ ਲੋੜ ਹੈ ਕਿ ਨਾਹਰਾ ਲਾਇਆ ਜਾਵੇ, ਬੇਟਿਆਂ ਦੀ ਚੇਤਨਾ ਜਗਾਓ! ਸਮਾਜ ਨੂੰ ਦਰਿੰਦਗੀ ਤੋਂ ਬਚਾਓ!

ਜੇ ਅਸੀਂ ਇਹ ਕਰ ਸਕੀਏ ਤਾਂ ਕੋਈ ਵੀ ਕੁੜੀ ਜ਼ੁਲਮ ਦਾ ਸ਼ਿਕਾਰ ਨਹੀਂ ਹੋਵੇਗੀ। ਫਿਰ ਸਾਨੂੰ ਹਰੇਕ ਭੈੜ ਲਈ ਐਵੇਂ ਕੁੜੀਆਂ ਨੂੰ ਦੋਸ਼ ਦੇਣ ਦੀ ਲੋੜ ਨਹੀਂ ਪਵੇਗੀ। ਜਰੂਰੀ ਨਹੀਂ ਕਿ ਫਰਜ਼ ਸਿਰਫ ਵੱਡਿਆਂ ਦੇ ਛੋਟਿਆਂ ਪ੍ਰਤੀ ਹਨ। ਕੁਝ ਫਰਜ਼ ਛੋਟਿਆਂ ਦੇ ਵੱਡਿਆਂ ਪ੍ਰਤੀ ਵੀ ਹਨ। ਹਰੇਕ ਗਲਤੀ ਦਾ ਸਿਹਰਾ ਕਿਸੇ ਇਕ ਸਿਰ ਮੜ੍ਹਨ ਦੀ ਥਾਂ ਗਲਤੀ ਦੇ ਕਾਰਨਾਂ ਨੂੰ ਲੱਭਣ ਦੇ ਯਤਨ ਕਰਨੇ ਚਾਹੀਦੇ ਹਨ। ਸਾਨੂੰ ਗੁਰੂ ਨਾਨਕ ਸਾਹਿਬ ਦੇ ਔਰਤਾਂ ਪ੍ਰਤੀ ਪ੍ਰਗਟ ਕੀਤੇ ਗਏ ਕੀਮਤੀ ਬਚਨਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਗੁਰੂ ਸਾਹਿਬ ਦੇ ਬਚਨ ਹਨ,

ਧਨ ਪਿਰੁ ਏਹਿ ਨ ਆਖੀਅਨਿ
ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ
ਧਨ ਪਿਰੁ ਕਹੀਐ ਸੋਇ॥
(ਗੁਰੂ ਗ੍ਰੰਥ ਸਾਹਿਬ, ਪੰਨਾ 788)

ਗੁਰਮਤਿ ਬੜੇ ਸਪਸ਼ਟ ਰੂਪ ਵਿਚ ਔਰਤ ਮਰਦ ਨੂੰ ਇਕ-ਦੂਜੇ ਦੇ ਅਰਧ ਸਰੀਰੀ ਦਸਦੀ ਹੈ।

ਸੁੰਨਤਿ ਕੀਏ ਤੁਰਕੁ ਜੇ ਹੋਇਗਾ
ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ
ਤਾ ਤੇ ਹਿੰਦੂ ਹੀ ਰਹੀਐ॥
(ਗੁਰੂ ਗ੍ਰੰਥ ਸਾਹਿਬ, ਪੰਨਾ 477)

ਗੁਰਮਤਿ ਬਚਨ ਕਰਦੀ ਹੈ ਕਿ ਜੇ ਸੁੰਨਤ ਕੀਤਿਆਂ ਹੀ ਤੁਰਕ ਬਣਿਆ ਜਾ ਸਕਦਾ ਹੈ ਤਾਂ ਫਿਰ ਔਰਤ ਦਾ ਕੀ ਕਰਾਂਗੇ? ਅਰਧ ਸਰੀਰੀ ਨਾਰ ਨੂੰ ਛੱਡ ਤਾਂ ਸਕਦੇ ਨਹੀਂ। ਫਿਰ ਚੰਗਾ ਹੈ ਕਿ ਤੁਰਕ ਬਣਨ ਨਾਲੋਂ ਹਿੰਦੂ ਹੀ ਬਣੇ ਰਹੀਏ। ਆਪਣੇ ਇਸ ਤਰਕ ਵਿਚ ਗੁਰਮਤਿ ਬਹੁਤ ਵੱਡੇ ਕੁਦਰਤੀ ਸੱਚ ਨੂੰ ਪ੍ਰਗਟ ਕਰਦੀ ਹੈ ਕਿ ਔਰਤ ਅਤੇ ਮਰਦ-ਦੋਵੇਂ ਇਕ ਦੂਜੇ ਦੇ ਪੂਰਕ ਹਨ। ਦੋਵੇਂ ਇਕ ਦੂਜੇ ਦੇ ਅਰਧ ਸਰੀਰੀ ਹਨ। ਗੁਰੂ ਸਾਹਿਬਾਨ ਨੇ ਇਸ ਕੁਦਰਤੀ ਸੱਚ ਉਤੇ ਜ਼ੋਰ ਦਿੱਤਾ ਹੈ ਕਿ ਔਰਤ ਮਨੁੱਖੀ ਨਸਲ ਦੀ ਜਨਮਦਾਤੀ ਹੈ। ਔਰਤ ਤੋਂ ਬਿਨਾ ਸਮੁੱਚਾ ਮਨੁੱਖੀ ਜੀਵਨ ਚਿਤਵਿਆ ਵੀ ਨਹੀਂ ਜਾ ਸਕਦਾ। ਗੁਰਮਤਿ ਦਾ ਫੁਰਮਾਨ ਹੈ,

ਭੰਡਹੁ ਹੀ ਭੰਡੁ ਉਪਜੈ
ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ
ਸਾਹਿਬ ਸਚਾ ਸੋਇ॥
(ਗੁਰੂ ਗ੍ਰੰਥ ਸਾਹਿਬ, ਪੰਨਾ 473)

ਔਰਤ ਤੋਂ ਬਿਨਾ ਕੋਈ ਮਨੁੱਖੀ ਜੀਵਨ ਕਿਆਸਿਆ ਵੀ ਨਹੀਂ ਜਾ ਸਕਦਾ। ਸਿਰਫ ਇਕ ਕਰਤਾ ਭਾਵ ਸਿਰਜਣਹਾਰ ਹੀ ਇਸ ਵਰਤਾਰੇ ਤੋਂ ਬਾਹਰ ਹੈ। ਔਰਤ ਜੀਵਨ ਦਾਤੀ ਹੈ। ਮਨੁੱਖੀ ਜੀਵਨ ਦਾ ਆਧਾਰ ਹੈ। ਇਸੇ ਕਰਕੇ ਗੁਰਮਤਿ ਨੇ ਧਰਤੀ ਨੂੰ ਮਾਂ ਕਿਹਾ ਹੈ। ਧਰਤੀ ਹੀ ਮਨੁੱਖੀ ਜੀਵਨ ਦਾ ਆਧਾਰ ਹੈ।

ਔਰਤ ਮਰਦ ਦੀ ਬਰਾਬਰੀ ਦੀ ਹਮਾਇਤ ਕਰਨ ਦੇ ਨਾਲ-ਨਾਲ ਗੁਰਮਤਿ ਨੇ ਦੋਹਾਂ ਹੋਂਦਾਂ ਨੂੰ ਇਕ-ਦੂਜੇ ਦੇ ਅਰਧ ਸਰੀਰੀ ਭਾਵ ਪੂਰਕ ਮੰਨਿਆ ਹੈ। ਅਰਥਾਤ ਔਰਤ-ਮਰਦ ਦਾ ਰਿਸ਼ਤਾ ਦੋ ਵੱਖ-ਵੱਖ ਸਰੀਰਾਂ ਦਾ ਨਹੀਂ, ਸਗੋਂ ਇਸ ਤੋਂ ਕਿਤੇ ਵੱਡਾ ਆਤਮਿਕ ਰਿਸ਼ਤਾ ਹੈ, ਜਿਸ ਵਿਚ ਦੋਵੇਂ ਹੋਂਦਾਂ ਇਕ-ਦੂਜੇ ਦੇ ਪੂਰਕ ਬਣ ਕੇ ਜਿਉਂਦੀਆ ਹਨ। ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰੂ ਸਾਹਿਬ ਦੀ ਇਹ ਧਾਰਨਾ ਅਜੋਕੇ ਰਾਜਸੀ-ਸਮਾਜੀ ਮਾਹੌਲ ਵਿਚ ਖਾਸ ਤੌਰ ਉਤੇ ਮਹੱਤਵਪੂਰਨ ਹੈ। ਕਿਉਂਕਿ ਬ੍ਰਾਹਮਣਵਾਦ ਨੇ ਜੇ ਔਰਤ ਮਰਦ ਨੂੰ ਦੇਹ ਦੀ ਹੋਂਦ ਤਕ ਸੁੰਗੇੜ ਦਿੱਤਾ ਸੀ ਤਾਂ ਆਧੁਨਿਕ ਯੁਗ ਦੇ ਮੰਡੀਕਰਨ ਨੇ ਔਰਤ-ਮਰਦ ਦੇ ਰਿਸ਼ਤੇ ਨੂੰ ਕੁਝ ਕੁ ਅੰਗਾਂ ਤੱਕ ਸੀਮਤ ਕਰ ਦਿੱਤਾ ਹੈ। ਇਥੋਂ ਤਕ ਕਿ ਮਨੁੱਖੀ ਰਿਸ਼ਤਿਆਂ ਦਾ ਇਹ ਮੰਡੀਕਰਨ ਮਨੁੱਖ ਜਾਤੀ ਦੇ ਹੁਣ ਤਕ ਵਿਕਸਿਤ ਹੋਏ ਸਮਾਜੀ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਵੀ ਦੂਸ਼ਿਤ ਕਰ ਰਿਹਾ ਹੈ। ਸਾਨੂੰ ਸਾਰਿਆਂ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ।

# ਭਾਰਤੀ ਲੋਕਤੰਤਰ ਬਾਰੇ ਕੁਝ ਸਵਾਲ

*ਭਾਰਤ ਅੰਦਰ ਕਈ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਸੰਘਰਸ਼ ਨੇ ਭਾਰਤੀ ਲੋਕਤੰਤਰ ਉਤੇ ਸਵਾਲਾਂ ਦੀ ਵਾਛੜ ਕੀਤੀ ਹੈ। ਧਰਮ ਗੋਰਾਇਆ ਨੇ ਆਪਣੇ ਇਸ ਲੇਖ ਵਿਚ ਆਜ਼ਾਦੀ ਤੋਂ ਬਾਅਦ ਦੇ ਭਾਰਤ ਉਤੇ ਨਜ਼ਰ ਮਾਰਦਿਆਂ ਮੌਜੂਦਾ ਮੋਦੀ ਸਰਕਾਰ ਦੀ ਪਹੁੰਚ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ, ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ*



**ਧਰਮ ਗੋਰਾਇਆ**
ਫੋਨ: 301-653-7029

ਇੰਗਲੈਂਡ ਤੋਂ ਭਾਰਤ ਦੀ ਖਲਾਸੀ ਨੂੰ 73 ਸਾਲ ਹੋ ਗਏ ਹਨ। ਕਰੀਬ 65 ਸਾਲ ਕਾਂਗਰਸ ਪਾਰਟੀ ਤਾਕਤ ਵਿਚ ਰਹੀ, ਇਸ ਵਿਚੋਂ ਵੀ ਸੱਤਾ ਬਹੁਤੀ ਨਹਿਰੂ ਖਾਨਦਾਨ ਦੇ ਹੱਥਾਂ ਵਿਚ ਰਹੀ। ਰਾਜਨੀਤੀ ਵਿਚ ਗੰਧਲਾਪਣ ਇੰਦਰਾ ਗਾਂਧੀ ਸਮੇਂ ਸ਼ੁਰੂ ਹੋ ਗਿਆ। ਉਦਾਹਰਨ ਵਜੋਂ ਇੰਦਰਾ ਨੇ ਕਦੇ ਵੀ ਗੈਰ-ਕਾਂਗਰਸੀ ਸੂਬਾ ਸਰਕਾਰਾਂ ਨੂੰ ਚੱਜ ਨਾਲ ਕੰਮ ਨਾ ਕਰਨ ਦਿੱਤਾ। ਉਸ ਦਾ ਆਖਰੀ ਹਥਿਆਰ ਹੁੰਦਾ ਸੀ, ਇਨ੍ਹਾਂ ਸੂਬਿਆਂ ਵਿਚ ਗਵਰਨਰੀ ਰਾਜ ਲਾਗੂ ਕਰ ਦੇਣਾ ਤੇ ਸਿੱਧਾ ਆਪਣੇ ਅਧਿਕਾਰ ਵਿਚ ਲੈ ਲੈਣਾ; ਸੂਬਿਆਂ ਦੇ ਹੱਕਾਂ ਨੂੰ ਘੱਟ ਕਰਨਾ ਤੇ ਕੇਂਦਰੀ ਢਾਂਚੇ ਨੂੰ ਹੋਰ ਮਜ਼ਬੂਤ ਕਰਨਾ ਜਦਕਿ ਚਾਹੀਦਾ ਇਸ ਦੇ ਉਲਟ ਸੀ।

ਇੰਦਰਾ ਗਾਂਧੀ ਇਹ ਕਦੇ ਨਾ ਸਮਝ ਸਕੀ ਕਿ ਏਡੇ ਵੱਡੇ ਮੁਲਕ ਜਿਸ ਵਿਚ ਵੱਖ-ਵੱਖ ਬੋਲੀਆਂ, ਸਭਿਆਚਾਰ, ਲੋਕਾਂ ਦੀਆਂ ਅੱਡੋ-ਅੱਡ ਨਿੱਜੀ ਲੋੜਾਂ, ਅੱਡੋ-ਅੱਡ ਜ਼ਮੀਨੀ ਹਕੀਕਤਾਂ, ਪਾਣੀਆਂ ਦੀ ਸਮੱਸਿਆ, ਵੱਖੋ-ਵੱਖਰੀ ਕਿਸਮ ਦੇ ਬੁਨਿਆਦੀ ਢਾਂਚੇ ਦੀ ਬਣਤਰ ਹੈ। ਇਸ ਪ੍ਰਸੰਗ ਵਿਚ ਜੋ ਦਿੱਲੀ ਦਰਬਾਰ ਕਹੇ, ਉਹੀ ਸਾਰੇ ਸੂਬਿਆਂ 'ਚ ਮੰਨਿਆ ਜਾਵੇ, ਇਹ ਉਸ ਦੀ ਵੱਡੀ ਭੁੱਲ ਸੀ।

ਬਹੁਤੀ ਵਾਰ ਤਾਕਤ ਦੇ ਨਸ਼ੇ ਵਿਚ ਬੰਦਾ ਵੱਡੀਆਂ-ਵੱਡੀਆਂ ਗਲਤੀਆਂ ਕਰ ਜਾਂਦਾ ਹੈ, ਇੰਜ ਹੀ ਕਾਂਗਰਸ ਨੇ ਕੀਤੀਆਂ। ਪਹਿਲੀ ਗਲਤੀ ਜੂਨ 1975 ਨੂੰ ਐਮਰਜੈਂਸੀ ਲਾਈ। ਅਗਲੀ ਮਹਾਂ ਗਲਤੀ ਜੋ ਉਸ ਨੂੰ ਖੁਦ ਲੈ ਡੁੱਬੀ, ਉਹ ਸੀ ਸਿੱਖਾਂ ਦੇ ਸਰਵ ਉਚ ਸਥਾਨ ਉਪਰ ਫੌਜੀ ਹਮਲਾ। ਸਿੱਟੇ ਵਜੋਂ ਪਹਿਲਾਂ ਉਸ ਦਾ ਕਤਲ ਅਤੇ ਫਿਰ ਦਿੱਲੀ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਥਾਵਾਂ 'ਤੇ ਸਿੱਖਾਂ ਦਾ ਕਤਲੇਆਮ ਹੋਇਆ।

ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਨੇ ਆਜ਼ਾਦੀ ਦੇ ਸੰਘਰਸ਼ ਵਿਚ 90 ਫੀਸਦੀ ਤੋਂ ਜਿਥੇ ਜ਼ਿਆਦਾ ਕੁਰਬਾਨੀਆਂ ਦਿੱਤੀਆਂ, ਉਥੇ ਇਸ ਮੁਲਕ ਦੇ ਖਾਲੀ ਪਏ ਅੰਨ ਭੰਡਾਰ ਵੀ ਭਰੇ। ਉਤਰ ਪ੍ਰਦੇਸ਼ ਦੇ ਜੰਗਲ ਸਾਫ ਕਰ ਕੇ ਉਸ ਜ਼ਮੀਨ ਉਪਰ ਟਰੈਕਟਰ ਚਲਾਏ। ਕਣਕ, ਗੰਨਾ, ਮੱਕੀ ਦੇ ਢੇਰ ਲਗਾਏ। 60ਵਿਆਂ ਵਿਚ ਹਰੀ ਕ੍ਰਾਂਤੀ ਦੇ ਗਲ ਪਏ ਢੋਲ ਨੂੰ ਇੰਜ ਵਜਾਇਆ ਕਿ ਪੂਰੀ ਦੁਨੀਆਂ ਵਿਚ ਚਰਚਾ ਹੋਣ ਲੱਗੀ। ਨਤੀਜੇ ਵਜੋਂ ਕਣਕ, ਚੌਲ, ਮੱਕੀ, ਦਾਲਾਂ ਮੁਲਕ ਤੋਂ ਬਾਹਰ ਵਿਕਣ ਲੱਗੀਆਂ। ਹਰੀ ਕ੍ਰਾਂਤੀ ਦੇ ਦੈਂਤ ਨੇ ਮੁਲਕ ਨੂੰ ਤਾਂ ਆਤਮ-ਨਿਰਭਰ ਕਰ ਦਿੱਤਾ ਪਰ ਪੰਜਾਬ ਨੂੰ ਹੌਲੀ-ਹੌਲੀ ਕੱਖੋਂ ਹੌਲਾ ਕਰਨਾ ਸ਼ੁਰੂ ਕਰ ਦਿੱਤਾ।

ਹਰੀ ਕ੍ਰਾਂਤੀ ਦੇ ਭੂਤ ਨੇ ਪੰਜਾਬ ਦੇ ਲੋਕਾਂ ਕੋਲੋਂ ਉਨ੍ਹਾਂ ਦੀ ਸਹਿਜ ਅਵਸਥਾ, ਹਲੀਮੀ, ਉਨ੍ਹਾਂ ਅੰਦਰ ਰੱਬ ਦਾ ਡਰ ਖੋਹ ਲਿਆ।

ਹਰੀ ਕ੍ਰਾਂਤੀ ਨੇ ਸਦੀਆਂ ਦੀ ਚਲੀ ਆਉਂਦੀ ਭਾਈਚਾਰਕ ਸਾਂਝ, ਸਾਂਝਾ ਸਮਾਜਕ ਵਰਤਾਰਾ, ਸਾਂਝੀਆਂ ਰਹੁ-ਰੀਤਾਂ ਖੋਹ ਲਈਆਂ।

ਹਰੀ ਕ੍ਰਾਂਤੀ ਨੇ ਘਰਾਂ ਵਿਚ ਬਾਹਰ ਡੱਠੀਆਂ ਮੰਜੀਆਂ ਨੂੰ ਘਰਾਂ ਅੰਦਰ ਵਾੜ ਦਿੱਤਾ।

ਹਰੀ ਕ੍ਰਾਂਤੀ ਨੇ ਉਚੇ ਥੇਹਾਂ-ਟਿੱਬਿਆਂ ਨਾਲ ਬਣੀ ਪਿੰਡਾਂ ਦੀ ਪਛਾਣ ਨੂੰ ਮਲੀਆ-ਮੇਟ ਕਰ ਦਿੱਤਾ।

ਹਰੀ ਕ੍ਰਾਂਤੀ ਨੇ ਹਲਾਂ ਨਾਲ ਵਗਦੀ ਧਰਤੀ ਵਿਚ ਘਾਹ ਦੀਆਂ ਟੁੱਟਦੀਆਂ ਤਿੜਾਂ ਦੇ ਸੰਗੀਤ ਨੂੰ ਬੰਦ ਕਰ ਦਿੱਤਾ।

ਹਰੀ ਕ੍ਰਾਂਤੀ ਨੇ ਵਗਦੇ ਖੂਹਾਂ ਦੇ ਪਾਣੀਆਂ ਦੀ ਝਲਾਰ ਖੋਹ ਲਈ।

ਹਰੀ ਕ੍ਰਾਂਤੀ ਨੇ ਮਿੱਟੀ ਦੀ ਖੁਸ਼ਬੂ ਨੂੰ ਗੰਦਾ ਕਰ ਦਿੱਤਾ।

ਹਰੀ ਕ੍ਰਾਂਤੀ ਨੇ ਪਾਣੀਆਂ ਨੂੰ ਜ਼ਹਿਰੀਲਾ ਬਣਾ ਦਿੱਤਾ।

ਹਰੀ ਕ੍ਰਾਂਤੀ ਨੇ ਬਨੇਰਿਆਂ 'ਤੇ ਵੱਜਦੇ ਸਪੀਕਰਾਂ ਨੂੰ ਡੀ.ਜੇ. ਬਣਾ ਦਿੱਤਾ।

ਹਰੀ ਕ੍ਰਾਂਤੀ ਨੇ ਜਨਮ-ਮਰਨ, ਸਗਨਾਂ-ਵਿਆਹਾਂ ਨੂੰ ਪਿੰਡਾਂ ਦੇ ਖੁੱਲ੍ਹੇ ਵਿਹੜਿਆਂ ਵਿਚੋਂ ਕੱਢ ਕੇ ਪੈਲੇਸਾਂ ਵਿਚ ਲਿਆ ਵਾੜਿਆ।

ਹਰੀ ਕ੍ਰਾਂਤੀ ਨੇ ਸਮੇਂ ਤੋਂ ਪਹਿਲਾਂ ਹੀ ਬੰਦੇ ਨੂੰ ਬੁੱਢਾ ਕਰਨਾ ਸ਼ੁਰੂ ਕਰ ਦਿੱਤਾ।

ਹਰੀ ਕ੍ਰਾਂਤੀ ਨੇ ਚਲਾਕੀ ਨਾਲ ਕਿਸਾਨ ਦੇ ਹੱਥੋਂ ਹਲ-ਪੰਜਾਲੀ ਖੋਹ ਕੇ ਉਸ ਨੂੰ ਟਰੈਕਟਰ 'ਤੇ ਬਹਾ ਦਿੱਤਾ।

ਹਰੀ ਕ੍ਰਾਂਤੀ ਨੇ ਮਸ਼ੀਨੀਕਰਨ ਕਰ ਕੇ ਛੋਟੇ ਕਿਸਾਨਾਂ ਤੇ ਮਜ਼ਦੂਰਾਂ ਦਿਹਾੜੀਦਾਰਾਂ ਨੂੰ ਰੋਟੀ ਤੋਂ ਆਤੁਰ ਕਰ ਦਿੱਤਾ।

ਹਰੀ ਕ੍ਰਾਂਤੀ ਨੇ ਕੱਚੇ ਕੋਠਿਆਂ ਨੂੰ ਪੱਕੀਆਂ ਇੱਟਾਂ ਵਿਚ ਬਦਲ ਦਿੱਤਾ ਅਤੇ ਰੇਤ ਮਾਫੀਆ ਨੂੰ ਜਨਮ ਦੇ ਦਿੱਤਾ। ਲੋਕਾਂ ਦੇ ਪਿੰਡ ਛੁਡਾ ਕੇ ਉਨ੍ਹਾਂ ਨੂੰ ਵੱਡੇ-ਵੱਡੇ ਫਾਰਮ ਹਾਊਸਾਂ ਵਿਚ ਲਿਆ ਬਿਠਾਇਆ।

ਹਰੀ ਕ੍ਰਾਂਤੀ ਨੇ ਦਿਖਾਵੇ, ਝੂਠੀ ਸ਼ੁਹਰਤ ਤੇ ਫਜ਼ੂਲ-ਖਰਚੀ ਵਿਚ ਵਾਧਾ ਕਰ ਦਿੱਤਾ।

ਹਰੀ ਕ੍ਰਾਂਤੀ ਨੇ ਲੋਕਾਂ ਨੂੰ ਸ਼ਰਾਬ ਦੇ ਠੇਕਿਆਂ ਮੂਹਰੇ ਲਿਆ ਖੜ੍ਹਾ ਕੀਤਾ। ਨਸ਼ਿਆਂ ਨਾਲ ਲਾਲ ਖੂਨ ਚਿੱਟੇ ਖੂਨ ਵਿਚ ਤਬਦੀਲ ਹੋਣ ਲੱਗਾ।

ਹਰੀ ਕ੍ਰਾਂਤੀ ਨੇ ਪੰਜਾਬ ਦੀ ਜਵਾਨੀ ਨੂੰ ਬਾਹਰਲੇ ਮੁਲਕਾਂ ਵੱਲ ਜਾਣ ਲਈ ਮਜਬੂਰ ਕਰ ਦਿੱਤਾ।

ਹਰੀ ਕ੍ਰਾਂਤੀ ਨੇ ਹੌਲੀ-ਹੌਲੀ ਕਿਸਾਨੀ ਨੂੰ ਕਰਜ਼ੇ ਹੇਠ ਡੋਬ ਦਿੱਤਾ ਤੇ ਸਿੱਟੇ ਵਜੋਂ ਕਿਸਾਨਾਂ-ਮਜ਼ਦੂਰਾਂ 'ਚ ਖੁਦਕੁਸ਼ੀਆਂ ਦਾ ਰੁਝਾਨ ਵਧਦਾ ਗਿਆ।

ਹਰੀ ਕ੍ਰਾਂਤੀ ਨੇ ਕੁਦਰਤੀ ਵਾਤਾਵਰਨ ਅੰਦਰ ਗੈਰ-ਕੁਦਰਤੀ ਵਰਤਾਰਾ ਪੈਦਾ ਕਰ ਦਿੱਤਾ। ਜਾਨਵਰ, ਪਸ਼ੂ, ਪੰਛੀ, ਧਰਤੀ ਅੰਦਰਲੇ ਜੀਵਾਂ ਦਾ ਬੇਹੱਦ ਨੁਕਸਾਨ ਹੋਣ ਲੱਗਾ।

ਹਰੀ ਕ੍ਰਾਂਤੀ ਨੇ ਨੌਜਵਾਨਾਂ ਨੂੰ ਅਸਲੀ ਜ਼ਿੰਦਗੀ ਤੋਂ ਨਕਲੀ ਜ਼ਿੰਦਗੀ ਜੀਣ ਦੀ ਦੌੜ ਵਿਚ ਲਿਆ ਖੜ੍ਹਾ ਕੀਤਾ।

ਹਰੀ ਕ੍ਰਾਂਤੀ ਨੇ 10 ਨੂੰ 100 ਨੂੰ 1000 ਨੂੰ ਲੱਖ ਵਿਚ ਝੱਟ ਹੀ ਬਦਲ ਕੇ ਰੱਖ ਦਿੱਤਾ ਪਰ ਬੰਦਾ ਬੰਦੇ ਦੇ ਪੁੱਤ ਤੋਂ ਕੁਪੁੱਤ ਹੋਣਾ ਬੜੀ ਛੇਤੀ ਸ਼ੁਰੂ ਹੋ ਗਿਆ।

ਅੱਜ ਕਿਥੇ ਆਣ ਖਲੋਤੇ?

ਭਾਰਤ ਵਿਚ ਲੋਕਤੰਤਰ ਦੀ ਰਾਜਨੀਤਕ ਬਣਤਰ ਜ਼ਰੂਰ ਹੈ ਪਰ ਇਸ ਨੂੰ ਕਿਵੇਂ ਵਰਤਿਆ ਤੇ ਦਿਖਾਇਆ ਜਾ ਰਿਹਾ ਹੈ, ਇਹ ਵੱਡਾ ਸੁਆਲ ਹੈ।

ਕਾਂਗਰਸ ਪਾਰਟੀ ਦਾ ਲਗਾਤਾਰ ਤਾਕਤ ਵਿਚ ਰਹਿਣਾ, ਨਵੇਂ ਕਾਰੋਬਾਰ ਤੇ ਨਵੇਂ ਪ੍ਰੋਜੈਕਟ ਵੀ ਜ਼ਰੂਰ ਚਾਲੂ ਹੋਏ, ਫਿਰ ਵੀ ਇਹ ਲੋਕਾਂ ਦੀਆਂ ਇਛਾਵਾਂ 'ਤੇ ਪੂਰੀ ਨਾ ਉਤਰ ਸਕੀ। ਬਹੁਤ ਕੁਝ ਹੋਰ ਹੋ ਸਕਦਾ ਸੀ ਪਰ ਨਹੀਂ ਹੋਇਆ। ਕਾਂਗਰਸ ਪਾਰਟੀ ਨਹਿਰੂ ਖੇਮੇ ਵਿਚੋਂ ਬਾਹਰ ਨਾ ਨਿਕਲ ਸਕੀ, ਸਿੱਟੇ ਵਜੋਂ ਲੀਡਰਸ਼ਿਪ ਪੱਖੋਂ ਅਪਾਹਿਜ ਹੁੰਦੀ ਗਈ। ਸ਼ੁਰੂ-ਸ਼ੁਰੂ ਵਿਚ ਕਮਿਊਨਿਸਟ ਪਾਰਟੀ/ਪਾਰਟੀਆਂ ਦਾ ਆਧਾਰ ਚੰਗਾ ਬਣਿਆ ਰਿਹਾ ਪਰ ਅਖੀਰ ਉਹ ਵੀ ਨਿਵਾਣ ਵੱਲ ਹੋ ਤੁਰੀਆਂ। ਮੁੱਖ ਵਜਾਹ ਸੀ, ਉਹ ਭਾਰਤੀ ਲੋਕਾਂ ਦੀ ਮਾਨਸਿਕਤਾ ਤੋਂ ਨਾਸਮਝ ਰਹੀਆਂ। ਮੁਲਕ ਦੇ ਪੁਰਾਣੇ ਵਿਰਸੇ ਨੂੰ ਆਪਣੇ ਆਧਾਰ ਲਈ ਨਾ ਵਰਤ ਸਕੀਆਂ। ਸਭ ਤੋਂ ਵੱਡਾ ਕਾਰਨ ਜੋ ਇਨ੍ਹਾਂ ਦੀਆਂ ਬੇੜੀਆਂ ਵਿਚ ਵੱਟੇ ਵਾਂਗ ਪਿਆ, ਉਹ ਸੀ ਇਨ੍ਹਾਂ ਅੰਦਰ ਹਉਮੈ, ਜਗੀਰਦਾਰੀ ਸੋਚ, ਲੀਡਰਸ਼ਿਪ ਦੀ ਭੁੱਖ, ਬੇਭਰੋਸਗੀ। ਜੇ ਹੋਰ ਵੀ ਅੱਗੇ ਜਾਈਏ ਤਾਂ ਰੂਸ-ਚੀਨ ਦੇ ਮਾਡਲ ਨੂੰ ਆਪਣਾ ਮਾਡਲ ਬਣਾਈ ਰੱਖਿਆ।

ਇਸ ਸਾਰੇ ਖਿਲਾਅ ਵਿਚੋਂ ਇਕ ਅਜਿਹੀ ਰਾਜਨੀਤਕ ਤਾਕਤ ਨੇ ਜਨਮ ਲਿਆ ਜਿਸ ਨੇ ਭਾਰਤੀ ਲੋਕਤੰਤਰ ਨੂੰ ਛੜਯੰਤਰ ਵਿਚ ਬਦਲਣਾ ਸ਼ੁਰੂ ਕਰ ਦਿੱਤਾ। ਕਾਂਗਰਸ ਪਾਰਟੀ ਦੀ ਮਾੜੀ ਅਗਵਾਈ ਨੇ ਸ਼ਿਵ ਸੈਨਾ, ਬਜਰੰਗ ਦਲ ਨੂੰ ਹੁਲਾਰਾ ਦਿੱਤਾ। 1980 ਵਿਚ ਭਾਰਤੀ ਜਨਤਾ ਪਾਰਟੀ ਬਣੀ। 1984 ਵਿਚ ਇਸ ਨੂੰ ਦੋ ਲੋਕ ਸਭਾ ਸੀਟਾਂ ਮਿਲੀਆਂ। 1996 ਵਿਚ ਲੋਕ ਸਭਾ ਵਿਚ ਵੱਡੀ ਪਾਰਟੀ ਵਜੋਂ ਉਭਰੀ ਪਰ ਸਰਕਾਰ ਵਕਤੀ ਤੌਰ 'ਤੇ ਹੀ ਬਣੀ। 2014 ਤੋਂ ਹੁਣ ਤੱਕ 282/543 ਅਤੇ 303/543 ਲੋਕ ਸਭਾ ਸੀਟਾਂ ਨਾਲ ਦਿੱਲੀ ਤਖਤ 'ਤੇ ਮਨ ਆਈਆਂ ਕਰ ਰਹੀ ਹੈ।

ਅਸਲ ਵਿਚ, ਕੱਟੜ ਹਿੰਦੂ ਥਿੰਕਟੈਂਕ ਨੇ ਨਰਿੰਦਰ ਮੋਦੀ ਨੂੰ ਅਜਿਹੇ ਦਾਅ ਅਤੇ ਵਾਰ-ਵਾਰ ਝੂਠ ਬੋਲਣ ਦੇ ਢੰਗ-ਤਰੀਕੇ ਸਿਖਾਏ ਕਿ ਮੋਦੀ ਮੂਹਰੇ ਹਿਟਲਰ ਨੂੰ ਵੀ ਸੰਗ ਆਉਣ ਲੱਗੀ। ਬੇਵਸ, ਲਾਚਾਰ, ਮਜਬੂਰ ਲੋਕ ਪ੍ਰਧਾਨ ਮੰਤਰੀ ਦੀਆਂ ਮਜ਼ੇਦਾਰ ਚਟਪਟੀਆਂ ਗੱਲਾਂ ਵਿਚੋਂ ਆਪਣੇ ਚੰਗੇ ਦਿਨਾਂ ਦੀ ਉਡੀਕ ਕਰਨ ਲੱਗੇ। ਉਡੀਕ ਕਰਦੇ-ਕਰਦੇ ਲੋਕ ਥੱਕ ਵੀ ਗਏ, ਪਰ ਦੂਸਰੀ ਵਾਰ ਵੀ ਬੀ.ਜੇ.ਪੀ. ਨੂੰ ਜਿਤਾਇਆ। ਇਸ ਤੋਂ ਬਾਅਦ ਤਾਂ ਇਸ ਪਾਰਟੀ ਦੇ ਆਗੂ ਸਮਝੋ ਹੰਕਾਰ ਹੀ ਗਏ। ਨੋਟਬੰਦੀ, ਜੀ.ਐਸ.ਟੀ ਦੀਆਂ ਨਾਕਾਮੀਆਂ ਦੇ ਬਾਵਜੂਦ ਜੰਮੂ ਕਸ਼ਮੀਰ ਵਿਚ ਧਾਰਾ 370 ਅਤੇ 35-ਏ ਦਾ ਖਾਤਮਾ ਕਰ ਦਿੱਤਾ ਅਤੇ ਇਸ ਸੂਬੇ ਦੇ ਤਿੰਨ ਟੋਟੇ ਕਰ ਦਿੱਤੇ। 2019 ਵਾਲੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਪੁਲਵਾਮਾ ਵਿਚ ਘਰ ਬਿਠਾ ਕੇ ਵਰਤਾਇਆ ਅਤਿਵਾਦ ਦਾ ਘਿਨਾਉਣਾ ਕਾਰਨਾਮਾ, ਫੌਜੀ ਜੁਆਨਾਂ ਦੀ ਅਜਾਈਂ ਮੌਤ। ਕਰੋਨਾ ਦੇ ਐਨ ਭਖਦੇ ਮਸਲੇ ਦੌਰਾਨ ਤਿੰਨ ਕਿਸਾਨ ਵਿਰੋਧੀ ਆਰਡੀਨੈਂਸ ਜਾਰੀ ਕੀਤੇ ਜੋ ਮਗਰੋਂ ਪਹਿਲਾਂ ਬਿੱਲ ਅਤੇ ਫਿਰ ਕਾਨੂੰਨ ਬਣਵਾ ਲਏ। ਕਿਸੇ ਸਦਨ ਵਿਚ ਕੋਈ ਬਹਿਸ-ਮੁਬਾਹਿਸਾ ਨਹੀਂ ਕਰਵਾਇਆ।

ਭਾਰਤੀ ਜਨਤਾ ਪਾਰਟੀ ਆਪਣੀ ਸੱਤਾ ਲਈ ਹਰ ਹਰਬਾ ਵਰਤ ਰਹੀ ਹੈ, ਪੂਰਾ ਮੁਲਕ ਭਾਵੇਂ ਗਰਕ ਹੀ ਕਿਉਂ ਨਾ ਜਾਵੇ। ਹਿੰਦੂਵਾਦ ਦਾ ਅਲਾਪ, ਰਾਸ਼ਟਰਵਾਦ ਦਾ ਝੂਠਾ ਪ੍ਰਚਾਰ, ਮੰਤਰਾਂ ਉਪਰ ਕਰੋੜਾਂ-ਅਰਬਾਂ ਦਾ ਉਜਾੜਾ, ਸਵੱਛ ਭਾਰਤ ਦੇ ਸੰਘ ਪਾੜਵੇਂ ਨਾਹਰੇ ਪਰ ਰਾਮ ਦੀ ਗੰਗਾ ਉਵੇਂ ਹੀ ਬਦਬੂ ਛੱਡਦੀ ਅਜੇ ਵੀ ਇਨ੍ਹਾਂ ਭਗਤਾਂ ਲਈ ਪਵਿਤਰ ਜਲਧਾਰਾ ਦਾ ਕੰਮ ਕਰੀ ਜਾਂਦੀ ਹੈ। ਇਸ ਪਾਰਟੀ ਨੇ ਆਮ ਭਾਰਤੀ ਨਾਗਰਿਕ ਨੂੰ ਮਾਨਸਿਕ ਪੱਖੋਂ ਨਿਪੁੰਸਕ ਬਣਾ ਦਿੱਤਾ। ਆਮ ਭਾਰਤੀਆਂ ਨੇ ਇਨ੍ਹਾਂ ਦੇ ਝੂਠੇ ਲਾਰਿਆਂ ਨੂੰ ਜਿਵੇਂ ਸੱਚ ਮੰਨਣਾ ਸ਼ੁਰੂ ਕਰ ਦਿੱਤਾ ਹੈ। ਤਰੱਕੀ ਦੇ ਗਲਤ ਅੰਕੜੇ ਪੇਸ਼ ਕਰ ਕੇ ਅਰਥ ਸ਼ਾਸਤਰੀ ਵੀ ਮੂੰਹ ਵਿਚ ਉਂਗਲਾਂ ਪਾਈ ਬੈਠੇ ਹਨ।

ਇਹੀ ਨਹੀਂ, ਆਜ਼ਾਦ ਭਾਰਤੀ ਮੀਡੀਏ ਦਾ ਵੱਡਾ ਹਿੱਸਾ ਵੀ ਇਨ੍ਹਾਂ ਦੇ ਤਰਾਜੂ ਵਿਚ ਤੁਲ ਗਿਆ। ਬਹੁਤ ਟੈਲੀਵਿਜ਼ਨ ਚੈਨਲ ਇਨ੍ਹਾਂ ਦੇ ਹੱਥ ਠੋਕੇ ਬਣ ਚੁੱਕੇ ਹਨ। ਨਿਰਪੱਖ ਅਤੇ ਅਗਾਂਹਵਧੂ ਸੋਚ ਵਾਲਿਆਂ ਲਈ ਅਤਿਵਾਦੀ, ਵੱਖਵਾਦੀ, ਨਕਸਲਬਾੜੀ, ਖਾਲਿਸਤਾਨੀ, ਗੈਂਗਸਟਰ ਲਕਬ ਆਮ ਹਨ।

ਖੇਤੀ ਵਿਚ ਸੁਧਾਰਾਂ ਦੇ ਨਾਂ ਉਤੇ ਲਿਆਂਦੇ ਤਿੰਨ ਖੇਤੀ ਬਿੱਲਾਂ ਦਾ ਵਿਰੋਧ ਹੋਣਾ ਸ਼ੁਰੂ ਹੋਇਆ ਤਾਂ ਜਿਵੇਂ ਆਮ ਹੀ ਹੁੰਦਾ ਆਇਆ ਹੈ, ਪਹਿਲ ਪੰਜਾਬ ਨੇ ਹੀ ਕੀਤੀ। ਦਿੱਲੀ ਦਰਬਾਰ ਦੇ ਇਸ ਸ਼ਾਹੀ ਫਰਮਾਨ ਵਿਰੁੱਧ ਮਈ-ਜੂਨ 2020 ਤੋਂ ਹੀ ਕਿਸਾਨ ਜਥੇਬੰਦੀਆਂ ਨੇ ਪਿੰਡ-ਪਿੰਡ ਜਾ ਕੇ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਆੜ੍ਹਤੀਆਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਗਰਾਊਂਡ ਵਰਕ ਤਿਆਰ ਹੋਣ ਲੱਗਾ। ਨੌਜਵਾਨਾਂ, ਗਾਇਕਾਂ, ਕਲਾਕਾਰਾਂ ਨੇ ਅਹਿਮ ਕਦਮ ਚੁੱਕੇ। ਹੌਲੀ-ਹੌਲੀ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਆਪਸੀ ਤਾਲਮੇਲ ਵਧਾਇਆ।

ਫਿਰ ਪੰਜਾਬ ਦੀਆਂ ਤਕਰੀਬਨ ਸਾਰੀਆਂ ਕਿਸਾਨ ਜਥੇਬੰਦੀਆਂ ਨੇ 26-27 ਨਵੰਬਰ 2020 ਨੂੰ ਦਿੱਲੀ ਧਰਨਾ ਲਾਉਣ ਦਾ ਐਲਾਨ ਕਰ ਦਿੱਤਾ। ਮੋਦੀ ਸਰਕਾਰ ਦੀ ਸ਼ਹਿ 'ਤੇ ਹਰਿਆਣਾ ਦੀ ਮਨੋਹਰ ਲਾਲ ਖਟਰ ਸਰਕਾਰ ਨੇ ਰੋਕਾਂ ਲਾਈਆਂ ਤਾਂ ਪੰਜਾਬ ਅਤੇ ਹਰਿਆਣੇ ਦੇ ਨੌਜਵਾਨਾਂ ਨੇ ਹਨੇਰੀ ਲਿਆ ਦਿੱਤੀ ਅਤੇ ਹਰਿਆਣਾ ਸਰਕਾਰ ਦੇ ਸਭ ਬੈਰੀਕੇਡ ਤੋੜ ਦਿੱਤੇ। ਕਿਸਾਨਾਂ ਨੂੰ ਦਿੱਲੀ ਪੁੱਜਣ ਤੋਂ ਰੋਕਣ ਲਈ ਖਟਰ ਸਰਕਾਰ ਨੇ ਸੜਕਾਂ 'ਤੇ ਟੋਏ ਪੁੱਟੇ, ਪਾਣੀ ਦੀਆਂ ਤੋਪਾਂ ਚਲਾਈਆਂ ਅਤੇ ਹੰਝੂ ਗੋਲੇ ਵਰਤੇ ਪਰ ਨੌਜਵਾਨਾਂ ਨੇ ਆਪਣੇ ਟਰੈਕਟਰਾਂ ਨਾਲ ਹਰ ਰੋਕ ਹਟਾ ਦਿੱਤੀ।

ਇਸ ਦੇ ਨਾਲ ਹੀ ਕਰੀਬ ਅੱਧੀ ਸਦੀ ਤੋਂ ਚਲੀ ਆਉਂਦੀ ਪੰਜਾਬ ਹਰਿਆਣਾ ਦੀ ਆਪਸੀ ਖਿਚੋਤਾਣ ਪਲਾਂ ਵਿਚ ਹੀ ਦੋਸਤੀ ਵਿਚ ਬਦਲ ਗਈ, ਜਦੋਂ ਹਰਿਆਣੇ ਵਾਲਿਆਂ ਨੇ ਪੰਜਾਬੀਆਂ ਨੂੰ ਆਪਣਾ ਵੱਡਾ ਭਰਾ ਕਹਿ ਕੇ ਬੁਲਾਇਆ। ਦੋਹਾਂ ਸੂਬਿਆਂ ਦੇ ਜਾਇਆਂ ਨੇ ਵੱਡੇ-ਵੱਡੇ ਕਾਫਲੇ ਬਣਾ ਕੇ ਦਿੱਲੀ ਨੂੰ ਜਾ ਘੇਰਾ ਪਾਇਆ। ਸੈਂਕੜੇ ਤੋਂ ਹਜ਼ਾਰਾਂ, ਹਜ਼ਾਰਾਂ ਤੋਂ ਲੱਖਾਂ ਦੀ ਗਿਣਤੀ ਨੇ ਸਿੰਘੂ ਬਾਰਡਰ ਨੂੰ ਅਖਬਾਰਾਂ ਦੀਆਂ ਸੁਰਖੀਆਂ ਵਿਚ ਲੈ ਆਂਦਾ। ਹੁਣ ਏਥੇ ਸਟੇਜਾਂ ਲੱਗਣ ਲੱਗੀਆਂ। ਸਲਾਹ-ਮਸ਼ਵਰੇ ਹੋਣ ਲੱਗੇ। ਰਣਨੀਤੀ ਤੈਅ ਹੋਣ ਲੱਗੀ।

ਹੁਣ ਪੰਜਾਬ ਤੇ ਹਰਿਆਣਾ ਹੀ ਨਹੀਂ, ਰਾਜਸਥਾਨ, ਯੂ.ਪੀ., ਉਤਰਾਖੰਡ ਵੀ ਕਿਸਾਨਾਂ ਨਾਲ ਆਣ ਰਲੇ। ਜਿਵੇਂ-ਜਿਵੇਂ ਭਾਰਤ ਦੇ ਦੂਸਰੇ ਭਾਗਾਂ ਵਿਚ ਦਿੱਲੀ ਮੋਰਚੇ ਦੀ ਖਬਰ ਜਾਣ ਲੱਗੀ, ਉਥੋਂ ਵੀ ਲੋਕ ਵੀ ਵਹੀਰਾਂ ਘੱਤ ਕੇ ਆਉਣ ਲੱਗੇ। ਬਿਹਾਰ, ਮੱਧ ਪ੍ਰਦੇਸ਼, ਬੰਗਾਲ, ਤਾਮਿਲਨਾਡੂ, ਕੇਰਲ, ਮਹਾਰਾਸ਼ਟਰ, ਗੁਜਰਾਤ ਤੋਂ ਵੀ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਨੇ ਆਉਣਾ ਸ਼ੁਰੂ ਕਰ ਦਿੱਤਾ ਕਿਉਂਕਿ ਇਹ ਕਿਸਾਨ ਵਿਰੋਧੀ ਬਿੱਲ ਇਕੱਲੇ ਕਿਸਾਨਾਂ ਲਈ ਹੀ ਨਹੀਂ ਸਗੋਂ ਸਭ ਲਈ ਮੌਤ ਦੇ ਵਾਰੰਟ ਹਨ। ਜਿਉਂ-ਜਿਉਂ ਲੋਕ ਇਨ੍ਹਾਂ ਬਿੱਲਾਂ ਦੇ ਅੰਤਰੀਵ ਭਾਵ ਸਮਝਦੇ ਗਏ, ਦਿੱਲੀ ਦੁਆਲੇ ਘੇਰਾ ਸੰਘਣਾ ਹੁੰਦਾ ਗਿਆ।

ਪੰਜਾਬ ਦੀਆਂ ਮਾਵਾਂ ਨੇ ਘਰਾਂ ਤੋਂ ਪੁੱਤਰਾਂ ਨੂੰ ਤੁਰਨ ਤੋਂ ਪਹਿਲਾਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਪੁੱਤਰੋ! ਜਿੱਤ ਕੇ ਵਾਪਸ ਆਉਣਾ ਹੈ। ਇਉਂ ਕਾਫਲੇ ਬਣ ਗਏ। ਸਿੰਘੂਪੁਰ ਤੇ ਟਿਕਰੀ ਬਾਰਡਰਾਂ ਤੋਂ ਬਾਅਦ ਸ਼ਾਹਜਹਾਨਪੁਰ ਅਤੇ ਗਾਜ਼ੀਪੁਰ ਬਾਰਡਰਾਂ ਉਪਰ ਲੋਕਾਂ ਦੇ ਠਾਠਾਂ ਮਰਦੇ ਇਕੱਠਾਂ ਨੇ ਮੋਦੀ ਹਕੂਮਤ ਨੂੰ ਸੋਚਣ ਲਾ ਦਿੱਤਾ। ਦਿੱਲੀ ਦਰਬਾਰ ਬੁਖਲਾ ਗਿਆ। ਕਿਸਾਨੀ ਦੇ ਵਿਦਰੋਹ ਨੂੰ ਤਰ੍ਹਾਂ-ਤਰ੍ਹਾਂ ਦੇ ਨਾਵਾਂ ਨਾਲ ਬਦਨਾਮ ਕਰਨ ਲੱਗੇ। ਵੱਖਵਾਦੀ, ਅਤਿਵਾਦੀ, ਚੀਨ-ਪਾਕਿਸਤਾਨ ਦੇ ਏਜੰਟ ਕਿਹਾ ਜਾਣ ਲੱਗਾ। ਅਖੇ, ਇਨ੍ਹਾਂ ਨੂੰ ਬਾਹਰੋਂ ਫੰਡਿੰਗ ਆ ਰਹੀ ਹੈ। ਏਨੇ ਲੰਗਰ, ਏਨੀਆਂ ਸਹੂਲਤਾਂ, ਏਡੇ ਵੱਡੇ-ਵੱਡੇ ਪ੍ਰਬੰਧ ਕਿੰਝ ਹੋ ਰਹੇ ਨੇ? ਪਰ ਸਰਕਾਰ ਦਾ ਇਹ ਦੁਰ-ਪ੍ਰਚਾਰ ਚੱਲ ਨਾ ਸਕਿਆ।

ਫਿਰ ਤਾਂ ਜਿਵੇਂ ਦਿੱਲੀ ਦੇ ਆਲੇ-ਦੁਆਲੇ ਨਵਾਂ ਪੰਜਾਬ ਵਸ ਗਿਆ ਹੋਵੇ! ਕਿਧਰੋਂ ਰਸਦ-ਪਾਣੀ, ਕਿਧਰੋਂ ਦਵਾਈਆਂ, ਕਿਧਰੋਂ ਰਹਿਣ-ਸਹਿਣ ਲਈ ਵੱਡੇ-ਵੱਡੇ ਟੈਂਟ, ਨਹਾਉਣ ਲਈ ਜ਼ਮੀਨ ਵਿਚ ਨਵੇਂ ਬੋਰ, ਬਾਥਰੂਮ, ਕੱਪੜੇ ਧੋਣ ਲਈ ਮਸ਼ੀਨਾਂ, ਕਿਤਾਬਾਂ ਦੀਆਂ ਮੁਫਤ ਸਟਾਲਾਂ ਜਿਵੇਂ ਬਿਲਕੁਲ ਕੋਈ ਨਵਾਂ ਸੰਸਾਰ, ਕੋਈ ਹਲੀਮੀ ਰਾਜ ਦਾ ਆਗਾਜ਼ ਹੋ ਰਿਹਾ ਹੋਵੇ।

ਹਾਕਮਾਂ ਲਈ ਇਸ ਸ਼ਾਂਤਮਈ ਵਿਰੋਧ ਨੂੰ ਸਹਿਣ ਕਰਨਾ ਚੁਣੌਤੀ ਬਣ ਗਈ। 26 ਜਨਵਰੀ ਵਾਲੀਆਂ ਘਟਨਾਵਾਂ ਦੇ ਬਹਾਨੇ ਬਾਰਡਰਾਂ ਉਤੇ ਹਮਲੇ ਸ਼ੁਰੂ ਕਰਵਾ ਦਿੱਤੇ ਗਏ। ਪਾਣੀ, ਬਿਜਲੀ, ਇੰਟਰਨੈੱਟ ਸਭ ਕੁਝ ਬੰਦ ਕਰ ਦਿੱਤਾ ਗਿਆ। ਰਾਹਾਂ ਵਿਚ ਡੂੰਘੀਆਂ ਖਾਈਆਂ, ਬੈਰੀਕੇਡ, ਲੰਮੇ-ਲੰਮੇ ਕਿੱਲ ਗੱਡ ਦਿੱਤੇ ਗਏ ਪਰ ਇਸ ਸਭ ਕੁਝ ਬਾਵਜੂਦ ਕਿਸਾਨਾਂ, ਨੌਜਵਾਨਾਂ, ਬਜ਼ੁਰਗਾਂ ਬੱਚਿਆਂ ਦੇ ਹੌਸਲੇ ਹੋਰ ਵੀ ਮਜ਼ਬੂਤ ਹੋ ਗਏ। ਸਰਕਾਰੀ ਦਮਨ ਦੇ ਇਸ ਪੈਂਤੜੇ ਨੂੰ ਵੀ ਕਿਸਾਨਾਂ ਨੇ ਫੇਲ੍ਹ ਕਰ ਦਿੱਤਾ। ਅਸਲ ਵਿਚ, ਹਾਕਮ ਲੋਕ ਕਿਸਾਨੀ ਸੰਘਰਸ਼ ਨੂੰ ਫੇਲ੍ਹ ਕਰਨ ਲਈ ਜਿਉਂ-ਜਿਉਂ ਨਵੇਂ ਤਰੀਕੇ ਅਪਨਾਉਂਦੇ ਗਏ, ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚੋਂ ਲੋਕ ਕਾਫਲੇ ਬਣਾ ਕੇ ਪਹੁੰਚਣ ਲੱਗ ਪਏ।

ਉਤਰ ਪ੍ਰਦੇਸ਼ ਅੰਦਰ ਮਹਾਂ ਪੰਚਾਇਤਾਂ ਅਤੇ ਹਰਿਆਣਾ ਅੰਦਰ ਖਾਪ ਪੰਚਾਇਤਾਂ ਸ਼ੁਰੂ ਹੋ ਗਈਆਂ। ਇਸੇ ਤਰ੍ਹਾਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਪੰਜਾਬ ਅੰਦਰ ਵੱਡੇ ਕਿਸਾਨ ਇਕੱਠ ਹੋਣ ਲੱਗੇ। ਹਰ ਵਰਗ ਦੇ ਲੋਕਾਂ ਵੱਲੋਂ ਕਿਸਾਨੀ ਸੰਘਰਸ਼ ਦੇ ਹੱਕ ਵਿਚ ਆਵਾਜ਼ ਉਠ ਰਹੀ ਹੈ। ਸਭ ਦਾ ਇਕੋ ਨਿਸ਼ਾਨਾ ਹੈ- ਖੇਤੀ ਕਾਨੂੰਨਾਂ ਦੀ ਵਾਪਸੀ।

ਆਮ ਲੋਕਾਂ ਦਾ ਤੜਕੇ ਉੱਠ ਕੇ ਚੁੱਲ੍ਹਾ-ਚੌਂਕਾ ਕਰਨਾ, ਸਫਾਈ ਕਰਨੀ, ਸਬਜ਼ੀਆਂ ਬਣਾਉਣੀਆਂ, ਸਭ ਕੁਝ ਸਾਂਝੇ ਤੌਰ 'ਤੇ ਹੋ ਰਿਹਾ। ਸਾਰੇ ਪੰਗਤ ਵਿਚ ਬੈਠ ਕੇ ਰੋਟੀ-ਪਾਣੀ ਛਕਦੇ ਹਨ। ਕੌਣ ਕਿਥੇ ਆਇਆ, ਕੋਈ ਮਾਇਨੇ ਨਹੀਂ ਰਹਿ ਗਏ। ਦਿੱਲੀ ਸ਼ਹਿਰ ਤੋਂ ਹਿੰਦੂ ਮੁਸਲਮਾਨ ਸਿੱਖ ਪਰਿਵਾਰ ਆ ਕੇ ਸੇਵਾ ਕਰ ਰਹੇ ਹਨ। ਜਿਵੇਂ ਕੋਈ ਚਮਤਕਾਰ ਵਾਪਰ ਰਿਹਾ ਹੋਵੇ।

ਹਰ ਰੋਜ਼ ਇਸ ਮੋਰਚੇ ਵਿਚ 2-3 ਮੌਤਾਂ ਹੋ ਰਹੀਆਂ ਨੇ। ਪਿਛਲੇ 3 ਮਹੀਨਿਆਂ ਦੌਰਾਨ ਢਾਈ ਸੌ ਤੋਂ ਉਪਰ ਜਾਨਾਂ ਜਾ ਚੁੱਕੀਆਂ ਨੇ ਪਰ ਕਿਸੇ ਸਰਕਾਰੀ ਬੰਦੇ ਨੇ ਅਫਸੋਸ ਨਹੀਂ ਜਤਾਇਆ ਸਗੋਂ ਮਖੌਲ ਉਡਾ ਰਹੇ ਹਨ।

ਮੋਰਚਾ ਲੰਮਾ ਹੋ ਰਿਹਾ ਹੈ ਅਤੇ ਨਾਲੋ-ਨਾਲ ਹਾਸਲ ਵੀ ਬਹੁਤ ਕੁਝ ਹੋ ਰਿਹਾ ਹੈ। ਇਸ ਕਿਸਾਨੀ ਸੰਘਰਸ਼ ਨੇ ਪੂਰੇ ਮੁਲਕ ਅੰਦਰ ਨਵੀਂ ਚੇਤਨਾ, ਨਵੀਂ ਸੋਚ, ਹੱਕਾਂ ਲਈ ਲੜਨ ਮਰਨ ਦਾ ਜਜ਼ਬਾ ਪੈਦਾ ਕੀਤਾ ਹੈ ਅਤੇ ਸਭ ਤੋਂ ਵੱਡੀ ਗੱਲ, ਕੱਟੜਪੰਥੀ ਹਿੰਦੂਤਵੀ ਜ਼ਹਿਰ ਨੂੰ ਠੱਲ੍ਹ ਪਾਈ ਹੈ।

ਅੱਜ ਲੋੜ ਹੈ ਹਰ ਵਰਗ, ਹਰ ਸੰਸਥਾ, ਹਰ ਰਾਜਨੀਤਕ ਪਾਰਟੀ ਇਕੱਠੇ ਹੋ ਕੇ ਬੀ.ਜੇ.ਪੀ. ਨੂੰ ਹਰਾਉਣ ਲਈ ਇਕਜੁੱਟ ਹੋਵੇ। ਇਸ ਪਾਰਟੀ ਦੇ ਸਾਹ ਬੰਦ ਕਰਨ ਲਈ ਇਸ ਦੀ ਲਾਈਫ-ਲਾਈਨ ਕੱਟਣੀ ਜ਼ਰੂਰੀ ਹੈ। ਪੱਛਮੀ ਬੰਗਾਲ, ਆਸਾਮ, ਕੇਰਲ, ਪੁਡੂਚੇਰੀ, ਤਮਿਲਨਾਡੂ ਵਿਚ ਹੋ ਰਹੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦਾ ਹਾਰਨਾ ਜਾਂ ਇਸ ਦਾ ਗਰਾਫ ਹੇਠਾਂ ਡਿੱਗਣਾ ਜ਼ਰੂਰੀ ਹੈ। ਇਹੀ ਇਕੋ-ਇਕ ਤਰੀਕਾ ਹੈ ਜਿਸ ਰਾਹੀਂ ਲੋਕਾਂ ਦਾ ਭਲਾ ਹੋ ਸਕੇਗਾ। ਸਰਕਾਰ ਨੂੰ ਮਜਬੂਰ ਕਰ ਕੇ ਟੇਬਲ ਟਾਕ 'ਤੇ ਲਿਆਉਣ ਦੀ ਲੋੜ ਹੈ। ਬੀ.ਜੇ.ਪੀ. ਦੀ ਅਮੀਰ ਕਾਰਪੋਰੇਟ ਘਰਾਣਿਆਂ ਨਾਲ ਯਾਰੀ ਨੂੰ ਤੋੜਨ ਦਾ ਇਹੀ ਵਧੀਆ ਵਸੀਲਾ ਬਣ ਸਕਦਾ ਹੈ।

ਇਹ ਕਦੇ ਨਾ ਭੁਲੀਏ ਕਿ ਆਮ ਲੋਕਾਂ ਦਾ ਹੱਕਾਂ ਲਈ ਸ਼ੁਰੂ ਹੋਇਆ ਇਹ ਸੰਘਰਸ਼ ਭਾਰਤੀ ਲੋਕਤੰਤਰ ਨੂੰ ਕਈ ਨਵੇਂ ਸੁਨੇਹੇ ਅਤੇ ਨਵੀਆਂ ਵੰਗਾਰਾਂ ਦੇਣ ਦੇ ਸਮਰਥ ਹੈ।

# ਲੰਡਨ ਵਿਚ ਸੁੱਤਾ ਫਿਦਾ ਹੁਸੈਨ

## ਕਲਾ ਪਰਿਕਰਮਾ

ਹਰਜੀਤ ਅਟਵਾਲ

ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਵੋਕਿੰਗ ਵਿਚ ਹਫਤੇ ਦੀ ਦਫਤਰੀ ਟਰੇਨਿੰਗ ਸੀ। ਵੋਕਿੰਗ ਲੰਡਨ ਦੀ ਵੱਖੀ ਵਿਚ ਪੈਂਦਾ ਟਾਊਨ ਹੈ ਤੇ ਉਥੇ ਸਾਡੀ ਕੰਪਨੀ ਦਾ ਹੈਡਆਫਿਸ ਹੈ। ਟਰੇਨਿੰਗ ਦੇ ਆਖਰੀ ਦਿਨ ਅਸੀਂ ਜਲਦੀ ਵਿਹਲੇ ਹੋ ਗਏ। ਮੇਰਾ ਇਕ ਸਹਿਕਾਮਾ ਜ਼ਰਾ ਆਰਟਿਸਟਕ ਸੁਹਜ ਵਾਲਾ ਸੀ, ਕਹਿਣ ਲੱਗਾ- ਤੈਨੂੰ ਪਤਾ, ਵੋਕਿੰਗ ਦੇ ਬਰੁੱਕਵੁੱਡ ਕਬਰਸਤਾਨ ਵਿਚ ਮਸ਼ਹੂਰ ਪੇਂਟਰ ਮਕਬੂਲ ਫਿਦਾ ਹੁਸੈਨ ਸੁੱਤਾ ਪਿਆ ਹੈ, ਕਿਉਂ ਨਾ ਉਸ ਨੂੰ ਸਿਜਦਾ ਕਰ ਆਈਏ। ਮੈਂ ਹੁਸੈਨ ਦੀ ਕਲਾ ਦਾ ਮਦਾਹ ਹਾਂ। ਪਿਛਲੇ ਕੁਝ ਸਾਲਾਂ ਵਿਚ ਉਸ ਦੀਆਂ ਕਲਾ-ਕ੍ਰਿਤਾਂ ਨੂੰ ਲੈ ਕੇ ਜਿਹੜਾ ਵਿਵਾਦ ਖੜ੍ਹਾ ਹੋਇਆ ਸੀ, ਉਹ ਸਭ ਦਾ ਧਿਆਨ ਖਿਚਦਾ ਸੀ। ਮੈਂ ਤੇ ਮੇਰਾ ਸਹਿਕਾਮਾ ਉਸ ਦੀ ਕਬਰ 'ਤੇ ਗਏ। ਕਬਰ ਅਜੇ ਪੱਕੀ ਨਹੀਂ ਸੀ ਬਣਾਈ ਕਿਉਂਕਿ ਕਬਰ ਦਾ ਕੋਈ ਹਿਸਾਬ ਕਿਤਾਬ ਹੁੰਦਾ ਹੈ ਕਿ ਇਸ ਨੂੰ ਥਾਂ ਸਿਰ ਹੋਣ ਨੂੰ ਸਾਲ ਤੋਂ ਵੱਧ ਸਮਾਂ ਲੱਗ ਜਾਂਦਾ ਹੈ। ਹੁਸੈਨ ਦੀ ਕਬਰ ਤੋਂ ਆ ਕੇ ਮੈਂ ਕਈ ਦਿਨ ਤੱਕ ਉਸ ਬਾਰੇ ਹੀ ਸੋਚਦਾ ਰਿਹਾ ਕਿ ਜਿਵੇਂ ਉਸ ਦਾ ਅੰਤ ਹੋਇਆ, ਇਵੇਂ ਨਹੀਂ ਸੀ ਹੋਣਾ ਚਾਹੀਦਾ।

ਮਕਬੂਲ ਫਿਦਾ ਹੁਸੈਨ ਕਿਸੇ ਬੰਦੇ ਦਾ ਨਾਂ ਨਹੀਂ ਸੀ, ਉਹ ਤਾਂ ਸੰਸਥਾ ਸੀ। ਪਚੱਨਵੇਂ ਸਾਲ ਦੀ ਉਮਰ ਤੱਕ ਜੀਵਿਆ ਤੇ ਉਸ ਨੇ ਚਾਲੀ ਹਜ਼ਾਰ ਦੇ ਨੇੜੇ ਤੇੜੇ ਪੇਂਟਿੰਗਜ਼ ਬਣਾਈਆਂ, ਸਾਰੀਆਂ ਹੀ ਅਰਥ ਭਰਪੂਰ ਸਨ। ਉਹ ਮੁਸਲਮਾਨ ਪਰਿਵਾਰ ਵਿਚ ਜੰਮਿਆ ਪਰ ਬਹੁਤਾ ਧਾਰਮਿਕ ਨਹੀਂ ਸੀ। ਉਸ ਨੂੰ ਹਿੰਦੂ ਧਰਮ ਦੀ ਵਿਸ਼ਾਲਤਾ ਖਿੱਚ ਪਾਉਂਦੀ ਸੀ ਤੇ ਹਿੰਦੂ ਧਰਮ ਨੂੰ ਉਸ ਨੇ ਆਪਣੀਆਂ ਬਹੁਤ ਸਾਰੀਆਂ ਪੇਂਟਿੰਗਜ਼ ਦਾ ਵਿਸ਼ਾ ਬਣਾਇਆ ਜਿਸ ਦਾ ਉਸ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ। ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ। ਦੇਸ਼ ਛੱਡਣਾ ਪਿਆ ਤੇ ਉਸ ਦੀ ਮੌਤ ਵੀ ਲੰਡਨ ਦੇ ਰੁਆਇਲ ਬਰੈਂਪਟਨ ਹਸਪਤਾਲ ਵਿਚ ਹੋਈ। ਉਸ ਦੇ ਚਹੇਤਿਆਂ ਨੇ ਉਸ ਦੀ ਦੇਹ ਵਾਪਸ ਭਾਰਤ ਲਿਜਾਣੀ ਚਾਹੀ ਪਰ ਉਸ ਦੀ ਵਸੀਅਤ ਸੀ ਕਿ ਉਸ ਨੂੰ ਯੂ.ਕੇ. ਵਿਚ ਹੀ ਦਫਨਾਇਆ ਜਾਵੇ।

ਮਕਬੂਲ ਫਿਦਾ ਹੁਸੈਨ ਬਹੁ-ਵਿਧਾਵੀ ਕਲਾਕਾਰ ਸੀ। ਉਸ ਨੇ ਵੱਖ-ਵੱਖ ਯੌਨਰਜ਼ ਵਿਚ ਪੇਂਟਿੰਗਜ਼ ਬਣਾਈਆਂ। ਉਸ ਨੇ ਐਬਸਟਰੈਕਟ ਆਰਟ, ਐਕਸਪਰੈਸਨਿਜ਼ਮ, ਐਬਸਟਰੈਕਟ ਐਕਸਪਰੈਸਨਿਜ਼ਮ, ਨਿਓ ਡੈਟਾ ਆਦਿ ਵਿਧਾ ਦੀਆਂ ਤਸਵੀਰਾਂ ਬਣਾਈਆਂ। ਉਸ ਨੂੰ ਭਾਰਤ ਦਾ ਪਿਕਾਸੋ ਵੀ ਕਿਹਾ ਜਾਂਦਾ ਹੈ। ਉਸ ਦੀਆਂ ਬਣਾਈਆਂ ਪੇਂਟਿੰਗਜ਼ ਦੁਨੀਆਂ ਭਰ ਦੀਆਂ ਗੈਲਰੀਆਂ ਦੀਆਂ ਸ਼ਾਨ ਬਣਦੀਆਂ ਰਹੀਆਂ ਹਨ। ਉਹ ਭਾਰਤ ਦਾ ਸਭ ਤੋਂ ਮਹਿੰਗਾ ਕਲਾਕਾਰ ਸੀ। 2008 ਵਿਚ ਕਰਿਸਟੀ ਔਕਸ਼ਨ ਵਿਚ ਉਸ ਦੀ ਇਕ ਪੇਂਟਿੰਗ ਦੀ ਬੋਲੀ ਸੋਲਾਂ ਲੱਖ ਡਾਲਰ ਦੀ ਲੱਗੀ ਸੀ ਜੋ ਆਪਣੇ ਆਪ ਵਿਚ ਰਿਕਾਰਡ ਸੀ। ਭਾਰਤ ਦੇ ਤਕਰੀਬਨ ਸਾਰੇ ਹੀ ਇਨਾਮ ਉਸ ਨੂੰ ਮਿਲੇ ਹੋਏ ਸਨ- ਪਦਮ ਭੂਸ਼ਨ, ਪਦਮ ਵਿਭੂਸ਼ਨ, ਪਦਮਸ੍ਰੀ ਆਦਿ। ਇਕ ਇਨਾਮ 'ਭਾਰਤ ਰਤਨ' ਜੋ ਹਿੰਦੁਸਤਾਨ ਦਾ ਸਭ ਤੋਂ ਵੱਡਾ ਇਨਾਮ ਹੈ, ਨਹੀਂ ਸੀ ਮਿਲਿਆ ਅਜੇ, ਜੇ ਭਾਰਤ ਵਿਚ ਰਹਿੰਦਾ ਤਾਂ ਸ਼ਾਇਦ ਉਹ ਵੀ ਮਿਲ ਜਾਂਦਾ।

ਹੁਸੈਨ ਪਹਿਲਾਂ ਤੋਂ ਹੀ ਹਿੰਦੂ ਦੇਵੀਆਂ-ਦੇਵਤਿਆਂ ਦੀਆਂ ਤਸਵੀਰਾਂ ਬਣਾਉਂਦਾ ਆਇਆ ਸੀ ਜਿਸ ਕਰ ਕੇ ਉਹ ਸਦਾ ਹੀ ਵਿਵਾਦ ਵਿਚ ਰਹਿੰਦਾ। ਇਸੇ ਵਿਵਾਦ ਨੇ ਉਸ ਦੀ ਮਸ਼ਹੂਰੀ ਵਿਚ ਵੀ ਖੂਬ ਵਾਧਾ ਕੀਤਾ ਸੀ। ਮਾਤਾ ਦੁਰਗਾ ਤੇ ਸਰਸਵਤੀ ਦੀਆਂ ਨੰਗੀਆਂ ਤਸਵੀਰਾਂ ਕਾਰਨ ਉਹ ਤਿੱਖੀ ਤਨਕੀਦ (ਆਲੋਚਨਾ) ਦਾ ਨਿਸ਼ਾਨਾ ਬਣਿਆ। ਇਹ ਤਨਕੀਦ ਸੱਤਵਿਆਂ ਤੋਂ ਹੀ ਸ਼ੁਰੂ ਹੋ ਗਈ ਸੀ ਪਰ 1993 ਵਿਚ ਆ ਕੇ ਇਹ ਬਹੁਤਾ ਤੂਲ ਫੜ ਗਈ। ਅਸਲ ਵਿਚ ਹਿੰਦੂ ਮਾਸਿਕ ਮੈਗਜ਼ੀਨ 'ਵਿਚਾਰ ਮਿਮਾਸ' ਨੇ ਫਿਦਾ ਹੁਸੈਨ ਦੀਆਂ ਬਣਾਈਆਂ ਤਸਵੀਰਾਂ ਖਿਲਾਫ ਲੇਖ ਛਾਪਿਆ ਕਿ ਇਹ ਪੇਂਟਿੰਗਜ਼ ਹਨ ਜਾਂ ਪ੍ਰਚਾਰ ਹੈ। ਉਸੇ ਵੇਲੇ ਉਸ ਉਪਰ ਅੱਠ ਮੁਕੱਦਮੇ ਠੋਕ ਦਿੱਤੇ ਗਏ। ਹਾਈ ਕੋਰਟ ਨੇ ਭਾਵੇਂ ਬਾਅਦ ਵਿਚ ਇਹ ਸਾਰੇ ਮੁਕੱਦਮੇ ਖਾਰਜ ਕਰ ਦਿੱਤੇ ਪਰ ਹਿੰਦੂ ਮੂਲਵਾਦੀਆਂ ਨੇ ਉਸ ਨੂੰ ਮੁਆਫ ਨਹੀਂ ਕੀਤਾ।



ਮਕਬੂਲ ਫਿਦਾ ਹੁਸੈਨ



ਇੰਗਲੈਂਡ ਵਿਚ ਹੁਸੈਨ ਦੀ ਕਬਰ।

ਬਜਰੰਗ ਦਲ ਨੇ ਉਸ ਦੇ ਘਰ ਉਪਰ ਪੱਥਰਾਓ ਕੀਤਾ। ਜਾਨੋਂ ਮਾਰਨ ਦੀਆਂ ਧਮਕੀਆਂ ਤਾਂ ਅਕਸਰ ਉਸ ਨੂੰ ਮਿਲਦੀਆਂ ਰਹਿੰਦੀਆਂ ਸਨ। ਉਨ੍ਹਾਂ ਦਿਨਾਂ ਵਿਚ ਇੰਗਲੈਂਡ ਵਿਚ ਉਸ ਦੀਆਂ ਪੇਂਟਿੰਗਜ਼ ਦੀ ਪ੍ਰਦਰਸ਼ਨੀ ਚੱਲ ਰਹੀ ਸੀ ਤੇ ਇਸੇ ਕਾਰਨ ਉਸ ਨੂੰ ਇਹ ਪ੍ਰਦਰਸ਼ਨੀ ਬੰਦ ਕਰਨੀ ਪਈ ਸੀ।

ਇਥੇ ਹੀ ਬਸ ਨਹੀਂ, ਫਿਦਾ ਹੁਸੈਨ ਨੇ ਭਾਰਤ ਮਾਤਾ ਦੀ ਵੀ ਨੰਗੀ ਦੀ ਤਸਵੀਰ ਬਣਾ ਦਿੱਤੀ ਸੀ ਜਿਸ ਕਾਰਨ ਉਸ ਦਾ ਵਿਰੋਧ ਬਹੁਤ ਵੱਡੇ ਪੱਧਰ ਤੱਕ ਫੈਲ ਗਿਆ ਸੀ। 6 ਫਰਬਰੀ 2006 ਨੂੰ 'ਇੰਡੀਆ ਟੂਡੇ' ਨੇ ਆਪਣੀ ਅਖਬਾਰ ਵਿਚ ਇਕ ਮਸ਼ਹੂਰੀ ਲਾਈ ਜਿਸ ਦਾ ਨਾਂ ਰੱਖਿਆ ਗਿਆ 'ਆਰਟ ਔਫ ਮਿਸ਼ਨ ਕਸ਼ਮੀਰ' ਤੇ ਉਸ ਵਿਚ ਭਾਰਤ ਮਾਤਾ ਦੀ ਨੰਗੀ ਦੀ ਤਸਵੀਰ ਲਾ ਕੇ ਉਸ ਦੇ ਅੰਗਾਂ ਉਪਰ ਵੱਖ-ਵੱਖ ਰਾਜਾਂ ਦੇ ਨਾਂ ਲਿਖੇ ਗਏ। ਫਿਦਾ ਹੁਸੈਨ ਨੂੰ ਇਸ ਤਸਵੀਰ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਦੁਖ ਪਹੁੰਚਾਉਣ ਦੇ ਕਾਨੂੰਨ ਹੇਠ ਚਾਰਜ ਕਰ ਲਿਆ ਗਿਆ। ਉਸ ਵੇਲੇ ਦੀ ਮਸ਼ਹੂਰ ਕਾਰਕੁਨ ਨਫੀਸਾ ਅਲੀ ਨੇ ਇਸ ਤਸਵੀਰ ਦੀ ਪ੍ਰਦਰਸ਼ਨੀ ਦਾ ਇੰਤਜ਼ਾਮ ਕੀਤਾ। ਬਹੁਤ ਸਾਰੀਆਂ ਸੰਸਥਾਵਾਂ ਵਲੋਂ ਇਸ ਪੇਂਟਿੰਗ ਦਾ ਵਿਰੋਧ ਕਰਨ ਕਾਰਨ ਫਿਦਾ ਹੁਸੈਨ ਨੇ ਸਭ ਤੋਂ ਮੁਆਫੀ ਮੰਗ ਲਈ ਤੇ ਇਸ ਨੂੰ ਵਾਪਸ ਲੈਣ ਦਾ ਵਾਅਦਾ ਵੀ ਕੀਤਾ। ਹੈਰਾਨੀ ਦੀ ਗੱਲ ਇਹ ਹੋਈ ਕਿ ਪ੍ਰਦਰਸ਼ਨੀ ਵਿਚ ਇਹ ਪੇਂਟਿੰਗ ਬੋਲੀ ਲੱਗ ਕੇ ਅੱਸੀ ਲੱਖ ਰੁਪਏ ਵਿਚ ਵਿਕ ਗਈ। ਬਾਅਦ ਵਿਚ ਹੁਸੈਨ ਨੇ ਇਹ ਤਸਵੀਰ ਆਪਣੀ ਵੈੱਬਸਾਈਟ 'ਤੇ ਵੀ ਪਾ ਦਿੱਤੀ। ਜ਼ਿਆਦਾ ਵਿਰੋਧ ਤੇ ਖਤਰਿਆਂ ਕਾਰਨ ਹੁਸੈਨ ਇੰਗਲੈਂਡ ਚਲੇ ਗਿਆ।

2007 ਵਿਚ ਫਿਦਾ ਹੁਸੈਨ ਉਪਰ ਸੈਂਕੜੇ ਮੁਕੱਦਮੇ ਦਰਜ ਸਨ ਪਰ ਉਹ ਕਿਸੇ ਵਿਚ ਪੇਸ਼ ਨਹੀਂ ਸੀ ਹੋਇਆ, ਉਹ ਤਾਂ ਇੰਗਲੈਂਡ ਬੈਠਾ ਸੀ। ਉਹ ਮੁੜ ਕੇ ਕਦੇ ਭਾਰਤ ਨਹੀਂ ਗਿਆ। ਉਸ ਨੂੰ ਡਰ ਸੀ ਕਿ ਉਸ ਨੂੰ ਫੜ ਲਿਆ ਜਾਵੇਗਾ ਤੇ ਬਾਕੀ ਦੀ ਉਮਰ ਉਸ ਨੂੰ ਜੇਲ੍ਹ ਵਿਚ ਗੁਜ਼ਾਰਨੀ ਪਵੇਗੀ। ਉਸ ਦਾ ਭਾਰਤ ਛੱਡਣ 'ਤੇ ਬਹੁਤ ਸਾਰੇ ਬੁਧੀਜੀਵੀਆਂ ਨੇ ਭਾਰਤ ਸਰਕਾਰ ਦੀਆਂ ਨੀਤੀਆਂ ਨੂੰ ਕਸੂਰਵਾਰ ਠਹਿਰਾਇਆ। ਮੁੰਬਈ ਦੇ ਕਾਰੋਬਾਰੀ ਅਦਾਰਿਆਂ ਦੀ ਮੁਖੀ ਹਰਸ਼ਾ ਗੋਇੰਕਾ ਨੇ ਫਿਦਾ ਹੁਸੈਨ ਦਾ ਦੇਸ਼ ਛੱਡਣ ਲਈ ਮਜਬੂਰ ਹੋਣ ਨੂੰ ਸਿਸਟਮ ਦੀ ਕਮਜ਼ੋਰੀ ਦੱਸਿਆ ਜਿਹੜਾ ਆਪਣੇ ਸ਼ਹਿਰੀਆਂ ਦੇ ਹੱਕਾਂ ਦੀ ਰਾਖੀ ਨਹੀਂ ਕਰ ਸਕਦਾ। ਲਿਖਾਰੀ ਚੰਦਨ ਮਿਤਰਾ ਨੇ ਵੀ ਹੁਸੈਨ ਦੇ ਦੇਸ਼ ਛੱਡਣ ਨੂੰ ਕਾਨੂੰਨ ਦੀ ਕਮਜ਼ੋਰੀ ਕਿਹਾ ਸੀ। ਪ੍ਰਸਿੱਧ ਕਲਾਕਾਰ ਸਤੀਸ਼ ਗੁਜਰਾਲ ਨੇ ਫਿਦਾ ਹੁਸੈਨ ਦੇ ਖਿਲਾਫ ਬਿਆਨ ਦਿੰਦਿਆਂ ਉਸ ਨੂੰ ਸਵਾਲ ਪੁੱਛਿਆ ਸੀ ਕਿ ਉਹ ਜਿਵੇਂ ਹਿੰਦੂ ਦੇਵੀਆਂ ਦੀਆਂ ਗਲਤ ਤਸਵੀਰਾਂ ਬਣਾਉਂਦਾ ਹੈ, ਕੀ ਉਹ ਕਿਸੇ ਇਸਲਾਮੀ ਸ਼ਖਸੀਅਤ ਦੀ ਅਜਿਹੀ ਤਸਵੀਰ ਬਣਾ ਸਕਦਾ ਹੈ? ਬਾਅਦ ਵਿਚ ਸਤੀਸ਼ ਗੁਜਰਾਲ ਨੇ ਆਪਣੇ ਬਿਆਨ ਬਾਰੇ ਮੁਆਫੀ ਮੰਗੀ ਅਤੇ ਕਿਹਾ ਕਿ ਫਿਦਾ ਹੁਸੈਨ 'ਮੌਬ ਕਲਚਰ' ਦਾ ਸ਼ਿਕਾਰ ਹੋ ਗਿਆ ਹੈ। ਪ੍ਰਸਿੱਧ ਨੇਤਾ ਤੇ ਲੇਖਕ ਸ਼ਸ਼ੀ ਥਰੂਰ ਫਿਦਾ ਹੁਸੈਨ ਦੇ ਹੱਕ ਵਿਚ ਨਿਤਰਿਆ ਤੇ ਉਸ ਨੇ ਭਾਰਤੀ ਸਰਕਾਰ ਨੂੰ ਸਲਾਹ ਦਿੱਤੀ ਕਿ ਹੁਸੈਨ ਦਾ ਦੁੱਖ ਘੱਟ ਕਰਨ ਲਈ ਉਸ ਨੂੰ ਭਾਰਤ ਰਤਨ ਦਾ ਇਨਾਮ ਦਿੱਤਾ ਜਾਣਾ ਚਾਹੀਦਾ ਹੈ ਪਰ ਸਰਕਾਰ ਨੇ ਉਸ ਦੀ ਗੱਲ ਨਾ ਮੰਨੀ। ਫਿਦਾ ਹੁਸੈਨ ਦਾ ਇਸ ਸਾਰੇ ਮਾਮਲੇ ਵਿਚ ਆਪਣਾ ਕਹਿਣਾ ਸੀ ਕਿ ਕੋਈ ਵੀ ਹਿੰਦੂ ਲੀਡਰ ਉਸ ਦੀਆਂ ਕ੍ਰਿਤਾਂ ਦੇ ਖਿਲਾਫ ਨਹੀਂ ਬੋਲਿਆ ਪਰ ਉਨ੍ਹਾਂ ਨੇ ਉਸ ਦੇ ਹੱਕ ਵਿਚ ਵੀ ਆਵਾਜ਼ ਨਹੀਂ ਉਠਾਈ। ਜਿਹੜੇ ਲੋਕ ਉਸ ਖਿਲਾਫ ਬੋਲ ਰਹੇ ਸਨ, ਉਨ੍ਹਾਂ ਦਾ ਮਕਸਦ ਸਿਆਸੀ ਲਾਭ ਲੈਣੇ ਸੀ।

ਇੰਗਲੈਂਡ ਆ ਕੇ ਵੀ ਫਿਦਾ ਹੁਸੈਨ ਆਪਣੇ ਖੇਤਰ ਵਿਚ ਸਰਗਰਮ ਰਿਹਾ। ਉਸ ਦਾ ਇਕ ਟਿਕਾਣਾ ਲੰਡਨ ਵਿਚ ਸੀ ਤੇ ਦੂਜਾ ਦੋਹਾ ਵਿਚ। ਆਪਣੇ ਆਪ ਸਹੇੜੀ ਜਲਾਵਤਨੀ ਤੋਂ ਪਹਿਲਾਂ ਵੀ ਉਹ ਬਹੁਤੀ ਦੇਰ ਦੋਹਾ ਵਿਚ ਹੀ ਰਹਿੰਦਾ ਸੀ। ਜਦ ਦੋਹਾ ਵਿਚ ਬਹੁਤੀ ਗਰਮੀ ਪੈਣ ਲੱਗਦੀ ਤਾਂ ਹੀ ਭਾਰਤ ਆਉਂਦਾ। 2008 ਵਿਚ ਫਿਦਾ ਹੁਸੈਨ ਨੂੰ ਭਾਰਤ ਦੇ ਇਤਿਹਾਸ ਉਪਰ ਵੱਡੀ ਸਕੇਲ 'ਤੇ ਬੱਤੀ ਪੇਂਟਿੰਗਜ਼ ਬਣਾਉਣ ਦਾ ਆਰਡਰ ਮਿਲਿਆ ਸੀ ਜਿਨ੍ਹਾਂ ਵਿਚੋਂ ਉਹ ਅੱਠ ਪੇਂਟਿੰਗਜ਼ ਹੀ ਪੂਰੀਆਂ ਕਰ ਸਕਿਆ। ਕਤਰ ਦੇ ਰਾਜੇ ਦੀ ਘਰ ਵਾਲੀ ਜਿਸ ਨੂੰ ਕਲਾ ਵਿਚ ਬਹੁਤ ਦਿਲਚਸਪੀ ਸੀ, ਤੋਂ ਉਸ ਨੂੰ ਅਰਬ ਸਿਵਿਲਾਈਜੇਸ਼ਨ ਉਪਰ ਪੇਂਟਿੰਗ ਬਣਾਉਣ ਦੀ ਫਰਮਾਇਸ਼ ਮਿਲੀ ਸੀ। ਉਥੇ ਉਸ ਨੇ ਇਕ ਹੋਰ ਪੇਂਟਿੰਗ ਇੰਡੀਅਨ ਸਿਵਿਲਾਈਜੇਸ਼ਨ ਉਪਰ ਵੀ ਬਣਾਈ। ਇਹ ਦੋਵੇਂ ਪੇਂਟਿੰਗਜ਼ ਕਤਰ ਦੇ ਮਿਊਜ਼ੀਅਮ ਵਿਚ ਪਈਆਂ ਹਨ। 2010 ਵਿਚ ਕਤਰ ਸਰਕਾਰ ਨੇ ਉਸ ਨੂੰ ਕਤਰ ਦੀ ਨੈਸ਼ਨੈਲਟੀ ਦੇ ਦਿੱਤੀ ਗਈ ਤਾਂ ਉਸ ਨੇ ਭਾਰਤੀ ਪਾਸਪੋਰਟ ਤਿਆਗ ਕੇ ਕਤਰ ਦਾ ਪਾਸਪੋਰਟ ਲੈ ਲਿਆ। ਇਸੇ ਸਾਲ ਹੀ ਜੌਰਡਨ ਦੀ ਇਕ ਸੰਸਥਾ ਨੇ ਦੁਨੀਆਂ ਦੇ ਸਭ ਤੋਂ ਪ੍ਰਭਾਵਸ਼ਾਲੀ ਪੰਜ ਸੌ ਮੁਸਲਮਾਨਾਂ ਦੀ ਲਿਸਟ ਤਿਆਰ ਕੀਤੀ ਜਿਸ ਵਿਚ ਮਕਬੂਲ ਫਿਦਾ ਹੁਸੈਨ ਦਾ ਨਾਂ ਵੀ ਸੀ।

92 ਸਾਲ ਦੀ ਉਮਰ ਵਿਚ ਕੇਰਲ ਸਰਕਾਰ ਨੇ ਉਸ ਨੂੰ 'ਰਾਜਾ ਰਵੀ ਵਰਮਾ' ਨਾਮੀ ਵੱਕਾਰੀ ਇਨਾਮ ਦੇਣ ਦਾ ਐਲਾਨ ਕੀਤਾ ਪਰ ਸਰਕਾਰ ਦੇ ਅੰਦਰ ਹੀ ਇਕ ਗਰੁੱਪ ਇਸ ਦਾ ਵਿਰੋਧ ਕਰਨ ਲੱਗਾ ਤੇ ਇਸ ਖਿਲਾਫ ਹਾਈਕੋਰਟ ਵਿਚ ਰਿੱਟ ਕਰ ਦਿੱਤੀ। ਇਵੇਂ ਇਹ ਇਨਾਮ ਵਿਚਕਾਰ ਹੀ ਰਹਿ ਗਿਆ। ਮਕਬੂਲ ਫਿਦਾ ਹੁਸੈਨ 95 ਸਾਲ ਦੀ ਉਮਰ ਭੋਗ ਕੇ 9 ਜੂਨ 2011 ਨੂੰ ਲੰਡਨ ਦੇ ਰੁਆਇਲ ਬਰੈਂਪਟਨ ਹਸਪਤਾਲ ਵਿਚ ਦਿਲ ਦੇ ਦੌਰੇ ਨਾਲ ਪੂਰਾ ਹੋ ਗਿਆ। ਇਵੇਂ ਉਸ ਦਿਨ ਇਕ ਯੁੱਗ ਦਾ ਅੰਤ ਹੋ ਗਿਆ। ਫਿਦਾ ਹੁਸੈਨ ਪੇਂਟਰ ਹੀ ਨਹੀਂ ਸੀ ਸਗੋਂ ਇਕ ਕਲਾਕਾਰ ਵੀ ਸੀ। ਮਾਧੁਰੀ ਦੀਕਸ਼ਤ ਨੂੰ ਲੈ ਕੇ ਉਸ ਨੇ 'ਗਜ ਗਾਮਿਨੀ' ਨਾਂ ਦੀ ਫਿਲਮ ਬਣਾਈ ਸੀ। ਗਜ ਗਾਮਿਨੀ ਦਾ ਮਤਲਬ ਹੁੰਦਾ ਹੈ- ਹਾਥੀ ਚਾਲ ਚੱਲਣ ਵਾਲੀ ਔਰਤ। ਉਹ ਮਾਧੁਰੀ ਦਾ ਬਹੁਤ ਵੱਡਾ ਆਸ਼ਕ ਸੀ। ਉਸ ਨੇ ਮਾਧੁਰੀ ਦੀਆਂ ਤਸਵੀਰਾਂ ਵੀ ਬਣਾਈਆਂ। ਇਸ ਫਿਲਮ ਵਿਚ ਉਸ ਨੇ ਮਾਧੁਰੀ ਦੇ ਸਰੀਰ ਨੂੰ ਵੱਖ-ਵੱਖ ਕੋਨਾਂ ਤੋਂ ਫਿਲਮਾਇਆ। ਇਵੇਂ ਹੀ ਉਸ ਨੇ ਇਕ ਹੋਰ ਫਿਲਮ ਬਣਾਈ ਜਿਸ ਦਾ ਨਾਂ ਸੀ- 'ਮੀਨਾਕਸ਼ੀ-ਟੇਲ ਆਫ ਥਰੀ ਸਿਟੀ' ਜਿਸ ਦੀ ਹੀਰੋਇਨ ਤੱਬੂ ਸੀ ਪਰ ਇਸ ਫਿਲਮ ਨੂੰ ਮੁਸਲਮਾਨਾਂ ਨੇ ਸਿਨਮਿਆਂ ਵਿਚੋਂ ਲਹਾ ਦਿੱਤਾ ਕਿ ਇਸ ਵਿਚ ਇਕ ਕਵਾਲੀ ਇਸਲਾਮ ਦੇ ਖਿਲਾਫ ਸੀ। ਉਸ ਨੇ ਕੁਝ ਹੋਰ ਫਿਲਮਾਂ ਵੀ ਬਣਾਈਆਂ। ਇਨ੍ਹਾਂ ਫਿਲਮਾਂ ਲਈ ਉਸ ਨੂੰ ਕੁਝ ਇਨਾਮ ਵੀ ਮਿਲੇ।

ਮੈਂ ਸੋਚਦਾਂ, ਉਹ ਵੇਲਾ ਫਿਰ ਵੀ ਚੰਗਾ ਸੀ ਕਿ ਉਸ ਨੂੰ ਦੇਸ਼ ਛੱਡਣ ਦਾ ਮੌਕਾ ਦੇ ਦਿੱਤਾ; ਜਿਹੜੇ ਅੱਜ ਦੇ ਹਾਲਾਤ ਹਨ, ਇਹੋ ਗੱਲ ਅੱਜ ਦੇ ਸਮੇਂ 'ਚ ਵਾਪਰਦੀ ਤਾਂ ਸ਼ਾਇਦ ਉਹਨੂੰ ਦੇਸ਼ ਛੱਡਣ ਦਾ ਮੌਕਾ ਵੀ ਨਾ ਦਿੱਤਾ ਜਾਂਦਾ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਅਪਰੈਲ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-475



*ਮਾਂ ਦੀ ਆਂਦਰ ਦੇਖੋ ਕਿੱਦਾਂ ਫਲਦੀ ਹੈ।*
*ਨਿੱਘ ਦੀ ਅਗਨੀ ਹਰ ਪਾਸੇ ਹੀ ਬਲਦੀ ਹੈ।*
*ਆਪਣਿਆਂ ਤੇ ਗੈਰਾਂ ਦਾ ਕੋਈ ਫਰਕ ਨਹੀਂ,*
*ਚਾਰੇ ਪਾਸੇ ਮਮਤਾ ਮਮਤਾ ਢਲਦੀ ਹੈ।*

## ਕੈਪਸ਼ਨ ਮੁਕਾਬਲਾ-473



ਦਿੱਲੀ ਪੱਕੇ ਘਰ ਬਣਾ ਲਏ,
ਜਿੱਤ ਕੇ ਮੁੜਨਾ, ਵਿੱਢੀ ਜੋ ਲੜਾਈ।
ਵਾਰੋ-ਵਾਰੀ ਆਉਂਦੇ-ਜਾਂਦੇ,
ਚੜ੍ਹਦੀ ਕਲਾ ਰੱਖਣ ਬਣਾਈ।
ਅਤੁੱਟ ਲੰਗਰ ਵਰਤੇ ਚੌਵੀ ਘੰਟੇ,
ਸੇਵਾ ਕਾਰਜ ਸਭ ਜਾਣ ਨਿਭਾਈ।

*-ਦਵਿੰਦਰ ਕੌਰ*

---

ਛੱਡ ਕੇ ਜ਼ਿੰਦਗੀ ਦੇ ਸੁੱਖ ਸਾਧਨ
ਸਾਰੇ ਰੜੇ ਰਾਤ ਗੁਜ਼ਾਰਦਾ,
ਉੱਠ ਸਵੇਰੇ ਤੱਤੀ ਚਾਹ ਪੀ ਕੇ
ਕੜਾਕੇ ਦੀ ਠੰਢ ਨੂੰ ਮਾਰਦਾ।
ਝੰਬਿਆ ਸਰਕਾਰਾਂ ਦੀ ਬੇਰੁਖੀ ਦਾ
ਆਉਣ ਬੈਠਾ ਹੈ ਦਿੱਲੀ,
ਚਾਰ ਮਹੀਨੇ ਹੋ ਗਏ ਪਰ
ਆਈ ਥੈਲਿਓਂ ਬਾਹਰ ਨਾ ਬਿੱਲੀ।

*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਉੱਠ ਸਵੇਰੇ ਕਰੀ ਤਿਆਰੀ
ਵਿਚ ਦੁੱਧ ਦੇ ਪਾ ਲਈ ਪੱਤੀ।
ਆ ਬਾਰਡਰ 'ਤੇ ਬੈਠ ਗਏ ਨੇ
ਦਿੱਲੀ ਨੂੰ ਬਿਪਤਾ ਪਾ ਹੈ ਰੱਖੀ।
ਜਿੱਤ ਕੇ ਘਰ ਨੂੰ ਪਰਤਣ ਵਾਲੀ
ਬੱਸ, ਮਨਾਂ ਵਿਚ ਠਾਣ 'ਲੀ ਪੱਕੀ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਸੇਵਾ ਭਾਵਨਾ ਦੀ ਜਿਹਨੂੰ ਚੇਟਕ ਲੱਗ'ਜੇ
ਉਹ ਆਰਾਮ ਨਾਲ ਨਹੀਂ ਬਹਿੰਦੇ।
ਗ੍ਰਹਿਸਥੀ ਜੀਵਨ ਦੀਆਂ ਔਕੜਾਂ
ਨੂੰ ਵੀ ਖੁਸ਼ੀ ਖੁਸ਼ੀ ਨੇ ਸਹਿੰਦੇ।
ਦਿੱਲੀ ਬਾਰਡਰਾਂ 'ਤੇ ਅੰਦੋਲਨ 'ਚ
ਅਜਿਹੇ ਮਰਜੀਵੜੇ ਸ਼ਾਮਲ ਹੋਏ ਭਰਪੂਰ।
ਸਾਥੀਆਂ ਨੂੰ ਦਿੰਦੇ ਹੱਲਾਸ਼ੇਰੀ
ਕਹਿੰਦੇ ਹੁਣ ਨਾ 'ਦਿੱਲੀ ਦੂਰ।'

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਚੱਲ ਰਿਹਾ ਘੋਲ ਜੀ, ਆ ਜਾਓ
ਜਿਨ੍ਹਾਂ ਜਿਨ੍ਹਾਂ ਹੱਥ ਵਟਾਉਣਾ।
ਸੰਯੁਕਤ ਮੋਰਚਾ ਹੈ ਮੂਹਰੇ
ਲੱਗ ਜਾਓ ਮਗਰ
ਜੇ ਗਿਰਵੀ ਹੋਣ ਤੋਂ ਬਚਣਾ।
ਚੌਕਸ ਰਹਿਣਾ ਧਰਮ, ਜਾਤ-ਪਾਤ
ਸਿਆਸੀ ਦੁਮਛੱਲਿਆਂ ਤੋਂ।
ਆਉਂਦੇ ਰਹੋ, ਜਾਂਦੇ ਰਹੋ
ਥੋੜ੍ਹੀ ਸੇਵਾ ਵੀ ਹੈ ਮੁੱਲ ਪਾਉਂਦੀ।

*-ਦਰਸ਼ਨਪਾਲ ਦੋਸਾਂਝ*

---

ਕਿੱਥੇ ਗਏ ਨੇ ਚੀਨੀ ਦੇ ਤੇਰੇ ਕੱਪ ਮੀਆਂ
ਗਲਾਸਾਂ ਵਿਚ ਚਾਹ ਤੱਤੀ ਪਾਂਵਦਾ ਏਂ।
ਨਾ ਮਿੱਠਾ ਅਤੇ ਨਾ ਹੀ ਹੈ ਪੱਤੀ ਪੂਰੀ
ਦੁੱਧ ਵਿਹੂਣਾ ਹੀ ਸ਼ਰਬਤ ਪਿਆਂਵਦਾ ਏਂ।
ਤੇਰੀ ਭਾਵਨਾ ਉੱਤੇ ਤਾਂ ਸ਼ੱਕ ਕੋਈ ਨਹੀਂ
ਧੁਰ ਦਿਲੋਂ ਹੀ ਸਿਦਕ ਨਿਭਾਂਵਦਾ ਏਂ।
ਡਟਿਆ ਰਹੁ ਤੂੰ ਨਿਧੜਕ
ਕਿਸਾਨ ਮੋਰਚੇ 'ਤੇ
ਤੇਰੇ ਸਬਰ ਦੀ ਪਰਖ ਦਾ
ਇਮਤਿਹਾਨ ਜੁ ਏ।

*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

# "ਗੁਰੂ ਲਾਧੋ ਰੇ" ਵਾਲਾ ਬਾਬਾ ਮੱਖਣ ਸ਼ਾਹ ਲੁਬਾਣਾ

ਬਾਬਾ ਮੱਖਣ ਸ਼ਾਹ ਲੁਬਾਣਾ ਦਾ ਨਾਂ ਸੁਣਦਿਆਂ/ਪੜ੍ਹਦਿਆਂ ਹੀ ਮਨ ਵਿਚ ਬਚਪਨ ਤੋਂ ਗਹਿਰੀ ਉਕਰੀ ਉਹ ਤਸਵੀਰ ਉੱਭਰ ਆਉਂਦੀ ਹੈ, ਜਿਸ ਵਿਚ ਇਕ ਕੋਠੇ ਦੀ ਛੱਤ ਉੱਤੇ ਖਲੋਤਾ ਅਧਖੜ ਉਮਰ ਦਾ ਇੱਕ ਪ੍ਰਭਾਵਸ਼ਾਲੀ ਇਨਸਾਨ ਹੱਥ ਵਿਚਲਾ ਪਰਨਾ ਜ਼ੋਰ ਜ਼ੋਰ ਦੀ ਘੁਮਾਉਂਦਾ, ਕੁਝ ਉੱਚੀ ਉੱਚੀ ਪੁਕਰ ਰਿਹਾ ਨਜ਼ਰ ਆਉਂਦਾ ਹੈ। ਉਸ ਦਾ ਪੁਰਨੂਰ ਚਿਹਰਾ ਬਹੁਤ ਉਤਾਵਲੇਪਣ ਵਿਚ ਹੈ। ਉਹ ਇੱਕੋ ਸਾਹੇ ਸਾਰੀ ਦੁਨੀਆਂ ਨੂੰ ਉਹ ਕੁਝ ਜਾਣੂੰ ਕਰਾ ਦੇਣਾ ਚਾਹੁੰਦਾ ਹੈ, ਜੋ ਉਸ ਨੇ ਜਾਣ ਲਿਆ ਹੈ। ਉਸ ਦੀ ਜਿਸਮਾਨੀ ਭਾਸ਼ਾ ਸਾਫ ਸਪਸ਼ਟ ਇਸ਼ਾਰੇ ਕਰਦੀ ਹੈ ਕਿ ਉਹ ਸੱਚ ਲਈ ਨਿਡਰਤਾ ਨਾਲ ਜੂਝਣ ਲਈ ਤਿਆਰ ਹੈ। ਉਹ ਵਿਰੋਧੀ ਨੂੰ ਗੜਕਵੀਂ ਅਤੇ ਖੜਕਵੀਂ ਭਾਸ਼ਾ ਵਿਚ ਦੱਸ ਦੇਣਾ ਚਾਹੁੰਦਾ ਹੈ ਕਿ ਉਹ ਦੰਭੀ ਤੇ ਪਾਖੰਡੀ ਹਨ, ਲੋਭੀ ਅਤੇ ਲਾਲਚੀ ਹਨ, ਰੂਹੋਂ ਸੁੱਕੇ ਪਰ ਗੁਰੂਤਾ ਦੇ ਭੁੱਖੇ ਹਨ। ਉਹ



**ਡਾ. ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਫੋਨ: 91-97798-53245

ਦੱਸ ਦੇਣਾ ਚਾਹੁੰਦੈ ਕਿ ਅਸਲੀ ਹੱਕਦਾਰ ਅਹੁਦਿਆਂ ਦੇ ਮਗਰ ਮਗਰ ਨਹੀਂ ਭੱਜੇ ਫਿਰਦੇ, ਸਗੋਂ ਉਹ ਤਾਂ ਉਨ੍ਹਾਂ ਦੇ ਮਗਰ ਮਗਰ ਭੱਜੇ ਆਉਂਦੇ ਹਨ। ਅਸਲੀ ਗੁਰੂ ਆਪੇ ਨਹੀਂ ਬਣ ਜਾਂਦੇ, ਥਾਪੇ ਜਾਂਦੇ ਹਨ, ਉਨ੍ਹਾਂ ਨੂੰ ਮਹਾਨ ਆਤਮਾਵਾਂ ਦਾ ਥਾਪੜਾ ਪ੍ਰਾਪਤ ਹੁੰਦਾ ਹੈ। ਸੰਗਤਾਂ ਉਨ੍ਹਾਂ ਤੋਂ ਕੁਰਬਾਨ ਹੋਣ ਲਈ ਤੱਤਪਰ ਹੁੰਦੀਆਂ ਹਨ। ਉਹ ਬੇ-ਖੌਫ ਉੱਚੀ ਉੱਚੀ ਪੁਕਾਰਦਾ ਹੈ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।"

ਸਿੱਖ ਇਤਿਹਾਸ ਦੇ ਸਾਰੇ ਪੁਰਾਤਨ ਸਰੋਤ ਇਕ ਮਤ ਹਨ ਕਿ ਇਹ ਸਾਹਸੀ ਸ਼ਰਧਾਲੂ ਮੱਖਣ ਸ਼ਾਹ ਨਾਮੀ ਇੱਕ ਧਨਾਢ ਵਣਜਾਰਾ ਸੀ, ਜਿਸ ਦੀ ਗੁਰੂ-ਘਰ ਵਿਚ ਅਥਾਹ ਸ਼ਰਧਾ ਸੀ। ਉਸ ਦਾ ਵਪਾਰ ਦੇਸ਼ਾਂ-ਵਿਦੇਸ਼ਾਂ ਵਿਚ ਚਲਦਾ ਸੀ। ਉਹ ਜਲ ਅਤੇ ਥਲ-ਮਾਰਗਾਂ ਰਾਹੀਂ ਆਪਣਾ ਸਮਾਨ ਖਰੀਦੋ-ਫਰੋਖਤ ਕਰਦਾ ਸੀ। ਉਹ ਦਿੱਲੀਉਂ ਹੁੰਦਾ ਹੋਇਆ ਬਕਾਲੇ ਆਪਣੀ ਸੁੱਖਣਾ ਉਤਾਰਨ ਆਇਆ ਸੀ। ਇਹ ਉਹ ਸਮਾਂ ਸੀ, ਜਦੋਂ ਗੁਰੂ-ਪਰਿਵਾਰ ਆਪੋ-ਧਾੜ ਅਤੇ ਕਲਾ-ਕਲੇਸ਼ ਵਿਚੋਂ ਗੁਜ਼ਰ ਰਿਹਾ ਸੀ। ਮੁਗਲ ਮੁਤੱਸਬੀ ਬਾਦਸ਼ਾਹ ਸਿੱਖ ਧਰਮ ਨੂੰ ਖਤਮ ਕਰਨ 'ਤੇ ਤੁਲੇ ਹੋਏ ਸਨ। ਬਕਾਲੇ ਵਾਲਾ ਵਾਕਿਆ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਮਹੱਤਵਪੂਰਨ ਮੋੜ ਕੱਟਣ ਵਾਲਾ ਵਾਕਿਆ ਸਾਬਤ ਹੋਣ ਵਾਲਾ ਸੀ। ਇਸ ਵਾਕਿਆ ਦੇ ਕਈ ਪਸਾਰ ਉੱਭਰਨ ਵਾਲੇ ਸਨ। ਗੁਰੂ ਤੇਗ ਬਹਾਦਰ ਜੀ ਲੰਬੇ ਸਮੇਂ ਤੋਂ ਪਾਸਾ ਵੱਟ ਬਕਾਲੇ ਟਿਕਾਣਾ ਬਣਾਈ ਬੈਠੇ ਸਨ। ਉਨ੍ਹਾਂ ਨੂੰ ਕਈ ਨਾਂਵਾਂ ਨਾਲ ਪੁਕਾਰਨਾ ਸਾਬਤ ਕਰਦਾ ਹੈ ਕਿ ਉਹ ਇੱਕੋ ਸਮੇਂ ਤੇਗ ਬਹਾਦਰ ਵੀ ਸਨ, ਤਿਆਗ ਬਹਾਦਰ ਵੀ ਅਤੇ ਦੇਗ ਬਹਾਦਰ ਵੀ। ਉਨ੍ਹਾਂ ਨੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਰਾਹੀਂ ਆਪਣੀ ਸ਼ਖਸੀਅਤ ਨੂੰ ਉਸ ਮੁਕਾਮ 'ਤੇ ਲੈ ਆਂਦਾ ਸੀ, ਜਿੱਥੇ ਉਹ ਸਾਰੀ ਦੁਨੀਆਂ ਦੇ ਹਾਕਮਾਂ ਅਤੇ ਸਤਾਧਾਰੀਆਂ ਨੂੰ ਪੈਗਾਮ ਦੇ ਰਹੇ ਸਨ,

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਿਖਾਨ॥

ਉਨ੍ਹਾਂ ਨੇ ਭਾਂਪ ਲਿਆ ਸੀ ਕਿ ਅਧਿਆਤਮਕ ਪ੍ਰਚਾਰ ਅਤੇ ਪ੍ਰਸਾਰ ਲਈ ਵੀ ਸੱਤਾ ਅਤੇ ਸ਼ਕਤੀ ਜ਼ਰੂਰੀ ਸੀ। ਆਤਮਿਕ ਤੌਰ 'ਤੇ ਭਲਵਾਨ ਹੋਣਾ ਸਰੀਰਕ ਬਹੂ ਬਲ ਨਾਲੋਂ ਵੀ ਅਤਿ ਜ਼ਰੂਰੀ ਸੀ,

ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥

ਅਤੇ ਇਸ ਤੋਂ ਉਲਟ,

ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ॥

ਗੁਰੂ ਤੇਗ ਬਹਾਦਰ ਜੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਸਿਰਫ ਦਸ ਦਿਨ ਪਹਿਲਾਂ ਭਾਵ 20 ਮਾਰਚ ਨੂੰ ਦਿੱਲੀ ਵਿਖੇ ਮਿਲ ਕੇ ਆਏ ਸਨ, ਜਦੋਂ ਕਿ ਔਰੰਗਜ਼ੇਬ ਨੇ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਦਰਬਾਰ ਵਿਖੇ ਹਾਜ਼ਰ ਹੋਣ ਲਈ ਕਹਿ ਰੱਖਿਆ ਸੀ। ਉਸ ਸਮੇਂ ਅੰਮ੍ਰਿਤਸਰ ਵਿਖੇ ਪ੍ਰਿਥੀਏ ਕਿਆਂ (ਮਿਹਰਬਾਨ ਦੇ ਪੁੱਤਰ ਹਰਿ ਜੀ) ਨੇ ਕਬਜ਼ਾ ਕਰ ਰੱਖਿਆ ਸੀ, ਜਦੋਂ ਕਿ ਕਰਤਾਰਪੁਰ ਵਿਖੇ ਧੀਰ ਮੱਲ ਧੌਂਸ ਜਮਾਈ ਬੈਠਾ ਸੀ। ਰਾਮ ਰਾਇ ਵੱਖਰੀਆਂ ਸਾਜਿਸ਼ਾਂ ਬਣਾਈ ਜਾਂਦਾ ਸੀ। ਮੁਗਲ ਬਾਦਸ਼ਾਹ ਨੂੰ ਇਹ ਸਾਰਾ ਕੁਝ ਚੰਗਾ ਲੱਗ ਰਿਹਾ ਸੀ। ਇਨ੍ਹਾਂ ਹਾਲਾਤਾਂ ਵਿਚ ਜਦ ਗੁਰੂ ਹਰਿ ਕ੍ਰਿਸ਼ਨ ਜੀ ਅਚਾਨਕ ਚੇਚਕ ਦੇ ਸ਼ਿਕਾਰ ਹੋ ਗਏ ਅਤੇ ਗੰਭੀਰ ਹਾਲਤ ਵਿਚ ਚਲੇ ਗਏ ਤਾਂ ਸੰਗਤਾਂ ਨੇ ਚਿੰਤਾ ਜਾਹਰ ਕੀਤੀ ਕਿ ਉਨ੍ਹਾਂ ਤੋਂ ਬਾਅਦ ਗੁਰੂ ਕੌਣ ਹੋਵੇਗਾ! ਉਨ੍ਹਾਂ ਪੰਜ ਪੈਸੇ ਤੇ ਨਾਰੀਅਲ ਮੰਗਵਾਏ ਅਤੇ ਰੀਤੀ ਨਿਭਾ ਕੇ ਸੰਗਤਾਂ ਨੂੰ ਅਗਲੇ ਗੁਰੂ ਬਾਰੇ ਸਪਸ਼ਟ ਕਰ ਦਿੱਤਾ। ਪਹਿਲੇ ਇਤਿਹਾਸਕਾਰ ਇਹ ਮੰਨਦੇ ਰਹੇ ਹਨ ਕਿ ਗੁਰੂ ਹਰਿ ਕ੍ਰਿਸ਼ਨ ਜੀ ਨੇ ਸਿਰਫ "ਬਾਬਾ ਬਕਾਲਾ" ਕਿਹਾ ਸੀ, ਪਰ ਭੱਟ ਵਹੀਆਂ ਤੋਂ ਇਹ ਜਾਹਰ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਨੇ ਕੋਈ ਪਰਦਾ ਨਹੀਂ ਸੀ ਰੱਖਿਆ,

"ਗੁਰੂ ਹਰਿ ਕ੍ਰਿਸ਼ਨ ਜੀ ਮਹਲ ਅੱਠਵਾਂ ਬੇਟਾ ਗੁਰੂ ਹਰਿ ਰਾਏ ਜੀ ਕਾ ਸੂਰਜਬੰਸੀ ਗੋਸਲ ਘੋਤੜਾ ਸੋਢੀ ਖੱਤਰੀ ਸਾਲ 1721 ਚੇਤ ਮਾਸ ਸੁਦੀ ਚੌਦਾਂ ਬੁੱਧਵਾਰ ਕੇ ਇਉਂ ਪਾਂਚ ਪੈਸੇ ਅਤੇ ਨੇਲੀਆਰ ਮੰਗਾਏ, ਤਿੰਨ ਬਾਰ ਦਾਈਂ ਭੁਜਾ ਘੁਮਾਈ, ਧੀਮੀ ਆਵਾਜ਼ ਸੇ ਬਚਨ ਕੀਆ ਕਿ ਮੇਰਾ ਬਾਬਾ ਤੇਗ ਬਹਾਦਰ ਬਕਾਲਾ ਵਾਲਾ ਕੋ ਅਸਾਂ ਕੇ ਪੀਛੇ ਗੁਰੂ ਜਾਨਨਾ, ਜੋ ਜਾਨੇਗਾ ਗੁਰੂ ਉਸ ਕੀ ਬਹੁੜੀ ਕਰੇਗਾ, ਅੱਗੇ ਗੁਰੂ ਜੀ ਕੀ ਗਤ ਗੁਰੂ ਜਾਨੇ।"

ਹਾਲਾਂਕਿ ਜੇ ਅੱਠਵੀਂ ਪਾਤਸ਼ਾਹੀ ਨੇ ਸਿਰਫ "ਬਾਬਾ ਬਕਾਲਾ" ਸ਼ਬਦ ਹੀ ਕਹੇ ਹੁੰਦੇ ਤਾਂ ਵੀ ਕੋਈ ਭੁਲੇਖਾ ਨਹੀਂ ਸੀ, ਕਿਉਂਕਿ ਬਕਾਲੇ ਗੁਰੂ ਹਰਿ ਕ੍ਰਿਸ਼ਨ ਜੀ ਦਾ ਇਕੋ ਹੀ ਬਾਬਾ ਤੇਗ ਬਹਾਦੁਰ ਜੀ ਹੀ ਸਨ, ਜੋ ਆਪਣੇ ਨਾਨਕੇ ਪਿੰਡ ਰਹਿ ਰਹੇ ਸਨ।


ਗੁਰੂ ਜੀ ਨੇ ਦਿਵਾਨ ਦਰਗਹ ਮੱਲ ਨੂੰ ਹੁਕਮ ਕੀਤਾ ਕਿ ਉਹ ਗੁਰੂਤਾ ਦਾ ਸਮਾਨ ਲੈ ਕੇ ਬਾਬਾ ਬਕਾਲੇ ਜਾਏ। ਦਿੱਲੀ ਤੋਂ ਦੁਆਰਕਾ ਦਾਸ, ਮਨੀ ਰਾਮ, ਗੁਰਬਖਸ਼ ਅਤੇ ਮਾਤਾ ਸੁਲੱਖਣੀ ਜੀ ਭਾਦੋਂ ਦੀ ਮੱਸਿਆ ਵਾਲੇ ਦਿਨ 1721 ਬਿਕਰਮੀ, ਸ਼ੁਕਰਵਾਰ (11 ਅਗਸਤ 1664) ਬਾਬੇ ਬਕਾਲੇ ਪਹੁੰਚੇ ਅਤੇ ਨਾਰੀਅਲ ਤੇ ਪੰਜ ਪੈਸੇ ਤੇਗ ਬਹਾਦੁਰ ਜੀ ਸਾਹਮਣੇ ਪੇਸ਼ ਕੀਤੇ। ਖੁਸ਼ਕਿਸਮਤੀ ਕਿ ਬਾਬਾ ਤੇਗ ਬਹਾਦੁਰ ਜੀ ਨੇ "ਗੁਰੂ" ਮੰਨਣਾ ਮਨਜ਼ੂਰ ਕਰ ਲਿਆ।

ਸਮਝਿਆ ਜਾਂਦਾ ਹੈ ਕਿ ਜਦੋਂ ਗੁਰੂ ਹਰਿ ਕ੍ਰਿਸ਼ਨ ਜੀ ਨੇ ਬਾਬਾ (ਗੁਰੂ) ਬਕਾਲੇ ਹੋਣ ਬਾਰੇ ਕਿਹਾ ਤਾਂ ਕਈ ਸੋਢੀ ਦੂਰੋਂ ਨੇੜਿਓਂ ਆਪਣਾ ਦਾਅਵਾ ਜਤਲਾਉਣ ਲਈ ਉਥੇ ਪਹੁੰਚ ਗਏ, ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਦਾਅਵੇਦਾਰ ਧੀਰ ਮੱਲ ਸੀ, ਜੋ ਆਪਣੇ ਹਮਾਇਤੀਆਂ ਅਤੇ ਹਿਤੈਸ਼ੀਆਂ ਨੂੰ ਲੈ ਕੇ ਬਕਾਲੇ ਪਹੁੰਚ ਗਿਆ ਸੀ। ਭਾਵੇਂ ਕਈ ਇਤਿਹਾਸਕਾਰਾਂ ਨੇ ਪਿੱਛੋਂ ਚੱਲੀ ਆਉਂਦੀ ਬਾਈ ਮੰਜੀਆਂ ਵਾਲੀ ਗੱਲ ਦੁਹਰਾਈ ਹੈ, ਪਰ ਇਹ ਸੱਚ ਲੱਗਦਾ ਹੈ ਕਿ ਉਥੇ ਵੱਡਾ ਵਿਰੋਧੀ ਧੀਰ ਮੱਲ ਹੀ ਸੀ। ਉਹ ਦੋ ਗੱਲਾਂ 'ਤੇ ਆਪਣੀ ਦਾਅਵੇਦਾਰੀ ਜਤਲਾਉਂਦਾ ਸੀ-ਇੱਕ ਤਾਂ ਬਾਬਾ ਗੁਰਦਿੱਤਾ ਜੀ ਦਾ ਪੁੱਤਰ ਹੋਣ ਕਰਕੇ, ਦੂਸਰਾ ਗੁਰੂ ਗ੍ਰੰਥ ਸਾਹਿਬ ਦੀ ਮੁਢਲੀ ਬੀੜ 'ਤੇ ਕਾਬਜ਼ ਹੋਣ ਕਰਕੇ। "ਮਹਿਮਾ ਪ੍ਰਕਾਸ਼" ਭਾਈ ਮੱਖਣ ਸ਼ਾਹ ਦੀ ਦੁਬਿਧਾ ਹੇਠ ਲਿਖੇ ਸ਼ਬਦਾਂ 'ਚ ਲਿਖਦਾ ਹੈ,

ਤਿਸ ਸਮੇਂ ਬਕਾਲ ਪਹੁਚਾ ਆਇ।
ਤਹਾ ਸਿਖ ਸੰਗਤ ਦੇਖੇ ਦੋ ਭਾਇ।
ਕਛੁ ਸੰਗਤ ਧੀਰ ਮਲ ਘਰ ਜਾਵੈ।
ਗੁਰੂ ਤੇਗ ਬਹਾਦਰ ਕਛੂ ਪੂਜਨ ਜਾਵੈ।

ਕਰਮ ਸਿੰਘ ਹਿਸਟੋਰੀਅਨ ਅਨੁਸਾਰ ਵੀ ਮੁਕਾਬਲਾ ਦੋਹਾਂ ਵਿਚ ਹੀ ਸੀ,

"...ਗੁਰੂ ਤੇਗ ਬਹਾਦਰ ਜੀ ਅਤੇ ਬਾਬਾ ਗੁਰਦਿੱਤਾ ਜੀ ਦੀ ਸੰਤਾਨ ਵਿਚੋਂ ਧੀਰ ਮੱਲ ਸੀ, ਸੋ ਇਨ੍ਹਾਂ ਦਾ ਹੀ ਮੁਕਾਬਲਾ ਸੀ ਅਤੇ ਇਨ੍ਹਾਂ ਨਾਲ ਹੀ ਫਸਾਦ ਝਗੜੇ ਹੋਏ, ਰਾਮ ਰਾਇ ਜੀ ਵੀ ਗੱਦੀ ਉੱਤੇ ਨਜ਼ਰ ਰੱਖਦੇ ਸਨ, ਪਰ ਉਨ੍ਹਾਂ ਦਾ ਬਕਾਲੇ ਆਉਣਾ ਸੁਣਿਆ ਨਹੀਂ...।"( ਗੁਰਪੁਰਬ ਨਿਰਣਯ)। ਉਂਜ ਬਹੁਤ ਸਾਰੇ ਇਤਿਹਾਸਕਾਰ ਇਸ ਕਥਨ ਨਾਲ ਸਹਿਮਤ ਨਹੀਂ ਕਿ ਮੱਖਣ ਸ਼ਾਹ ਗੁਰੂ ਘਰ ਦਾ ਮਸੰਦ ਸੀ ਅਤੇ ਆਪਣੇ ਇਲਾਕੇ ਦੀ ਸੰਗਤ ਨਾਲ ਦਸਵੰਧ ਰਾਸ਼ੀ ਚੜ੍ਹਾਉਣ ਲਈ ਵਿਸਾਖੀ ਦੇ ਮੌਕੇ ਬਕਾਲੇ ਆਇਆ ਸੀ। ਬਹੁਤੇ ਜਾਣਕਾਰ ਮੰਨਦੇ ਹਨ ਕਿ ਉਸ ਦੇ ਆਉਣ ਦਾ



ਮੌਕਾ ਦਿਵਾਲੀ ਦਾ ਸੀ। ਉਸ ਦੀ ਪਤਨੀ ਅਤੇ ਤਿੰਨੇ ਪੁੱਤਰ (ਕਈਆਂ ਨੇ ਚਾਰ ਲਿਖਿਆ ਹੈ ਅਤੇ ਕਈਆਂ ਨੇ ਇੱਕ) ਉਸ ਦੇ ਨਾਲ ਸਨ। ਕਵੀ ਕੰਕਣ ਮੱਖਣ ਸ਼ਾਹ ਬਾਰੇ ਲਿਖਣ ਵਾਲਾ ਸਭ ਤੋਂ ਪਹਿਲਾ ਕਵੀ ਮੰਨਿਆਂ ਜਾਂਦਾ ਹੈ, ਪਰ ਉਹ ਮੱਖਣ ਸ਼ਾਹ ਦੀ ਥਾਂ ਸ਼ਬਦ "ਨਾਯਕ" ਵਰਤਦਾ ਹੈ,

ਨਾਯਕ ਏਕ ਗਿਨੀ ਮਨ ਮੈਂ
ਘਰ ਸੇ ਕਛੁ ਭੇਟ ਦੁਰਾਯ ਕੈ ਲਯਾਈਏ।
ਜੋ ਗੁਰੁ ਹੋਇ ਸੁ ਮਾਂਗ ਲਏ
ਨਿਜ ਭੇਟ ਨ ਤਾਂਹਿ ਕੋ ਕਾਹੂ ਦਿਖਾਈਏ।

"ਨਾਇਕ" ਸ਼ਬਦ ਲੁਬਾਨਕੀ ਉਪ-ਭਾਖਾ ਵਿਚ ਮੋਹਰੀ ਜਾਂ ਮੁਖੀਏ ਲਈ ਵਰਤਿਆ ਜਾਂਦਾ ਹੈ ਅਤੇ ਕਿਤੇ ਕਿਤੇ ਅੱਜ ਵੀ ਔਰਤਾਂ ਆਪਣੇ ਪਤੀ ਲਈ ਵਰਤ ਲੈਂਦੀਆਂ ਹਨ। "ਗੁਰਬਿਲਾਸ ਪਾਤਸ਼ਾਹੀ ਦਸਵੀਂ" ਮੱਖਣ ਸ਼ਾਹ ਬਾਰੇ ਥੋੜ੍ਹੀ ਹੋਰ ਵਾਕਫੀਅਤ ਦਿੰਦੀ ਹੈ,

ਆਯੋ ਇਕ ਸਿੱਖ ਬਹੁਗੁਨਾ
ਮਖਣ ਸ਼ਾਹ ਤਾਸ ਕੋ ਨਾਮਾ,
ਦਛਨ ਕੇ ਟਾਂਭਾ ਕੋ ਨਾਯਕ
ਲਛ ਬੈਲ ਜਿਹ ਚਲਾ ਸਹਾਇਕ।

"ਟਾਂਭਾ" ਤੋਂ ਭਾਵ ਹੈ ਟਾਂਡਾ, ਅਰਥਾਤ ਡੇਰਾ ਜਾਂ ਕਾਰਵਾਂ।

"ਸੂਰਜ ਪ੍ਰਕਾਸ਼" ਅਨੁਸਾਰ:

ਬਹੁ ਧਨ ਲਾਭ ਬਨਸ ਤੇ ਆਵਾ
ਤਿਹ ਦਸਵੰਧ ਕੋ ਮੈਂ ਨਿਕਸਾਵਾ।

ਮੱਖਣ ਸ਼ਾਹ ਦਾ ਗੁਰੂ ਘਰ ਨਾਲ ਪਿਤਾ ਪੁਰਖੀ ਸਬੰਧ ਸੀ। ਉਸ ਦੇ ਜਨਮ 'ਤੇ ਵੀ ਉਸ ਦੇ ਵੱਡਿਆਂ ਨੇ ਗੁਰੂ ਘਰ ਵਿਖੇ ਕੜਾਹ ਪ੍ਰਸ਼ਾਦਿ ਦੀ ਦੇਗ ਚੜ੍ਹਾਈ ਸੀ:

ਮਖਨ ਦਾਸ ਬੇਟਾ ਨਾਇਕੇ ਦਾਸੇ ਸ਼ਾਹ ਕਾ ਪੋਤਾ ਅਰਲੇ ਸ਼ਾਹ ਕਾ ਪੜਪੋਤਾ ਬਨੇ ਸ਼ਾਹ ਕਾ ਬੰਸ ਪਹੋੜੂ ਸ਼ਾਹ ਕੀ ਪੇਲੀਆ ਗੋਤ੍ਰਾ ਬਨਜਾਰਾ।

***ਜਦ ਮੱਖਣ ਸ਼ਾਹ ਲੁਬਾਣਾ ਗੁਰੂ ਤੇਗ ਬਹਾਦਰ ਜੀ ਨੂੰ ਮਿਲਿਆ ਤਾਂ "ਉਤਰ ਗਈ ਸਭ ਤਾਂਤ ਪਰਾਈ" ਵਾਲਾ ਆਲਮ ਛਾ ਗਿਆ। ਸ਼ਬਦਾਂ ਦੀ ਸਾਂਝ ਪਈ ਤਾਂ "ਕਿਹੜਾ ਝਲੇ ਗੁਰੂ ਦੀ ਝਾਲਾ" ਵਾਲਾ ਮਾਹੌਲ ਸਿਰਜਿਆ ਗਿਆ। ਹੁਣ ਦੋ ਮੋਹਰਾਂ, ਪੰਜ ਮੋਹਰਾਂ ਜਾਂ ਦੀਨਾਰ ਗੁਰੂ ਅੱਗੇ ਰੱਖ ਕੇ ਉਨ੍ਹਾਂ ਦੀ ਪ੍ਰੀਖਿਆ ਲੈਣ ਦੀ ਕੌਣ ਸੋਚ ਸਕਦਾ ਸੀ? ਹੁਣ ਤਾਂ ਬੱਸ ਉੱਚੇ ਚੁਬਾਰੇ ਚੜ੍ਹ ਕੇ "ਗੁਰੂ ਲਾਧੋ ਰੇ" ਦੀ ਅਲਾਹੀ ਬਾਂਗ ਲਾਉਣੀ ਬਾਕੀ ਸੀ। ਘਰ ਵਾਲੀ ਨੂੰ ਇਸ਼ਾਰਾ ਕੀਤਾ, ਉਸ ਮੋਹਰਾਂ ਦਾ ਢੇਰ ਗੁਰੂ ਜੀ ਅੱਗੇ ਭੇਟ ਕਰ ਦਿੱਤਾ। ਉਸ ਸਮੇਤ ਸਾਰੇ ਲੜਕੇ ਚਰਨਾਂ ਵਿਚ ਢਹਿ ਪਏ। ਮੱਖਣ ਸ਼ਾਹ ਨੇ ਸੋਚਿਆ, "ਹੇ ਦਾਤਾ! ਜੇ ਆਖਰੀ ਸੁਆਸ ਆਵੇ ਤਾਂ ਏਥੇ ਹੀ ਆਵੇ।"***

ਸੰਮਤ ਸੋਲਾਂ ਸੈ ਛਿਤਾਲੀਆ ਬੈਸਾਖ ਬਦੀ ਪੰਚਮੀ ਕੇ ਦਿਹੁ ਪੇਸਾਵਰ ਨਗਰੀ ਕੇ ਮਲਹਨ ਦੋ ਘਰੀ ਹੇਠ ਰਹੀ ਮਾਤਾ ਸਭਰਾਈ ਕੇ ਉਦਰ ਥੀਂ ਪੈਦਾ ਹੂਆ। ਨਾਇਕ ਦਾਸੇ ਸ਼ਾਹ ਨੇ ਗ੍ਰੰਥ ਗੁਰਬੇ ਕੋ ਦਾਨ ਕੀਆ। ਕੁਲ ਪ੍ਰੋਹਤ ਸ਼ਿਵ ਦਾਸ ਕੋ ਮਾਨਾਂ। ਗੁਰੂਆਂ ਕੀ ਕੜਾਹੀ ਕੀ।

ਉਹ ਇਤਿਹਾਸਕਾਰ, ਜੋ ਮੱਖਣ ਸ਼ਾਹ ਨੂੰ ਗੁਰੂ ਤੇਗ ਬਹਾਦਰ ਜੀ ਤੋਂ ਅਨਜਾਣ ਪੇਸ਼ ਕਰਦੇ ਹਨ, ਅਸਲੀਅਤ ਤੋਂ ਦੂਰ ਲੱਗਦੇ ਹਨ। ਮੱਖਣ ਸ਼ਾਹ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਗੁਰੂ ਹਰਿ ਰਾਏ ਜੀ ਤੱਕ ਨੂੰ ਮਿਲਦੇ-ਗਿਲਦੇ ਰਹੇ ਦੱਸੇ ਜਾਂਦੇ ਹਨ। ਭਾਈ ਮੱਖਣ ਸ਼ਾਹ ਮੁਜ਼ੱਫਰਾਬਾਦ (ਕਸ਼ਮੀਰ) ਵਿਖੇ ਮੋਟਾ ਟਾਂਡਾ ਵਿਖੇ ਰਹਿਣ ਵਾਲੇ ਸਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਏ ਜੀ ਦੇ ਕਸ਼ਮੀਰ ਦੌਰਿਆਂ ਦਰਮਿਆਨ ਗੁਰੂਆਂ ਦੇ ਉਨ੍ਹਾਂ ਕੋਲ ਠਹਿਰਨ ਦੇ ਹਵਾਲੇ ਮਿਲਦੇ ਹਨ। ਬਕਾਲੇ ਵਿਖੇ ਪਹੁੰਚ ਕੇ ਉਹ ਤੇਗ ਬਹਾਦਰ ਜੀ ਨੂੰ ਮਿਲਣ ਤੋਂ ਪਹਿਲਾਂ ਧੀਰ ਮੱਲ ਨੂੰ ਮਿਲੇ ਅਤੇ ਉਨ੍ਹਾਂ ਦੀ ਸ਼ਖਸੀਅਤ ਨੂੰ ਭਾਂਪਣ ਦੀ ਕੋਸ਼ਿਸ਼ ਕੀਤੀ। ਧੀਰ ਮੱਲ ਨੇ ਵੀ ਮੱਖਣ ਸ਼ਾਹ ਵਰਗੀ ਸ਼ਖਸੀਅਤ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਦੇਸ਼ਾਂ-ਵਿਦੇਸ਼ਾਂ ਵਿਚ ਵਿਚਰਨ ਵਾਲੇ ਵਪਾਰੀ ਬਹੁਤ ਚੁਸਤ ਅਤੇ ਚੇਤੰਨ ਲੋਕ ਹੁੰਦੇ ਹਨ।

ਜਦ ਉਹ ਗੁਰੂ ਤੇਗ ਬਹਾਦਰ ਜੀ ਨੂੰ ਮਿਲਿਆ ਤਾਂ "ਉਤਰ ਗਈ ਸਭ ਤਾਂਤ ਪਰਾਈ" ਵਾਲਾ ਆਲਮ ਛਾ ਗਿਆ। ਸ਼ਬਦਾਂ ਦੀ ਸਾਂਝ ਪਈ ਤਾਂ "ਕਿਹੜਾ ਝਲੇ ਗੁਰੂ ਦੀ ਝਾਲਾ" ਵਾਲਾ ਮਾਹੌਲ ਸਿਰਜਿਆ ਗਿਆ। ਹੁਣ ਦੋ ਮੋਹਰਾਂ, ਪੰਜ ਮੋਹਰਾਂ ਜਾਂ ਦੀਨਾਰ ਗੁਰੂ ਅੱਗੇ ਰੱਖ ਕੇ ਉਨ੍ਹਾਂ ਦੀ ਪ੍ਰੀਖਿਆ ਲੈਣ ਦੀ ਕੌਣ ਸੋਚ ਸਕਦਾ ਸੀ? ਹੁਣ ਤਾਂ ਬੱਸ ਉੱਚੇ ਚੁਬਾਰੇ ਚੜ੍ਹ ਕੇ "ਗੁਰੂ ਲਾਧੋ ਰੇ" ਦੀ ਅਲਾਹੀ ਬਾਂਗ ਲਾਉਣੀ ਬਾਕੀ ਸੀ। ਘਰ ਵਾਲੀ ਨੂੰ ਇਸ਼ਾਰਾ ਕੀਤਾ, ਉਸ ਮੋਹਰਾਂ ਦਾ ਢੇਰ ਗੁਰੂ ਜੀ ਅੱਗੇ ਭੇਟ ਕਰ ਦਿੱਤਾ। ਉਸ ਸਮੇਤ ਸਾਰੇ ਲੜਕੇ ਚਰਨਾਂ ਵਿਚ ਢਹਿ ਪਏ। ਮੱਖਣ ਸ਼ਾਹ ਨੇ ਸੋਚਿਆ, "ਹੇ ਦਾਤਾ! ਜੇ ਆਖਰੀ ਸੁਆਸ ਆਵੇ ਤਾਂ ਏਥੇ ਹੀ ਆਵੇ।" ਮੁੱਦਤ ਬਾਅਦ ਗੁਰੂ ਜੀ ਨੂੰ ਮਿਲਿਆ ਸੀ, ਸ਼ਰਧਾ ਨੇ ਮਨ ਵਿਚ ਅੱਥਰਾ ਹੜ੍ਹ ਲੈ ਆਂਦਾ, ਨੀਰੋ-ਨੀਰ ਹੋ ਗਿਆ, ਸਾਰੇ ਦਾ ਸਾਰਾ ਪਿਘਲ ਗਿਆ। ਗੁਰੂ ਜੀ ਨਾਲ ਕਲਾਮ ਸਾਂਝਾ ਕਰਨ ਦੀ ਕੋਸ਼ਿਸ਼ ਕੀਤੀ, "ਪਰਗਟ ਹੋਵੋ।"

ਹਰ ਫੈਸਲੇ ਦੀ ਕੋਈ ਨਿਸ਼ਚਿਤ ਘੜੀ ਹੁੰਦੀ ਹੈ ਸ਼ਾਇਦ! ਆਗਿਆ ਦਾ ਸੰਕੇਤ ਮਿਲ ਗਿਆ। ਮੱਖਣ ਸ਼ਾਹ ਤੋਂ ਸੰਭਲਿਆ ਨਹੀਂ ਸੀ ਜਾ ਰਿਹਾ, ਵਿਸਮਾਦ ਜਿਸਮ ਵਿਚ ਸਮੋ ਨਹੀਂ ਸੀ ਰਿਹਾ। ਝਟ ਪਟ ਕੋਠੇ 'ਤੇ ਜਾ ਚੜ੍ਹਿਆ। ਉੱਚੀ ਉੱਚੀ ਲੁਬਾਨਕੀ ਭਾਸ਼ਾ ਵਿਚ ਬੋਲਣ ਲੱਗਾ, "ਲਾਧੋ ਰੇ ਭਾਈ ਲਾਧੋ ਰੇ, ਸਾਚਾ ਗੁਰੂ ਲਾਧਾ ਰੇ।" ਸੰਗਤਾਂ ਦੌੜੀਆਂ ਆਈਆਂ। ਜਾਣਕਾਰ ਇੱਕ ਦੂਸਰੇ ਨੂੰ ਦੱਸ ਰਹੇ ਸਨ, "ਇਹ ਮੱਖਣ ਸ਼ਾਹ ਲੁਬਾਣਾ ਹੈ, ਸੌ ਜਹਾਜਾਂ ਦਾ ਮਾਲਕ, ਸਰਕਾਰਾਂ ਨੂੰ ਸਮਾਨ ਮੁਹੱਈਆ ਕਰਦੈ, ਮੋਰਚਿਆਂ ਵਿਚ ਵੀ, ਛਾਉਣੀਆਂ ਵਿਚ ਵੀ, ਸਰਕਾਰੇ-ਦਰਬਾਰੇ ਇਸ ਦੀ ਪਹੁੰਚ ਐ, ਸਰਕਾਰ ਨੇ ਇਸ ਨੂੰ ਲਾਇਸੰਸੀ ਅਸਲਾ ਦੇ ਰੱਖਿਐ, ਬਹੁਤ ਤਕੜਾ ਆਦਮੀ ਏ, ਕਸ਼ਮੀਰੀ ਵਣਜਾਰਾ ਐ, ਕੱਲ ਪਰਸੋਂ ਦਾ ਵੱਡਾ ਡੇਰਾ ਲਾ ਕੇ ਏਥੇ ਬੈਠੈ...।"

ਇਹ ਵਾਕਿਆ 9 ਅਕਤੂਬਰ 1644 ਦੀਵਾਲੀ ਵਾਲੇ ਦਿਨ ਦਾ ਹੈ। ਸਭ ਪਾਸੇ ਖਬਰਾਂ ਫੈਲ ਗਈਆਂ: ਅੰਮ੍ਰਿਤਸਰ, ਲਾਹੌਰ, ਕਰਤਾਰਪੁਰ, ਗੋਇੰਦਵਾਲ...। ਧੀਰ ਮੱਲ ਆਪਣੇ ਆਪ 'ਤੇ ਕਾਬੂ ਨਾ ਪਾ ਸਕਿਆ ਅਤੇ ਉਸ ਨੇ ਆਪਣੇ ਹਥਿਆਰਧਾਰੀ ਮਸੰਦ ਸ਼ੀਹਾਂ ਅਤੇ ਹੋਰ ਹਮਾਇਤੀਆਂ ਤੋਂ ਰਾਤ ਨੂੰ ਹਮਲਾ ਕਰਾ ਦਿੱਤਾ। ਗੋਲੀ ਵੀ ਚੱਲੀ, ਜੋ ਗੁਰੂ ਜੀ ਨੂੰ ਝਰੀਟਦੀ ਹੋਈ ਅੱਗੇ ਨਿਕਲ ਗਈ। ਸਮਾਨ ਸਾਰਾ ਲੁੱਟ ਲਿਆ। ਪਤਾ ਲੱਗਣ 'ਤੇ ਮੱਖਣ ਸ਼ਾਹ ਨੂੰ ਬਹੁਤ ਗੁੱਸਾ ਚੜ੍ਹਿਆ, "ਇਸ ਦੀ ਇਹ ਹਿੰਮਤ? ਜੇ ਕਿਤੇ ਧੀਰ ਮੱਲ ਗੁਰ-ਅੰਸ਼ 'ਚੋਂ ਨਾ ਹੁੰਦਾ ਤਾਂ ਅੱਜ ਇਸ ਨੂੰ ਮਜਾ ਚਖਾ ਦਿੰਦੇ।" ਖੈਰ! ਇਸ ਤੋਂ ਪਹਿਲਾਂ ਕਿ ਲੁਟਿਆ ਮਾਲ ਕਰਤਾਰਪੁਰ ਪਹੁੰਚਦਾ, ਅੱਧ ਵਿਚੋਂ ਹੀ ਸ਼ੀਹਾਂ ਦੇ ਹੱਥ ਪੈਰ ਬੰਨ ਕੇ, ਲੁੱਟੇ ਮਾਲ ਸਮੇਤ ਗੁਰੂ ਜੀ ਸਾਹਮਣੇ ਲਿਆ ਸੁੱਟਿਆ; ਪਰ ਗੁਰੂ ਜੀ ਨੇ ਗੁਰੂ ਵਾਲੀ ਉੱਚਤਾ-ਸੁੱਚਤਾ ਕਾਇਮ ਰੱਖਦਿਆਂ ਮੁਆਫ ਕਰਨ ਦਾ ਆਦੇਸ਼ ਦਿੱਤਾ।

ਗੁਰੂਤਾ ਪ੍ਰਾਪਤੀ ਤੋਂ ਉਪਰੰਤ ਗੁਰੂ ਜੀ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਅਤੇ ਇਸ਼ਨਾਨ ਕਰਨ ਦਾ ਮਨ ਬਣਾਇਆ। ਇਸ ਮੌਕੇ ਮੱਖਣ ਸ਼ਾਹ ਵੀ ਉਨ੍ਹਾਂ ਦੇ ਨਾਲ ਸੀ, ਹਾਲਾਂਕਿ ਕੁਝ ਇਤਿਹਾਸਕਾਰਾਂ ਦਾ ਇਹ ਮੰਨਣਾ ਦਰੁਸਤ ਨਹੀਂ ਲੱਗਦਾ ਕਿ ਮੱਖਣ ਸ਼ਾਹ ਆਪਣੇ ਘਰੋਂ ਵਾਪਸ ਆਉਂਦਿਆਂ ਹਰਿਮੰਦਰ ਸਾਹਿਬ ਮੱਥਾ ਟੇਕਣ ਗਿਆ ਤਾਂ ਸਬੱਬੀਂ ਗੁਰੂ ਜੀ ਨੂੰ ਮਿਲ ਪਿਆ। ਅਸਲੀਅਤ ਇਹ ਲੱਗਦੀ ਹੈ ਕਿ ਸਾਰੀ ਸਥਿਤੀ ਨੂੰ ਸਮਝਦਿਆਂ ਮੱਖਣ ਸ਼ਾਹ ਜ਼ਰੂਰ ਹੀ ਬਾਬੇ ਬਕਾਲੇ ਕਾਫੀ ਦਿਨਾਂ ਲਈ ਰੁਕ ਗਿਆ ਹੋਵੇਗਾ। ਦਰਬਾਰ ਸਾਹਿਬ ਵਿਖੇ ਜਦ ਗੁਰੂ ਤੇਗ ਬਹਾਦਰ ਜੀ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਉਪਰੰਤ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਤਾਂ ਪ੍ਰਿਥੀਏ ਕਿਆਂ ਨੇ ਹਰਿਮੰਦਰ ਸਾਹਿਬ ਦੇ ਕਬਾੜ ਬੰਦ ਕਰ ਦਿੱਤੇ। ਕੁਝ ਲੇਖਕਾਂ ਦਾ ਮੰਨਣਾ ਹੈ ਕਿ ਮੱਖਣ ਸ਼ਾਹ ਅਜਿਹਾ ਨਾ ਸਹਾਰ ਸਕਿਆ ਤੇ ਉਹ ਕਬਾੜ ਖੁਲ੍ਹਵਾਉਣ 'ਚ ਕਾਮਯਾਬ ਹੋ ਗਿਆ ਤੇ ਗੁਰੂ ਜੀ ਦੇ ਨਾਲ ਅੰਦਰ ਦਰਸ਼ਨਾਂ ਨੂੰ ਗਿਆ।

ਗੁਰੂ ਤੇਗ ਬਹਾਦਰ ਜੀ ਨੇ ਹੁਣ ਮਹਿਸੂਸ ਕੀਤਾ ਕਿ ਬਕਾਲੇ ਰਹਿਣਾ ਸਿਆਣਪ ਨਹੀਂ ਹੋਵੇਗਾ। ਉਹ ਮੱਖਣ ਸ਼ਾਹ ਅਤੇ ਕੁਝ ਸੰਗਤੀਆਂ ਸਮੇਤ ਬਕਾਲਾ ਛੱਡ ਕੀਰਤਪੁਰ ਚਲੇ ਗਏ, ਪਰ ਛੇਤੀ ਹੀ ਉਨ੍ਹਾਂ ਵੱਖਰਾ ਪਿੰਡ ਵਸਾਉਣ ਦਾ ਮਨ ਬਣਾ ਲਿਆ। ਛੇਤੀ ਹੀ ਮਾਖੋਵਾਲ ਵਿਖੇ ਜਗ੍ਹਾ ਦਾ ਵੀ ਪ੍ਰਬੰਧ ਹੋ ਗਿਆ ਅਤੇ ਅਨੰਦਪੁਰ ਸਾਹਿਬ ਵੱਸ ਹੋ ਗਿਆ। ਇਸ ਦੀ ਮੋਢੀ ਬੰਨ੍ਹਣ ਤੱਕ ਮੱਖਣ ਸ਼ਾਹ ਦਾ ਯੋਗਦਾਨ ਸੰਭਵ ਹੋ ਸਕਦਾ ਹੈ। ਇਸ ਤੋਂ ਬਾਅਦ ਮੱਖਣ ਸ਼ਾਹ ਨੇ ਗੁਰੂ ਜੀ ਤੋਂ ਅਤੇ ਮਾਤਾ ਜੀ ਤੋਂ ਵਿਦਾਇਗੀ ਲਈ ਤੇ ਆਪਣੇ ਕਾਰੋਬਾਰ ਲਈ ਚਲਾ ਗਿਆ। ਮੱਖਣ ਸ਼ਾਹ ਜਦ ਸੱਚੇ ਗੁਰੂ ਦੀ ਭਾਲ ਵਿਚ ਆਇਆ ਸੀ ਤਾਂ ਉਹ ਸਿਰਫ ਮੱਖਣ ਸ਼ਾਹ ਹੀ ਸੀ, ਪਰ ਜਾਣ ਵੇਲੇ ਤੱਕ ਉਸ ਗੁਰੂ ਘਰ ਤੋਂ ਇੰਨਾ ਕੁ ਪਿਆਰ ਪ੍ਰਾਪਤ ਕਰ ਲਿਆ ਸੀ ਕਿ ਉਹ "ਬਾਬਾ ਮੱਖਣ ਸ਼ਾਹ" ਜਾਂ "ਭਾਈ ਮੱਖਣ ਸ਼ਾਹ" ਬਣ ਚੁਕਾ ਸੀ।

ਪਰ ਇਹ ਬੜੀ ਅਸਚਰਜ ਅਸਲੀਅਤ ਹੈ ਕਿ ਇਸ ਤੋਂ ਬਾਅਦ ਬਾਬਾ ਮੱਖਣ ਸ਼ਾਹ ਬਾਰੇ ਇਤਿਹਾਸ ਚੁੱਪ ਹੋ ਜਾਂਦਾ ਹੈ। ਇਥੋਂ ਤੱਕ ਕਿ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਵੀ ਉਨ੍ਹਾਂ ਦਾ ਕਿਤੇ ਜ਼ਿਕਰ ਨਹੀਂ ਮਿਲਦਾ। ਸਾਡੇ ਮਨਾਂ ਵਿਚ ਉਤਸੁਕਤਾ ਜਾਗਣੀ ਸੁਭਾਵਿਕ ਹੈ ਕਿ ਆਪੇ ਲਾਧੇ ਅਤੇ ਸਥਾਪਤ ਕੀਤੇ ਗੁਰੂ ਜੀ ਦੀ ਸ਼ਹੀਦੀ ਸਮੇਂ ਉਹ ਜਿਉਂਦੇ ਸਨ ਕਿ ਨਹੀਂ? ਜੇ ਉਹ ਜਿਉਂਦੇ ਸਨ ਤਾਂ ਉਨ੍ਹਾਂ ਦਾ ਉਸ ਸਮੇਂ ਦਾ ਰੋਲ ਉੱਘੜਿਆ ਕਿਉਂ ਨਹੀਂ? ਕਿਤੇ ਕਿਤੇ ਇਤਿਹਾਸਕਾਰ ਬਾਬਾ ਲੱਖੀ ਸ਼ਾਹ ਵੱਲੋਂ ਕੀਤੇ ਗਏ ਰੋਲ ਪਿੱਛੇ ਬਾਬਾ ਮੱਖਣ ਸ਼ਾਹ ਦਾ ਹੱਥ ਸਮਝਦੇ ਹਨ। ਬੀਬੀ ਸਿਮਰਨ ਕੌਰ ਅਨੁਸਾਰ ("ਪ੍ਰਮੁੱਖ ਸਿੱਖ ਸ਼ਖਸੀਅਤਾਂ" ਸੰਪਾਦਕ ਰੂਪ ਸਿੰਘ): ਕੁਝ ਫਾਰਸੀ ਸਰੋਤਾਂ ਅਨੁਸਾਰ ਗੁਰੂ ਸਾਹਿਬ ਦੇ ਸਿਰ ਨੂੰ ਮੱਖਣ ਸ਼ਾਹ ਆਪਣੇ ਘਰ ਲੈ ਗਿਆ ਸੀ... "ਤਵਾਰੀਖਿ ਪੰਜਾਬ" ਦੇ ਕਰਤਾ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਮੱਖਣ ਸ਼ਾਹ ਲੈ ਗਿਆ ਸੀ...ਇੰਜ ਜਾਪਦਾ ਹੈ ਕਿ ਫਾਰਸੀ ਸਰੋਤ ਭਿੰਨ ਹੁੰਦਿਆਂ ਵੀ ਮਹੱਤਵਪੂਰਨ ਹਨ। ਇਨ੍ਹਾਂ ਸਰੋਤਾਂ ਅਨੁਸਾਰ ਮੱਖਣ ਸ਼ਾਹ ਦੀ ਭੂਮਿਕਾ ਬੜੀ ਅਹਿਮ ਹੈ। ਇਨ੍ਹਾਂ ਅਨੁਸਾਰ ਗੁਰੂ ਜੀ ਦੀ ਦੇਹ ਦਾ ਸੰਸਕਾਰ ਵੀ ਮੱਖਣ ਸ਼ਾਹ ਨੇ ਆਪਣੇ ਹੱਥੀਂ ਕੀਤਾ।

ਇਹ ਵਿਸ਼ਾ ਬੜਾ ਮਹੱਤਵਪੂਰਨ ਹੈ, ਜਿਸ 'ਤੇ ਸਿੱਖ ਸੰਸਥਾਵਾਂ ਨੂੰ ਅਗਾਊਂ ਖੋਜ ਲਈ ਉੱਦਮ ਕਰਨਾ ਚਾਹੀਦਾ ਹੈ।

# ਕਵਿਤਾ ਕਵਿਤਾ ਹੋਣਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ ਕਿ ਚੁੱਪ ਦੀ ਵੀ ਜ਼ੁਬਾਨ ਹੁੰਦੀ, ਜਿਸ ਦੇ ਬੋਲਾਂ ਵਿਚ ਬਹੁਤ ਕੁਝ ਅਬੋਲ ਹੁੰਦਾ।...ਚੁੱਪ ਕਦੇ ਵੀ ਕਮਜ਼ੋਰੀ ਜਾਂ ਬੁਜ਼ਦਿਲੀ ਨਹੀਂ। ਇਹ ਤਾਂ ਸਮਝਦਾਰੀ ਅਤੇ ਵਕਤ ਦਾ ਤਕਾਜ਼ਾ ਹੁੰਦੀ। ਚੁੱਪ ਨੂੰ ਸਮਝਣ ਲਈ ਸਮਰੱਥਾ, ਸੂਖਮਤਾ ਅਤੇ ਸਿਆਣਪ ਦੀ ਲੋੜ। ਉਨ੍ਹਾਂ ਨਸੀਹਤ ਕੀਤੀ ਸੀ, "ਕਦੇ ਵੀ ਘਰ ਵਿਚ ਚੁੱਪ ਨਾ ਸਿਰਜੋ। ਸਗੋਂ ਇਸ ਚੁੱਪ ਨੂੰ ਕੁਝ ਬੋਲ ਦਿਓ ਤਾਂ ਕਿ ਇਸ ਚੁੱਪ ਵਿਚੋਂ ਸੁਗਮ-ਸੰਗੀਤ, ਮਿੱਠੜੇ ਬੋਲ, ਸ਼ੁਭ-ਕਾਮਨਾਵਾਂ ਅਤੇ ਸ਼ੁਭ-ਚਿੰਤਨ ਦੀਆਂ ਮਧੁਰ ਧੁਨਾਂ ਪੈਦਾ ਹੋਣ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਹੈ ਕਿ ਕਵਿਤਾ ਨੂੰ ਪੜ੍ਹਨ ਤੇ ਸਮਝਣ ਲਈ ਦਿੱਬ ਦ੍ਰਿਸ਼ਟੀ ਦੀ ਲੋੜ। ਕਵਿਤਾ ਨਾਲ ਕਵਿਤਾ ਕਵਿਤਾ ਹੋਣਾ ਹੀ ਮਨੁੱਖੀ ਯਾਤਰਾ ਦਾ ਸਭ ਤੋਂ ਅਹਿਮ ਸੁਭਾਅ ਤੇ ਸਰੋਕਾਰ।...ਕਵਿਤਾਵਾਂ ਤਾਂ ਬਹੁਤ ਹੁੰਦੀਆਂ, ਪਰ ਸਭ ਤੋਂ ਮੁਕੱਦਸ ਕਵਿਤਾ ਹੈ, ਅੰਦਰ ਵਿਚ ਉਗਦੀ ਕਵਿਤਾ। ਅਵਾਜ਼ਾਰ, ਅਚਨਚੇਤੀ ਅਤੇ ਅਫਲਾਤੂਨੀ ਕਵਿਤਾ ਵਿਚੋਂ ਆਪਣੇ ਆਪ ਨੂੰ ਪੜ੍ਹਨਾ। ਡਾ. ਭੰਡਾਲ ਦੇ ਸ਼ਬਦਾਂ ਵਿਚ, "ਸਭ ਤੋਂ ਖੂਬਸੂਰਤ ਕਵਿਤਾ ਕਿਸਾਨ ਤੇ ਮਜਦੂਰ ਲਿਖਦਾ ਜਾਂ ਸਮਾਜ-ਸੇਵਾ ਨੂੰ ਅਰਪਿੱਤ ਵਿਅਕਤੀ ਲਿਖਦਾ। ਇਹ ਕਵਿਤਾ ਸੋਚਾਂ ਵਿਚ ਲਿਖੀ ਜਾਂਦੀ, ਕਰਮਾਂ ਵਿਚੋਂ ਉਘੜਦੀ, ਕੀਰਤੀ ਵਿਚੋਂ ਪ੍ਰਗਟਦੀ ਜਾਂ ਆਪਣੇ ਲੇਖਾਂ ਨੂੰ ਖੁਦ ਲਿਖਦੀ। ਇਹ ਕਵਿਤਾ ਕਿਸੇ ਦੀ ਮੁਥਾਜ਼ ਨਹੀਂ ਅਤੇ ਨਾ ਹੀ ਕਿਸੇ ਦੀ ਬਾਂਦੀ।" -ਸੰਪਾਦਕ***

ਕਵਿਤਾ ਆਵੇਸ਼, ਇਲਹਾਮ, ਅੰਤਰੀਵ ਵਿਚ ਫੁੱਟਦੀ ਨਿਰਮਲ-ਧਾਰਾ, ਵਿਚਾਰਾਂ ਦਾ ਪ੍ਰਵਾਹ, ਸੋਚਾਂ ਦੀਆਂ ਲਾਮਡੋਰੀਆਂ ਅਤੇ ਭਾਵਾਂ ਦੀਆਂ ਵੱਗਦੀਆਂ ਪੌਣਾਂ। ਕਵਿਤਾ ਜੁਗਲਬੰਦੀ, ਜੁਗਾੜਬੰਦੀ, ਜ਼ਬਰਦਸਤੀ, ਜ਼ਰਬ/ਤਕਸੀਮ, ਜਮ੍ਹਾਂ/ਘਟਾਓ ਨਹੀਂ। ਇਹ ਤਾਂ ਆਪ ਮੁਹਾਰਾ ਸ਼ਬਦ-ਆਵੇਗ, ਅਰਥਾਂ ਦੀ ਸ਼ਮੂਲੀਅਤ। ਕਵਿਤਾ ਦਾ ਰੂਪ ਕਿੰਜ ਕਿਆਸੋਗੇ? ਕਵਿਤਾ, ਆਪਣਾ ਰੂਪ ਜਾਂ ਮੁਹਾਂਦਰਾ ਆਪ ਹੀ ਲੈ ਕੇ ਆਉਂਦੀ। ਹਰ ਕਵਿਤਾ ਵੱਖਰੀ ਤੇ ਵਿਲੱਖਣ ਹੋਵੇ ਤਾਂ ਹੀ ਇਹ ਆਪਣਾ ਨਕਸ਼ ਅਤੇ ਨਦਰਿ ਹੁੰਦੀ।

ਕਵਿਤਾ, ਬੰਦੇ ਦੇ ਅੰਤਰੀਵ ਦੀ ਯਾਤਰਾ। ਆਪਣੇ ਆਪ ਦੇ ਸਨਮੁੱਖ ਹੋਣਾ। ਆਪਣਾ ਵਿਸਥਾਰ ਤੇ ਹੁਲਾਰ। ਸੁਪਨੇ ਤੇ ਸੰਭਾਵਨਾ। ਅੰਦਰਲੇ ਸੱਚ ਨੂੰ ਸ਼ਬਦਾਂ ਦੀ ਨੁਹਾਰ ਬਖਸ਼ਣੀ। ਇਸ 'ਚੋਂ ਹੀ ਨਿਵੇਲੀ ਕਾਵਿ-ਬਿੰਬ ਅਤੇ ਵਰਣਮਾਲਾ ਦਾ ਜਨਮ।

ਕਵਿਤਾ ਨੂੰ ਤਾਂ ਭਾਲਣ ਦੀ ਵੀ ਲੋੜ ਨਹੀਂ। ਇਹ ਤਾਂ ਮਨੁੱਖ ਦੇ ਅੰਦਰ। ਕੁਝ ਜੰਮਣ-ਪੀੜਾਂ ਹੰਢਾਉਂਦੀਆਂ ਤੇ ਕੁਝ ਲਾਡ ਲਡਾਉਂਦੀਆਂ। ਕੁਝ ਅਧੂਰੀਆਂ ਤੇ ਕੁਝ ਪੂਰਨ। ਇਨ੍ਹਾਂ ਕਵਿਤਾ ਦੇ ਰੂਬਰੂ ਹੋ, ਇਨ੍ਹਾਂ ਨੂੰ ਮੁਖਾਤਬ ਹੋਵੇਗੇ ਤਾਂ ਕਵਿਤਾ ਨੂੰ ਲੱਭਣ ਦੀ ਨੌਬਤ ਨਹੀਂ ਆਵੇਗੀ।

ਕਵਿਤਾ, ਸਾਡੇ ਆਲੇ-ਦੁਆਲੇ ਪਸਰੀ। ਚੌਗਿਰਦੇ 'ਚ ਸਮਾਈ। ਹਵਾਵਾਂ 'ਚ ਗੁਣਗੁਣਾਉਂਦੀ। ਪਾਣੀਆਂ ਦੀਆਂ ਲਹਿਰਾਂ ਸੰਗ ਉਛਲਦੀ, ਪਰ ਇਸ ਕਵਿਤਾ ਨੂੰ ਤੱਕਣ ਵਾਲੇ ਨੈਣ ਵਿਕੋਲਿਤਰੇ ਅਤੇ ਪੜ੍ਹਨ ਵਾਲੀ ਸੋਚ ਵੱਖਰੀ। ਇਸ ਦੀਆਂ ਰਮਜ਼ਾਂ ਨੂੰ ਸਮਝਣ ਤੇ ਇਸ ਨੂੰ ਅੰਤਰੀਵ ਵਿਚ ਉਤਾਰਨ ਵਾਲੇ ਬਹੁਤ ਹੀ ਵਿਰਲੇ ਲੋਕ।

ਕਵਿਤਾ ਨੂੰ ਪੜ੍ਹਨ ਤੇ ਸਮਝਣ ਲਈ ਦਿੱਬ ਦ੍ਰਿਸ਼ਟੀ ਦੀ ਲੋੜ। ਕਵਿਤਾ ਨਾਲ ਕਵਿਤਾ ਕਵਿਤਾ ਹੋਣਾ ਹੀ ਮਨੁੱਖੀ ਯਾਤਰਾ ਦਾ ਸਭ ਤੋਂ ਅਹਿਮ ਸੁਭਾਅ ਤੇ ਸਰੋਕਾਰ।

ਕਵਿਤਾ ਸਾਡੇ ਚੇਤਨ ਤੇ ਅਵਚੇਤਨ 'ਚ। ਸੰਵੇਦਨਸ਼ੀਲਤਾ ਅਤੇ ਸੂਖਮਤਾ 'ਤੇ ਨਿਰਭਰ। ਚੇਤਨਾ ਅਤੇ ਚਿੰਤਨ 'ਚ ਰੂਪ ਘੜਦੀ। ਸੂਖ਼ਮਤਾ 'ਚ ਆਪਣਾ ਅਕਾਰ ਅਤੇ ਹੋਂਦ ਧਾਰਦੀ।

ਤਾਰਿਆਂ ਵਲੋਂ ਅੰਬਰ ਦੀ ਸਲੇਟ 'ਤੇ ਲਿਖੀ ਜਾ ਰਹੀ ਕਿਰਨ-ਕਵਿਤਾ ਨੂੰ ਪੜ੍ਹਨਾ। ਇਹ ਕਵਿਤਾ ਸੂਰਜਾਂ, ਤਾਰਿਆਂ ਦੀਆਂ ਖਿਤੀਆਂ, ਗ੍ਰਹਿਆਂ, ਉਪ-ਗ੍ਰਹਿਆਂ ਦਾ ਰੂਪ ਵਟਾਉਂਦੀ, ਚਾਨਣ ਰੰਗੇ ਅੰਬਰ ਨੂੰ ਧਰਤੀ ਦਾ ਚੰਦੋਆ ਬਣਾਉਂਦੀ। ਚੰਨ-ਚਾਨਣੀ, ਕਵਿਤਾ ਦਾ ਸੰਧੂਰੀ ਰੰਗ। ਹੁਸੀਨ ਰੂਹਾਂ, ਪਿਆਰਿਆਂ ਦੀ ਆਗੋਸ਼ ਨੂੰ ਚਾਨਣ-ਰੱਤਾ ਕਰਦੀਆਂ। ਇਸ ਦਾ ਹੁਨਰ ਤੇ ਹਾਸਲ ਸਿਰਫ ਚੰਨ ਨੂੰ। ਤਾਂ ਹੀ ਲੋਕ ਮੱਸਿਆ ਤੋਂ ਉਕਤਾਏ ਪੁੰਨਿਆ ਦੀ ਉਡੀਕ ਦੌਰਾਨ, ਚੰਨ ਲਈ ਔਸੀਆਂ ਪਾਉਂਦੇ। ਚੰਨ-ਮਾਮਾ 'ਤੇ ਚਰਖਾ ਕੱਤਦੀ ਦਾਦੀ ਮਾਂ, ਧਰਤੀ ਦੇ ਬੱਚਿਆਂ ਲਈ ਕਵਿਤਾ ਦੀਆਂ ਪੂਣੀਆਂ ਹੀ ਤਾਂ ਕੱਤਦੀ ਆ।

ਕਵਿਤਾ, ਪਹਾੜਾਂ ਦੇ ਪਿੰਡੇ 'ਤੇ ਵੀ ਉਘੜੀ ਹੁੰਦੀ। ਜੰਗਲਾਂ, ਬਰਫ ਦੀ ਚਾਦਰ, ਪਹਾੜੀ ਜੀਵਾਂ ਦਾ ਨਿਆਰਾਪਣ ਅਤੇ ਪਹਾੜਾਂ ਦੀ ਲਿਖੀ ਜਾ ਰਹੀ ਕਵਿਤਾ ਨੂੰ ਕਦੇ ਮਿਲਣਾ। ਤੁਸੀਂ ਪਹਾੜਾਂ ਦੀ ਸੁੰਦਰਤਾ, ਪਾਕੀਜ਼ਗੀ ਅਤੇ ਜੀਵਨ-ਬਖਸ਼ਣਹਾਰੀ ਆਬੋ ਹਵਾ ਨੂੰ ਸਲਾਮ ਕਰੋਗੇ। ਅੰਬਰ ਛੂੰਹਦੀਆਂ ਪਰਬਤੀ ਟੀਸਿਆਂ ਨਾਲ ਖਹਿੰਦੀ ਪੌਣ ਵੀ ਅਜਿਹੀ ਕਵਿਤਾ ਪੈਦਾ ਕਰਦੀ ਹੈ, ਜੋ ਪਹਾੜਾਂ ਨੂੰ ਜਿਊਣ-ਜੋਗਾ ਕਰਦੀ; ਤਾਂ ਹੀ ਲੋਕ ਆਪਣੇ ਆਪ ਨਾਲ ਰਾਬਤਾ ਕਾਇਮ ਕਰਨ ਲਈ ਪਹਾੜਾਂ ਦੀ ਪਨਾਹ ਲੈਂਦੇ। ਪਹਾੜ ਤੋਂ ਅੰਬਰ ਲਈ ਪੌੜੀ ਬਣਦੇ ਬੱਦਲਾਂ 'ਤੇ ਲਿਖੀ ਕਵਿਤਾ ਨੂੰ ਰਮਾਓ। ਕਵਿਤਾ ਵਿਚ ਖੁਦ ਨੂੰ ਭਿਓਂ ਕੇ ਆਪਣੇ ਆਪ ਨੂੰ ਲਬਰੇਜ਼ ਕਰੋ। ਤਾਂ ਹੀ ਬੱਦਲੋਟੀਆਂ ਜਾਂ ਤਿੱਤਰਖੰਭੀਆਂ ਜਦ ਕਾਲੀਆਂ ਘਟਾਵਾਂ ਦਾ ਰੂਪ ਧਾਰਦੀਆਂ ਤਾਂ ਬਹੁਤ ਕੁਝ ਜੀਵ-ਸੰਸਾਰ ਨੂੰ ਅਰਪਿੱਤ ਕਰਦੀਆਂ। ਇਸ ਅਰਪਣ ਨਾਲ ਧਰਤ ਨੂੰ ਆਪਣੀ ਨੁਹਾਰ ਅਤੇ ਅੰਦਾਜ਼ ਨੂੰ ਬਦਲਣ ਅਤੇ ਇਸ ਨੂੰ ਅਦਬ ਤੇ ਅਦਾਬ ਮਿਲਦਾ। ਬੱਦਲਾਂ 'ਤੇ ਉਕਰੀਆਂ ਕਵਿਤਾਵਾਂ ਜਦ ਬਾਰਸ਼ ਦਾ ਰੂਪ ਵਟਾਉਂਦੀਆਂ ਤਾਂ ਇਹ ਜ਼ਿੰਦਗੀ ਦਾ ਗੀਤ ਗਾਉਂਦੀਆਂ। ਕਦੇ ਮੀਂਹ ਦੀ ਰਿਮਝਿਮ, ਮੋਹਲੇਧਾਰ ਬਾਰਸ਼ ਜਾਂ ਨਿੱਕੀ ਨਿੱਕੀ ਕਣੀ ਦੀ ਭੂਰ ਵਿਚ ਖੁਦ ਨੂੰ ਭਿਆਉਣਾ, ਮੀਂਹ ਦੀ ਕਵਿਤਾ ਨੂੰ ਆਪਣੇ ਵਿਚ ਰਚਾਉਣਾ, ਤੁਹਾਨੂੰ ਕਵਿਤਾ ਵਿਚ ਭਿੱਜ ਕੇ ਕਵਿਤਾ-ਕਵਿਤਾ ਹੋਣ ਦਾ ਵਿਸਮਾਦ ਤੇ ਵਿਲੱਖਣਤਾ ਨਸੀਬ ਹੋਵੇਗੀ।

ਬਹੁਤ ਸਾਰੀਆਂ ਕਵਿਤਾਵਾਂ ਬਚਪਨ, ਜਵਾਨੀ, ਅੱਧਖੜ ਉਮਰ ਜਾਂ ਢਲਦੀ ਸ਼ਾਮ ਵਿਚ ਬੰਦੇ ਨੂੰ ਮਿਲਣਾ ਲੋਚਦੀਆਂ, ਪਰ ਬੰਦੇ ਕੋਲ ਵਕਤ ਹੀ ਨਹੀਂ ਇਨ੍ਹਾਂ ਕਵਿਤਾਵਾਂ ਨੂੰ ਮਿਲਣ, ਪੜ੍ਹਨ ਅਤੇ ਇਸ ਨੂੰ ਸੋਚ-ਧਰਾਤਲ ਦਾ ਹਿੱਸਾ ਬਣਾ ਕੇ ਇਸ ਨੂੰ ਨਵਾਂ ਵਿਸਥਾਰ ਦੇਣ ਲਈ। ਜੀਵਨ ਦਾ ਹਰ ਪੜਾਅ ਹੀ ਰੰਗ-ਬਿਰੰਗੀਆਂ ਕਵਿਤਾਵਾਂ ਦੀ ਨਗਰੀ। ਅਸੀਂ ਕਿਹੜੀ ਕਵਿਤਾ ਪੜ੍ਹਨੀ, ਕਿਸ ਨੂੰ ਆਪਣੀ ਸੋਚ ਦਾ ਹਾਣੀ ਬਣਾਉਣਾ, ਕਿਸ ਨਾਲ ਸੰਵਾਦ ਰਚਾਉਣਾ ਅਤੇ ਕਿਸ ਨੂੰ ਦੁੱਖਾਂ-ਦਰਦਾਂ ਦੀਆਂ ਬਾਤਾਂ ਸੁਣਾਉਣੀਆਂ, ਕਿਸ ਦੇ ਮੋਢੇ 'ਤੇ ਸਿਰ ਰੱਖ ਕੇ ਰੋਣਾ, ਕਿਸ ਨੂੰ ਅਪਨਾਉਣਾ ਅਤੇ ਕਿਸ ਨੂੰ ਗਵਾਉਣਾ? ਇਸ ਦਾ ਕੋਈ ਇਲਮ ਹੀ ਨਹੀਂ! ਫਿਰ ਸਮਾਂ ਬੀਤਣ ਤੋਂ ਬਾਅਦ, ਇਕ ਪਛਤਾਵਾ ਹੀ ਹੱਥ ਵਿਚ ਰਹਿ ਜਾਂਦਾ।

ਸਭ ਤੋਂ ਖੂਬਸੂਰਤ ਕਵਿਤਾ ਕਿਸਾਨ ਤੇ ਮਜਦੂਰ ਲਿਖਦਾ ਜਾਂ ਸਮਾਜ-ਸੇਵਾ ਨੂੰ ਅਰਪਿਤ ਵਿਅਕਤੀ ਲਿਖਦਾ। ਇਹ ਕਵਿਤਾ ਸੋਚਾਂ ਵਿਚ ਲਿਖੀ ਜਾਂਦੀ, ਕਰਮਾਂ ਵਿਚੋਂ ਉਘੜਦੀ, ਕੀਰਤੀ ਵਿਚੋਂ ਪ੍ਰਗਟਦੀ ਜਾਂ ਆਪਣੇ ਲੇਖਾਂ ਨੂੰ ਖੁਦ ਲਿਖਦੀ। ਇਹ ਕਵਿਤਾ ਕਿਸੇ ਦੀ ਮੁਥਾਜ਼ ਨਹੀਂ ਅਤੇ ਨਾ ਹੀ ਕਿਸੇ ਦੀ ਬਾਂਦੀ।

ਦੀਪੂ ਝਿਊਰੀ ਦੀ ਭੱਠੀ 'ਤੇ ਕੜਾਹੀ ਵਿਚ ਭੁੱਜਦੇ ਦਾਣਿਆਂ ਦੀ ਤਿੱੜ-ਤਿੱੜ ਵਿਚੋਂ ਮਹਿਕ ਖਿਲੇਰਦੀ ਕਵਿਤਾ ਨੂੰ ਮਹਿਸੂਸ ਕਰੋ ਕਿ ਕਿਵੇਂ ਚੁੰਗ ਲੈ ਕੇ ਬੈਠੇ ਹਰ ਬੱਚੇ ਨੂੰ ਉਸ ਦੇ ਛੋਟੇ ਨਾਂ ਜਾਂ ਅੱਲ ਨਾਲ ਬੁਲਾਉਂਦੀ, ਬੱਚਿਆਂ ਦੀ ਝੋਲੀ ਵਿਚ ਭੁੱਜੇ ਦਾਣਿਆਂ ਦੇ ਨਾਲ ਲਾਡ-ਪਿਆਰ ਵੀ ਪਾਉਂਦੀ ਸੀ। ਇਸ ਕਵਿਤਾ ਨੂੰ ਕੌਣ ਉਲਥਾਅ ਜਾਂ ਅਰਥ ਕਰ ਸਕਦਾ? ਭੀੜੇ ਮੌਜ਼ੇ ਪਾ ਕੇ ਤੁਰਦਿਆਂ ਚੀਕੂੰ-ਚੀਕੂੰ ਦੀ ਆਵਾਜ਼ ਸੁਣਨ ਲਈ ਅਹੁਲਦੇ ਕੰਨਾਂ ਵਿਚ ਸੁਗੰਧ ਘੋਲਦੀ ਕਵਿਤਾ ਨੂੰ ਕੌਣ ਪੜ੍ਹ ਸਕਦਾ, ਜਿਹੜਾ ਧੰਨੂ ਚਮਿਆਰ ਹੁੱਕੇ ਦੀ ਨੜੀ ਮੂੰਹ ਵਿਚ ਪਾ, ਆਪਣੀ ਗੱਦੀ 'ਤੇ ਪੈਰਾਂ ਭਾਰ ਬੈਠਾ ਲਿਖਦਾ ਹੁੰਦਾ ਸੀ। ਉਸ ਦੇ ਕੋਲ ਬਹਿ ਕੇ ਟੁੱਟੇ ਮੌਜਿਆਂ ਨੂੰ ਗੰਢਾਉਣ ਲਈ ਮਿੰਨਤ ਵੀ ਕਰਨੀ ਪੈਂਦੀ ਸੀ। ਛੱਪੜ ਦੇ ਕਿਨਾਰੇ ਫੱਟੀ ਨੂੰ ਪੋਚਣਾ ਅਤੇ ਫਿਰ ਸੂਰਜ ਨੂੰ ਫੱਟੀ ਸੁਕਾਉਣ ਲਈ ਗਾਈ ਕਵਿਤਾ ਵਿਚੋਂ ਪ੍ਰਗਟਦੀ ਅੱਖਰ-ਜੋਤ ਨੈਣਾਂ ਨੂੰ ਰੁੱਸ਼ਨਾਅ ਦਿੰਦੀ ਸੀ। ਨਾਲੇ, ਨਹਿਰ, ਛੱਪੜ ਜਾਂ ਦਰਿਆ ਵਿਚ ਮੱਝਾਂ ਸੰਗ ਨਹਾਉਣਾ। ਇਸ 'ਚੋਂ ਸਮੁੰਦਰ ਵਰਗੀ ਵਿਸ਼ਾਲਤਾ ਕਿਆਸਦੀ ਕਵਿਤਾ ਜਿਹੜੀ ਮਨ ਵਿਚ ਉਤਰਦੀ ਸੀ, ਉਹ ਹੁਣ ਕਿਵੇਂ ਉਤਰੇਗੀ? ਇਸ ਨੂੰ ਚੇਤਿਆਂ ਵਿਚ ਯਾਦ ਕਰਕੇ ਹੀ ਬੰਦਾ ਕਵਿਤਾ-ਕਵਿਤਾ ਹੋਣ ਨੂੰ ਫਿਰਦਾ। ਚੰਨਣ ਸਿੰਘ ਮਿਸਤਰੀ ਵਲੋਂ ਤੇਸੇ ਨਾਲ ਘੜ੍ਹਿਆ ਗੁੱਲੀ-ਡੰਡਾ, ਕੇਹਰੂ ਲੁਹਾਰ ਵਲੋਂ ਵਦਾਣ ਨਾਲ ਰੰਬੇ, ਕਹੀਆਂ, ਚੌਅ ਨੂੰ ਚੰਡਣਾ, ਦਾਤੀਆਂ ਦੇ ਦੰਦੇ ਕੱਢਣ ਦੌਰਾਨ ਪੈਦਾ ਹੋਏ ਰਿਦਮ ਨਾਲ ਅਣਮੁੱਲੀ ਕਵਿਤਾ ਪੈਦਾ ਹੁੰਦੀ ਸੀ, ਜੋ ਕਾਰੀਗਰੀ ਦੇ ਕਮਾਲ ਨਾਲ ਅੰਨਦਾਤੇ ਨੂੰ ਪ੍ਰਸੰਨਤਾ ਪ੍ਰਦਾਨ ਕਰਦੀ ਸੀ। ਖਰਾਸ, ਖੂਹ, ਸੁਹਾਗਾ, ਹੱਲ, ਫਲ੍ਹਾ ਜਾਂ ਗੱਡਾ ਵਾਹੁੰਦਿਆਂ, ਜਾਂ ਪੋਰ ਨਾਲ ਬੀਅ ਕੇਰਦਿਆਂ, ਕਵਿਤਾ ਦੇ ਬੀਜ ਜਦ ਖੇਤਾਂ ਵਿਚ ਉਗੀਆਂ ਫਸਲਾਂ ਤੇ ਖਲਿਆਣ ਬਣ, ਭਰੀਆਂ ਕੋਠੜੀਆਂ ਤੇ ਭੜੋਲਿਆਂ ਨੂੰ ਭਾਗ ਲਾਉਂਦੇ ਤਾਂ ਕਵਿਤਾ ਨੂੰ ਧੰਨ-ਭਾਗਤਾ ਦਾ ਅਹਿਸਾਸ ਹੁੰਦਾ।

ਕਦੇ ਆੜ੍ਹ ਵਿਚ ਪਾਣੀ ਨਾਲ ਪੈਦਾ ਹੋਈ, ਟਿੰਡਾਂ ਵਿਚੋਂ ਨਢਾਰ ਵਿਚ ਡੁੱਲ੍ਹਦੇ ਪਾਣੀ ਜਾਂ ਚੁਬੱਚੇ ਵਿਚ ਪੈਂਦੀ ਪਾਣੀ ਦੀ ਧਾਰ ਨਾਲ ਪੈਦਾ ਹੋਈ ਸੰਗੀਤਕ ਕਵਿਤਾ ਵਿਚੋਂ ਆਪਣੇ ਬਚਪਨੀ ਮੁਹਾਂਦਰੇ ਨੂੰ ਨਿਹਾਰਨ 'ਤੇ ਪਤਾ ਲੱਗੇਗਾ ਕਿ ਉਸ ਕਵਿਤਾ ਅਤੇ ਅਜੋਕੀ ਕਵਿਤਾ ਵਿਚ ਕਿੰਨਾ ਅੰਤਰ ਤੇ ਕਿਹੜੇ ਸਰੋਕਾਰ ਨੇ? ਕਿਵੇਂ ਉਹ ਕਵਿਤਾ ਜ਼ਿੰਦਗੀ ਨਾਲ ਜੁੜੀ, ਜਿਉਂਦੀ, ਜਾਗਦੀ, ਜਰਖੇਜ਼ ਅਤੇ ਜ਼ਿੰਦਾਦਿਲੀ ਨਾਲ ਭਰਪੂਰ ਸੀ?

ਕਵਿਤਾ ਤਾਂ ਬਸਤਿਆਂ ਵਿਚ ਪਏ ਕਾਇਦਿਆਂ, ਕਿਤਾਬਾਂ, ਕਾਪੀਆਂ, ਕਲਮਾਂ ਵਿਚ ਵੀ ਅੰਗੜਾਈ ਭਰਦੀ। ਇਹ ਕਵਿਤਾ ਬੱਚੇ ਦੇ ਮਨ ਵਿਚ ਕਿਤਾਬਾਂ ਪ੍ਰਤੀ ਮੋਹ, ਪੂਰਨਿਆਂ ਵਿਚੋਂ ਹਰਫ ਉਘਾੜਨ ਦੀ ਅਦਾ ਤੇ ਇਸ 'ਚੋਂ ਨਵੇਂ ਅਕਾਰ, ਅਰਥ, ਆਵੇਸ਼, ਆਗੋਸ਼ ਅਤੇ ਅਕਾਂਖਿਆਂਵਾਂ ਨੂੰ ਵੀ ਜਨਮਦੀ।

ਕਵਿਤਾ, ਮਨੁੱਖ ਨਾਲ ਜੁੜੀ ਹੋਵੇ, ਇਸ ਦੇ ਸਰੋਕਾਰਾਂ ਦੀ ਸਰਪ੍ਰਸਤੀ ਕਰਦੀ ਹੋਵੇ, ਮਨੁੱਖੀ ਭਾਵਾਂ ਦੀ ਤਰਜਮਾਨ ਹੋਵੇ, ਮਨੁੱਖ ਦੀ ਗੁੰਮਸ਼ੁਦਗੀ ਨੂੰ ਉਲਥਾਵੇ ਜਾਂ ਮਨੁੱਖ ਵਿਚੋਂ ਮਨਫੀ ਹੋਈ ਮਨੁੱਖਤਾ ਨੂੰ ਸੰਬੋਧਤ ਹੋਵੇ ਤਾਂ ਇਹ ਕਵਿਤਾ ਆਪਣਾ ਧਰਮ ਨਿਭਾਵੇ। ਅਜਿਹੀ ਕਵਿਤਾ ਮਨੁੱਖ ਦੇ ਚੇਤਿਆਂ ਵਿਚੋਂ ਕਦੇ ਮਨਫੀ ਨਹੀਂ ਹੁੰਦੀ। ਕਿਵੇਂ ਮਨਫੀ ਹੋਵੇਗੀ ਨਲਕੇ ਦੀ ਆਵਾਜ਼, ਖੂਹ ਦੇ ਕੁੱਤੇ ਦੇ ਸੰਗੀਤਕਤਾ, ਬਲਦਾਂ ਦੀਆਂ ਟੱਲੀਆਂ, ਵੱਛਰੂਆਂ ਦੇ ਗਲ ਵਿਚ ਪਏ ਘੁੰਗਰੂਆਂ ਜਾਂ ਕਿਸੇ ਅਲਕ ਵਛੇਰੇ ਦੇ ਪੈਰਾਂ ਵਿਚ ਪਾਈਆਂ ਝਾਂਜਰਾਂ ਵਿਚ ਪੈਦਾ ਹੋਇਆ ਜੀਵਨ-ਰੱਤਾ ਸੰਗੀਤ। ਇਹ ਕਾਵਿ-ਮਈ ਸੰਗੀਤ ਸਦਾ ਰੂਹ ਵਿਚ ਵੱਸਦਾ।

ਕਵਿਤਾ, ਫੁੱਲਾਂ ਦੀ ਮਹਿਕ ਨਾਲ ਲਰਜ਼ਾਈਆਂ ਪੌਣਾਂ, ਪੱਤਿਆਂ ਵਿਚ ਪੈਦਾ ਹੋ ਰਹੀ ਸਰਸਰਾਹਟ, ਪੈਰਾਂ ਨਾਲ ਸੁੱਕੇ ਪੱਤਿਆਂ ਦੀ ਖੜ-ਖੜ ਅਤੇ ਹਵਾ 'ਚ ਉਡ ਰਹੇ ਸੁੱਕੇ ਪੱਤਿਆਂ ਵਿਚੋਂ ਉਤਪੰਨ ਹੋ ਰਹੀ ਕਵਿਤਾ ਨੂੰ ਕਿਹੜੇ ਮਾਪਦੰਡ ਨਾਲ ਮਿਣੋਗੇ? ਇਸ ਦੇ ਸਰੋਤ ਦੀ ਭਾਲ ਕਿੰਜ ਕਰੋਗੇ? ਤਿਤਲੀਆਂ/ਭੌਰਿਆਂ ਦੀ ਕਵਿਤਾ ਕਦੇ ਸੁਣੀ ਆ? ਪੰਛੀਆਂ ਦੀ ਆਵਾਜ਼ ਵਿਚ ਕਵਿਤਾ ਦਾ ਕਿਹੜਾ ਰੰਗ ਹੁੰਦਾ? ਪਰਿੰਦੇ ਆਪਣੇ ਸਾਥੀਆਂ ਨਾਲ ਕਿਹੜੀ ਕਵਿਤਾ ਵਿਚ ਹਾਵ-ਭਾਵ ਪ੍ਰਗਟਾਉਂਦੇ, ਕਦੇ ਕਿਆਸ ਲਾਇਆ?

ਕਵਿਤਾ ਕਿਧਰੇ ਵੀ ਨਹੀਂ ਗਈ ਹੁੰਦੀ। ਇਹ ਤਾਂ ਭਾਵਨਾਵਾਂ ਨੂੰ ਪ੍ਰਗਟਾਉਣ ਲਈ ਭਾਵੀ ਛਿੰਣ ਦੀ ਉਡੀਕ ਕਰਦੀ। ਜਰੂਰੀ ਹੁੰਦਾ ਏ ਇਸ ਛਿੰਣ ਵਿਚੋਂ ਕਵਿਤਾ ਨੂੰ ਮਨ ਦੀ ਕੈਨਵਸ 'ਤੇ ਉਤਾਰ ਲਿਆ ਜਾਵੇ, ਵਰਨਾ ਦੇਰ ਹੋਣ 'ਤੇ, ਕਵਿਤਾ ਦਾ ਪਰਿੰਦਾ ਉਡ ਜਾਂਦਾ। ਫਿਰ ਕਦੇ ਮੁੜ ਨਹੀਂ ਪਰਤਦਾ।

ਕਵਿਤਾ ਤਾਂ ਡੰਗਰ ਚਾਰਦਿਆਂ, ਗਲ ਵਿਚ ਪਾਏ ਡਹੇ ਦੀ ਪੀੜ-ਕਰਾਹੁਣੀ, ਜਾਂ ਪਸ਼ੂਆਂ ਦੀਆਂ ਹਮੇਲਾਂ ਜਾਂ ਅਵੈੜੇ ਡੰਗਰ ਦੀਆਂ ਲਾਈਆਂ ਦੁੜੱਕੀਆਂ ਵਿਚੋਂ ਵੀ ਆਪਣਾ ਨਿਵੇਕਲਾ ਰੂਪ ਅਖਤਿਆਰ ਕਰਦੀ।

ਕਵਿਤਾ ਤਾਂ ਨੰਗੇ ਪੈਰੀਂ ਧੁੱਦਲ ਵਿਚ ਉਕਰੀ ਜਾਂਦੀ। ਇਹ ਧੁੱਦਲ ਖੁੱਚਾਂ ਵਿਚ ਵੱਖਰੇ ਕਵਿਤਾ ਦੇ ਨਿਸ਼ਾਨ ਛੱਡ ਜਾਂਦੀ। ਕਵਿਤਾ ਤਾਂ ਪੈਰ-ਚਾਪ, ਪੈੜ-ਚਾਲ ਜਾਂ ਨੰਘੇ ਪੈਰਾਂ ਦੀ ਧੜੱਪ ਧੜੱਪ ਵਿਚੋਂ ਵੀ ਇਕ ਵੱਖਰੀ ਕਿਸਮ ਦਾ ਸੁਖਨ ਅਤੇ ਸਕੂਨ ਪੈਦਾ ਕਰਦੀ। ਬਸ਼ਰਤੇ ਅਸੀਂ ਇਸ ਵਿਚੋਂ ਨਵੇਂ ਸੁਪਨੇ, ਸਫਰ, ਸਫਲਤਾ ਅਤੇ ਸੰਪੂਰਨਤਾ ਹਾਸਲ ਕਰ ਸਕੀਏ ਤਾਂ ਕਵਿਤਾ ਨਵੇਂ ਦਿੱਸਹੱਦਿਆਂ ਦੀ ਨਿਸ਼ਾਨਦੇਹੀ ਕਰਦੀ।

ਕਵਿਤਾ ਤਾਂ ਵੀ ਸਰਸਰਾਉਂਦੀ ਜਦ ਬੁੱਕ ਨਾਲ ਪਾਣੀ ਪੀਂਦਿਆਂ, ਪਾਣੀਆਂ ਦੀਆਂ ਕੁਝ ਛਿੱਟਾਂ ਲਿਬੜੇ ਪੈਰਾਂ ਨੂੰ ਧੋ ਜਾਂਦੀਆਂ ਅਤੇ ਬੰਦਾ, ਪਿਆਸ ਮਿਟਾਉਣ ਦੇ ਨਾਲ ਨਾਲ ਮੈਲ ਲਾਹੁਣ ਵਿਚ ਵੀ ਕਮਾਯਾਬ ਹੁੰਦਾ।

ਬਹੁਤ ਯਾਦ ਏ ਸੂਰਜ ਦੀ ਟਿੱਕੀ ਉਗਣ ਤੋਂ ਪਹਿਲਾਂ ਤ੍ਰੇਲ-ਧੋਤੀ ਵੱਟ 'ਤੇ ਤੁਰਨਾ, ਪੈਰਾਂ ਨੂੰ ਧੋਣਾ ਅਤੇ ਪੈਰਾਂ ਦੀ ਸੁੰਨ ਵਿਚੋਂ ਹੀ ਦੰਦੋੜਿੱਕੀ ਰੂਪੀ ਕਵਿਤਾ ਦਾ ਹੋਠਾਂ 'ਤੇ ਜੰਮ ਜਾਣਾ। ਇਹ ਕਵਿਤਾ ਤਾਂ ਹੁਣ ਤੀਕ ਵੀ ਬੁੱਲ੍ਹਾਂ 'ਤੇ ਉਕਰੀ ਪਈ ਆ।

ਸਭ ਤੋਂ ਪਾਕੀਜ਼ ਹੁੰਦੀ ਸੀ ਮਾਂ ਦੀਆਂ ਝਿੜਕਾਂ, ਬਾਪ ਦੀਆਂ ਘੂਰੀਆਂ, ਵੱਡਿਆਂ ਦੀਆਂ ਨਸੀਹਤਾਂ, ਮਾਸਟਰਾਂ ਦੀਆਂ ਚਪੇੜਾਂ ਅਤੇ ਹੱਥਾਂ 'ਤੇ ਪਈਆਂ ਸੋਟੀਆਂ ਕਾਰਨ ਪੈਦਾ ਹੋਈ ਕਵਿਤਾ। ਕੈਂਚੀ ਸਾਈਕਲ ਚਲਾਉਂਦਿਆਂ ਡਿੱਗ ਕੇ ਛਿੱਲੇ ਹੋਏ ਗੋਡਿਆਂ ਦੀ ਚੀਸ ਜਾਂ ਨੜੇ ਦੀ ਕਲਮ ਘੜਦਿਆਂ, ਉਂਗਲ 'ਤੇ ਚਾਕੂ ਨਾਲ ਹੋਏ ਜਖਮ ਕਾਰਨ ਫੁੱਟੀ ਹੋਈ ਖੂਨ ਤਤੀਰੀ ਅਤੇ ਉਤੋਂ ਮਾਪਿਆਂ ਦੀ ਮੁੰਜ-ਕੁੱਟ ਰੂਪੀ ਕਵਿਤਾ। ਅਜਿਹੀਆਂ ਪਿਆਰੀਆਂ ਕਵਿਤਾਵਾਂ ਨੂੰ ਮਨ ਦੇ ਵਰਕਿਆਂ ਵਿਚੋਂ ਕਿਵੇਂ ਪੂੰਝਿਆ ਜਾ ਸਕਦਾ ਜਾਂ ਕਿਹੜੀ ਰਬੜ ਨਾਲ ਮਨ-ਸਲੇਟ ਤੋਂ ਮਿਟਾਇਆ ਜਾ ਸਕਦਾ?

ਕਵਿਤਾ ਤਾਂ ਕਲਾਸ ਵਿਚੋਂ ਫੇਲ੍ਹ ਹੋਣ ਦੀ ਸਿਸਕੀ, ਨੌਕਰੀ ਨਾ ਮਿਲਣ ਦੀ ਚਸਕ ਜਾਂ ਨੌਕਰੀ ਤੋਂ ਕੱਢੇ ਜਾਣ ਦੀ ਹੂਕ ਵਿਚੋਂ ਵੀ ਪੈਦਾ ਹੁੰਦੀ ਰਹੀ, ਪਰ ਇਹ ਕਵਿਤਾ ਵਰਕਿਆਂ 'ਤੇ ਉਦੋਂ ਨਾਜ਼ਲ ਹੋਈ ਜਦ ਸੰਭਲਣ ਦੀ ਸੋਝੀ ਪੈਦਾ ਹੋਈ।

ਜੀਵਨ ਦੇ ਪੜਾਅ ਦੌਰਾਨ ਕੁਝ ਕਵਿਤਾਵਾਂ ਅਚਨਚੇਤੀ ਹੀ ਜੀਵਨ ਨੂੰ ਆਪਣੀ ਲਪੇਟ ਵਿਚ ਲੈਂਦਿਆਂ ਜੋ ਜੀਵਨ ਦੀ ਰੰਗ-ਬਿਰੰਗਤਾ ਤੇ ਰੌਣਕ ਨੂੰ ਖਤਮ ਕਰ ਦਿੰਦੀਆਂ। ਫਿਕਰ ਹੀ ਜੀਵਨ ਦਾ ਹਾਸਲ ਰਹਿ ਜਾਂਦਾ। ਆਪਣਿਆਂ ਦੇ ਵਿਛੋੜੇ ਜਾਂ ਦਿਲਗੀਰੀ ਵਿਚੋਂ ਪੈਦਾ ਹੋਈ ਉਦਾਸੀ, ਇਕ ਅਜਿਹੀ ਕਵਿਤਾ ਹੁੰਦੀ, ਜਿਹੜੀ ਤੁਹਾਡੇ ਅੰਤਰੀਵ ਵਿਚ ਰੀਂਘਦੀ, ਕੁਝ ਅਣਚਾਹਿਆ ਅਤੇ ਅਚੇਤ, ਆਤਮਿਕਤਾ ਵਿਚ ਧਰ ਜਾਂਦੀ। ਇਸ ਨੂੰ ਮੁਖਾਤਬ ਹੋਣਾ ਵੀ ਪੈਂਦਾ ਅਤੇ ਪੀੜ ਨੂੰ ਵਾਰ-ਵਾਰ ਜਿਊਣ ਦੀ ਮਜਬੂਰੀ ਵੀ।

ਉਹ ਕਵਿਤਾ ਪੜ੍ਹਨੀ ਸਭ ਤੋਂ ਕਠਿਨ ਜਦ ਕਿਸੇ ਸੱਜ-ਵਿਆਹੇ ਨੂੰ ਟਰਮੀਨੇਸ਼ਨ ਦਾ ਸ਼ਗਨ ਮਿਲੇ। ਕਿਹੜੇ ਹਰਫ ਉਸ ਕਵਿਤਾ ਨੂੰ ਲਿਖਣਗੇ, ਜਦ ਸਫਰ ਵਿਚ ਕਾਲਖਾਂ ਦੀ ਨਿਸ਼ਾਨਦੇਹੀ ਹੋਵੇ। ਅਪਣੱਤ ਵਿਚੋਂ ਬੇਗਾਨਗੀ ਦਾ ਜਖਮ ਮਿਲੇ। ਇਮਾਨਦਾਰੀ ਨੂੰ ਬੇਈਮਾਨੀ ਦਾ ਇਵਜ਼ਾਨਾ ਮਿਲੇ। ਸ਼ਰਾਫਤ ਨੂੰ ਕੁਹਜਤਾ ਦਾ ਕੁਫਰ ਮਿਲੇ ਜਾਂ ਸ਼ਬਦਾਂ ਵਿਚੋਂ ਸੰਤਾਪ ਝਰੇ। ਦੰਭੀ ਬੋਲਾਂ ਵਿਚੋਂ ਕੂੜ ਤੇ ਕੁੜੱਤਣ ਪਨਪੇ। ਨੈਣਾਂ ਵਿਚ ਤਿਸ਼ਨਗੀ ਅਤੇ ਤ੍ਰਿਸ਼ਨਾ ਨੂੰ ਤਸੀਹੇ ਮਿਲਣ ਦੀ ਨੌਬਤ ਆਵੇ।

ਕਵਿਤਾ, ਕਲਮ, ਕਲਾ, ਕੀਰਤੀ, ਕਿਰਸਾਨੀ, ਕਲਾਕਾਰੀ ਨੂੰ ਆਪਣਾ ਸਾਧਨ ਬਣਾ, ਜਦ ਕਹਿਣੀ ਤੇ ਕਥਨੀ 'ਚੋਂ ਪੂਰਨਤਾ ਹਾਸਲ ਕਰਦੀ ਤਾਂ ਕਵਿਤਾ, ਕਵਿਤਾ ਹੋਣ ਦਾ ਮਾਣ ਬਣਦੀ।

ਸਭ ਤੋਂ ਸੁਹਜਮਈ ਅਤੇ ਸਹਿਜਮਈ ਹੁੰਦੀਆਂ ਨੇ ਘਰ ਦੇ ਦਰਾਂ, ਰੌਸ਼ਨਦਾਨਾਂ ਤੇ ਖਿੜਕੀਆਂ, ਦਰਵਾਜਿਆਂ, ਦਲਾਨ, ਕਮਰਿਆਂ, ਕੋਠੜੀਆਂ ਕੰਧਾਂ, ਕੌਲਿਆਂ, ਵਿਹੜਾ, ਪੌੜੀਆਂ, ਬਨੇਰਿਆਂ, ਚੁਬਾਰਿਆਂ, ਚੌਂਕੇ, ਚੁੱਲਿਆਂ, ਓਟਿਆਂ ਤੇ ਆਟੇ ਦੀਆਂ ਚਿੱੜੀਆਂ ਵਲੋਂ ਘਰ ਦੇ ਚੌਗਿਰਦੇ ਵਿਚ ਰੁਮਕਾਈਆਂ ਕਵਿਤਾਵਾਂ। ਇਨ੍ਹਾਂ ਦੀ ਸੰਗੀਤਕਤਾ ਅਤੇ ਸੁਖਨਤਾ ਵਿਚੋਂ ਸਕੂਨ ਦਾ ਨਾਦ ਗੂੰਜਦਾ।

ਕਵਿਤਾ ਜਦ ਖੇਤਾਂ ਤੋਂ ਤੁਰ, ਹਵੇਲੀਆਂ ਥੀਂ ਹੁੰਦੀ, ਘਰ ਦੀ ਦਹਿਲੀਜ਼ ਟੱਪਦੀ ਤਾਂ ਕਵਿਤਾ, ਕਵਿਤਾ ਕਵਿਤਾ ਹੋ ਕੇ ਸਮੁੱਚੇ ਪਰਿਵਾਰ ਨੂੰ ਆਪਣੇ ਆਗੋਸ਼ ਵਿਚ ਲੈਂਦੀ ਅਤੇ ਸਮੁੱਚੇ ਸਮਾਜ ਦੀਆਂ ਸੁੱਖਾਂ ਸੁੱਖਦੀ। ਇਹ ਕਵਿਤਾ ਕਦੇ ਵੀ ਅਕਵਿਤਾ ਨਾ ਹੋਵੇ, ਇਹ ਦੁਆ ਜਰੂਰ ਕਰਨੀ ਚਾਹੀਦੀ। ਕਵਿਤਾ ਉਹ ਸੱਚ ਹੁੰਦਾ, ਜੋ ਅਕਸਰ ਵਰਤਮਾਨ 'ਚ ਝੂਠ ਜਾਪਦਾ ਤੇ ਜਦ ਰਚਣਹਾਰਾ ਤੁਰ ਜਾਂਦਾ ਤਾਂ ਕਵਿਤਾ ਦਾ ਸੱਚ ਕੂਕ ਕੂਕ, ਆਪਣੀ ਸੱਚਾਈ ਨੂੰ ਕੋਹਣ ਜੋਗਾ ਹੀ ਰਹਿ ਜਾਂਦਾ।

ਕਵਿਤਾ, ਰੂਹ ਦੀ ਪਰਵਾਜ਼ ਤੇ ਅੰਤਰੀਵ ਦੀ ਆਵਾਜ਼। ਕਵਿਤਾ, ਪਾਕ-ਪੈਗਾਮਾਂ ਦੀ ਲੜੀ ਅਤੇ ਸੁੱਚੀਆਂ ਸੋਚਾਂ ਦੀ ਸਾਵਨੀ ਝੜੀ। ਇਸ ਵਿਚ ਉਤਰਨ ਅਤੇ ਇਸ ਦੇ ਹਾਣੀ ਹੋਣ ਦੀ ਜਾਚ ਹੋਵੇ ਤਾਂ ਹਰ ਕੋਈ ਕਵਿਤਾ ਹੀ ਹੋ ਜਾਂਦਾ।

ਕਵਿਤਾਵਾਂ ਤਾਂ ਬਹੁਤ ਹੁੰਦੀਆਂ, ਪਰ ਸਭ ਤੋਂ ਮੁਕੱਦਸ ਕਵਿਤਾ ਹੈ, ਅੰਦਰ ਵਿਚ ਉਗਦੀ ਕਵਿਤਾ। ਅਵਾਜ਼ਾਰ, ਅਚਨਚੇਤੀ ਅਤੇ ਅਫਲਾਤੂਨੀ ਕਵਿਤਾ ਵਿਚੋਂ ਆਪਣੇ ਆਪ ਨੂੰ ਪੜ੍ਹਨਾ। ਫਿਰ ਇਸ ਵਿਚ ਰਮਾਈ ਖੁਦਾਈ ਨੂੰ ਪੜ੍ਹਨਾ, ਸਮਝਣਾ, ਸਮਾਉਣਾ ਅਤੇ ਖੁਦ ਕਵਿਤਾ-ਕਵਿਤਾ ਹੋਣਾ, ਬਹੁਤ ਮੁਸ਼ਕਿਲ। ਖੁਦ ਨੂੰ ਆਪਣੇ ਸੱਚ ਦੇ ਸਾਹਵੇਂ ਸਨਮੁੱਖ ਕਰਨਾ ਅਤੇ ਇਸ ਸੱਚ ਵਿਚੋਂ ਅੰਤਿਮ ਸੱਚ ਦੀ ਰਹਿਨੁਮਾਈ ਪ੍ਰਾਪਤ ਕਰਨਾ ਹੀ ਮਨੁੱਖ ਦੀ ਪ੍ਰਮੁੱਖਤਾ। ਇਸ 'ਚੋਂ ਹੀ ਦੁਨੀਆਂ ਦੀ ਸਭ ਤੋਂ ਸਦੀਵ, ਸੁੰਦਰ, ਸਾਰਥਿਕ ਅਤੇ ਅਲਹਾਮੀ ਕਵਿਤਾ ਨੇ ਉਗਮਣਾ ਹੁੰਦਾ। ਅਜਿਹੀ ਕਵਿਤਾ ਨੂੰ ਆਪਣੀ ਤਰਜ਼ੀਹ ਜਰੂਰ ਬਣਾਉਣਾ। ਇਸ ਨਾਲ ਬੰਦਾ ਆਪਣੇ ਆਪ ਦੇ ਰੂਬਰੂ ਹੁੰਦਾ।

## ਪੰਜਾਬੀ ਦਾ ਮੋਹ

ਮੈਨੂੰ ਆਪਣਾ ਆਪ ਵਸਾ, ਪੰਜਾਬੀ ਦੇ ਵਿਚ ਲੈਣ ਦਿਓ
ਮੈਨੂੰ ਮੇਰੀ ਕਵਿਤਾ ਅੱਜ, ਮਾਂ ਬੋਲੀ ਦੇ ਵਿਚ ਕਹਿਣ ਦਿਓ।

ਇਹ ਦਸ ਗੁਰੂਆਂ ਦਾ ਨਾਮ ਹੈ ਤੇ ਬਾਣੀ ਦੀ ਪਹਿਚਾਣ ਹੈ
ਗੁਰੂ ਨਾਨਕ ਦੀ ਤੱਕੜੀ ਹੈ, ਗੁਰੂ ਗੋਬਿੰਦ ਦੀ ਕਿਰਪਾਨ ਹੈ
ਦੇਣ ਗੁਰੂਆਂ-ਪੀਰਾਂ ਦੀ ਅਤੇ ਸਿੱਖੀ ਦਾ ਇਹ ਮਾਣ ਹੈ
ਇਸ ਦੀ ਧਰਤੀ ਦੇ ਮੈਨੂੰ ਪੰਜ-ਆਬਾਂ ਵਿਚ ਵਹਿਣ ਦਿਓ
ਮੈਨੂੰ ਮੇਰੀ ਕਵਿਤਾ ਅੱਜ, ਮਾਂ ਬੋਲੀ ਦੇ ਵਿਚ ਕਹਿਣ ਦਿਓ।

ਇਹ ਅੱਖਰ ਅੱਖਰ ਜੋੜ ਕੇ, ਲੋਕ ਗੀਤਾਂ ਨੂੰ ਰਚਦੀ ਹੈ
ਗਿੱਧੇ-ਭੰਗੜੇ ਪਾਉਂਦੀ ਹੈ ਤੇ ਲੋਕ ਨਾਚ ਵਿਚ ਨੱਚਦੀ ਹੈ
ਮੈਦਾਨਾਂ ਦੇ ਵਿਚ ਘੁਲਦੀ ਹੈ, ਸੱਥਾਂ ਦੇ ਵਿਚ ਹੱਸਦੀ ਹੈ
ਮੈਨੂੰ ਵੀ ਅੱਜ ਇਹਦੇ ਨਾਲ, ਖਿੜ ਖਿੜ ਕੇ ਹੱਸ ਲੈਣ ਦਿਓ
ਮੈਨੂੰ ਮੇਰੀ ਕਵਿਤਾ ਅੱਜ, ਮਾਂ ਬੋਲੀ ਦੇ ਵਿਚ ਕਹਿਣ ਦਿਓ।

ਮੈਂ ਮਾਂ ਬੋਲੀ ਨੂੰ ਪੜ੍ਹਨਾ ਏ, ਮੈਂ ਮਾਂ ਬੋਲੀ ਤੋਂ ਸਿੱਖਣਾ ਏ
ਮੈਂ ਮਾਂ ਬੋਲੀ ਵਿਚ ਗਾਉਣਾ ਏ, ਮਾਂ ਬੋਲੀ ਵਿਚ ਲਿਖਣਾ ਏ
ਮੈਂ ਮਾਂ ਬੋਲੀ ਦੇ ਸਾਰੇ ਹੀ, ਰੰਗਾਂ ਦੇ ਵਿਚ ਦਿਖਣਾ ਏ
ਮਾਂ ਦੀ ਨਿੱਘੀ ਗੋਦ ਵਿਚ, ਮੈਨੂੰ ਵੀ ਅੱਜ ਬਹਿਣ ਦਿਓ
ਮੈਨੂੰ ਮੇਰੀ ਕਵਿਤਾ ਅੱਜ, ਮਾਂ ਬੋਲੀ ਦੇ ਵਿਚ ਕਹਿਣ ਦਿਓ।

*-ਹਰਜੀਤ ਸਿੰਘ ਗਹੂਣੀਆ*
*ਫੋਨ: 91-94175-68175*

# ਮੇਰਾ ਪੁਰਾਣਾ ਯਾਰ ਕਹਾਣੀਕਾਰ ਗੁਰਦੇਵ ਰੁਪਾਣਾ

ਪ੍ਰਿੰ. ਸਰਵਣ ਸਿੰਘ

ਗੁਰਦੇਵ ਰੁਪਾਣਾ ਮੇਰਾ ਪੁਰਾਣਾ ਯਾਰ ਹੈ। ਸੁਗਲੀ ਯਾਰ। ਸੁਗਲ ਕਰਦਿਆਂ ਨਾ ਅਗਲੇ ਨੂੰ ਬਖਸ਼ਦੈ, ਨਾ ਆਪਣੇ ਆਪ ਨੂੰ। ਉਹਦਾ ਪੂਰਾ ਨਾਂ ਹੈ ਡਾ. ਗੁਰਦੇਵ ਸਿੰਘ ਵਿਰਕ। ਸਾਡੇ ਇਸ ਸਾਹਿਤ ਅਕਾਦਮੀ ਅਵਾਰਡ ਜੇਤੂ ਕਹਾਣੀਕਾਰ ਵਿਚ ਵਿਰਕਾਂ ਵਾਲੇ ਸਾਰੇ ਗੁਣ-ਔਗੁਣ ਹਨ। ਉਹ ਆਮ ਵੀ ਹੈ ਤੇ ਖਾਸ ਵੀ। ਅਵਾਰਡ ਵੀ ਉਹਦੇ 'ਆਮ-ਖਾਸ' ਕਹਾਣੀ ਸੰਗ੍ਰਹਿ ਨੂੰ ਮਿਲਿਆ। ਆਪਣੇ ਨਾਂ ਨਾਲ ਵਿਰਕ ਉਹ ਇਸ ਕਰਕੇ ਨਹੀਂ ਸੀ ਲਾਉਣ ਲੱਗਾ ਕਿ ਉਹਦੀਆਂ ਚੰਗੀਆਂ ਕਹਾਣੀਆਂ ਕੁਲਵੰਤ ਸਿੰਘ ਵਿਰਕ ਦੇ ਖਾਤੇ 'ਚ ਨਾ ਪੈ ਜਾਣ ਤੇ ਕੁਲਵੰਤ ਸਿੰਘ ਵਿਰਕ ਦੀਆਂ ਮਾੜੀਆਂ ਉਹਦੇ ਖਾਤੇ ਨਾ ਚੜ੍ਹ ਜਾਣ! ਵੇਖਣ ਨੂੰ ਏਡਾ ਨਹੀਂ ਲੱਗਦਾ, ਜਿਡਾ ਹੈਗਾ। ਵੇਖਣ ਨੂੰ ਅਮਲੀ ਜਿਹਾ ਲੱਗਦੈ, ਪਰ ਹੈਗਾ ਅਫਲਾਤੂਨ। ਘਰ 'ਚ ਉਹਦਾ ਨਾਂ ਦੇਵ ਸੀ, ਹਾਣੀਆਂ ਦਾ ਦੇਬਾ, ਦਸਵੀਂ ਦਾ ਫਾਰਮ ਭਰਨ ਵੇਲੇ ਗੁਰਦੇਵ ਸਿੰਘ ਵਿਰਕ ਤੇ ਪੀਐਚ.ਡੀ. ਕਰਨ ਪਿੱਛੋਂ ਡਾ. ਗੁਰਦੇਵ ਸਿੰਘ ਵਿਰਕ। ਉਹਨੂੰ ਕਲਮੀ ਨਾਂ ਗੁਰਦੇਵ ਰੁਪਾਣਾ ਇਸ ਲਈ ਰੱਖਣਾ ਪਿਆ ਕਿ ਸੱਤ ਗੁਰਦੇਵ ਤਾਂ ਉਹਦੇ ਸਕੂਲ 'ਚ ਹੀ ਪੜ੍ਹਦੇ ਸਨ। ਲਿਖਣ ਵਾਲੇ ਪਤਾ ਨਹੀਂ ਕਿੰਨੇ ਹੋਣਗੇ? ਸੋ ਉਸ ਨੇ ਨਾਂ ਨਾਲ ਆਪਣਾ ਪਿੰਡ ਰੁਪਾਣਾ ਜੋੜ ਕੇ ਗੁਰਦੇਵ ਰੁਪਾਣਾ ਰੱਖ ਲਿਆ, ਜੋ ਏਨਾ ਚੱਲਿਆ ਕਿ ਹੁਣ ਕੋਈ ਗੁਰਦੇਵ ਸਿੰਘ ਵਿਰਕ ਕਹੇ ਤਾਂ ਕਿਸੇ ਨੂੰ ਸੱਚ ਨਹੀਂ ਆਉਂਦਾ।

ਵੈਸੇ ਗੁਰਦੇਵ ਰੁਪਾਣਾ ਨਾਂ ਸੈਂਕੜੇ ਵਾਰ ਛਪਣ ਤੇ ਹਜ਼ਾਰਾਂ ਵਾਰ ਬੋਲੇ ਜਾਣ ਪਿੱਛੋਂ ਵੀ ਪਿੰਡ ਰੁਪਾਣੇ ਦੇ ਸੌ 'ਚੋਂ ਨੱਬੇ ਬੰਦਿਆਂ ਨੂੰ ਨਹੀਂ ਪਤਾ ਕਿ ਭਾਰਤੀ ਸਾਹਿਤ ਅਕਾਦਮੀ ਦਾ ਅਵਾਰਡ ਹਾਸਲ ਕਰਨ ਵਾਲਾ ਗੁਰਦੇਵ ਰੁਪਾਣਾ ਉਨ੍ਹਾਂ ਦੇ ਪਿੰਡ ਰੁਪਾਣੇ ਦਾ ਹੀ ਹੈ! ਮੈਂ ਪਿਛਲੇ ਸਾਲ ਉਹਨੂੰ ਰੁਪਾਣੇ ਮਿਲਣ ਗਿਆ ਤਾਂ ਸੱਥ 'ਚ ਬੈਠੇ ਬੰਦਿਆਂ ਤੋਂ ਪੁੱਛਿਆ, "ਭਾਈ ਸਾਹਿਬ, ਗੁਰਦੇਵ ਰੁਪਾਣੇ ਦਾ ਘਰ ਕਿਧਰ ਹੈ?" ਕਿਸੇ ਤੋਂ ਪਤਾ ਨਾ ਲੱਗੇ। ਵੇਰਵੇ ਦੇ ਕੇ ਮੈਂ ਉਹਦਾ ਘਰ ਮਸਾਂ ਲੱਭਿਆ। ਅਸਲ ਵਿਚ ਪਿੰਡ 'ਚ ਉਹ ਗੁਰਦੇਵ ਰੁਪਾਣਾ ਨਹੀਂ, ਗੁਰਦੇਵ ਦਿੱਲੀ ਵਾਲਾ ਵੱਜਦੈ! ਬਹੁਤਾ ਸਮਾਂ ਦਿੱਲੀ ਜੁ ਰਹਿੰਦਾ ਰਿਹਾ।


ਉਹਦੀਆਂ ਦਿੱਲੀ ਦੀਆਂ ਗੱਲਾਂ ਦੱਸਣ ਤੋਂ ਪਹਿਲਾਂ ਦੱਸਣਾ ਬਣਦੈ ਕਿ ਉਹ ਸਮੱਧਰ ਕੱਦ ਦਾ ਕੱਦਾਵਰ ਲੇਖਕ ਹੈ। ਨਿੱਕੇ ਨਾਵਲ ਤੇ ਨਿੱਕੀਆਂ ਕਹਾਣੀਆਂ ਦਾ ਚੈਂਪੀਅਨ। ਉਹਦੇ ਪੈਰ ਛੋਟੇ, ਪਰ ਸਿਰ ਵੱਡਾ ਹੈ। ਪੈਰੀਂ ਬੱਚਿਆਂ ਵਾਲੀ ਗੁਰਗਾਬੀ ਪਾ ਕੇ ਸਰ ਜਾਂਦੈ। ਪੱਗ ਵੀ ਗੁਰਗਾਬੀ ਦੇ ਹਿਸਾਬ ਦੀ ਬੰਨ੍ਹਦੈ। ਬੂਟ ਕਦੇ ਪਾਏ ਨਹੀਂ ਜਾਂ ਕਹਿ ਲਓ ਪਏ ਨਹੀਂ। ਬੂਟਾਂ ਤੋਂ ਬਿਨਾ ਫੁੱਟਬਾਲ ਖੇਡਣ ਲੱਗਾ, ਜਿਸ ਕਰਕੇ ਤਕੜਾ ਖਿਡਾਰੀ ਨਾ ਬਣ ਸਕਿਆ; ਪਰ ਲੇਖਕ ਬਣ ਕੇ ਕਈ ਕੱਪ ਜਿੱਤੇ ਤੇ ਭਾਰਤੀ ਸਾਹਿਤ ਅਕਾਦਮੀ ਦੀ ਟਰਾਫੀ ਨੂੰ ਜਾ ਹੱਥ ਪਾਇਆ। 1936 ਦੀ ਵਿਸਾਖੀ ਦਾ ਜੰਮਿਆ ਚੁਰਾਸੀ ਕੱਟੀ ਬੈਠੈ। ਮੈਂ ਅਵਾਰਡ ਦੀ ਵਧਾਈ ਦਿੰਦਿਆਂ ਹੱਲਾਸ਼ੇਰੀ ਦਿੱਤੀ, "ਦਸ ਸਾਲ ਹੋਰ ਕੱਟ'ਜੇਂ ਤਾਂ ਅੰਮ੍ਰਿਤਾ ਪ੍ਰੀਤਮ ਤੇ ਗੁਰਦਿਆਲ ਸਿੰਘ ਤੋਂ ਵੀ 'ਗਾਂਹ ਪਹੁੰਚ ਸਕਦੈਂ!" ਉਹ ਹਾ-ਹਾ ਕਰ ਕੇ ਹੱਸਿਆ।

ਹਾ-ਹਾ ਕਰ ਕੇ ਉਹ ਸ਼ਰਾਰਤੀ ਹਾਸਾ ਹੱਸਦੈ ਤੇ ਹੱਸਣ ਲੱਗਾ ਅੱਖਾਂ ਮੀਚ ਲੈਂਦੈ ਪਈ ਉਹਦੀ ਸ਼ਰਾਰਤ ਦਾ ਪਤਾ ਨਾ ਲੱਗੇ। ਮੇਰਾ ਉਹ 1962-67 ਦਾ ਦਿੱਲੀ ਪੜ੍ਹਨ-ਪੜ੍ਹਾਉਣ ਵੇਲੇ ਦਾ ਦੋਸਤ ਹੈ। ਅਸੀਂ ਇਕੋ ਸਮੇਂ ਦਿੱਲੀ ਗਏ। ਮੈਂ ਚਕਰੋਂ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਜਾਂਦਾ ਦਿੱਲੀ ਦੇ ਖਾਲਸਾ ਕਾਲਜ ਜਾ ਪੁੱਜਾ ਤੇ ਉਹ ਰੁਪਾਣੇ ਤੋਂ ਕਾਮਰੇਡਾਂ ਦੀ ਰੈਲੀ 'ਚ ਦਿੱਲੀ ਜਾਂਦਾ ਦਿੱਲੀ ਦਾ ਸਕੂਲ ਮਾਸਟਰ ਬਣ ਗਿਆ। ਉਥੇ ਅਸੀਂ ਲੰਡੇ ਨੂੰ ਮੀਣੇ ਵਾਂਗ ਟੱਕਰੇ। ਉਦੋਂ ਉਹ ਪੂਰਾ ਪੰਗੇਹੱਥਾ ਸੀ। ਜੇ ਮੈਂ ਦਿੱਲੀ ਛੱਡ ਕੇ ਢੁੱਡੀਕੇ ਨਾ ਮੁੜਦਾ ਤਾਂ ਪਤਾ ਨਹੀਂ ਕਿਹੋ ਜਿਹੇ ਪੰਗੇ ਲੈਂਦੇ? ਪੰਗਾ ਲਏ ਬਿਨਾ ਉਹਦਾ ਸਰਦਾ ਨਹੀਂ ਸੀ। ਕਦੇ ਸਤਿਆਰਥੀ ਨਾਲ, ਕਦੇ ਅੰਮ੍ਰਿਤਾ ਪ੍ਰੀਤਮ, ਕਦੇ ਬਲਵੰਤ ਗਾਰਗੀ, ਕਦੇ ਅਜੀਤ ਕੌਰ ਤੇ ਕਦੇ ਭਾਪਾ ਪ੍ਰੀਤਮ ਸਿੰਘ ਨਾਲ। ਮੈਂ ਦਿੱਲੀ ਛੱਡ ਕੇ ਪੰਗਿਆਂ ਤੋਂ ਬਚਿਆ ਰਿਹਾ।

ਇਕ ਵਾਰ ਮੈਂ ਉਹਦੇ ਹੋਸਟਲ ਦੇ ਫੰਕਸ਼ਨ 'ਚ ਗਿਆ। ਪੁੱਛਣ ਲੱਗਾ, "ਮੈਂ 'ਢੋਲਕੀ' ਵਾਲੀ ਨਜ਼ਮ ਸੁਣਾ ਆਵਾਂ?" ਨਜ਼ਮ ਪੰਗੇਹੱਥੀ ਸੀ। ਸੁਪਰੀਮ ਕੋਰਟ ਦਾ ਚੀਫ ਜਸਟਿਸ ਮੁੱਖ ਮਹਿਮਾਨ ਸੀ। ਹੋਰਨਾਂ ਨਾਲ ਵਿਚੇ ਉਹਦੀ ਵੀ ਢੋਲਕੀ ਵਜਾ ਆਇਆ, ਜਿਸ ਨੂੰ ਜੱਜ ਸਮਝ ਹੀ ਨਾ ਸਕਿਆ। ਮੈਂ ਸਮਝ ਗਿਆ ਕਿ ਹੁਣ ਪਊ ਪੰਗਾ, ਪਰ ਬਚਾਅ ਹੋ ਗਿਆ। ਨਜ਼ਮ ਸੁਣਾ ਕੇ ਅਸੀਂ ਫਿਰ ਕਮਰੇ 'ਚ ਆਏ ਤੇ ਖਾ-ਪੀ ਕੇ ਪੰਡਾਲ ਦੀਆਂ ਮਗਰਲੀਆਂ ਸੀਟਾਂ 'ਤੇ ਜਾ ਸਜੇ। ਉਹਨੇ ਮਾਂ ਦੇ ਪੁੱਤ ਨੇ ਨਵਾਬਾਂ ਵਾਂਗ ਸਿਗਰਟ ਲਾ ਲਈ। ਮੈਂ ਬਥੇਰਾ ਕਿਹਾ, "ਸਿੱਟ ਪਰ੍ਹਾਂ ਇਸ ਮਾਂ ਨੂੰ। ਜਾਂ ਬੁਝਾ ਕੇ ਡੱਬੀ 'ਚ ਪਾ ਲਾ, ਫੇਰ ਪੀ-ਲੀਂ।"

ਪਰ ਉਹਨੇ ਮੇਰੀ ਇਕ ਨਾ ਮੰਨੀ। ਉਦੋਂ ਉਹ ਪੀਐਚ.ਡੀ. ਕਰਦਾ ਸੀ ਤੇ ਦਿੱਲੀ ਯੂਨੀਵਰਸਿਟੀ ਦੇ ਪੋਸਟ ਗਰੈਜੂਏਟ ਹੋਸਟਲ ਵਿਚ ਰਹਿੰਦਾ ਸੀ। ਵਿਚੇ ਸਕੂਲ ਮਾਸਟਰੀ ਕਰੀ ਜਾਂਦਾ ਸੀ। ਮੇਰੇ ਹਿਸਾਬ ਨਾਲ ਉਸ ਨੂੰ ਹੋਸਟਲ ਵਿਚ ਸਾਊ ਬੰਦਾ ਬਣ ਕੇ ਰਹਿਣਾ ਪੈਣਾ ਸੀ। ਤਦੇ ਮੈਂ ਉਸ ਨੂੰ ਸਿਗਰਟ ਪੀਣੋਂ ਵਰਜ ਰਿਹਾ ਸਾਂ ਅਤੇ ਜਾਣ-ਬੁੱਝ ਕੇ ਸਭ ਤੋਂ ਪਿਛਲੀ ਕਤਾਰ ਵਿਚ ਬਹਾਇਆ ਸੀ ਕਿ ਖਾਧੀ-ਪੀਤੀ ਦਾ ਪਤਾ ਨਾ ਲੱਗੇ। ਸਾਥੋਂ ਮੂਹਰੇ ਖਾਲੀ ਪਈ ਸੀਟ ਉਤੇ ਇਕ ਨੌਜੁਆਨ ਬੋਧੀ ਭਿਕਸ਼ੂ ਆ ਬੈਠਾ। ਉਹਦੇ ਭਗਵੀਂ ਗਿਲਤੀ ਮਾਰੀ ਹੋਈ ਸੀ ਤੇ ਰੋਡ-ਭੋਡ ਸਿਰ ਉਤੇ ਲਾਈਟ ਲਿਸ਼ਕ ਰਹੀ ਸੀ। ਸਾਡਾ ਸਿਰ 'ਚ ਠੋਲਾ ਮਾਰਨ ਨੂੰ ਜੀਅ ਕੀਤਾ। ਰੁਪਾਣਾ ਕਹੇ ਮਾਰ ਠੋਲਾ।






ਬੋਧੀ ਨੇ ਸਿਗਰਟ ਪੀਂਦੇ ਰੁਪਾਣੇ ਨੂੰ ਇਕ ਵਾਰ ਧੌਣ ਭੁਆ ਕੇ ਕੁਝ ਔਖ ਨਾਲ ਵੇਖਿਆ, ਪਰ ਕਿਹਾ ਕੁਝ ਨਾ। ਗੁਰਦੇਵ ਅੰਦਰਲਾ ਦੇਬਾ ਜਾਗ ਪਿਆ। ਉਸ ਨੇ ਲੰਮਾ ਕਸ਼ ਖਿੱਚਿਆ ਤੇ ਧੂੰਏ ਦਾ ਗੋਲਾ ਬਣਾ ਕੇ ਭਿਕਸ਼ੂ ਦੇ ਬਲਬ ਵਾਂਗ ਲਿਸ਼ਕਦੇ ਸਿਰ 'ਤੇ ਛੱਡਿਆ। ਉਹੀ ਗੱਲ ਹੋਈ ਜੀਹਦਾ ਡਰ ਸੀ। ਗੁੱਸੇ 'ਚ ਗਠੀਲੇ ਭਿਕਸ਼ੂ ਦੀਆਂ ਅੱਖਾਂ ਗੇਰੂ-ਰੰਗੀਆਂ ਹੋ ਗਈਆਂ। ਉਸ ਨੇ ਪੰਡਾਲ ਤੋਂ ਬਾਹਰ ਨਿਕਲਣ ਲਈ ਵੰਗਾਰਿਆ। ਭਿਕਸ਼ੂਆਂ ਦੀ ਪੰਜ-ਛੇ ਜਣਿਆਂ ਦੀ ਢਾਣੀ ਵੇਖ ਕੇ ਮੈਂ ਉਹਨੂੰ ਖਿੱਚ ਕੇ ਕਮਰੇ ਵਿਚ ਲੈ ਗਿਆ, ਜਿਸ ਨਾਲ ਬਚਾਅ ਹੋ ਗਿਆ। ਇਉਂ ਉਹ ਹੋਸਟਲ 'ਚੋਂ ਨਿਕਲਣੋਂ ਮਸਾਂ ਬਚਿਆ ਤੇ ਪੀਐਚ.ਡੀ. ਪੂਰੀ ਕਰ ਗਿਆ।

ਪੀਐਚ.ਡੀ. ਦੀ ਗੱਲ ਵੀ ਸੁਣ ਲਓ। ਸੱਈਅਦ ਨਜ਼ਮ ਹੁਸੈਨ ਨੇ ਅੰਗਰੇਜ਼ੀ ਦੀ ਕਿਤਾਬ 'ਰਿਕਰੰਟ ਪੈਟਰਨ ਇਨ ਪੰਜਾਬੀ ਪੋਇਟਰੀ' ਅੰਮ੍ਰਿਤਾ ਪ੍ਰੀਤਮ ਨੂੰ ਭੇਜੀ। ਅੰਮ੍ਰਿਤਾ ਦਾ ਅੰਗਰੇਜ਼ੀ ਵਿਚ ਹੱਥ ਤੰਗ ਹੋਣ ਕਰਕੇ ਉਸ ਨੇ ਬੇਦੀ ਨੂੰ ਭੇਜ ਦਿੱਤੀ। ਉਹਦਾ ਹੱਥ ਓਦੂੰ ਵੀ ਤੰਗ। ਬੇਦੀ ਨੇ ਰੁਪਾਣੇ ਨੂੰ ਦੇ ਦਿੱਤੀ ਕਿ 'ਨਾਗਮਣੀ ਸ਼ਾਮ' 'ਚ ਜਾਣ ਵੇਲੇ ਅੰਮ੍ਰਿਤਾ ਨੂੰ ਮੋੜ ਦੇਈਂ। ਰੁਪਾਣੇ ਨੇ ਉਹ ਕਿਤਾਬ ਪੜ੍ਹ ਲਈ ਤੇ ਪ੍ਰੋ. ਅਤਰ ਸਿੰਘ ਨੂੰ ਵੀ ਜਾ ਪੜ੍ਹਾਈ। ਉਹ ਕਹਿੰਦਾ, "ਤੂੰ ਇਸ ਪੈਟਰਨ 'ਤੇ ਪੀਐਚ.ਡੀ. ਕਰ ਸਕਦੈਂ। ਕਾਦਰਯਾਰ ਦੀ ਕਵਿਤਾ 'ਤੇ ਕਰ ਲੈ, ਮੈਂ ਤੇਰਾ ਗਾਈਡ ਬਣਜੂੰ।" ਰੁਪਾਣੇ ਅੰਦਰਲਾ ਦੇਬਾ ਫਿਰ ਜਾਗ ਪਿਆ। ਕਹਿੰਦਾ, "ਗਾਈਡ-ਗੂਡ ਨੀ ਮੈਂ ਤੈਨੂੰ ਬਣਾਉਣਾ। ਤਰਲੋਕ ਸਿੰਘ ਕੰਵਰ ਨੂੰ ਬਣਾਊਂ, ਪਰ ਗਾਈਡੈਂਸ ਤੈਥੋਂ ਈ ਲਊਂ।" ਅਤਰ ਸਿਓਂ ਦਰੂਅੰਦੇਸ਼ ਸੀ, ਰੁਪਾਣੇ ਦੇ ਰੰਗ-ਢੰਗ ਨੂੰ ਸਮਝਦਾ ਸੀ। ਇਉਂ ਹੋਈ ਉਹਦੀ ਪੀਐਚ.ਡੀ., ਪਰ ਉਸ ਨੇ ਕਦੇ ਇਸ ਡਿਗਰੀ ਦਾ ਫਾਇਦਾ ਨਾ ਉਠਾਇਆ ਤੇ ਸਕੂਲ ਅਧਿਆਪਕ ਵਜੋਂ ਹੀ ਰਿਟਾਇਰ ਹੋਇਆ। ਕਹਿੰਦਾ ਰਹਿੰਦੈ, "ਮੈਂ ਕਿਤੇ ਅਰਜ਼ੀ-ਉਰਜੀ ਨ੍ਹੀਂ ਦਿੰਦਾ ਹੁੰਦਾ।"

ਆਪਣੇ ਨਾਂ ਨਾਲ ਡਾਕਟਰ ਨਾ ਲਾਉਣ ਬਾਰੇ ਪੁੱਛੋ ਤਾਂ ਜਵਾਬ ਮਿਲਦੈ, "ਪਹਿਲਾਂ ਈ ਸਾਹਿਤ ਦੇ ਡਾਕਟਰ ਬਹੁਤ ਨੇ। ਪਈ ਟਰ ਟਰ ਹੋਈ ਜਾਂਦੀ ਐ! ਜਦੋਂ ਕੋਈ ਗੁਰਦੇਵ ਰੁਪਾਣਾ ਕਹੇ ਤਾਂ ਲਗਦੈ ਕਹਾਣੀਕਾਰ ਹੋਊ। ਜੇ ਕੋਈ ਡਾ. ਗੁਰਦੇਵ ਸਿੰਘ ਰੁਪਾਣਾ ਕਹੇ ਤਾਂ ਲੱਗੂ ਜਿਵੇਂ ਮਰੀਜ਼ਾਂ ਦਾ ਡਾਕਟਰ ਹੋਊ। ਨਾਲੇ ਡਾਕਟਰ ਵੀ ਕਾਹਦਾ? ਅੱਖਾਂ ਦਾ? ਦੰਦਾਂ ਦਾ? ਜਾਂ ਡੰਗਰਾਂ ਦਾ? ਆਪਾਂ ਤੋਂ ਨ੍ਹੀਂ ਬਣ ਹੁੰਦਾ ਡੰਗਰ ਡਾਕਟਰ!"

ਇਕ ਦਿਨ ਉਹ ਦਿੱਲੀ ਤੋਂ ਢੁੱਡੀਕੇ ਮੈਨੂੰ ਮਿਲਣ ਆਇਆ। ਮੇਰੀ ਜੀਵਨ ਸਾਥਣ ਕਹਿਣ ਲੱਗੀ, "ਵੀਰ ਜੀ, ਭੈਣ ਜੀ ਨੂੰ ਵੀ ਲਈ ਆਉਣਾ ਸੀ।" ਕਹਿਣ ਲੱਗਾ, "ਉਹਤੋਂ ਈ ਤਾਂ ਖਹਿੜਾ ਛੁਡਾ ਕੇ ਆਇਆਂ।" ਮੈਂ ਉਹਨੂੰ ਪਾਸੇ ਲੈ ਗਿਆ ਕਿ ਹੋਰ ਨਾ ਪੰਗਾ ਖੜ੍ਹਾ ਕਰ ਦੇਵੇ? ਪਾਸੇ ਹੁੰਦਿਆਂ ਈ ਪੁੱਛਣ ਲੱਗ ਪਿਆ, "ਹੈਗੀ ਆ ਘੁੱਟ?"

ਘੁੱਟ ਪੀਣ ਦੀ ਦੇਰ ਸੀ ਕਿ ਤਰਾਰੇ 'ਚ ਹੋ ਕੇ ਕਹਿਣ ਲੱਗਾ, "ਚਲ ਵਿਖਾ ਹੁਣ ਲੇਖਕਾਂ ਦਾ ਪਿੰਡ ਢੁੱਡੀਕੇ। ਮਿਲਾ ਨਾਲੇ ਆਪਣੇ 'ਵੱਡੇ ਕੰਬਲ' ਨੂੰ।" ਕੁਦਰਤੀ ਕੰਵਲ ਸਾਹਿਬ ਉਦਣ ਚੰਡੀਗੜ੍ਹ ਵੱਲ ਗਏ ਹੋਏ ਸਨ, ਜਿਸ ਕਰਕੇ ਉਸ ਨਾਲ ਪੈਣ ਵਾਲੇ ਪੰਗੇ ਤੋਂ ਬਚਾਅ ਰਿਹਾ। ਮੈਂ ਉਹਨੂੰ ਸਕੂਟਰ 'ਤੇ ਬਿਠਾ ਕੇ ਢੁੱਡੀਕੇ ਦਾ ਗੇੜਾ ਕਢਾਇਆ। ਫਿਰ ਮੇਰੇ ਪਿੰਡ ਚਕਰ ਦੇ ਰਾਹ ਪੈ ਗਏ। ਰਾਹ 'ਚ ਜਿਥੇ ਨਲਕਾ ਆਉਂਦਾ, ਘੁੱਟ ਹੋਰ ਲਾ ਲੈਂਦਾ। ਚਕਰ ਦੇ ਗੁਰਦੁਆਰੇ ਦਾ 111 ਫੁੱਟ ਉੱਚਾ ਨਿਸ਼ਾਨ ਸਾਹਿਬ ਵੇਖ ਕੇ ਆਖਣ ਲੱਗਾ, "ਬੱਲੇ ਬੱਲੇ ਕਿੰਨਾ ਉੱਚਾ!" ਮੈਂ ਸੋਚਿਆ, "ਪੰਗਾ ਲੈਣ ਦੇ ਮੂਡ 'ਚ ਐ, ਕਿਤੇ ਉਤੇ ਚੜ੍ਹਨ ਨੂੰ ਨਾ ਆਖ ਦੇਵੇ! ਕਿਵੇਂ ਚੜ੍ਹਾਊਂ ਏਹਨੂੰ?"

ਪਿੰਡੋਂ ਸੇਵਾ ਕਰਾ ਕੇ ਮੱਲ੍ਹੇ ਆਏ ਤਾਂ ਨਾਵਲਕਾਰ ਕਰਮਜੀਤ ਕੁੱਸਾ ਮਿਲ ਗਿਆ। ਉਹ ਵੀ ਅੱਗੋਂ ਟੱਲੀ। ਹੋਰ ਪੀ ਕੇ ਦੋਵੇਂ ਘਿਲਬਿੱਲੀਆਂ ਬੁਲਾਉਣ ਲੱਗੇ ਤਾਂ ਮੈਂ ਰੁਪਾਣੇ ਨੂੰ ਸਕੂਟਰ 'ਤੇ ਲੱਦ ਲਿਆ। ਬਾਂਹਾਂ ਲੱਕ ਦੁਆਲੇ ਵਲਾ ਲਈਆਂ। ਰਸੂਲਪੁਰ ਤੇ ਦੌਧਰ ਵਿਚਾਲੇ ਬੜਾ ਭਾਰਾ ਬੋਹੜ ਆਉਂਦੈ। ਮੁੜ-ਮੁੜ ਆਖੇ, "ਸਕੂਟਰ ਰੋਕ, ਮੈਂ ਬੋਹੜ ਨੂੰ ਜੱਫੀ ਪਾਉਣੀ ਐਂ। ਇਹੋ ਜਿਹਾ ਬੋਹੜ ਦੇਖੇ ਨੂੰ ਤਾਂ ਮੁੱਦਤਾਂ ਹੋ'ਗੀਆਂ। ਤਰਸ ਗਿਆਂ ਬੋਹੜਾਂ ਨੂੰ ਜੱਫੀਆਂ ਪਾਉਣ ਨੂੰ। ਮੈਂ ਬੋਹੜ ਨੂੰ ਜੱਫੀ ਪਾਉਨਾਂ ਤੂੰ ਫੋਟੂ ਖਿੱਚ।"

ਫੋਟੋਆਂ ਖਿੱਚਦੇ ਖਿਚਾਉਂਦੇ ਜਦੋਂ ਨਹਿਰ ਦੇ ਪੁਲ ਚੜ੍ਹੇ ਤਾਂ ਕਹਿੰਦਾ, "ਰੋਕ, ਨਹਿਰ 'ਚ ਤਰੀਏ। ਮੇਰਾ ਛਾਲਾਂ ਮਾਰਨ ਨੂੰ ਜੀਅ ਕਰਦੈ।" ਉਸ ਵੇਲੇ ਨਹਿਰ ਦੇ ਪੁਲ ਉਤੇ ਰੁਕਣਾ ਮੈਂ ਖਤਰੇ ਤੋਂ ਖਾਲੀ ਨਾ ਸਮਝਿਆ। 80ਵਿਆਂ ਦਾ ਦੌਰ ਸੀ। ਕੋਈ ਸਕੂਟਰ ਖੋਹ ਕੇ ਸਾਨੂੰ ਨਹਿਰ 'ਚ ਰੋੜ੍ਹ ਸਕਦਾ ਸੀ। ਰੋੜ੍ਹ ਦਿੰਦਾ ਤਾਂ ਵਿਚੇ ਆਹ ਸਾਹਿਤ ਅਕਾਦਮੀ ਵਾਲਾ ਇਨਾਮ ਰੁੜ੍ਹ ਗਿਆ ਹੁੰਦਾ! ਢੁੱਡੀਕੇ ਪਹੁੰਚੇ ਤਾਂ ਰੋਟੀ ਟੁੱਕ ਤਿਆਰ ਸੀ, ਪਰ ਉਹ ਕੁਝ ਵੀ ਖਾਣ ਪੀਣ ਜੋਗਾ ਨਹੀਂ ਸੀ ਰਿਹਾ। ਉਹਦਾ ਜੀਅ ਪਰਚਾਉਣ ਲਈ ਮੈਂ ਕਦੇ ਉਹਦੀ ਕਹਾਣੀ 'ਸ਼ੀਸ਼ਾ', ਕਦੇ ਨਾਵਲ 'ਗੋਰੀ' ਤੇ ਕਦੇ ਕਹਾਣੀ 'ਹਵਾ' ਦੀ ਗੱਲ ਤੋਰਦਾ, ਪਰ ਉਹ ਖੁਦ ਹਵਾ ਵਿਚ ਸੀ। ਫਿਰ ਸਿਗਰਟ ਦੀ ਤਲਬ ਵਿਚ ਹੂੰਗੀ ਗਿਆ। ਉਨ੍ਹੀਂ ਦਿਨੀਂ ਸਿਗਰਟ ਲਿਆਉਣੀ ਚਿੜੀਆਂ ਦਾ ਦੁੱਧ ਲਿਆਉਣ ਬਰਾਬਰ ਸੀ, ਪਰ ਆਫਰੀਨ ਉਹਦੇ ਕਿ ਸਵੇਰੇ ਉਠਦਿਆਂ ਉਹ ਚੰਗਾ ਭਲਾ ਸੀ ਤੇ 'ਵੱਡੇ ਕੰਬਲ' ਨੂੰ ਕੰਵਲ ਸਾਹਿਬ ਕਹਿ ਰਿਹਾ ਸੀ। ਨਿੱਕੇ ਪੈਰਾਂ ਨਾਲ ਵੱਡੀਆਂ ਛਾਲਾਂ ਮਾਰਨ ਦੀਆਂ ਗੱਲਾਂ ਕਰ ਰਿਹਾ ਸੀ। ਨਾਵਲ 'ਮੂਰਤੀ' ਲਿਖਣ ਦੀ ਤਿਆਰੀ ਵਿਚ ਸੀ। ਖੈਰ! ਇਹ ਤਾਂ ਟ੍ਰੇਲਰ ਹੈ, ਪੂਰੀ ਫਿਲਮ ਪੁਸਤਕ 'ਪੰਜਾਬ ਦੇ ਕੋਹੇਨੂਰ' ਦੇ ਅਗਲੇ ਭਾਗ ਵਿਚ ਵਿਖਾਵਾਂਗਾ।

---

# ਪੰਜਾਬੀ ਸਾਹਿਤਕ ਕਹਾਣੀ ਦੀਆਂ ਗੱਲਾਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਸ ਵਾਰ ਦਾ ਕੇਂਦਰੀ ਸਾਹਿਤ ਅਕਾਡਮੀ ਪੁਰਸਕਾਰ ਗੁਰਦੇਵ ਸਿੰਘ ਰੁਪਾਣਾ ਨੂੰ ਐਲਾਨੇ ਜਾਣ ਨਾਲ ਪੰਜਾਬੀ ਨਿੱਕੀ ਕਹਾਣੀ ਦੇ ਮਹਤੱਵ ਦੀ ਗੱਲ ਮੁੜ ਛਿੜ ਪਈ ਹੈ। ਜਦੋਂ ਹਰਬੰਸ ਸਿੰਘ ਵਲੋਂ ਅਨੁਵਾਦਿਤ ਕੁਲਵੰਤ ਸਿੰਘ ਵਿਰਕ ਦੀਆਂ ਅੱਧੀ ਦਰਜਨ ਕਹਾਣੀਆਂ ਅੰਗਰੇਜ਼ੀ ਦੇ ਪ੍ਰਸਿੱਧ ਰਸਾਲੇ 'ਇਲਸਟ੍ਰੇਟਡ ਵੀਕਲੀ ਆਫ ਇੰਡੀਆ' ਵਿਚ ਛਪੀਆਂ ਸਨ ਤਾਂ ਭਾਰਤ ਦੇ ਨਾਮੀ ਸਾਹਿਤ ਆਲੋਚਨਾ ਨੇ ਪੰਜਾਬੀ ਕਹਾਣੀ ਦੇ ਸੰਸਾਰ ਸਾਹਿਤ ਵਿਚ ਮਹੱਤਵ ਦੀ ਘੁਸਰ-ਮੁਸਰ ਸ਼ੁਰੂ ਕਰਵਾ ਦਿੱਤੀ ਸੀ। ਮੇਰੇ ਵਰਗੇ ਉਸ ਦੇ ਮਿੱਤਰਾਂ ਨੂੰ ਅੰਗਰੇਜ਼ੀ ਪਾਠਕ ਕਨਾਟ ਪਲੇਸ ਦੇ ਕਾਫੀ ਹਾਊਸ ਵਿਚ ਲੱਭ-ਲੱਭ ਕੇ ਮੁਬਾਰਕਾਂ ਦੇਣ ਆਉਂਦੇ ਸਨ।

ਪੰਜਾਬੀ ਕਹਾਣੀ ਦਾ ਮੁੱਢ ਦੋ ਸੱਸਿਆਂ ਨਾਲ ਬੱਝਾ-ਸੰਤ ਸਿੰਘ ਸੇਖੋਂ ਤੇ ਸੁਜਾਨ ਸਿੰਘ ਨਾਲ। ਇਸ ਨੂੰ ਦੋ ਕੱਕਿਆਂ ਨੇ ਉਭਾਰਿਆ ਤੇ ਦੋ ਗੱਗਿਆਂ ਨੇ ਪਾਲਿਆ। ਕੱਕਾ ਤੋਂ ਕਰਤਾਰ ਸਿੰਘ ਦੁੱਗਲ ਤੇ ਕੁਲਵੰਤ ਸਿੰਘ ਵਿਰਕ ਅਤੇ ਗੱਗਾ ਤੋਂ ਗੁਰਬਚਨ ਸਿੰਘ ਭੁੱਲਰ ਤੇ ਗੁਰਦੇਵ ਸਿੰਘ ਰੁਪਾਣਾ। ਰੁਪਾਣਾ ਦੀ ਪਹੁੰਚ ਤੇ ਵਿਧੀ ਸਾਰਿਆਂ ਨਾਲੋਂ ਨਿਆਰੀ ਹੈ-ਸੰਖੇਪ ਤੇ ਸੂਖਮ। ਇਹ ਉਸ ਦਾ ਗੁਣ ਵੀ ਹੈ ਤੇ ਔਗੁਣ ਵੀ। ਔਗੁਣ ਇਸ ਲਈ ਕਿ ਸੂਖਮਤਾ ਸਹਿਜੇ ਕੀਤੇ ਪਛਾਣੀ ਨਹੀਂ ਜਾਂਦੀ। ਇਸ ਦੇ ਉਲਟ ਹਰਮਨ ਪਿਆਰਤਾ ਪਾਠਕ ਮਨਾਂ ਵਿਚ ਤੁਰੰਤ ਘਰ ਕਰ ਲੈਂਦੀ ਹੈ।

ਰੁਪਾਣਾ ਨੂੰ ਨਾ ਹੀ ਕੋਈ ਹਰਬੰਸ ਸਿੰਘ ਵਰਗਾ ਅੰਗਰੇਜ਼ੀ ਵਿਚ ਉਲਥਾ ਕਰਨ ਵਾਲਾ ਮਿਲਿਆ ਤੇ ਨਾ ਹੀ ਇਲਸਟ੍ਰੇਟਡ ਵੀਕਲੀ ਦੇ ਬੰਦ ਹੋ ਜਾਣ ਪਿਛੋਂ ਕਿਸੇ ਹੋਰ ਅੰਗਰੇਜ਼ੀ ਰਸਾਲੇ ਨੇ ਪੰਜਾਬੀ ਰਚਨਾਵਾਂ ਨੂੰ ਗੌਲਿਆ।

ਮੈਂ ਰੁਪਾਣਾ ਦੇ ਸੰਪਰਕ ਵਿਚ 50 ਸਾਲ ਪਹਿਲਾਂ ਆਇਆ, ਜਦੋਂ ਮਾਲਵੇ ਦੇ ਗੁਰਦੇਵ ਤੇ ਗੁਰਬਚਨ ਨੇ ਇਕੱਠਿਆਂ ਦਿੱਲੀ ਵਿਚ ਪਰਵੇਸ਼ ਕੀਤਾ। ਇਹ ਦੋਵੇਂ ਅੰਮ੍ਰਿਤਾ ਪ੍ਰੀਤਮ ਦੇ ਘਰ ਨੇਮ ਨਾਲ ਲਗਣ ਵਾਲੀ 'ਨਾਗਮਣੀ ਸ਼ਾਮ' ਨਾਂ ਦੀ ਸਾਹਿਤਕ ਮਹਿਫਿਲ ਵਿਚ ਜੌੜੇ ਭਰਾਵਾਂ ਵਾਂਗ ਵਿਚਰਦੇ। ਉਦੋਂ 1970 ਵਿਚ ਗੁਰਬਚਨ ਸਿੰਘ ਭੁੱਲਰ ਦਾ ਕਹਾਣੀ ਸੰਗ੍ਰਹਿ 'ਓਪਰਾ ਮਰਦ' ਤੇ ਗੁਰਦੇਵ ਸਿੰਘ ਰੁਪਾਣਾ ਦਾ 'ਇੱਕ ਟੋਟਾ ਔਰਤ' ਤੁਰੰਤ ਛਪਦੇ ਸਾਰ ਕਰਤਾਰ ਸਿੰਘ ਦੁੱਗਲ ਦੀ 'ਸਵੇਰ ਸਾਰ' ਤੇ ਕੁਲਵੰਤ ਸਿੰਘ ਵਿਰਕ ਦੀ 'ਛਾਹ ਵੇਲਾ' ਵਾਂਗ ਪੰਜਾਬੀ ਸਾਹਿਤਕ ਜਗਤ ਉੱਤੇ ਛਾ ਗਏ। ਇਥੋਂ ਤੱਕ ਕਿ ਗੁਰਦਿਆਲ ਸਿੰਘ ਦਾ 'ਮੜ੍ਹੀ ਦਾ ਦੀਵਾ' ਤੇ ਮੇਰੀ 'ਹੁਸਨ ਦੇ ਹਾਣੀ' ਵਿਚ ਵਿਚਾਲੇ ਰੁਲ ਗਏ।

ਰੁਪਾਣਾ ਦੇ ਸਨਮਾਨਤ ਕਹਾਣੀ ਸੰਗ੍ਰਹਿ ਦਾ ਨਾਂ 'ਆਮ ਖਾਸ' ਹੈ। ਇਸ ਨੂੰ ਪੰਜ ਲੱਖ ਰੁਪਏ ਵਾਲਾ ਢਾਹਾਂ ਇਨਾਮ ਵੀ ਮਿਲ ਚੁਕਾ ਹੈ, ਪਰ ਉਸ ਇਨਾਮ ਦੇ ਪੈਸੇ ਪੰਜ ਗੁਣਾ ਵਧ ਹੋਣ ਦੇ ਬਾਵਜੂਦ ਏਨੀ ਚਰਚਾ ਨਹੀਂ ਸੀ ਹੋਈ, ਜਿੰਨੀ ਸਾਹਿਤ ਅਕਾਦਮੀ ਵਾਲੇ ਦੀ।

ਇਸ ਪੁਰਸਕਾਰ ਦਾ ਸਿਹਰਾ ਕਹਾਣੀਆਂ ਦੀ ਉੱਤਮਤਾ ਤੋਂ ਬਿਨਾ ਚੋਣ ਕਮੇਟੀ ਦੇ ਸਿਰ ਵੀ ਬੱਝਦਾ ਹੈ, ਜਿਨ੍ਹਾਂ ਨੇ ਇਸ ਨੂੰ ਪਛਾਣਿਆ। ਇਸ ਨੇ ਰੁਪਾਣਾ ਦੀਆਂ ਚਾਰ ਦਹਾਕੇ ਪਹਿਲਾਂ ਛਪੀਆਂ 'ਹਵਾ' ਤੇ 'ਸ਼ੀਸ਼ਾ' ਕਹਾਣੀਆਂ ਵੀ ਚੇਤੇ ਕਰਵਾ ਦਿੱਤੀਆਂ ਹਨ, ਜੋ ਉਸ ਸਮੇਂ ਉਰਦੂ ਅਫਸਾਨਾਨਿਗਾਰਾਂ-ਸਆਦਤ ਹਸਨ ਮੰਟੋ ਤੇ ਰਾਜਿੰਦਰ ਸਿੰਘ ਬੇਦੀ ਦੀਆਂ ਰਚਨਾਵਾਂ ਦੇ ਹਾਣ ਦੀਆਂ ਗਰਦਾਨੀਆਂ ਗਈਆਂ ਸਨ। ਰੁਪਾਣਾ ਦੀ ਜੀਵੰਤ ਮੁੱਦਿਆਂ ਉੱਤੇ ਡੂੰਘੀ ਪਕੜ ਹੈ। ਉਸ ਨੂੰ ਮਨੁੱਖੀ ਮਨ ਦੀਆਂ ਤਹਿਆਂ ਫਰੋਲਣ ਦੀ ਜਾਚ ਆਉਂਦੀ ਹੈ। ਉਸ ਦੀਆਂ ਗੱਲਾਂ ਵਿਚ ਪੇਂਡੂ ਸਿਆਣਿਆਂ ਵਾਲੇ ਤੱਤ ਹਨ। ਉਹ ਇਨ੍ਹਾਂ ਨੂੰ ਤਨਜ਼ ਤੇ ਟਿੱਚਰ ਦੀ ਚਾਸ਼ਣੀ ਚੜ੍ਹਾਉਣੀ ਜਾਣਦਾ ਹੈ।

ਮੇਰੀ ਨਜ਼ਰ ਵਿਚ ਉਸ ਦਾ ਨਿਕਚੂ ਜਿਹਾ ਨਾਵਲ 'ਗੋਰੀ' ਉਸ ਦੀ ਸੂਝ ਤੇ ਸਿਆਣਪ ਦੀ ਸਿਖਰ ਸੀ। ਇਸ ਵਿਚ ਲੇਖਕ ਨੇ ਨੌਜਵਾਨ ਕੁੜੀ ਦੇ ਮਨ ਦੀਆਂ ਡੂੰਘਾਣਾਂ ਦੀ ਥਾਹ ਪਾਈ ਹੈ। ਇਸ ਦਾ ਅਨੁਵਾਦ ਕਈ ਭਾਰਤੀ ਭਾਸ਼ਾਵਾਂ ਵਿਚ ਵੀ ਛਪ ਚੁਕਾ ਹੈ। ਇਹ ਸਾਹਿਤਕ ਤੇ ਕਲਾਤਮਕ ਉੱਤਮਤਾ ਦਾ ਸ਼ੀਸ਼ਾ ਹੈ। ਗੁਰਦੇਵ ਰੁਪਾਣਾ ਦੀਆਂ ਸਿਆਣਪਾਂ ਦੀ ਮੂੰਹ ਬੋਲਦੀ ਤਸਵੀਰ।

ਇਕ ਵਾਰ ਮੈਂ ਤੇ ਮੇਰੀ ਪਤਨੀ ਉਸ ਦੇ ਪਿੰਡ ਰੁਪਾਣਾ ਗਏ। ਸਾਨੂੰ ਪਤਾ ਲੱਗਿਆ ਕਿ ਉਸ ਦਾ ਗੋਤ ਵਿਰਕ ਹੈ। ਸੇਖੋਂ, ਦੁੱਗਲ, ਵਿਰਕ, ਭੁੱਲਰ ਤੇ ਮੇਰੇ ਵਰਗਿਆਂ ਨੇ ਆਪਣੀ ਪਛਾਣ ਬਣਾਉਣ ਲਈ ਆਪਣੇ ਗੋਤ ਦੀ ਵਰਤੋਂ ਕੀਤੀ ਹੈ। ਗੁਰਦੇਵ ਨੇ ਇੰਜ ਕਿਉਂ ਨਹੀਂ ਕੀਤਾ? ਉਸ ਦਾ ਉਤਰ ਵੀ ਸੂਖਮ ਤੇ ਵਿਅੰਗਮਈ ਸੀ, "ਅਜਿਹਾ ਕੀਤਿਆਂ ਮੈਂ ਕੁਲਵੰਤ ਸਿੰਘ ਵਿਰਕ ਦੇ ਪੈਰਾਂ ਵਿਚ ਰੁਲ ਜਾਣਾ ਸੀ।" ਵਿਰਕ ਦੀ ਥਾਂ ਰੁਪਾਣਾ ਦੀ ਵਰਤੋਂ ਨੇ ਉਸ ਨੂੰ ਰੁਲਣ ਤੋਂ ਬਚਾਇਆ ਤੇ ਉਸ ਦੀ ਜਨਮ ਭੋਂ ਨੂੰ ਰੁਸ਼ਨਾਇਆ, ਜਿਸ ਦਾ ਸਾਰੇ ਪਿੰਡ ਵਾਸੀਆਂ ਨੂੰ ਮਾਣ ਹੋਣਾ ਚਾਹੀਦਾ ਹੈ।

ਨਿੱਕੀ ਕਹਾਣੀ ਸਾਹਿਤ ਦੀ ਨਵੀਨਤਮ ਵਿਧਾ ਹੈ। ਜੁਗਾ ਜੁਗਾਂਤਰਾਂ ਤੋਂ ਕਵਿਤਾ ਹੀ ਸਾਹਿਤ ਜਗਤ ਉੱਤੇ ਛਾਈ ਰਹੀ ਹੈ। 2020 ਦੇ ਪੁਰਸਕਾਰਾਂ ਦੀ ਸੂਚੀ ਤੋਂ ਪਤਾ ਲਗਦਾ ਹੈ ਕਿ ਨਿੱਕੀ ਕਹਾਣੀ ਨੇ ਨਾਵਲ ਤੇ ਨਾਟਕ ਨੂੰ ਪਛਾੜ ਛੱਡਿਆ ਹੈ। ਇਸ ਵਾਰ ਦੇ ਜੇਤੂਆਂ ਵਿਚ ਪੰਜ ਕਹਾਣੀਕਾਰ ਹਨ, ਚਾਰ ਨਾਵਲਕਾਰ ਤੇ ਹੋਰ ਵਿਧਾਵਾਂ ਦੇ ਇੱਕ-ਇੱਕ। ਕਵੀ ਹਾਲੇ ਵੀ ਪ੍ਰਧਾਨ ਹਨ। ਜੇ ਉਨ੍ਹਾਂ ਵਿਚ ਮਹਾਂ-ਕਾਵਿ ਰਚੈਤਾ ਨੂੰ ਵੀ ਸ਼ਾਮਲ ਕਰ ਲਈਏ ਤਾਂ ਉਹ ਅੱਠ ਹਨ।

ਪੰਜਾਬੀ ਸਾਹਿਤ ਦੇ ਰਸੀਆਂ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਰੁਪਾਣਾ ਦਾ ਕਹਾਣੀ ਸੰਗ੍ਰਹਿ 'ਆਮ ਖਾਸ' ਕੰਨੜ ਭਾਸ਼ਾ ਦੇ ਮਹਾਂ-ਕਾਵਿ 'ਸ਼੍ਰੀ ਬਾਹੂਬਲੀ ਅਹਿੰਸਾ ਦਿਵਿਜਿਅਮ' ਦੇ ਬਰਾਬਰ ਬੋਲਦਾ ਹੈ, ਜਿਸ ਦਾ ਰਚੈਤਾ ਐਮ. ਵੀ. ਰੱਪਾ ਮੋਇਲੀ ਕਰਨਾਟਕਾ ਰਾਜਨੀਤੀ ਵਿਚ ਵੀ ਉੱਘਾ ਨਾਮ ਹੈ। ਅੰਗਰੇਜ਼ੀ ਕਾਵਿ-ਸੰਗ੍ਰਹਿ 'ਵੈਨ ਗਾਡ ਇਜ਼ ਏ ਟ੍ਰੈਵਲਰ' ਦੇ ਤੁੱਲ ਵੀ, ਜਿਸ ਦੀ ਰਚੈਤਾ ਦੱਖਣੀ ਭਾਰਤ ਦੀ ਅਰੁੰਧਤੀ ਸੁਬਰਾਮਨੀਅਮ ਹੈ। ਉਨ੍ਹਾਂ ਵਰਗੇ ਹੋਰ ਵੀ ਹਨ, ਜਿਨ੍ਹਾਂ ਦੇ ਬਰਾਬਰ ਸਾਡਾ ਕਹਾਣੀਕਾਰ ਤੁਲਦਾ ਹੈ। ਪੰਜਾਬੀ ਅਫਸਾਨਾਨਿਗਾਰੀ ਜ਼ਿੰਦਾਬਾਦ!

ਗੁਰਦੇਵ ਸਿੰਘ ਰੁਪਾਣਾ ਲਗਾਤਾਰ ਲਿਖ ਰਿਹਾ ਹੈ। ਉਸ ਦੀ ਰੀੜ੍ਹ ਦੀ ਹੱਡੀ ਤੰਗ ਕਰ ਰਹੀ ਹੈ, ਫੇਰ ਵੀ। ਪੰਜਾਬ ਜਗਤ ਦੀਆਂ ਸ਼ੁਭ ਇਛਾਵਾਂ ਉਹਦੇ ਨਾਲ ਹਨ। ਆਮੀਨ!!

**ਅੰਤਿਕਾ:**

ਹੈ ਬਸਕਿ ਹਰ ਏਕ ਉਨ ਕੇ
ਇਸ਼ਾਰੇ ਮੇ ਨਿਸ਼ਾਂ ਔਰ
ਕਰਤੇ ਹੈਂ ਮੁਹੱਬਤ ਤੋ
ਗੁਜ਼ਰਤਾ ਹੈ ਗੁਮਾਂ ਔਰ।
ਹੈ ਔਰ ਭੀ ਦੁਨੀਆਂ ਮੇਂ
ਸੁਖਨਵਰ ਬਹੁਤ ਅੱਛੇ
ਕਹਿਤੇ ਹੈ ਕਿ ਗਾਲਿਬ ਕਾ
ਹੈ ਅੰਦਾਜ਼-ਏ-ਬਿਆਂ ਔਰ।

# ਖੂੰਢ ਚਰਚਾ ਵਾਲਾ ਲਾਭ ਸਿੰਘ ਸੰਧੂ

## ਪੰਜਾਬੀ ਖੇਡ ਸਾਹਿਤ 34



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਲਾਭ ਸਿੰਘ ਸੰਧੂ ਪੱਤਰਕਾਰ ਵੀ ਹੈ ਤੇ ਖੋਜਕਾਰ ਵੀ। ਉਸ ਨੇ ਮਾਨਸਾ, ਬਠਿੰਡਾ ਤੇ ਫਰੀਦਕੋਟ ਵੱਲ ਦੇ ਅਨੇਕਾਂ ਗੁੰਮਨਾਮ ਖਿਡਾਰੀਆਂ ਦੀ ਖੋਜ ਕੀਤੀ ਤੇ ਉਨ੍ਹਾਂ ਬਾਰੇ ਲਿਖਿਆ। ਉਸ ਦੀ ਵਧੇਰੇ ਮਸ਼ਹੂਰੀ 'ਖੂੰਢ ਚਰਚਾ' ਕਾਲਮ ਲਿਖਣ ਨਾਲ ਹੋਈ। ਉਹ ਕਾਲਮ ਉਸ ਨੇ 1987 ਤੋਂ 2007 ਤਕ 'ਅਜੀਤ' ਵਿਚ ਲਗਾਤਾਰ ਵੀਹ ਸਾਲ ਲਿਖਿਆ। ਇਸ ਤੋਂ ਬਿਨਾ ਉਸ ਦੇ 'ਏਹੁ ਹਮਾਰਾ ਜੀਵਣਾ', 'ਵਾਹ ਕੁੜੀਏ ਪੰਜਾਬ ਦੀਏ' ਤੇ 'ਰੰਗ ਚਰਚਾ' ਕਾਲਮ ਵੀ ਸਾਲਾਂ ਬੱਧੀ ਚੱਲੇ। ਖੇਡਾਂ ਖਿਡਾਰੀਆਂ ਸਬੰਧੀ ਉਸ ਦੀਆਂ ਪੰਜ ਪੁਸਤਕਾਂ 'ਗੁਆਚੇ ਹੀਰੇ', 'ਕਬੱਡੀ ਜਗਤ ਦੇ ਗੁਆਚੇ ਹੀਰੇ', 'ਗੱਭਰੂ ਪੁੱਤ ਪੰਜਾਬ ਦੇ', 'ਚੰਨ ਮਾਹੀ ਦੀਆਂ ਬਾਤਾਂ' ਤੇ ਖੇਡ ਬੋਲੀਆਂ 'ਲੱਖੀ ਜੰਗਲ ਦਾ ਵਿਰਸਾ' ਛਪੀਆਂ। ਇਨ੍ਹਾਂ ਤੋਂ ਬਿਨਾਂ 'ਪਾਕਿ ਨਾਵਲਾਂ ਦਾ ਅਧਿਐਨ', 'ਖੂੰਢ ਚਰਚਾ' ਦੇ ਦੋ ਭਾਗ, ਲਘੂ ਨਾਟਕ 'ਬੋਲ ਜਮੂਰੇ ਬੋਲ', 'ਕੱਲੂ ਦੀ ਭੂਤਨੀ' ਤੇ 'ਘੁੱਗੀ ਕੀ ਜਾਣੇ ਸਤਗੁਰ ਦੀਆਂ ਬਾਤਾਂ' ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਉਹਦਾ ਕੱਦ ਵੀ ਲੰਮਾ ਹੈ, ਦਾੜ੍ਹੀ ਵੀ ਲੰਮੀ, ਮੁੱਛਾਂ ਵੀ ਲੰਮੀਆਂ ਤੇ ਉਲਾਂਘਾਂ ਵੀ ਲੰਮੀਆਂ ਭਰਦੈ। ਉਸ ਦੇ ਕਾਲਮ ਵੀ ਲੰਮਾ ਸਮਾਂ ਚੱਲੇ। ਖੂੰਢ ਚਰਚਾ ਕਰਨ ਵਾਲੇ ਉਸ ਨੂੰ ਬਹੁਗੁਣਾ ਬੰਦਾ ਮੰਨਦੇ ਹਨ।

ਉਹ ਖੇਡ ਲੇਖਕ ਹੋਣ ਨਾਲ ਖੇਡ ਬੁਲਾਰਾ ਵੀ ਹੈ। ਖੇਡ ਮੇਲਿਆਂ 'ਚ ਕਬੱਡੀ, ਕੁਸ਼ਤੀ ਤੇ ਬਾਸਕਿਟਬਾਲ ਬਗੈਰਾ ਖੇਡਾਂ ਦੀ ਕੁਮੈਂਟਰੀ ਵੀ ਕਰਦਾ ਰਿਹੈ। ਉਸ ਦਾ ਜਨਮ 21 ਸਤੰਬਰ 1950 ਨੂੰ ਕੋਟਕਪੂਰੇ ਨੇੜੇ ਪਿੰਡ ਦੁਆਰੇਆਣਾ ਵਿਚ ਸ. ਮੋਹਰ ਸਿੰਘ ਸੰਧੂ ਦੇ ਘਰ ਹੋਇਆ ਸੀ। ਉਸ ਦਾ ਵੱਡਾ ਭਰਾ ਨਿਰਭੈ ਸਿੰਘ ਸੰਧੂ ਸਾਹਿਤ ਸਭਾਵਾਂ ਦਾ ਪ੍ਰੇਮੀ ਸੀ, ਜਿਸ ਦੇ ਪ੍ਰਭਾਵ ਨਾਲ ਉਹ ਵੀ ਸਭਾਵਾਂ ਵਿਚ ਜਾਣ ਲੱਗ ਪਿਆ ਤੇ ਲੇਖਕ ਬਣ ਗਿਆ। ਉਹ ਐਮ. ਏ. ਐਮ. ਫਿੱਲ. ਹੈ ਤੇ ਤੀਹ ਸਾਲ ਸਕੂਲਾਂ ਵਿਚ ਪੜ੍ਹਾਉਣ ਪਿੱਛੋਂ ਅੱਜ ਕੱਲ੍ਹ ਬਠਿੰਡਾ ਵਾਸੀ ਬਣਿਆ 'ਲੱਖੀ ਜੰਗਲ ਪੰਜਾਬੀ ਸੱਥ' ਦੇ ਸੇਵਾਦਾਰ ਵਜੋਂ ਪੁਸਤਕ ਪ੍ਰਦਰਸ਼ਨੀਆਂ ਲਾ ਰਿਹੈ। ਬਠਿੰਡੇ ਦੀ ਸੌ ਫੁੱਟੀ ਸੜਕ 'ਤੇ ਉਸ ਦੀ ਪੁਸਤਕ ਪ੍ਰਦਰਸ਼ਨੀ ਪੱਕੀ ਹੀ ਲੱਗੀ ਹੋਈ ਹੈ, ਜਿਸ ਵਿਚ ਹਜ਼ਾਰਾਂ ਪੁਸਤਕਾਂ ਸੁਭਾਇਮਾਨ ਹਨ। ਉਸ ਦਾ ਕਹਿਣਾ ਹੈ ਕਿ ਇਉਂ ਮੈਂ ਸੈਂਕੜੇ ਵਿਦਵਾਨਾਂ ਦੀ ਸੰਗਤ ਮਾਣ ਰਿਹਾਂ। ਮੇਰੇ ਸੰਪਰਕ ਵਿਚ ਉਹ ਢੁੱਡੀਕੇ ਦੀ ਸਾਹਿਤ ਸਭਾ ਰਾਹੀਂ ਆਇਆ ਸੀ। ਕਰਮਜੀਤ ਕੁੱਸਾ ਤੇ ਉਹ ਕਈ ਵਾਰ ਮੇਰੇ ਕੋਲ ਆਏ, ਕੰਵਲ ਨੂੰ ਮਿਲੇ ਤੇ ਕੁੱਸੇ ਜਾਂਦੇ ਰਹੇ। 1982 ਤੋਂ 85 ਤਕ ਮੈਂ 'ਪਿੰਡ ਦੀ ਸੱਥ 'ਚੋਂ' ਕਾਲਮ ਲਿਖ ਹਟਿਆ ਤਾਂ ਉਹ 'ਖੂੰਢ ਚਰਚਾ' ਕਾਲਮ ਲਿਖਣ ਲੱਗ ਪਿਆ।

ਕੈਨੇਡਾ ਵਿਚ ਮੇਰੇ ਪਾਸ ਉਹਦੀਆਂ ਕਿਤਾਬਾਂ 'ਗੱਭਰੂ ਪੁੱਤ ਪੰਜਾਬ ਦੇ' ਤੇ 'ਚੰਨ ਮਾਹੀ ਦੀਆਂ ਬਾਤਾਂ' ਪਈਆਂ ਹਨ। 'ਚੰਨ ਮਾਹੀ ਦੀਆਂ ਬਾਤਾਂ' ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦੀਆਂ ਪਤਨੀਆਂ ਨਾਲ ਕੀਤੇ ਇੰਟਰਵਿਊ ਹਨ। ਮੈਂ ਏਸ਼ੀਅਨ ਖੇਡਾਂ 'ਚੋਂ ਪੰਜ ਮੈਡਲ ਜਿੱਤਣ ਵਾਲੇ ਗੋਲੇ ਤੇ ਡਿਸਕਸ ਦੇ ਸੁਟਾਵੇ ਪਰਦੁੱਮਣ ਸਿੰਘ ਬਾਰੇ ਕਦੇ ਲੇਖ ਲਿਖਿਆ ਸੀ, 'ਭਗਤੇ ਦਾ ਸਰਪੰਚ।' ਲਿਖਿਆ ਸੀ: ਭਗਤੇ ਦੀਆਂ ਦੋ ਗੱਲਾਂ ਮਸ਼ਹੂਰ ਹਨ। ਭੂਤਾਂ ਦਾ ਖੂਹ ਤੇ ਪਰਦੁੱਮਣ ਸਿੰਘ। ਭੂਤਾਂ ਦੇ ਖੂਹ ਦੀ ਮਸ਼ਹੂਰੀ ਮਾਲਵੇ ਤਕ ਹੈ, ਜਦੋਂ ਕਿ ਪਰਦੁੱਮਣ ਸਿੰਘ ਦੀ ਏਸ਼ੀਆ ਤਕ। ਗੋਲਾ ਸੁੱਟਣ 'ਚ ਉਹ ਦੋ ਵਾਰ ਏਸ਼ੀਆ ਦਾ ਚੈਂਪੀਅਨ ਬਣਿਆ। ਡਿਸਕਸ ਸੁੱਟਣ ਵਿਚ ਏਸ਼ੀਆ 'ਚੋਂ ਇਕ ਵਾਰ ਅੱਵਲ ਰਿਹਾ ਤੇ ਦੋ ਵਾਰ ਦੋਇਮ। ਜਦੋਂ ਮਿਲਖਾ ਸਿੰਘ ਟਰੈਕ ਵਿਚ ਉਡਦਾ ਸੀ, ਉਦੋਂ ਪਰਦੁੱਮਣ ਸਿੰਘ ਸਟੇਡੀਅਮ ਨੂੰ ਧੱਕੇ ਦਿੰਦਾ ਸੀ। ਮੈਂ ਉਸ ਨੂੰ ਪਹਿਲੀ ਵਾਰ 1962 'ਚ ਨੈਸ਼ਨਲ ਸਟੇਡੀਅਮ ਦਿੱਲੀ ਵਿਚ ਮਿਲਿਆ ਸਾਂ। ਉਦੋਂ ਉਹ ਫੌਜ ਵਿਚ ਰਿਸਾਲਦਾਰ ਸੀ। ਜਦੋਂ ਉਹ ਪੈਨਸ਼ਨੀਆ ਹੋ ਕੇ ਪਿੰਡ ਮੁੜਿਆ ਤਾਂ ਪਿੰਡ ਵਾਲਿਆਂ ਨੇ ਸਰਪੰਚ ਬਣਾ ਦਿੱਤਾ। ਉਹ ਨੌਂ ਭਰਾ ਸਨ।

ਪਰਦੁੱਮਣ ਸਿੰਘ ਨੂੰ ਤਾਂ ਜੱਗ ਜਾਣਦੈ, ਪਰ ਉਸ ਦੀ ਪਤਨੀ ਨੂੰ ਆਂਢ-ਗੁਆਂਢ ਤੋਂ ਬਿਨਾ ਕੋਈ ਨਹੀਂ ਸੀ ਜਾਣਦਾ। ਲਾਭ ਸਿੰਘ ਸੰਧੂ ਫੋਟੋਗਰਾਫਰ ਨੂੰ, ਨਾਲ ਉਹਦੀ ਪਤਨੀ ਬਲਵੰਤ ਕੌਰ ਨੂੰ ਮਿਲਣ ਗਿਆ ਤਾਂ ਉਹ ਰਿੜਕਣੇ ਕੋਲ ਬੈਠੀ ਮਧਾਣੀ ਪੂੰਝ ਰਹੀ ਸੀ। ਉਸ ਨੇ ਹਥਲਾ ਕੰਮ ਵਿਚੇ ਛੱਡ ਦਿੱਤਾ ਤੇ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪਈ। ਉਹਦੀਆਂ ਗੱਲਾਂ ਬਾਤਾਂ ਤੋਂ ਹੀ ਪਾਠਕਾਂ ਨੂੰ ਪਤਾ ਲੱਗਾ ਕਿ ਪੰਜਾਬ ਦੇ ਮਹਾਨ ਖਿਡਾਰੀਆਂ ਦੀਆਂ ਪਤਨੀਆਂ ਆਪਣੇ 'ਚੰਨ ਮਾਹੀ' ਦੀਆਂ ਕਿਹੋ ਜਿਹੀਆਂ ਬਾਤਾਂ ਪਾਉਂਦੀਆਂ ਹਨ? ਪੇਸ਼ ਹਨ ਉਹਦੀ ਇੰਟਰਵਿਊ ਦੇ ਕੁਝ ਅੰਸ਼:

-ਮਾਤਾ ਜੀ, ਥੋਡੇ ਪੇਕੇ ਕਿਥੇ ਹਨ ਤੇ ਤੁਹਾਡਾ ਵਿਆਹ ਕਦੋਂ ਹੋਇਆ?

-ਮੇਰੇ ਪੇਕੇ ਤਾਂ ਭਾਈ ਰਾਜਗੜ੍ਹ ਐ ਸਰਦਾਰਾਂ ਵਾਲੇ। ਤੇ ਸਰਦਾਰ ਹੋਰਾਂ ਨਾਲ ਵਿਆਹ ਹੋਏ ਨੂੰ ਚਾਲੀ ਪੰਤਾਲੀ ਸਾਲ ਹੋ ਗਏ ਹੋਣੇ ਐਂ। ਓਦੋਂ ਬਸਰੇ ਦੀ ਲਾਮ ਲੱਗੀ ਸੀ।

-ਵਿਆਹ ਤੋਂ ਪਹਿਲਾਂ ਕਪਤਾਨ ਸਾਹਿਬ ਕੀ ਕਰਦੇ ਸਨ?

-ਸਾਡੇ ਮੰਗਣੇ ਤੋਂ ਥੋੜ੍ਹਾ ਚਿਰ ਪਿੱਛੋਂ ਇਹ ਫੌਜ ਵਿਚ ਭਰਤੀ ਹੋ ਗਏ। ਜਦੋਂ ਮੈਨੂੰ ਪਤਾ ਲੱਗਾ ਤਾਂ ਬਥੇਰਾ ਕਾਲਜਾ ਮੱਚਿਆ, ਪਰ ਉਨ੍ਹਾਂ ਵੇਲਿਆਂ 'ਚ ਭਾਈ ਕੁੜੀਆਂ ਦੀ ਕੌਣ ਸੁਣਦਾ ਸੀ? ਸੋ ਕਾਲਜੇ 'ਤੇ ਪੱਥਰ ਰੱਖ ਲਿਆ। ਫੌਜ ਵਿਚ ਜਾ ਕੇ ਇਨ੍ਹਾਂ ਨੇ ਖੇਡਣਾ ਸ਼ੁਰੂ ਕੀਤਾ, ਪਰ ਬਾਹਰਲੇ ਮੁਲਕਾਂ ਵਿਚ ਵਿਆਹ ਤੋਂ ਪਿੱਛੋਂ ਈ ਗਏ ਐ। ਫੇਰ ਤਾਂ ਇਨ੍ਹਾਂ ਨੇ ਬਥੇਰੇ ਮੁਲਕ ਜਿੱਤੇ ਐ। ਅਠਾਰਾਂ ਮੁਲਕਾਂ ਵਿਚ ਇਹ ਗਏ ਐ ਤੇ ਜਿੱਤ ਕੇ ਈ ਮੁੜਦੇ ਰਹੇ ਐ। ਵੀਰਾ ਤਾਕਤ ਈ ਬਾਹਲੀ ਸੀ, ਇਨ੍ਹਾਂ ਦੀ ਖੁਰਾਕ ਵੀ ਖੁੱਲ੍ਹੀ ਸੀ। ਜਦੋਂ ਪਿੰਡ ਆਉਣਾ, ਘਰ ਦਾ ਘਿਓ ਲੈ ਜਾਣਾ, ਪੀਪਾ ਭਰ ਕੇ ਦੇਣਾ। ਓਥੇ ਵੀ ਖੁੱਲ੍ਹਾ ਖਾਣਾ, ਨਾਲੇ ਊਂ ਵੀ ਇਹ ਪਹਿਲਾਂ ਤੋਂ ਈ ਹੱਡਾਂ ਪੈਰਾਂ ਦੇ ਮੋਕਲੇ ਸੀ।

-ਤੁਸੀਂ ਵੀ ਕਦੇ ਇਨ੍ਹਾਂ ਨਾਲ ਖੇਡਾਂ ਵੇਖਣ ਗਏ ਸੀ?

-ਨਾ ਵੇ ਭਾਈ! ਓਦੋਂ ਜ਼ਨਾਨੀਆਂ ਨੂੰ ਕੌਣ ਨਾਲ ਲਿਜਾਂਦਾ ਸੀ? ਇਹ ਤਾਂ ਹੁਣ ਈ ਫੈਸ਼ਨ ਹੋ ਗਿਆ। ਸਾਡੇ ਵੇਲੇ ਜ਼ਮਾਨਾ ਹੋਰ ਸੀ। ਨਾਲੇ ਇਨ੍ਹਾਂ ਦਾ ਸੁਭਾਅ ਵੀ ਕੁਛ ਅੱਖੜ ਸੀ। ਊਂ ਆਪਣੀਆਂ ਜਿੱਤਾਂ ਬਾਰੇ ਦੱਸਦੇ ਜ਼ਰੂਰ ਸਨ ਤੇ ਤਗਮੇ ਵੀ ਦਿਖਾ ਦਿੰਦੇ ਸਨ। ਉਂਜ ਨੌਕਰੀ ਸਮੇਂ ਮੈਂ ਸੰਗਰੂਰ, ਝਾਂਸੀ, ਬੀਬੀਨੇ, ਇਨ੍ਹਾਂ ਕੋਲ ਰਹੀ ਜ਼ਰੂਰ ਆਂ। ਬਾਹਲਾ ਤਾਂ ਮੈਂ ਭਗਤੇ ਜਾਂ ਰਾਜਗੜ੍ਹ ਈ ਰਹੀ ਆਂ।

-ਥੋਡੀ ਆਪਸ ਵਿਚ ਬਣਦੀ ਤਾਂ ਬਹੁਤ ਹੋਣੀ ਐਂ?

-ਜੇ ਭਾਈ ਆਪਸ ਵਿਚ ਬਣਦੀ ਨਾ ਹੁੰਦੀ ਤਾਂ ਐਸ ਘਰੇ ਮੇਰੀ ਸੌਂਕਣ ਦਾ ਡੇਰਾ ਹੋਣਾ ਸੀ ਤੇ ਮੈਂ ਮਾਤੜ ਪੇਕੀਂ ਰੁਲਦੀ ਹੁੰਦੀ। ਵਿਆਹ ਤੋਂ ਦਸ ਸਾਲ ਪਿੱਛੋਂ ਵੀ ਜਦੋਂ ਮੇਰੇ ਕੋਈ ਜੁਆਕ ਜੱਲਾ ਨਾ ਹੋਇਆ ਤਾਂ ਬਾਪੂ ਜੀ ਇਨ੍ਹਾਂ ਨੂੰ ਦੂਜਾ ਵਿਆਹ ਕਰਵਾਉਣ ਲਈ ਜ਼ੋਰ ਪਾਉਣ ਲੱਗੇ। ਪਰ ਇਨ੍ਹਾਂ ਨੇ ਕਿਹਾ, ਜੇ ਦੂਜੀ ਦੇ ਵੀ ਜੁਆਕ ਨਾ ਹੋਇਆ ਫੇਰ? ਤੇ ਇਨ੍ਹਾਂ ਦੇ ਕੰਨ੍ਹਾਂ ਨਾ ਲਾਉਣ ਕਰਕੇ ਮੈਂ ਸੌਂਕਣ ਦੇ ਦੁੱਖੋਂ ਬਚ ਗਈ। ਫੇਰ ਵਾਹਿਗੁਰੂ ਨੇ ਸਾਡੀ ਵੀ ਸੁਣ ਲਈ ਤੇ ਆਹ ਜੁਆਕ ਹੋ ਗਿਆ। ਹੁਣ ਭਾਈ ਇਹਦੇ 'ਗਾਂਹ ਜੁਆਕ ਐ। ਸੁੱਖ ਨਾਲ ਜੜ੍ਹ ਲੱਗ ਗਈ। ਊਂ ਭਾਈ ਮਾੜਾ ਮੋਟਾ ਖੜਕਾ ਦੜਕਾ ਤਾਂ ਘਰਾਂ 'ਚ ਚਲਦਾ ਈ ਰਹਿੰਦੈ। ਦੋ ਭਾਂਡੇ ਖੜਕਦੇ ਈ ਐ।


-ਮਾਤਾ, ਤੁਹਾਡਾ ਮੁੰਡਾ ਵੀ ਖਿਡਾਰੀ ਐ?

-ਊਂ ਤਾਂ ਭਾਈ ਏਹ ਬਥੇਰਾ ਤਕੜਾ ਸੀ। ਆਵਦੇ ਹਾਣੀਆਂ ਤੋਂ ਦੂਣਾ ਜ਼ੋਰ ਸੀ। ਸਾਵਾਂ ਪਿਉ ਵਰਗਾ, ਪਰ 'ਕੱਲਾ ਪੁੱਤ ਹੋਣ ਕਰਕੇ ਮੇਰਾ ਤੱਤੜੀ ਦਾ ਦਿਲ ਨੀ ਮੰਨਿਆਂ ਬਈ ਖੇਡਦਾ ਕਿਤੇ ਸੱਟ ਫੇਟ ਨਾ ਖਾ ਬੈਠੇ। ਸਰਦਾਰ ਜੀ ਨੇ ਬਥੇਰਾ ਜ਼ੋਰ ਲਾਇਆ ਬਈ ਇਹਨੂੰ ਖਿਡਾਰੀ ਬਣਾਈਏ, ਪਰ ਮਾਂ ਦਾ ਦਿਲ ਸੀ। ਮੇਰਾ ਕਿਤੇ ਬਾਹਰ ਘੱਲਣ ਨੂੰ ਚਿੱਤ ਈ ਨੀ ਮੰਨਿਆ।

-ਜੇ ਪਰਦੁੱਮਣ ਸਿੰਘ ਖਿਡਾਰੀ ਨਾ ਹੁੰਦੇ ਤਾਂ ਥੋਨੂੰ ਕੀ ਫਰਕ ਪੈਂਦਾ?

-ਜੇ ਭਾਈ ਖਿਡਾਰੀ ਨਾ ਹੁੰਦੇ ਤਾਂ ਪਿੰਡ ਦੇ ਸਿਰ ਕੱਢਵੇਂ ਵੈੱਲੀ ਹੋਣੇ ਸੀ। ਏਡਾ ਕੱਦ-ਕਾਠ, ਅੰਨ੍ਹਾਂ ਜ਼ੋਰ ਤੇ ਫੇਰ ਜੱਟਾਂ ਵਾਲਾ ਅੜਬ ਸੁਭਾਅ। ਇਹ ਤਾਂ ਖੇਡਾਂ ਕਰਕੇ ਈ ਟਿਕਾਣੇ ਰਹੇ ਐ। ਨਹੀਂ ਤਾਂ ਕੋਈ ਬੰਦਾ ਮਾਰ ਦਿੰਦੇ ਤੇ ਜੇਲ੍ਹੀਂ ਰੁਲਦੇ। ਪਿੱਛੋਂ ਅਸੀਂ ਵੀ ਰੁਲਦੇ ਫਿਰਦੇ। ਬਾਕੀ ਭਾਈ ਆਹ ਤੂੰ ਮੇਰੀਆਂ ਫੋਟੂ ਖਿੱਚੀ ਜਾਨੈਂ ਤੇ ਮੇਰੀਆਂ ਗੱਲਾਂ ਬਾਤਾਂ ਲਿਖੀ ਜਾਨੈਂ। ਇਹ ਹੋਰ ਫੌਜਣਾਂ ਦੇ ਕਰਮਾਂ 'ਚ ਕਿਥੇ! ਹੋਰ ਫੌਜਣਾਂ ਤੋਂ ਤਾਂ ਨੀ ਇਹ ਗੱਲਾਂ ਪੁੱਛਦਾ ਹੋਮੇਗਾ। ਇਨ੍ਹਾਂ ਨੂੰ ਲੱਖਾਂ ਲੋਕ ਜਾਣਦੇ ਐ ਤੇ ਸਾਰੇ ਮਸ਼ਹੂਰ ਐ। ਫੌਜੀ ਤਾਂ ਹੋਰ ਵੀ ਬਥੇਰੇ ਐ, ਪਰ ਉਨ੍ਹਾਂ ਦੀ ਕੌਣ ਸਾਰ ਲੈਂਦਾ? ਉਹ ਰਟੈਰ ਹੋਣ ਪਿੱਛੋਂ ਬਿਚਾਰੇ ਦਰ ਦਰ ਰੁਲਦੇ ਐ...।






*(ਖੱਬੇ) ਲਾਭ ਸਿੰਘ ਸੰਧੂ ਤੇ ਨਿਰਮਲ ਸਿੰਘ ਅਤੇ (ਸੱਜੇ) ਉਨ੍ਹਾਂ ਦੀ ਪੁਸਤਕ 'ਗੱਭਰੂ ਪੁੱਤ ਪੰਜਾਬ ਦੇ' ਦਾ ਮੁਖੜਾ*

ਲਾਭ ਸੰਧੂ ਤੇ ਫੋਟੋਗਰਾਫਰ ਜਾਣ ਲੱਗੇ ਤਾਂ ਬਲਵੰਤ ਕੌਰ ਕਹਿਣ ਲੱਗੀ: ਦੇਖ ਭਾਈ ਕਦੇ ਕਦਾਈਂ ਕਿਸੇ ਦੇ ਆਉਣ-ਜਾਣ ਹੁੰਦੈ। ਚਾਹ-ਦੁੱਧ ਪੀਤੇ ਬਿਨਾ ਮੈਂ ਨੀ ਜਾਣ ਦੇਣਾ। ਨਾਲੇ ਤੇਰਾ ਭਾਈ ਫੋਟੂ ਵਾਲਾ ਕੀ ਆਖੂ ਬਈ ਸਰਦਾਰ ਦੇ ਘਰ ਗਏ ਤੇ ਚਾਹ ਪਾਣੀ ਵੀ ਨਾ ਪੁੱਛਿਆ। ਬੈਠ ਜੋ, ਬੱਸ ਦੋ ਮਿੰਟ ਲੱਗਣੇ ਐਂ...।

—

1966 ਵਿਚ ਮੈਂ ਡਿਸਕਸ ਦੇ ਸੁਟਾਵੇ ਬਲਦੇਵ ਸਿੰਘ ਬਰਾੜ ਦੇ ਰੇਖਾ ਚਿੱਤਰ ਦਾ ਨਾਂ 'ਦੁੱਧ ਤੇ ਆਂਡਿਆਂ ਦਾ ਵੈਰੀ' ਕੱਟ ਕੇ 'ਪੱਤੋ ਵਾਲਾ' ਰੱਖਿਆ ਸੀ ਜੋ 'ਆਰਸੀ' ਵਿਚ ਛਪਿਆ। ਲਿਖਿਆ ਸੀ ਕਿ ਬਲਦੇਵ ਦੁੱਧ ਤੇ ਆਂਡਿਆਂ ਦਾ ਵੈਰੀ ਹੈ। ਆਂਡੇ ਭੰਨ ਭੰਨ ਛੰਨੇ 'ਚ ਪਾਈ ਜਾਵੇਗਾ ਤੇ ਉਂਗਲ ਫੇਰ ਕੇ ਇੱਕੋ ਚਿੱਘੀ ਪੀ ਲਵੇਗਾ। ਸਫਰ ਦੌਰਾਨ ਦੁੱਧ ਦਾ ਡੋਲਣਾ ਨਹੀਂ, ਵੀਹ ਕਿਲੋ ਦੀ ਢੋਲੀ ਰੱਖੇਗਾ। ਜਿਹੜਾ ਮਿਲੇ ਉਹਨੂੰ ਪੁੱਛੇਗਾ, ਦੁੱਧ ਪੀਣਾ ਕਿ ਆਂਡੇ ਖਾਣੇ ਐਂ? ਅੱਗੇ ਲਿਖਿਆ ਸੀ, ਜਦੋਂ ਉਹ ਫਿਰੋਜ਼ਪੁਰ ਮੁੜਦੈ ਤਾਂ ਸ਼ਹਿਰ ਵਿਚ ਇਕ ਪੈਸਾ ਆਂਡਾ ਮਹਿੰਗਾ ਹੋ ਜਾਂਦੈ ਤੇ ਇਕ ਆਨਾ ਸੇਰ ਦੁੱਧ ਦਾ ਭਾਅ ਚੜ੍ਹ ਜਾਂਦੈ! ਉਸ ਦੀ ਅਧਿਆਪਕਾ ਪਤਨੀ ਅਮਰ ਕੌਰ ਦੇ ਸੰਵਾਦ ਲਾਭ ਸਿੰਘ ਸੰਧੂ ਦੇ ਨੋਟ ਕੀਤੇ ਹੀ ਪੜ੍ਹੋ:

-ਤੁਹਾਡਾ ਮੈਡਮ, ਬਰਾੜ ਸਾਹਿਬ ਦੀਆਂ ਖੇਡ ਪ੍ਰਾਪਤੀਆਂ ਵਿਚ ਕੀ ਯੋਗਦਾਨ ਹੈ?

-ਯੋਗਦਾਨ ਤਾਂ ਮੇਰਾ ਕੀ ਹੋਣਾ ਸੀ? ਹਾਂ, ਇਕ ਗੱਲ ਐ ਬਈ ਜਦੋਂ ਇਹ ਪ੍ਰੈਕਟਿਸ ਕਰਦੇ ਹੁੰਦੇ ਸੀ, ਮੈਂ ਘਰੋਂ ਦੁੱਧ ਆਂਡਿਆਂ ਦਾ ਖਿਆਲ ਜ਼ਰੂਰ ਰੱਖਦੀ ਸਾਂ। ਮੈਨੂੰ ਚਾਹ ਵਾਸਤੇ ਦੁੱਧ ਬਚੇ ਨਾ ਬਚੇ, ਇਨ੍ਹਾਂ ਨੂੰ ਦੁੱਧ ਦੀ ਕਦੇ ਘਾਟ ਨਹੀਂ ਆਉਣ ਦਿੱਤੀ। ਦੁਧਾਰੂ ਪਸ਼ੂ ਮੈਂ ਹਮੇਸ਼ਾਂ ਰੱਖਦੀ ਹਾਂ ਕਿ ਘਰ 'ਚ ਦੁੱਧ-ਘਿਓ ਨਾ ਮੁੱਕੇ। ਬਾਕੀ ਭਾਈ ਜ਼ਨਾਨੀ ਤਾਂ ਘਰ ਦੀ ਸੇਵਾ ਸੰਭਾਲ ਈ ਕਰੀ ਜਾਵੇ ਤਾਂ ਏਨਾ ਹੀ ਬਹੁਤ ਹੁੰਦਾ ਐ।

-ਤੁਹਾਡੀ ਸਮਾਜਿਕ ਜ਼ਿੰਦਗੀ 'ਤੇ ਖੇਡਾਂ ਦਾ ਕੀ ਅਸਰ ਪਿਆ?

-ਸਮਾਜਿਕ ਜ਼ਿੰਦਗੀ ਤਾਂ ਖਿਡਾਰੀ ਦੀ ਖੇਡ ਹੀ ਹੁੰਦੀ ਐ। ਰਹੀ ਗਾਂਹ ਦੀ ਗੱਲ। ਖਿਡਾਰੀ ਨਾ ਕੋਈ ਸਮਾਜਿਕ ਫੰਕਸ਼ਨ ਅਟੈਂਡ ਕਰ ਸਕੇ, ਨਾ ਉਹਦਾ ਪਰਿਵਾਰ ਕਿਤੇ ਜਾ ਸਕੇ। ਸਾਡੇ ਅੱਧੇ ਰਿਸ਼ਤੇਦਾਰ ਤਾਂ ਗੁੱਸੇ ਈ ਰਹਿੰਦੇ ਐ ਕਿ ਮਿਲਣ ਕਿਉਂ ਨੀ ਆਉਂਦੇ? ਹੁਣ ਤੁਸੀਂ ਹੀ ਦੱਸੋ, ਇਹ ਫੰਕਸ਼ਨਾਂ 'ਤੇ ਜਾਂਦੇ ਜਾਂ ਪ੍ਰੈਕਟਿਸ ਕਰਦੇ? ਬਾਕੀ ਲਵੇਰੇ ਮੇਰੇ ਹੱਥ ਪਏ ਐ। ਧਾਰਾਂ ਕੱਢਣੀਆਂ ਕਰਕੇ ਮੈਂ ਵੈਸੇ ਹੀ ਬਾਹਰ ਨਹੀਂ ਜਾ ਸਕਦੀ। ਅੱਗੋਂ ਸਾਡੇ ਮੁੰਡੇ ਵੀ ਖਿਡਾਰੀ ਹਨ। ਸੋ ਅਸੀਂ ਤਾਂ ਵੀਰਾ, ਰਿਸ਼ਤੇਦਾਰਾਂ ਦੇ ਰੋਸੇ ਈ ਝੱਲੇ ਐ।

-ਤੁਹਾਡੀ ਨਿੱਜੀ ਜ਼ਿੰਦਗੀ ਤਾਂ ਵਧੀਆ ਹੋਵੇਗੀ?

-ਜਿਥੋਂ ਤਕ ਨਿੱਜੀ ਜ਼ਿੰਦਗੀ ਦਾ ਸੰਬੰਧ ਐ, ਔਰਤ-ਮਰਦ ਦੋਵੇਂ ਕਬੀਲਦਾਰੀ ਦੀ ਗੱਡੀ ਦੇ ਦੋ ਪਹੀਏ ਐ। ਜੇ ਚਾਹੁਣ ਤਾਂ ਵਧੀਆ ਖਿੱਚ ਲੈਣ, ਜੇ ਵਿਟਰ ਜਾਣ ਤਾਂ ਲੀਹਾਂ ਪਾੜ ਜਾਂਦੀਆਂ। ਸਾਡੀ ਆਪਸ ਵਿਚ ਖਿੱਚੋਤਾਣ ਘੱਟ ਹੀ ਹੋਈ ਐ। ਏਨਾ ਟਾਈਮ ਈ ਨੀ ਮਿਲਿਆ ਬਈ ਲੜ ਭਿੜ ਸਕੀਏ। ਇਨ੍ਹਾਂ ਨੇ ਤਾਂ ਸਾਰੀ ਉਮਰ ਖੇਡ ਦੀ ਪ੍ਰੈਕਟਿਸ ਹੀ ਕੀਤੀ ਐ ਤੇ ਥੱਕੇ ਬੰਦੇ ਤੋਂ ਭਾਈ ਜ਼ਨਾਨੀਆਂ ਨਾਲ ਕਿਥੇ ਲੜਿਆ ਜਾਂਦੈ? ਅੱਗੋਂ ਬੱਚੇ ਵੀ ਖਿਡਾਰੀ ਐ, ਉਹ ਵੀ ਨਿੱਘੇ ਸੁਭਾਅ ਦੇ ਐ। ਸਾਡੀ ਜ਼ਿੰਦਗੀ ਤਾਂ ਵੀਰਾ ਵਧੀਆ ਈ ਬੀਤੀ ਐ। ਹਾਂ, ਮਿਹਨਤ ਸਾਨੂੰ ਬਹੁਤ ਕਰਨੀ ਪਈ ਐ, ਜਾਂ ਇਉਂ ਕਹਿ ਲਓ ਸਾਡੇ ਪਰਿਵਾਰ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਭੇਦ ਸਖਤ ਮਿਹਨਤ ਈ ਐ...।

—

ਬ੍ਰਿਟਿਸ਼ ਇੰਡੀਆ ਦੇ ਚੈਂਪੀਅਨ ਦੌੜਾਕ ਹਜ਼ੂਰਾ ਸਿੰਘ ਬੋਤਾ ਦੀ ਬਿਰਧ ਪਤਨੀ ਚੰਦ ਕੌਰ ਦੇ ਲਾਭ ਸਿੰਘ ਸੰਧੂ ਨਾਲ ਹੋਏ ਬਚਨ ਬਿਲਾਸ ਵੀ ਸੁਣੋ:

-ਮਾਤਾ ਜੀ, ਸੁਣਾਓ ਜ਼ਿੰਦਗੀ ਕਿਹੋ ਜਿਹੀ ਲੰਘ ਰਹੀ ਐ?

-ਜਿਉਂਦਾ ਰਹਿ ਪੁੱਤ! ਰੱਬ ਲੰਮੀਆਂ ਉਮਰਾਂ ਕਰੇ, ਰੰਗ ਭਾਗ ਲੱਗਣ। ਸ਼ੇਰਾ ਪਛਾਣਿਆ ਨੀ, ਕਿਹੜੇ ਪਿੰਡੋਂ ਐਂ?

-ਮਾਤਾ ਜੀ, ਮੈਂ ਬਠਿੰਡੇ ਤੋਂ ਆਇਆਂ। ਤੁਹਾਡੇ ਬਾਰੇ ਲਿਖਣਾ, ਤੁਹਾਡੇ ਜੀਵਨ ਬਾਰੇ।

-ਵੇ ਪੁੱਤ ਹੁਣ ਸਾਡਾ ਕਾਹਦਾ ਜਿਉਣ ਐ, ਬੁੱਢੇ ਵਾਰੇ ਕਿਹੜੀਆਂ ਗੱਲਾਂ ਲਿਖੇਂਗਾ? ਹੁਣ ਤਾਂ ਨਾ ਪੱਲੇ ਸਰੀਰ ਐ, ਨਾ ਕੋਈ ਪੈਸਾ ਧੇਲਾ, ਬੱਸ ਮੌਤ ਦੇ ਦਿਨ ਗਿਣਦੇ ਐਂ। ਕੁਛ ਤਾਂ ਕਬੀਲਦਾਰੀ ਨੇ ਰੋਲ'ਤੇ, ਬਾਕੀ ਗਰੀਬੀ ਲੈ ਬੈਠੀ। ਫੇਰ ਵੀ ਤੂੰ ਐਨੀ ਦੂਰੋਂ ਚੱਲ ਕੇ ਆਇਐਂ। ਪੁੱਛੀ ਚੱਲ ਪੁੱਤ, ਜਿੰਨੀ ਕੁ ਮੇਰੀ ਬੁੱਧ ਐ ਦੱਸ-ਦੂੰ।

-ਤੁਹਾਡਾ ਪੇਕਾ ਪਿੰਡ ਕਿਹੜਾ ਐ ਤੇ ਹਜ਼ੂਰਾ ਸਿੰਘ ਨਾਲ ਤੁਹਾਡਾ ਰਿਸ਼ਤਾ ਕਦੋਂ ਤੇ ਕਿਵੇਂ ਹੋਇਆ?

-ਪੇਕੇ ਤਾਂ ਪੁੱਤ ਮੇਰੇ ਆਹ ਨੇੜੇ ਈ ਐ ਸ਼ੇਖਪੁਰੇ। ਇਹ ਓਦੋਂ ਪਟਿਆਲੇ ਆਲੇ ਰਾਜੇ ਦੇ ਨੌਕਰ ਹੁੰਦੇ ਸੀ। ਮੇਰਾ ਪਿਓ ਇਨ੍ਹਾਂ ਨੂੰ ਦੇਖਣ ਗਿਆ ਤਾਂ ਓਥੇ ਖੇਡਾਂ ਹੋ ਰਹੀਆਂ ਸੀ। ਇਹ ਰਾਜੇ ਦੇ ਬਰਾਬਰ ਤੁਰੇ ਜਾਣ। ਮੇਰੇ ਪਿਉ ਨੇ ਰੁਪਈਆ ਫੜਾਤਾ। ਮੇਰਾ ਬਾਬਾ ਤੇ ਚਾਚਾ ਆਖਣ ਲੱਗੇ, ਮੁੰਡੇ ਦਾ ਨਾਨਕ ਦਾਦਕ ਤਾਂ ਪਤਾ ਕਰ ਲੈਂਦਾ। ਮੇਰਾ ਪਿਉ ਕਹਿੰਦਾ, ਉਹ ਤਾਂ ਰਾਜੇ ਦੇ ਬਰਾਬਰ ਬੈਠਾ ਸੀ। ਮੈਂ ਤਾਂਹੀ ਰੁਪਈਆ ਫੜਾ'ਤਾ ਬਈ ਮੁੰਡਾ ਰਾਜੇ ਦੇ ਬਰੋਬਰ ਬੈਠਾ, ਕਿਸੇ ਚੰਗੇ ਘਰਾਣੇ ਦਾ ਈ ਹੋਊ।

-ਮੁੰਡੇ ਤਾਂ ਹੁਣ ਸੁੱਖ ਨਾਲ ਕਮਾਈਆਂ ਕਰਦੇ ਹੋਣੇ ਐਂ। ਕੋਈ ਖਿਡਾਰੀ ਵੀ ਬਣਿਆਂ ਕਿ ਨਹੀਂ?

-ਵੱਡਾ ਮੁੰਡਾ ਤਾਂ ਆਵਦੇ ਤਾਏ ਦੀ ਢੇਰੀ 'ਤੇ ਐ। ਛੋਟਾ ਠੇਲ੍ਹੇ 'ਤੇ ਡਲੈਵਰ ਐ। ਵਿਚਕਾਰਲਾ ਘਰੇ ਮਾੜੀ ਮੋਟੀ ਵਾਹੀ ਕਰੀ ਜਾਂਦੈ। ਥੋੜ੍ਹੀ ਭੋਇੰ ਦੀ ਕਾਹਦੀ ਵਾਹੀ ਵੀਰਾ, ਐਵੇਂ ਧੰਦ ਪਿੱਟਣ ਐਂ। ਬਾਕੀ ਵੀਰ ਕੁੜੀਆਂ ਦੀ ਡਾਰ ਜੰਮ ਪਈ। ਜ਼ਮੀਨ ਗਹਿਣੇ ਬੈਅ ਕਰ ਕੇ ਕੁੜੀਆਂ ਵਿਆਹੀਆਂ। ਹੁਣ ਰਹਿ'ਗੇ ਖਾਲੀ ਹੱਥ। ਵੀਰਾ ਇਹ ਸੀ ਅਣਪੜ੍ਹ, ਦਫਤਰਾਂ 'ਚ ਅੱਜ ਕੱਲ੍ਹ ਕੌਣ ਸਿਆਣਦੈ? ਪੈਸਾ ਕੋਲ ਕੋਈ ਨੀ ਸੀ, ਨਹੀਂ ਤਾਂ ਵੱਢੀ ਦੇ ਕੇ ਪਿਨਸ਼ਨ ਲੁਆ ਲੈਂਦਾ। ਵੋਟਾਂ ਆਲੇ ਆਉਂਦੇ ਐ, ਅਖੇ ਪਿਨਸ਼ਨ ਲੁਆ ਦਿਆਂਗੇ। ਪਰ ਵੋਟਾਂ ਲੈ ਕੇ ਕੋਈ ਬਾਤ ਨੀ ਪੁੱਛਦਾ। ਹੁਣ ਜਵਾਂ ਈ ਰਹਿ ਖਲੋਤਾ। ਪਿੱਛੇ ਜੇ ਪਿਨਸ਼ਨ ਲੱਗੀ ਸੀ। ਦੋ ਕੁ ਸਾਲ ਮਿਲੀ, ਫੇਰ ਬੰਦ ਹੋਗੀ। ਅਖੇ ਸਰਕਾਰ ਕੋਲ ਪੈਸੇ ਹੈਣੀ। ਵੇ ਭਾਈ! ਜੇ ਤੇਰੀ ਕਿਤੇ ਸੂੰਹ ਸਿਆਣ ਵਾਲਾ ਐ ਤਾਂ ਤੂੰ ਈ ਮਾੜਾ ਮੋਟਾ ਉੱਤਾ ਵਾਚ। ਜੇ ਕੋਈ ਮਦਦ ਮਿਲ ਜੇ ਤਾਂ ਸਾਡਾ ਬੁਢਾਪਾ ਤਾਂ ਨਾ ਰੁਲੇ...।

—

ਉਹਦੀ ਦੂਜੀ ਖੇਡ ਪੁਸਤਕ 'ਗੱਭਰੂ ਪੁੱਤ ਪੰਜਾਬ ਦੇ' ਵਿਚੋਂ ਹਜ਼ੂਰਾ ਸਿੰਘ ਬਾਰੇ ਪੜ੍ਹੋ: ਹਜ਼ੂਰਾ ਸਿੰਘ ਬੋਤਾ 1912 ਵਿਚ ਪਟਿਆਲਾ ਰਿਆਸਤ ਦੇ ਪਿੰਡ ਲਹਿਰੀ ਜ਼ਿਲਾ ਬਠਿੰਡਾ ਵਿਚ ਜਨਮਿਆ। ਉਹ ਨਾਮੀ ਐਥਲੀਟ ਹੋਇਆ, ਜਿਸ ਨੇ 1936 ਤੋਂ 1940 ਤਕ ਭਾਰਤ ਤੇ ਸ੍ਰੀਲੰਕਾ ਦੇ ਐਥਲੀਟਾਂ ਨੂੰ ਪਛਾੜਦਿਆਂ ਅੱਧੀ ਮੀਲ ਤੇ ਇਕ ਮੀਲ ਦੌੜ ਦੇ ਨਵੇਂ ਰਿਕਾਰਡ ਬਣਾਏ। ਉਸ ਨੇ ਕੈਨੇਡਾ ਤੋਂ ਆਏ ਇਕ ਮੰਨੇ ਦੰਨੇ ਦੌੜਾਕ ਨੂੰ ਵੀ ਪਟਿਆਲੇ ਵਿਚ ਹਰਾਇਆ। ਦੌੜਦਿਆਂ ਲੰਮੀਆਂ ਉਲਾਂਘਾ ਭਰਦਾ ਹੋਣ ਕਰਕੇ ਉਹਦੇ ਨਾਂ ਨਾਲ ਬੋਤਾ ਜੁੜ ਗਿਆ। ਮਹਾਰਾਜਾ ਭੁਪਿੰਦਰ ਸਿੰਘ ਦਾ ਇਹ ਸ਼ਾਹੀ ਐਥਲੀਟ ਬੁਢਾਪੇ ਵਿਚ ਆਪਣੇ ਪਿੰਡ ਲਹਿਰੀ ਘੋਰ ਗਰੀਬੀ ਦੀ ਹਾਲਤ ਵਿਚ ਮਰਿਆ। ਇਸ ਸ਼ਾਹੀ ਐਥਲੀਟ ਨਾਲ ਹੋਈ ਆਖਰੀ ਮੁਲਾਕਾਤ, ਜੋ ਪਹਿਲੀ ਜਨਵਰੀ 1995 ਨੂੰ ਬਠਿੰਡਾ ਵਿਖੇ ਕੀਤੀ ਗਈ ਦੇ ਕੁਝ ਅੰਸ਼ ਸ਼ਰਧਾਂਜਲੀ ਵਜੋਂ ਪੇਸ਼ ਹਨ:

-ਬਾਬਾ ਜੀ ਤੁਸੀਂ ਖੇਡਾਂ ਵਾਲੇ ਪਾਸੇ ਕਿਵੇਂ ਆਏ?

-ਆਉਣਾ ਕਿਵੇਂ ਸੀ ਜੁਆਨਾਂ, ਬੱਸ ਰੱਬ-ਸਬੱਬੀਂ ਆ ਗਿਆ। ਵੱਡੇ ਭਾਈ ਨੂੰ ਫੌਜ ਵਿਚ ਘਿਓ ਦੇਣ ਗਿਆ ਸੀ। ਓਥੇ ਖੇਡਾਂ ਹੁੰਦੀਆਂ ਸੀ। ਮੈਂ ਕਿਹਾ, ਮੈਂ ਵੀ ਬਾਈ ਛਾਲ ਲਾ ਕੇ ਦੇਖ ਲਾਂ? ਬਾਈ ਨੇ ਅੰਗਰੇਜ਼ ਅਫਸਰ ਨਾਲ ਗਿੱਟਮਿੱਟ ਕੀਤੀ। ਅਫਸਰ ਕਹਿਣ ਲੱਗਾ, ਪਹਿਲੇ ਜੁਆਨ ਨਾਲੋਂ ਵੱਧ ਛਾਲ ਲਾਉਣੀ ਪਊ। ਮੈਂ ਲਾਂਗੜ ਕੱਢਿਆ ਤੇ ਉਹਦੇ ਜਿੰਨੀ ਉੱਚੀ ਛਾਲ ਮਾਰ ਕੇ ਰੱਸੀ ਟੱਪ ਗਿਆ। ਅੰਗਰੇਜ਼ ਅਫਸਰ ਬੈਲਡਨ-ਬੈਲਡਨ ਕਰਦਾ ਫਿਰੇ। ਉਹਨੇ ਓਥੇ ਈ ਮੈਨੂੰ ਭਰਤੀ ਕਰ ਲਿਆ। ਫੇਰ ਮੈਂ ਦੌੜਾਂ ਲਾਉਣ ਲੱਗ ਪਿਆ। ਜਦੋਂ ਮੈਂ ਲਾਹੌਰ ਅੱਵਲ ਦਰਜੇ 'ਤੇ

*(ਬਾਕੀ ਅਗਲੇ ਸਫੇ 'ਤੇ)*

# ਰਵਿੰਦਰ ਰਵੀ ਦੀ ਕਾਵਿ-ਪਰਪੱਕਤਾ ਦਾ ਨਵਾਂ ਅੰਬਰ 'ਦਰਪਨ ਤੇ ਦਰਸ਼ਨ'

## ਪੁਸਤਕ ਚਰਚਾ

ਭਾਵੇਂ ਸੰਤ ਸਿੰਘ ਸੇਖੋਂ ਨੂੰ ਪੰਜਾਬੀ ਸਾਹਿਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ, ਪਰ ਮੇਰੇ ਵਿਚਾਰ ਅਨੁਸਾਰ ਇਸ ਲਕਬ ਦਾ ਅਸਲੀ ਹੱਕਦਾਰ ਰਵਿੰਦਰ ਰਵੀ ਹੈ। ਚੁਰਾਸੀ ਸਾਲ ਦੀ ਉਮਰ ਨੂੰ ਢੁਕੇ ਰਵਿੰਦਰ ਰਵੀ ਦੀ ਪਹਿਲੀ ਕਾਵਿ-ਪੁਸਤਕ 1961 ਵਿਚ ਪ੍ਰਕਾਸ਼ਿਤ ਹੋਈ ਸੀ ਅਤੇ ਉਨ੍ਹਾਂ ਦੇ ਆਪਣੇ ਕਹਿਣ ਮੁਤਾਬਕ "ਏਨੇ ਵਰ੍ਹੇ ਮੇਰੇ ਨਾਲ ਚਲਦਿਆਂ ਆਧੁਨਿਕ ਪੰਜਾਬੀ ਕਵੀਆਂ ਦੀਆਂ 4-5 ਪੀੜ੍ਹੀਆਂ ਬੀਤ ਚੁਕੀਆਂ ਹਨ।" ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ ਛੇ ਦਹਾਕੇ ਦੇ ਸਮੇਂ ਵਿਚ ਪੰਜਾਬੀ ਕਾਵਿ-ਧਾਰਾ ਦੇ ਵਹਿਣ ਵਿਚ ਕਈ ਸੁਨਾਮੀ ਪੱਧਰ ਦੀਆਂ ਲਹਿਰਾਂ



ਰਵਿੰਦਰ ਸਿੰਘ ਸੋਢੀ
ਰਿਚਮੰਡ, ਕੈਨੇਡਾ
ਫੋਨ: 604-369-2371

ਅਜਿਹੀਆਂ ਉਠੀਆਂ ਕਿ ਉਨ੍ਹਾਂ ਦੇ ਤੇਜ ਕਾਵਿ-ਪ੍ਰਵਾਹ ਵਿਚ ਕਈ ਪ੍ਰਭਾਵਸ਼ਾਲੀ ਕਵੀ ਅਣਗੌਲੇ ਹੀ ਰਹਿ ਗਏ।

ਇਨ੍ਹਾਂ ਸਾਹਿਤਕ ਸੁਨਾਮੀਆਂ ਦੇ ਦੌਰਾਨ ਵਿਚ ਵੀ ਰਵਿੰਦਰ ਰਵੀ ਦੇ ਸਾਹਿਤਕ ਚੌਮੁਖੀਏ ਦੀਵੇ ਦੀ ਲੋਅ ਲਟ-ਲਟ ਬਲਦੀ ਰਹੀ ਜਾਂ ਉਸ ਦੀ ਆਪਣੀ ਸੁਨਾਮੀ ਹੀ ਬਾਕੀ ਸੁਨਾਮੀਆਂ ਦੇ ਸਮਾਨੰਤਰ ਬਰਕਰਾਰ ਰਹੀ। ਉਨ੍ਹਾਂ ਦੇ ਹੁਣ ਤੱਕ ਪੱਚੀ ਕਾਵਿ-ਸੰਗ੍ਰਹਿ, ਸੋਲਾਂ ਕਾਵਿ-ਨਾਟਕਾਂ, ਨੌਂ ਕਹਾਣੀ-ਸੰਗ੍ਰਹਿ ਤੋਂ ਇਲਾਵਾ ਸਫਰਨਾਮਾ, ਸਾਹਿਤਕ ਸਵੈ ਜੀਵਨੀ ਦੀਆਂ ਦੋ ਪੁਸਤਕਾਂ- ਇਕ ਪੰਜਾਬ ਆਰਟਸ ਕੌਂਸਲ ਲਈ ਅਤੇ ਦੂਜੀ ਪੰਜਾਬੀ ਯੂਨੀਵਰਸਿਟੀ ਲਈ, ਸਾਹਿਤਕ ਸਮੀਖਿਆ ਅਧੀਨ ਪੰਜ ਪੁਸਤਕਾਂ, ਪੰਜਾਬੀ ਅਤੇ ਅੰਗਰੇਜ਼ੀ ਵਿਚ ਸੱਤ ਪੁਸਤਕਾਂ, ਅੰਗਰੇਜ਼ੀ ਵਿਚ ਹੋਰ ਕਵੀਆਂ ਨਾਲ ਸਾਂਝੀਆਂ ਪੰਜ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਗਿਆਰਾਂ ਪੁਸਤਕਾਂ ਦਾ ਅਨੁਵਾਦ ਸ਼ਾਹਮੁਖੀ ਵਿਚ ਹੋਇਆ ਹੈ।

ਇਹੋ ਨਹੀਂ, ਪੰਜਾਬ, ਪੰਜਾਬੀ, ਦਿੱਲੀ ਦੀਆਂ ਯੂਨੀਵਰਸਿਟੀਆਂ ਤੋਂ ਇਲਾਵਾ ਲਾਹੌਰ ਯੂਨੀਵਰਸਿਟੀ ਵਿਚ ਵੀ ਉਨ੍ਹਾਂ ਵਲੋਂ ਰਚਿਤ ਵੱਖ ਵੱਖ ਸਾਹਿਤਕ ਵੰਨਗੀਆਂ ਤੇ ਕਈ ਖੋਜਾਰਥੀਆਂ ਵੱਲੋਂ ਐਮ. ਫਿਲ ਅਤੇ ਪੀਐਚ. ਡੀ. ਪੱਧਰ ਦੇ ਖੋਜ/ਸ਼ੋਧ ਪ੍ਰਬੰਧ ਲਿਖੇ ਜਾ ਚੁਕੇ ਹਨ ਅਤੇ ਲਿਖੇ ਵੀ ਜਾ ਰਹੇ ਹਨ। ਆਪ ਦੀਆਂ ਕਈ ਪੁਸਤਕਾਂ ਯੂਨੀਵਰਸਿਟੀ ਪੱਧਰ ਦੇ ਪਾਠਕ੍ਰਮ ਦਾ ਹਿੱਸਾ ਹਨ। ਉਨ੍ਹਾਂ ਦੇ ਰਚਿਤ ਸਾਹਿਤ 'ਤੇ ਕਈ ਵਿਦਵਾਨ ਆਲੋਚਕਾਂ ਵੱਲੋਂ ਆਲੋਚਨਾਤਮਕ ਪੁਸਤਕਾਂ ਵੀ ਲਿਖੀਆਂ ਗਈਆਂ ਹਨ। ਉਨ੍ਹਾਂ ਦੇ ਲਿਖੇ ਕਰੀਬ ਸਾਰੇ ਹੀ ਕਾਵਿ-ਨਾਟਕ ਭਾਰਤ ਦੇ ਨਾਮਵਰ ਰੰਗਕਰਮੀਆਂ ਵੱਲੋਂ ਸਫਲਤਾਪੂਰਵਕ ਰੰਗ ਮੰਚ 'ਤੇ ਪੇਸ਼ ਕੀਤੇ ਜਾ ਚੁਕੇ ਹਨ। ਆਪ ਨੂੰ ਮਿਲੇ ਸਨਮਾਨਾਂ ਦੀ ਲੰਬੀ ਸੂਚੀ ਵੀ ਰਸ਼ਕ ਯੋਗ ਹੈ।

ਰਵਿੰਦਰ ਰਵੀ ਰਚਿਤ ਸਾਹਿਤ ਦੀ ਵਿਸ਼ੇਸ਼ਤਾ ਇਹੋ ਨਹੀਂ ਕਿ ਵਿਦਵਾਨਾਂ ਦੇ ਨਾਲ ਨਾਲ ਸਧਾਰਨ ਪਾਠਕਾਂ ਨੇ ਵੀ ਆਪ ਦੇ ਸਾਹਿਤ ਨੂੰ ਮਾਣਿਆ ਹੈ, ਸਗੋਂ ਇਸ ਵਿਚ ਵੀ ਹੈ ਕਿ ਰਵੀ ਰਚਿਤ ਸਾਹਿਤ ਨੇ ਸਮੇਂ ਅਤੇ ਸਥਾਨ ਦੇ ਦਾਇਰੇ ਵਿਚੋਂ ਨਿਕਲ ਕੇ ਸਮੁੱਚੀ ਕਾਇਨਾਤ ਨੂੰ ਆਪਣੇ ਕਲਾਵੇ ਵਿਚ ਲਿਆ ਹੈ।

ਰਵੀ ਦੇ ਕਾਵਿ-ਜਗਤ ਦੀ ਇਕ ਹੋਰ ਗੱਲ ਬੜੀ ਵਿਲੱਖਣ ਹੈ ਕਿ ਉਹ ਇਕ ਬਿੰਦੂ ਤੋਂ ਬ੍ਰਹਿਮੰਡ ਸਿਰਜਣ ਦੇ ਸਮਰਥ ਹੈ ਅਤੇ ਪੂਰੇ ਬ੍ਰਹਿਮੰਡ ਨੂੰ ਬਿੰਦੂ ਵਿਚ ਵੀ ਸਮਾਉਣ ਦੀ ਕਾਵਿ ਜੁਗਤ ਵਿਚ ਵੀ ਪ੍ਰਵੀਨ ਹੈ। ਕਾਵਿ ਸ਼ੈਲੀ ਵਿਚ ਅਜਿਹਾ ਆਬੂਰ ਹਰ ਕਵੀ ਨੂੰ ਨਸੀਬ ਨਹੀਂ ਹੁੰਦਾ।

ਉਸ ਦੇ ਨਵ ਪ੍ਰਕਾਸ਼ਿਤ ਕਾਵਿ-ਸੰਗ੍ਰਹਿ 'ਦਰਪਨ ਤੇ ਦਰਸ਼ਨ' ਦੇ ਅਧਿਐਨ ਸਮੇਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਰਵੀ ਨੇ ਆਪਣੀਆਂ ਬਹੁਤੀਆਂ ਕਵਿਤਾਵਾਂ ਵਿਚ ਸਦੀਵੀ ਸੱਚ ਨੂੰ ਪੇਸ਼ ਕੀਤਾ ਹੈ। ਵਿਦਵਾਨਾਂ ਦਾ ਮੱਤ ਹੈ ਕਿ 'ਬੀਤ ਚੁੱਕਿਆ ਸਮਾਂ ਇਤਿਹਾਸ ਬਣ ਚੁੱਕਿਆ ਹੈ ਅਤੇ ਸਮੇਂ ਦਾ ਗੇੜ ਕਦੇ ਵੀ ਪਿਛਾਂਹ ਨਹੀਂ ਮੋੜਿਆ ਜਾ ਸਕਦਾ; ਆਉਣ ਵਾਲਾ ਸਮਾਂ ਇਕ ਪ੍ਰਛਾਵੇਂ ਦੀ ਤਰ੍ਹਾਂ ਹੈ, ਜੋ ਪਕੜ ਵਿਚ ਨਹੀਂ ਆਉਂਦਾ; ਵਰਤਮਾਨ ਹੀ ਸਾਡਾ ਆਪਣਾ ਸਮਾਂ ਹੈ, ਜਿਸ ਨੂੰ ਅਸੀਂ ਆਪਣੀ ਮਰਜ਼ੀ ਅਨੁਸਾਰ ਬਿਤਾ ਸਕਦੇ ਹਾਂ। ਪਰ ਇਹ ਮਰਜ਼ੀ ਉਦੋਂ ਹੀ ਸੰਭਵ ਹੈ ਜਦੋਂ 'ਹੁਣ' ਜਾਂ 'ਛਿਣ' ਨੂੰ ਆਪਣੇ ਅਨੁਸਾਰ ਢਾਲਣ ਦੀ ਸਮਰਥਾ ਹੋਵੇ। ਪ੍ਰਸਤੁਤ ਪੁਸਤਕ ਦੀ ਪਹਿਲੀ ਕਵਿਤਾ 'ਮੇਰੀ ਕਲਮ ਦਵਾਤ' ਵਿਚ ਕਵੀ ਲਿਖਦਾ ਹੈ:

ਹੁਣ ਦਾ 'ਛਿਣ' ਹੀ ਲਟ ਲਟ ਮਚਦਾ
'ਹੁਣ' ਵਿਚ ਬ੍ਰਹਮ ਤੇ ਬ੍ਰਹਿਮੰਡ ਦੋਵੇਂ
'ਹੁਣ' ਵਿਚ ਸ਼ਬਦ ਦਾ 'ਕਰਤਾ'
ਅਰਥ, ਰੂਪ, ਗਿਆਨ ਤੇ ਚਿੰਤਨ
ਮਾਨਵ 'ਹੁਣ' ਦੀ ਬਾਤ।

ਇਸੇ ਗੱਲ ਨੂੰ ਨੂੰ ਕਵੀ ਨੇ ਆਪਣੀ ਇਕ ਹੋਰ ਕਵਿਤਾ "ਹੁਣ ਬਾਣੀ" ਵਿਚ ਅੱਗੇ ਤੋਰਦੇ ਲਿਖਿਆ ਹੈ:

ਅਗਲਾ ਛਿਣ ਤਾਂ ਅਗਲਾ ਛਿਣ ਹੈ
ਲਾਰਿਆਂ ਵਿਚ ਕੀ ਪੈਣਾ?

ਪਰ "ਇਸ਼ਕ ਹੀ ਸਾਡੀ ਜ਼ਾਤ" ਵਿਚ ਉਹ 'ਤ੍ਰੈ-ਕਾਲੀ ਚਿੰਤਨ' ਦੇ ਹੱਕ ਵਿਚ ਭੁਗਤਦਾ ਹੈ ਅਤੇ 'ਹੁਣ' ਤੇ 'ਛਿਣ' ਨੂੰ ਵੀ ਪਿਛਾਂਹ ਧੱਕ ਕੇ ਕਹਿੰਦਾ ਹੈ:

ਤ੍ਰੈ-ਕਾਲੀ ਚਿੰਤਨ ਨੇ ਦਿੱਤੀ,
'ਹੁਣ' ਦੇ 'ਛਿਣ' ਨੂੰ ਮਾਤ।


ਅਸਲ ਵਿਚ ਵਰਤਮਾਨ, ਭੂਤਕਾਲ ਅਤੇ ਭਵਿੱਖ ਦਾ ਤ੍ਰੈ-ਕਾਲੀ ਚਿੰਤਨ ਹਰ ਕਿਸੇ ਦੀ ਪਕੜ ਵਿਚ ਨਹੀਂ ਆ ਸਕਦਾ। ਜਿਸ ਦਾ ਤੀਜਾ ਨੇਤਰ ਖੁਲ੍ਹ ਚੁਕਾ ਹੋਵੇ, ਉਹੀ ਅਜਿਹੇ ਚਿੰਤਨ ਦੀ ਗੱਲ ਕਰ ਸਕਦਾ ਹੈ।

ਇਸ ਕਾਵਿ-ਸੰਗ੍ਰਹਿ ਦੀ ਕਰੀਬ ਹਰ ਕਵਿਤਾ ਹੀ ਆਪਣੇ ਵਿਚ ਸਦੀਵੀ ਸੱਚ ਸਮੋਈ ਬੈਠੀ ਹੈ। ਅਜਿਹੇ ਸੱਚ ਨੂੰ ਰਵੀ ਵਰਗੇ ਪ੍ਰੌੜ ਸਾਹਿਤ ਸਿਰਜਕ ਨੇ ਬਹੁਤ ਹੀ ਸਹਿਜ ਨਾਲ ਅਤੇ ਸਰਲ ਸ਼ਬਦਾਂ ਵਿਚ ਬਿਆਨ ਕੀਤਾ ਹੈ।

'ਮੇਰੀ ਕਲਮ ਦਵਾਤ' ਦੀਆਂ ਇਨ੍ਹਾਂ ਸਤਰਾਂ ਵਿਚ ਸਦੀਵੀ ਸੱਚ ਦਾ ਕਲਾਤਮਕ ਪ੍ਰਗਟਾ ਕੀਤਾ ਗਿਆ ਹੈ ਕਿ ਸਮੇਂ ਦੇ ਅਮੋੜ ਵਹਿਣ ਦਾ ਸਾਹਮਣਾ ਕਰਦਿਆਂ ਜੋ ਆਪਣੀ ਮਿੱਥੀ ਮੰਜ਼ਿਲ ਵੱਲ ਵਧਦੇ ਰਹਿੰਦੇ ਹਨ, ਉਹੀ ਇਤਿਹਾਸ ਸਿਰਜਣ ਦੇ ਕਾਬਿਲ ਹੁੰਦੇ ਹਨ; ਨਿਰੋਲ ਕਲਪਨਾ ਦੀਆਂ ਉਡਾਰੀਆਂ ਲਾਉਣ ਵਾਲੇ ਤਾਂ ਮਿਥਿਹਾਸਕ ਵਰਤਾਰਿਆ ਵਿਚ ਹੀ ਜ਼ਿੰਦਗੀ ਬਿਤਾ ਦਿੰਦੇ ਹਨ।

ਪੈਰਾਂ ਨੇ ਇਤਿਹਾਸ ਸਿਰਜਿਆ






ਕਲਪਨਾ ਨੇ ਮਿਥਿਹਾਸ।

'ਅੱਥਰੇ ਘੋੜੇ ਦੀ ਐਂਡ-ਗੇਮ' ਕਵਿਤਾ ਮਨੁੱਖੀ ਜੀਵਨ ਦੀ ਸੱਚਾਈ ਹੇਠ ਲਿਖੇ ਅਨੁਸਾਰ ਪੇਸ਼ ਕਰਦੀ ਹੈ:

ਨਜ਼ਰ ਦੀ ਸੀਮਾ,
ਪੈਰਾਂ ਤਕ ਸੀਮਤ ਹੋ ਗਈ ਹੈ
ਤੇ ਪੈਰਾਂ ਨਾਲੋਂ ਵਾਟਾਂ
ਝੜ ਗਈਆਂ ਹਨ...।
ਮਿੱਟੀ ਹੋਰ ਨੇੜੇ ਹੋ ਗਈ ਹੈ
ਤੇ ਅੰਬਰ
ਪਲਕਾਂ 'ਤੇ ਝੁਕ ਗਿਆ ਹੈ
ਆਪਣੇ ਆਪ ਤੋਂ ਤੁਰਿਆ ਸੀ,
ਜੁ ਕਦੇ
ਆਪਣੇ ਆਪ ਵਿਚ ਮੁੱਕ ਰਿਹਾ ਹੈ।

ਰਵਿੰਦਰ ਰਵੀ ਦੇ ਕਾਵਿ ਸਾਹਿਤ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਉਹ ਵਰਤਮਾਨ ਦੇ ਪ੍ਰਮੁੱਖ ਵਰਤਾਰਿਆਂ ਨੂੰ ਕਦੇ ਵੀ ਅੱਖੋਂ ਓਹਲੇ ਨਹੀਂ ਕਰਦਾ, ਇਸੇ ਲਈ ਉਸ ਦਾ ਕਾਵਿ ਸਾਹਿਤ ਵਰਤਮਾਨ ਦਾ ਦਰਪਨ ਹੋ ਨਿਬੜਦਾ ਹੈ। ਅੱਜ ਦਾ ਸਮਾਂ ਕੰਪਿਊਟਰ ਦਾ ਯੁਗ ਹੈ। ਕੰਪਿਊਟਰ ਦੇ ਨਾਲ-ਨਾਲ ਹੀ ਫੇਸਬੁੱਕ ਨੇ ਨੌਜਵਾਨ ਪੀੜ੍ਹੀ ਦੇ ਨਾਲ ਪੁਰਾਣੀ ਪੀੜ੍ਹੀ ਨੂੰ ਵੀ ਆਪਣੀ ਜਕੜ ਵਿਚ ਲੈ ਲਿਆ ਹੈ। ਫੇਸਬੁੱਕ ਤੇ ਲੇਖਕਾਂ ਦੇ ਆਪਣੇ ਆਪਣੇ ਜੁਟ ਬਣਾ ਕੇ ਆਪਣੀਆਂ ਸਾਹਿਤਕ ਕਿਰਤਾਂ ਨੂੰ ਇਕ ਦੂਜੇ ਨਾਲ ਸਾਂਝਾ ਕਰਨ ਦਾ ਜ਼ਰੀਆ ਬਣਾ ਲਿਆ ਹੈ। ਸ਼ੁਰੂ ਸ਼ੁਰੂ ਵਿਚ ਤਾਂ ਸਾਹਿਤਕ ਰਚਨਾਵਾਂ 'ਤੇ ਟਿੱਪਣੀਆਂ ਸੁਚਾਰੂ ਢੰਗ ਨਾਲ ਹੁੰਦੀਆਂ ਰਹੀਆਂ, ਪਰ ਹੌਲੀ 'ਵਧੀਆ, ਬਹੁਤ ਵਧੀਆ, ਕਮਾਲ ਕਰਤਾ' ਆਦਿ ਟਿੱਪਣੀਆਂ ਦਾ ਦੌਰ ਸ਼ੁਰੂ ਹੋ ਗਿਆ। ਫੇਸਬੁੱਕ ਵਾਲਿਆਂ ਨੇ ਆਪ ਹੀ ਕੁਝ ਤਸਵੀਰਾਂ ਬਣਾ ਦਿੱਤੀਆਂ, ਜਿਸ ਨਾਲ ਲਿਖਣ ਦਾ ਝੰਜਟ ਵੀ ਖਤਮ ਹੋ ਗਿਆ। ਅਜਿਹੇ ਵਰਤਾਰੇ ਨੂੰ ਦਰਸਾਉਂਦੀ ਕਵਿਤਾ 'ਫੇਸਬੁੱਕ ਟਿੱਪਣੀਆਂ' ਪੜ੍ਹਨ ਯੋਗ ਹੈ। ਇਹ ਕਵਿਤਾ ਯਥਾਰਥਿਕ ਹੋਣ ਦੇ ਨਾਲ-ਨਾਲ ਵਿਅੰਗਮਈ ਵੀ ਹੈ। ਰਵੀ ਦੇ ਵਿਅੰਗ ਬਾਣ ਇਕ ਹੋਰ ਕਵਿਤਾ 'ਮੁਰਗੇ ਵਿਚ ਬੋਤਲ: ਇਕ ਸਾਹਿਤਕ ਰੀਵੀਊਕਾਰ ਦੀ ਆਤਮ-ਕਥਾ' ਵਿਚ ਵੀ ਦੇਖਣ ਵਾਲੇ ਹਨ।

ਰਵੀ ਨੇ ਇਕ ਹੁਨਰ ਵਿਚ ਪ੍ਰਵੀਨਤਾ ਪ੍ਰਾਪਤ ਕੀਤੀ ਹੋਈ ਹੈ ਕਿ ਉਹ ਦਾਰਸ਼ਨਿਕ ਵਿਚਾਰਾਂ ਨੂੰ ਵੀ ਸਿੱਧੀ-ਸਾਦੀ ਭਾਸ਼ਾ ਵਿਚ ਪੇਸ਼ ਕਰ ਦਿੰਦਾ ਹੈ। ਇਸ ਪੱਖੋਂ 'ਚੱਲਦੀਆਂ ਸੂਈਆਂ ਵਿਚ ਖੜ੍ਹਾ ਸਮਾਂ' ਅਤੇ 'ਮੁਹੱਬਤ, ਸਾਈਕਲ ਤੇ ਸਟੇਅਰਿੰਗ' ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ।

ਅਜੋਕੇ ਸਮੇਂ ਦੀ ਪੀੜ੍ਹੀ ਵਿਚ ਛੋਟੀ ਉਮਰੇ ਹੀ ਵਰਜਿਤ ਰਿਸ਼ਤਿਆਂ/ਵਰਤਾਰਿਆਂ ਸਬੰਧੀ ਛੋਟੀ ਉਮਰੇ ਹੀ ਜਿਗਿਆਸਾ ਪੈਦਾ ਹੋ ਰਹੀ ਹੈ ਅਤੇ ਕੁਝ ਮੁਲਕਾਂ ਵਿਚ ਵਿਆਹ ਵਰਗੇ ਰਿਸ਼ਤੇ ਦੀ ਲੋੜ ਨੂੰ ਬੇ-ਲੋੜਾ ਸਮਝਿਆ ਜਾ ਰਿਹਾ ਹੈ। 'ਰਿਸ਼ਤੇ: ਬਦਲਦੇ ਰੰਗ' ਕਵਿਤਾ ਵਿਚ ਕਵੀ ਲਿਖਦਾ ਹੈ:

ਬੀਜ ਪੈਦਾ ਹੁੰਦਿਆਂ ਹੀ
ਜੰਮਣ ਲਈ ਕਾਹਲੇ ਨੇ
ਅਜੋਕੇ ਯੁਵਕ
ਰਵਾਇਤ ਦਾ ਖੰਡਨ ਨੇ।

'ਇਕ ਬਹੁ-ਵਿਧ ਮਹਾਂ ਗ੍ਰੰਥ' ਕਵਿਤਾ ਵਿਚ ਵੀ ਅਜੋਕੀ ਪੀੜ੍ਹੀ ਦੀ ਗੱਲ ਕੀਤੀ ਗਈ ਹੈ।

ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹਣ ਸਬੰਧੀ ਵੀ ਕਵੀ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਦਿਖਾਵੇ ਦੇ ਕਰਮ ਕਾਂਡਾਂ ਤੇ ਚੋਟ ਕਰਦਿਆਂ ਲਿਖਿਆ ਹੈ:

ਮਨ ਵਿਚ ਟੁੱਭੀ ਮਾਰ
ਓ ਭੁੱਲਿਆ
ਮਨ ਵਿਚ ਸਗਲ ਦੁਆਰ।

ਇਹੋ ਹੀ ਨਹੀਂ, ਰਵੀ ਨੇ ਪੱਥਰਾਂ ਦੇ ਬੁੱਤਾਂ ਦੀ ਪੂਜਾ ਅਤੇ ਅਜੋਕੇ ਸਮੇਂ ਦੇ ਮਖੌਟਿਆਂ ਵਿਚ ਵਿਚਰ ਰਹੇ ਇਨਸਾਨਾਂ ਨੂੰ "ਉਹ ਵੀ ਇਕ ਭਰਮ ਸਨ/ਇਹ ਵੀ ਇਕ ਭਰਮ ਹਨ!" ਕਹਿ ਕੇ ਭੰਡਿਆ ਹੈ। (ਸੱਚ ਪੰਖ ਕਰ ਉੱਡ ਰਿਹਾ)।

'ਦਰਪਨ ਤੇ ਦਰਸ਼ਨ' ਕਾਵਿ-ਸੰਗ੍ਰਹਿ ਵਿਚ ਕਰੋਨਾ ਕਾਲ ਸਬੰਧੀ ਦਰਜ ਕਵਿਤਾਵਾਂ ਵਿਚ ਕਵੀ ਨੇ ਕਈ ਥਾਂ ਸਾਰੇ ਹੀ ਧਰਮਾਂ ਦੇ ਇਸ ਵਿਸ਼ਵਾਸ 'ਤੇ ਤਨਜ਼ ਕੱਸਿਆ ਹੈ ਕਿ ਹਰ ਮੁਸ਼ਕਿਲ/ਮੁਸੀਬਤ ਸਮੇਂ ਰੱਬ/ਬਾਬੇ ਬਹੁੜਦੇ ਹਨ। ਕਵੀ ਲਿਖਦਾ ਹੈ:

ਕੋਈ ਵੀ ਨਾ ਬਹੁੜਿਆ (ਜ਼ਿੰਦਗੀ 'ਤੇ ਇਕ ਗੀਤ)

ਪੀਰ, ਫਕੀਰ ਤੇ ਬਾਬੇ
ਆਪਣੇ ਆਪਣੇ ਮੱਠਾਂ ਵਿਚ,
ਮੱਖੀਆਂ ਮਾਰ ਰਹੇ ਹਨ। (ਕਰੋਨਾ ਵਾਇਰਸ ਬਨਾਮ ਤਰਕ)

ਜ਼ਿੰਦਗੀ ਅਤੇ ਮੌਤ ਪ੍ਰਤੀ ਇਸ ਸੁਹਿਰਦ ਕਵੀ ਦਾ ਆਪਣਾ ਸਪਸ਼ਟ ਨਜ਼ਰੀਆ ਹੈ:

ਜ਼ਿੰਦਗੀ ਤੋਂ ਬਾਅਦ
ਮੌਤ ਲਿਖੀ ਹੈ।
ਮੌਤ ਤੋਂ ਬਾਅਦ ਜੋਤ ਹੈ
ਜ਼ਿੰਦਗੀ ਤੇ ਮੌਤ ਵਿਚਕਾਰ
ਕੋਈ ਬੁੱਲ੍ਹੇ ਸ਼ਾਹ ਬਣ ਕੇ, ਨੱਚ ਉਠਿਆ
ਕੋਈ ਬੁੱਧ ਬਣ
ਖਾਮੋਸ਼ ਹੈ...। (ਨਾ ਮੈਂ ਬੁੱਲ੍ਹਾ, ਨਾ ਮੈਂ ਬੁੱਧ)

ਕਵੀ ਨੇ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਸਬੰਧੀ ਵੀ ਕੁਝ ਕਵਿਤਾਵਾਂ ਪ੍ਰਸਤੁਤ ਪੁਸਤਕ ਵਿਚ ਸ਼ਾਮਲ ਕੀਤੀਆਂ ਹਨ। ਕਵੀ ਕਿਸਾਨਾਂ ਦੀਆਂ ਹੱਕੀ ਮੰਗਾਂ ਪ੍ਰਤੀ ਆਵਾਜ਼ ਬੁਲੰਦ ਕਰਦਾ ਹੈ। ਦੇਸ਼ ਦੇ ਵਰਤਮਾਨ ਹਾਕਮ ਉਸ ਨੂੰ "ਨੀਰੋ" ਜਾਪਦੇ ਹਨ, ਜਿਨ੍ਹਾਂ ਨੇ ਇਸ ਅੰਦੋਲਨ ਤੋਂ ਪਾਸਾ ਵੱਟਿਆ ਲੱਗਦਾ ਹੈ। ਕਵੀ ਅਨੁਸਾਰ ਅਜਿਹੇ ਨੇਤਾ "ਮਾਨਵਤਾ ਤੋਂ ਸੱਖਣੇ ਨੇਤਾ" ਹਨ। 'ਅੱਜ ਦੇ ਲਘੂ ਚਾਣਕਿਆ ਤੇ ਦੇਸੀ ਅੰਗਰੇਜ਼' ਕਵਿਤਾ 'ਚ ਉਸ ਨੇ ਸਪਸ਼ਟ ਚਿਤਾਵਨੀ ਕੀਤੀ ਹੈ:

ਸ਼ਾਂਤਮਈ ਅੰਦੋਲਨ ਨੂੰ
ਹਥਿਆਰਬੰਦ
ਇਨਕਲਾਬ ਦਾ
ਰਸਤਾ ਦਿਖਾ ਰਹੀ ਹੈ।

ਉਹ ਸੌੜੀ ਸੋਚ ਦੇ ਨੇਤਾਵਾਂ ਨੂੰ "ਜਨਤਾ ਦੇ ਇਹ ਕਰਜ਼ਦਾਰ" ਕਹਿੰਦਾ ਹੋਇਆ ਲਿਖਦਾ ਹੈ, "ਵੋਟ ਦੇ ਨਾਲ ਜੋ ਰਾਜ ਕਰੇਗਾ/ਵੋਟ ਦੇ ਨਾਲ ਹੀ ਝੜੇਗਾ" (ਘਰ ਘਰ ਸੂਰਜ ਚੜ੍ਹੇਗਾ)। 'ਰਾਜ ਸੱਤਾ ਤੇ ਲੰਕਾ' ਬਹੁਤ ਹੀ ਭਾਵਪੂਰਤ ਕਵਿਤਾ ਹੈ।

ਰਵੀ ਦੀ ਭਾਸ਼ਾ 'ਤੇ ਪਕੜ ਹੈ, ਇਸੇ ਲਈ ਉਸ ਦਾ ਸਾਹਿਤ ਆਮ ਪਾਠਕਾਂ ਨੂੰ ਵੀ ਆਪਣੀ ਪਕੜ ਵਿਚ ਲੈਂਦਾ ਹੈ। 'ਭੁੰਡ ਪਪੀਹਾਂ' ਅਤੇ 'ਚੂੰਢੀ ਵੱਢ ਲਤੀਫੇ' ਵਰਗੀ ਅਲੋਪ ਹੋ ਰਹੀ ਸ਼ਬਦਾਵਲੀ ਦੀ ਵਰਤੋਂ ਕਰਕੇ ਲੋਕ-ਭਾਸ਼ਾ ਨੂੰ ਜਿਊਂਦਾ ਰਖਦੀ ਹੈ।

ਨੈਸ਼ਨਲ ਬੁੱਕ ਸ਼ਾਪ, ਦਿੱਲੀ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦਾ ਸਰਵਰਕ ਵੀ ਕਲਾਤਮਕ ਹੈ ਅਤੇ ਪੁਸਤਕ ਦੀ ਦਿਖ ਵੀ ਪ੍ਰਭਾਵਸ਼ਾਲੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਦਰਪਨ ਤੇ ਦਰਸ਼ਨ' ਕਾਵਿ ਸੰਗ੍ਰਹਿ ਨਾਲ ਰਵਿੰਦਰ ਰਵੀ ਆਪਣੀ ਸਾਹਿਤਕ ਸਰਦਾਰੀ ਨੂੰ ਹੋਰ ਬੁਲੰਦੀ 'ਤੇ ਲੈ ਕੇ ਗਿਆ ਹੈ।

# ਖੁੰਢ ਚਰਚਾ ਵਾਲਾ ਲਾਭ ਸਿੰਘ ਸੰਧੂ

*(ਪਿਛਲੇ ਸਫੇ ਦੀ ਬਾਕੀ)*

ਆਇਆ ਤਾਂ ਉਥੇ ਪਟਿਆਲੇ ਵਾਲਾ ਰਾਜਾ ਬੈਠਾ ਸੀ। ਉਹਨੇ ਮੈਨੂੰ ਪਿੰਡ ਪੁੱਛਿਆ ਤੇ ਥਾਪੀ ਦੇ ਦਿੱਤੀ। ਉਹ ਮੈਨੂੰ ਆਵਦੇ ਨਾਲ ਹੀ ਪਟਿਆਲੇ ਲੈ ਆਇਆ। ਏਥੇ ਆ ਕੇ ਮੈਂ ਇੰਡੋ-ਸੀਲੋਨ ਡਿਊਲ ਮੀਟ 'ਚੋਂ ਅੱਵਲ ਆਇਆ। ਓਦੋਂ ਜੰਗ ਨਾ ਲੱਗਦੀ ਤਾਂ ਮੈਂ ਸਾਰੀ ਦੁਨੀਆਂ ਜਿੱਤ ਲੈਣੀ ਸੀ।

-ਓਥੇ ਖੁਰਾਕ ਤਾਂ ਚੰਗੀ ਮਿਲਦੀ ਹੋਊ?

-ਕਿਹੜੀ ਗੱਲ ਕਰਦੈਂ ਜੁਆਨਾਂ, ਅੰਨ੍ਹੀ ਖੁਰਾਕ ਮਿਲਦੀ ਸੀ। ਅੱਧ ਸੇਰ ਝਟਕਾ, ਦੋ ਸੇਰ ਦੁੱਧ, ਪਾਈਆ ਘਿਓ ਤੇ ਹੋਰ ਬਥੇਰਾ ਨਿੱਕ-ਸੁੱਕ ਖਾਣ ਨੂੰ ਮਿਲਦਾ ਸੀ। ਤਿੰਨ ਸੌ ਰੁਪਈਏ ਮਹੀਨੇ ਦੀ ਤਨਖਾਹ ਸੀ। ਰਾਜੇ ਦੇ ਬਰਾਬਰ ਕੁਰਸੀ ਡਹਿੰਦੀ ਸੀ।

-ਹੁਣ ਕੀ ਹਾਲ ਹੈ?

-ਕਾਹਦਾ ਹਾਲ ਸ਼ੇਰਾ, ਬੁਰੇ ਹਾਲ ਤੇ ਭੈੜੇ ਦਿਹਾੜੇ। ਰਾਜੇ ਦੇ ਮਰਨ ਪਿੱਛੋਂ ਨਵੇਂ ਹਾਕਮਾਂ ਨਾਲ ਮੇਰੀ ਮੀਜ਼ਾ ਨਾ ਮਿਲੀ ਤੇ ਮੈਂ ਪਿੰਡ ਆ ਗਿਆ। ਬਰਾਨੀ ਜ਼ਮੀਨ ਸੀ, ਫਸਲ ਵਾਣੀ ਹੁੰਦੀ ਨੀ ਸੀ। ਸਰਕਾਰ ਨੇ ਬਾਤ ਨਾ ਪੁੱਛੀ। ਇਕ ਵਾਰੀ ਗਿੱਲ ਸਾਹਿਬ ਨੇ ਬਠਿੰਡੇ ਵਾਲੇ ਡੀ. ਸੀ. ਨੂੰ ਕਹਿ ਕੇ ਪਿਨਸ਼ਨ ਲੁਆਈ ਸੀ। ਉਹ ਵੀ ਮਗਰੋਂ ਬੰਦ ਹੋਗੀ। ਹੁਣ ਤਾਂ ਰੱਬ ਆਸਰੇ ਹੀ ਡੰਗ ਸਰਦਾ। ਜਦੋਂ ਮਰ ਗਿਆ ਤਾਂ ਏਹੀ ਅਫਸਰ ਮੇਰੇ ਨਾਂ 'ਤੇ ਮੇਲੇ ਲਾਉਣਗੇ ਤੇ ਵੱਡੇ ਲੀਡਰ ਸੰਘ ਪਾੜ ਕੇ ਭਾਸ਼ਣ ਦੇਣਗੇ।

-ਨੌਜੁਆਨਾਂ ਨੂੰ ਕੋਈ ਸੁਨੇਹਾ?

-ਸੁਨੇਹਾ ਸ਼ੇਰਾ ਕਾਹਦਾ, ਬੱਸ ਨਸ਼ੇ-ਪੱਤੇ ਤੋਂ ਬਚੇ ਰਹਿਣ। ਚੰਗੀ ਖੁਰਾਕ ਖਾਣ ਤੇ ਮਿਹਨਤ ਕਰਨ। ਅਸੀਂ ਤਾਂ ਹੁਣ ਨਦੀ ਕਿਨਾਰੇ ਰੁਖੜੇ ਆਂ, ਸਾਡੀ ਸਭ ਨੂੰ ਫਤਿਹ ਬੁਲਾ ਦੇਣੀ...।

—

ਮੁੱਖਬੰਦ 'ਨੱਚਣ ਕੁਦਣੁ ਮਨ ਕਾ ਚਾਉ' ਖੇਡਾਂ ਮਨੁੱਖੀ ਸਰੀਰ ਦੀ ਹੀ ਨਹੀਂ, ਸਗੋਂ ਰੂਹ ਦੀ ਖੁਰਾਕ ਹਨ। ਸਿਆਣਿਆਂ ਦਾ ਵਿਚਾਰ ਹੈ ਕਿ ਜਿਹੜਾ ਬਾਲ ਰੱਜ ਕੇ ਖੇਡਿਆ ਨਹੀਂ, ਉਸ ਦੀ ਸ਼ਖਸੀਅਤ ਸੰਪੂਰਨ ਨਹੀਂ ਹੋ ਸਕਦੀ ਅਤੇ ਉਹ ਸਾੜਿਆਂ, ਕੀਨਿਆਂ, ਨਿਰਾਸ਼ਾਵਾਂ ਦਾ ਸ਼ਿਕਾਰ ਹੋਵੇਗਾ, ਅਧੂਰਾ ਹੋਵੇਗਾ, ਅਪੂਰਨ ਹੋਵੇਗਾ ਅਤੇ ਅਜੋਕੇ ਭਵਸਾਗਰ ਨੂੰ ਪਾਰ ਕਰਨ ਦੀ ਕੋਸ਼ਿਸ਼ ਵਿਚ ਅੱਧ-ਵਿਚਾਲੇ ਡੁੱਬੇਗਾ। ਸ਼ਾਇਦ ਏਸੇ ਕਰਕੇ ਹੀ ਮੈਂ ਆਪਣਾ ਆਪਾ ਖੇਡਾਂ ਨੂੰ ਸਮਰਪਿਤ ਕਰਨ ਵਿਚ ਲੱਗਾ ਹੋਇਆ ਹਾਂ। ਹਥਲੀ ਪੁਸਤਕ ਏਸੇ ਯਤਨ ਦਾ ਇਕ ਹਿੱਸਾ ਹੈ। ਖਿਡਾਰੀ ਅਤੇ ਖੇਡਾਂ ਸਾਡੇ ਸਮਾਜ ਦਾ ਬੜਾ ਅਹਿਮ ਹਿੱਸਾ ਹਨ। ਹਰ ਸਮਾਜ, ਹਰ ਵਿਅਕਤੀ ਨੂੰ ਨਿਰਾਸ਼ਾ ਵਿਚੋਂ ਨਿਕਲਣ ਲਈ ਜਿੱਤਾਂ ਦੀ ਲੋੜ ਹੁੰਦੀ ਹੈ। ਕਈ ਲੋਕ ਖੁਦ ਖੇਡਦੇ ਹਨ, ਜਿੱਤ ਪ੍ਰਾਪਤ ਕਰ ਕੇ ਆਪਣੇ ਮਨ ਦਾ ਚਾਉ ਪੂਰਾ ਕਰ ਲੈਂਦੇ ਹਨ ਜਾਂ ਆਪਣੇ ਦੇਸ਼ ਦੀ ਟੀਮ ਨੂੰ ਜਿੱਤਦਿਆਂ ਵੇਖ ਕੇ ਖੇੜੇ ਵਿਚ ਆ ਜਾਂਦੇ ਹਨ। ਖੇਡਾਂ ਵਿਚੋਂ ਮੈਂ ਵੀ ਜ਼ਿਆਦਾਤਰ ਅਜਿਹੀਆਂ ਖੇਡਾਂ ਬਾਰੇ ਲਿਖਣ ਦਾ ਯਤਨ ਕੀਤਾ ਹੈ, ਜਿਨ੍ਹਾਂ ਦਾ ਆਧਾਰ ਸਾਡੇ ਪਿੰਡਾਂ ਵਿਚ ਹੈ, ਕਿਉਂਕਿ ਸਾਡੀ ਵਸੋਂ ਦਾ ਬਹੁਤਾ ਹਿੱਸਾ ਵੀ ਤਾਂ ਪੇਂਡੂ ਹੈ। ਮੈਂ ਕੁਸ਼ਤੀ, ਕਬੱਡੀ, ਅਥਲੈਟਿਕਸ ਨੂੰ ਪਹਿਲ ਦੇ ਤੌਰ 'ਤੇ ਲਿਆ ਹੈ। ਬਾਸਕਿਟਬਾਲ, ਹੈਂਡਬਾਲ ਆਦਿ ਅਜਿਹੀਆਂ ਖੇਡਾਂ ਹਨ, ਜੋ ਸਰੀਰ ਦੇ ਨਾਲ ਨਾਲ ਦਿਮਾਗੀ ਪੱਖੋਂ ਵੀ ਬੱਚੇ ਨੂੰ ਵਿਕਸਿਤ ਕਰਦੀਆਂ ਹਨ। ਭਾਰ-ਤੋਲਣ ਅਤੇ ਮੁੱਕੇਬਾਜ਼ੀ ਤਾਕਤ ਤੇ ਫੁਰਤੀ ਦਾ ਪ੍ਰਤੀਕ ਹਨ।

ਮੈਂ ਇਸ ਪੁਸਤਕ ਵਿਚ ਅਜਿਹੇ ਖਿਡਾਰੀਆਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਜੋ ਮੇਰੇ ਜ਼ਿਹਨ ਦੇ ਚਿੱਤਰਪੱਟ 'ਤੇ ਵਿਸ਼ੇਸ਼ ਪ੍ਰਭਾਵ ਪਾ ਚੁਕੇ ਹਨ। ਮੈਂ ਸਫਰ 'ਤੇ ਇਕੱਲਾ ਨਿਕਲਿਆ ਸਾਂ, ਪ੍ਰੰਤੂ ਅੱਜ ਮੇਰੇ ਸਾਥੀਆਂ, ਮਿੱਤਰਾਂ, ਪਰਿਵਾਰਕ ਮੈਂਬਰਾਂ ਤੇ ਪਾਠਕਾਂ ਦਾ ਕਾਫਲਾ ਬਹੁਤ ਵੱਡਾ ਹੈ, ਜਿਨ੍ਹਾਂ 'ਤੇ ਮੈਨੂੰ ਮਾਣ ਹੈ। ਓਸ ਸੁਰਗਵਾਸੀ ਬਾਪੂ ਜੀ ਦਾ ਧੰਨਵਾਦੀ ਹਾਂ, ਜਿਨ੍ਹਾਂ ਮੈਨੂੰ ਖੇਡ ਰੁਚੀਆਂ ਦਾ ਮਾਲਕ ਬਣਾਇਆ। ਸੁਰਗਵਾਸੀ ਮਾਂ ਨੇ ਮੈਨੂੰ ਦੁੱਧ ਦੇ ਨਾਲ ਉਹ ਪਿਆਰੀ ਬੋਲੀ ਮੇਰੇ ਸਾਹਾਂ ਵਿਚ ਮਹਿਕ ਵਾਂਗ ਵਸਾਈ, ਜਿਸ ਦੇ ਮਿੱਠੜੇ ਬੋਲ ਮੈਨੂੰ ਜਾਨੋਂ ਪਿਆਰੇ ਲੱਗਦੇ ਹਨ। ਵੱਡੇ ਬਾਈ ਜੀ ਨਿਰਭੈ ਸਿੰਘ ਸੰਧੂ ਦਾ ਧੰਨਵਾਦ ਕਿਨ੍ਹਾਂ ਸ਼ਬਦਾਂ ਵਿਚ ਕਰਾਂ, ਜਿਨ੍ਹਾਂ ਮੇਰੇ ਵਰਗੇ ਸਾਧਾਰਨ ਬੁੱਧ ਬਾਲ ਨੂੰ ਰਚਣਈ ਸ਼ਖਸੀਅਤ ਬਣਾਉਣ ਲਈ ਭਰਪੂਰ ਯਤਨ ਕੀਤੇ...।

ਲਾਭ ਸਿੰਘ ਸੰਧੂ ਨੇ 1970 ਤੋਂ ਲਿਖਣਾ ਸ਼ੁਰੂ ਕੀਤਾ ਸੀ। ਪਹਿਲਾਂ ਕਵਿਤਾ ਲਿਖੀ, ਫਿਰ ਗੀਤ, ਗਜ਼ਲਾਂ ਤੇ ਰੁਬਾਈਆਂ। 1980 ਤੋਂ ਵਾਰਤਕ ਲਿਖਣ ਲੱਗ ਪਿਆ। ਵਾਰਤਕ ਦੇ ਨਮੂਨੇ ਤਾਂ ਵੇਖ ਹੀ ਲਏ ਨੇ, ਉਹਦੀ ਗਜ਼ਲ ਦਾ ਨਮੂਨਾ ਵੀ ਵੇਖ ਲਓ:

ਸਾਜ਼, ਸੰਗੀਤ, ਸਾਜ਼ਿੰਦੇ, ਸੀਖਾਂ ਅੰਦਰ ਨੇ
ਛਮ ਛਮ ਹੰਝੂ ਕੇਰੇ ਤਾਂ ਹੀ ਅੰਬਰ ਨੇ।
ਕਾਲੀ ਕੋਇਲ ਦੇ ਸਾਹਾਂ ਉਤੇ ਪਹਿਰਾ ਹੈ
ਛੇੜੀ ਬੈਠੇ ਦੀਪਕ ਸਾਰੇ ਮੰਦਰ ਨੇ।
ਨਾ ਰੂਹਾਂ ਦਾ ਮੇਲਾ ਨਾ ਰੁੱਤ ਮੋਲ ਰਹੀ
ਹਾਸੇ ਕੈਦੀ ਕੀਤੇ ਕਿਸੇ ਕਲੰਦਰ ਨੇ।
ਤੀਰਾਂ ਵਰਗੇ ਬੋਲਾਂ ਦੀ ਬੌਛਾੜ ਵਰ੍ਹੀ
ਬੱਦਲ ਉਤੇ ਚਿਹਰਾ ਕੀਤਾ ਅੰਬਰ ਨੇ।
ਸੁੱਕੇ ਤਾਲੂ, ਜੀਭਾਂ, ਵੈਣ ਵਿਹਾਜ ਰਹੇ
ਕਿਸ ਦੇ ਕਾਰਨ ਹਾਰੇ ਸ਼ਾਹ ਸਿਕੰਦਰ ਨੇ।

ਕਹਾਣੀ

# ਗੁੱਡ ਮੌਰਨਿੰਗ

***ਕੈਨੇਡਾ ਵੱਸਦਾ ਲਿਖਾਰੀ ਜਰਨੈਲ ਸਿੰਘ ਸੇਖਾ ਬੁਨਿਆਦੀ ਰੂਪ ਵਿਚ ਤਾਂ ਨਾਵਲਕਾਰ ਹੈ ਅਤੇ ਉਸ ਨੇ ਪੰਜਾਬੀ ਸਾਹਿਤ ਜਗਤ ਨੂੰ ਮਿਸਾਲੀ ਨਾਵਲ ਦਿੱਤੇ ਹਨ, ਪਰ ਉਹਨੇ ਕਹਾਣੀਆਂ ਵੀ ਲਿਖੀਆਂ ਅਤੇ ਵਾਰਤਕ ਦੀ ਰਚਨਾ ਵੀ ਕੀਤੀ ਹੈ। ਇਥੇ ਅਸੀਂ ਪਾਠਕਾਂ ਨਾਲ ਉਸ ਦੀ ਕਹਾਣੀ 'ਗੁੱਡ ਮੌਰਨਿੰਗ' ਸਾਂਝੀ ਕਰ ਰਹੇ ਹਾਂ, ਜਿਸ ਵਿਚ ਉਸ ਨੇ ਮਨੁੱਖੀ ਰਿਸ਼ਤਿਆਂ ਦੀ ਬਾਤ ਬਹੁਤ ਸੂਖਮ ਅਤੇ ਵਿਹਾਰਕ ਰੂਪ ਵਿਚ ਪਾਈ ਹੈ। -ਸੰਪਾਦਕ***



**ਜਰਨੈਲ ਸਿੰਘ ਸੇਖਾ**

ਬਲਜੀਤ ਘਾਲੀ ਮੇਰਾ ਦੋਸਤ ਹੈ। ਉਸ ਦਾ ਇਕਲੌਤਾ ਲੜਕਾ ਕਿਸੇ ਫਰਮ ਵਿਚ ਮੈਨੇਜਰ ਸੀ ਅਤੇ ਉਸ ਦੀ ਨੂੰਹ ਹਸਪਤਾਲ ਵਿਚ ਨਰਸ ਲੱਗੀ ਹੋਈ ਸੀ। ਅਗਾਂਹ ਉਹਨਾਂ ਦੇ ਦੋ ਬੱਚੇ ਸਨ। ਘਾਲੀ ਦੰਪਤੀ ਕੰਮਾਂ ਤੋਂ ਫਾਰਗ ਹੋ ਕੇ ਸੁਹਣੀ ਰਿਟਾਇਰ ਜ਼ਿੰਦਗੀ ਬਤੀਤ ਕਰ ਰਹੇ ਸੀ ਕਿ ਇਕ ਦਿਨ ਉਹਦਾ ਲੜਕਾ ਕਹਿਣ ਲੱਗਾ, "ਪਾਪਾ, ਮੈਨੂੰ ਫਲੈਡਿਲਫੀਆ ਵਿਚ ਮਨ ਪਸੰਦ ਨੌਕਰੀ ਮਿਲ ਗਈ ਹੈ। ਹੁਣ ਆਪਾਂ ਅਗਲੇ ਮਹੀਨੇ ਅਮਰੀਕਾ ਚਲੇ ਜਾਣੈ। ਤੁਹਾਡੇ ਜਿਹੜੇ ਵੀ ਇਥੋਂ ਦੇ ਕੰਮ ਧੰਦੇ ਐ, ਉਹ ਜਾਣ ਤੋਂ ਪਹਿਲਾਂ-ਪਹਿਲਾਂ ਨਬੇੜ ਲਵੋ।"

"ਕੀ ਕਿਹਾ! ਅਮਰੀਕਾ ਚਲੇ ਜਾਣੈ!! ਜਦੋਂ ਇੰਗਲੈਂਡ ਵਿਚ ਸੀ ਤਾਂ ਕੈਨੇਡਾ ਆਉਣ ਦੀ ਦੁਹਾਈ ਪਾਈ ਹੋਈ ਸੀ, ਹੁਣ ਏਥੋਂ ਵੀ ਦਿਲ ਭਰ ਗਿਆ!" ਘਾਲੀ ਨੇ ਗੁੱਸੇ ਵਿਚ ਆਪਣੇ ਪੁੱਤਰ ਵੱਲ ਦੇਖਿਆ।

"ਚਾਰ ਸਾਲ ਹੋ ਗਏ ਇਕ ਕਿੱਲੇ ਨਾਲ ਬੱਝੇ ਨੂੰ, ਕੋਈ ਤਰੱਕੀ ਨਹੀਂ, ਅਗਾਂਹ ਵਧਣ ਦੇ ਕੋਈ ਮੌਕੇ ਨਹੀਂ। ਅਮਰੀਕਾ ਵਿਚ ਤਰੱਕੀ ਕਰਨ ਦੇ ਬੜੇ ਅਵਸਰ ਹਨ। ਏਥੇ ਆਪਣਾ ਕੀ ਹੈ! ਇਹ ਮਕਾਨ ਹੈ, ਇਹ ਕੱਲ੍ਹ ਨੂੰ ਹੀ ਸੇਲ 'ਤੇ ਲਾ ਦੇਣੈ।" ਮੁੰਡੇ ਨੇ ਦਲੀਲ ਨਾਲ ਘਾਲੀ ਨੂੰ ਮਨਾਉਣਾ ਚਾਹਿਆ।

"ਪਹਿਲਾਂ ਮੈਂ ਤੇਈ ਸਾਲ ਦੀ ਉਮਰ ਤਕ ਕਿਤਾਬਾਂ ਨਾਲ ਮੱਥਾ ਮਾਰਿਆ, ਫੇਰ ਸੱਤ ਸਾਲ ਕਿਸੇ ਚੱਜ ਦੀ ਨੌਕਰੀ ਦੀ ਭਾਲ ਵਿਚ ਧੱਕੇ ਖਾਂਦਿਆਂ ਲੰਘਾ ਦਿੱਤੇ। ਬੇਰੁਜ਼ਗਾਰੀ ਦਾ ਸਤਾਇਆ ਚੰਗੇ ਭਵਿੱਖ ਦੀ ਖਾਤਰ ਇੰਗਲੈਂਡ ਆਇਆ। 30 ਸਾਲ ਦੀ ਅਣਥੱਕ ਮਿਹਨਤ ਨਾਲ ਇੰਗਲੈਂਡ ਵਿਚ ਪੈਰ ਲੱਗੇ। ਲੋਕਾਂ ਨਾਲ ਮੇਲ ਜੋਲ ਵਧਿਆ ਤੇ ਦੋਸਤਾਂ ਦਾ ਘੇਰਾ ਵਿਸ਼ਾਲ ਹੋਇਆ। ਓਥੋਂ ਦੀ ਰਹਿਤਲ ਨੂੰ ਅਪਨਾਉਣ ਦੇ ਯੋਗ ਹੋਏ ਤਾਂ ਤੂੰ ਪੇਸ਼ ਨਾ ਜਾਣ ਦਿੱਤੀ। ਤੇਰੇ ਆਖੇ ਲੱਗ, ਡੰਡਾ ਡੇਰਾ ਚੁੱਕ ਕੇ ਕੈਨੇਡਾ ਆ ਗਏ। ਹੁਣ ਏਥੇ ਬੜੀ ਮੁਸ਼ਕਿਲ ਨਾਲ ਜੜ੍ਹਾਂ ਲੱਗੀਆਂ ਤਾਂ ਤੂੰ ਫੇਰ ਜੜ੍ਹਾਂ ਪੁੱਟਣ ਨੂੰ ਤਿਆਰ ਹੋ ਗਿਐਂ। ਤੁਸੀਂ ਜਿੱਥੇ ਮਰਜ਼ੀ ਰਹੋ ਪਰ ਮੈਂ ਅੰਤਲੇ ਸਾਹਾਂ ਤਕ ਏਥੋਂ ਕਿਤੇ ਨਹੀਂ ਜਾਵਾਂਗਾ।"

"ਜਿੱਥੇ ਬੱਚਿਆਂ ਨੇ ਰਹਿਣਾ, ਆਪਾਂ ਨੂੰ ਵੀ ਤਾਂ ਓਥੇ ਈ ਰਹਿਣਾ ਪੈਣੈ।" ਘਾਲੀ ਦੀ ਪਤਨੀ ਲਾਜਵੰਤ ਕੌਰ ਨੇ ਕਿਹਾ।

"ਲਾਜ, ਤੂੰ ਇਹਨਾਂ ਨਾਲ ਜਾ ਸਕਦੀ ਹੈਂ ਪਰ ਮੈਂ ਨਹੀਂ ਜਾਣਾ। ਇਹ ਮੇਰਾ ਅਖੀਰੀ ਫੈਸਲਾ ਹੈ।"

ਘਾਲੀ ਦਾ ਫੈਸਲਾ ਸੁਣ ਕੇ ਲਾਜਵੰਤ ਚੁੱਪ ਕਰ ਗਈ। ਉਸ ਨੂੰ ਪਤਾ ਸੀ ਕਿ ਜਿਹੜੀ ਗੱਲ ਉਹ ਮਨ ਵਿਚ ਧਾਰ ਲੈਂਦਾ ਸੀ, ਉਸ ਤੋਂ ਕਦੀ ਪਿੱਛੇ ਨਹੀਂ ਸੀ ਹਟਦਾ। ਮੁੰਡੇ ਨੇ ਵੀ ਦਲੀਲਾਂ ਨਾਲ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਘਾਲੀ ਆਪਣੇ ਫੈਸਲੇ ਉਪਰ ਅੜਿਆ ਰਿਹਾ। ਅਖੀਰ, ਇਹ ਫੈਸਲਾ ਹੋਇਆ ਕਿ ਗਰਮੀ ਦੀਆਂ ਛੁੱਟੀਆਂ ਵਿਚ ਬੱਚੇ ਕੁਝ ਸਮਾਂ ਵੈਨਕੂਵਰ ਆ ਜਇਆ ਕਰਨਗੇ ਅਤੇ ਸਰਦੀਆਂ ਵਿਚ ਮਾਂ ਬਾਪ ਫਲੈਡਿਲਫੀਆ ਦਾ ਚੱਕਰ ਮਾਰ ਜਾਇਆ ਕਰਨਗੇ। ਘਾਲੀ ਦਾ ਮੁੰਡਾ ਆਪਣਾ ਪਰਿਵਾਰ ਲੈ ਕੇ ਫਲੈਡਿਲਫੀਆ ਚਲਾ ਗਿਆ। ਪਰਿਵਾਰ ਦੇ ਚਲੇ ਜਾਣ ਮਗਰੋਂ ਘਾਲੀ ਨੂੰ ਘਰ ਸੁੰਞਾ-ਸੁੰਞਾ ਲੱਗਣ ਲੱਗਾ। ਕੁਝ ਸਮਾਂ ਦੋਹਾਂ ਜੀਆਂ ਦਾ ਦਿਲ ਉਦਾਸ ਰਿਹਾ। ਘਾਲੀ ਕਈ ਸਾਹਿਤਕ ਸੰਸਥਾਵਾਂ ਨਾਲ ਤਾਂ ਪਹਿਲਾਂ ਹੀ ਜੁੜਿਆ ਹੋਇਆ ਸੀ ਅਤੇ ਉਸ ਨੂੰ ਰੇਡੀਓ ਤੇ ਟੀ.ਵੀ. ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਵੀ ਬੁਲਾਇਆ ਜਾਂਦਾ ਸੀ। ਹੁਣ ਉਸ ਨੇ ਆਪਣੀਆਂ ਸਮਾਜਕ ਗਤੀਵਿਧੀਆਂ ਹੋਰ ਵੀ ਵਧਾ ਲਈਆਂ। ਉਹ ਹਸਪਤਾਲ ਜਾ ਕੇ ਕੁਝ ਸਮਾਂ ਮਰੀਜ਼ਾਂ ਦੀ ਸੇਵਾ ਵਿਚ ਵੀ ਬਿਤਉਂਦਾ ਤੇ ਆਪਣੀਆਂ ਹੌਸਲਾ ਵਧਾਊ ਗੱਲਾਂ ਨਾਲ ਉਹਨਾਂ ਦਾ ਦਿਲ ਪਰਚਾਵਾ ਵੀ ਕਰਦਾ। ਲਾਜਵੰਤ ਕੌਰ ਵੀ ਕਦੀ ਵਿਹਲੀ ਨਹੀਂ ਸੀ ਰਹੀ। ਉਹ ਬੱਚਿਆਂ ਦੀ ਦੇਖ ਭਾਲ ਵਿਚ ਰੁੱਝੀ ਰਹਿੰਦੀ ਸੀ। ਹੁਣ ਉਸ ਦੇ ਕਰਨ ਲਈ ਕੋਈ ਕੰਮ ਨਹੀਂ ਸੀ ਰਹਿ ਗਿਆ। ਇਕ ਦਿਨ ਉਹ ਕਹਿਣ ਲੱਗੀ, "ਜੀਤ, ਇਹ ਪਹਾੜ ਜਿੱਡੇ ਦਿਨ ਮੈਥੋਂ ਵਿਹਲੇ ਬਹਿ ਕੇ ਨਹੀਂ ਕੱਟੇ ਜਾਣੇ। ਤੁਸੀਂ ਮੈਨੂੰ ਉੱਨ ਲਿਆ ਦਿਉ। ਮੈਂ ਬੱਚਿਆਂ ਦੇ ਸਵੈਟਰ ਜੁਰਾਬਾਂ ਬਣਾ ਦਿਆ ਕਰਾਂਗੀ। ਜਦੋਂ ਪੰਜ ਸੱਤ ਬਣ ਜਾਇਆ ਕਰਨਗੇ ਤਾਂ ਹਸਪਤਾਲ ਵਿਚ ਜਾਂ ਕਿਸੇ ਦਾਨੀ ਸੰਸਥਾ ਨੂੰ ਦਾਨ ਕਰ ਆਇਆ ਕਰਾਂਗੇ। ਲੋਕ ਸੇਵਾ ਵੀ ਹੋ ਜਾਵੇਗੀ ਤੇ ਮੇਰਾ ਦਿਲ ਵੀ ਲੱਗਿਆ ਰਹੂ।"

"ਇਹ ਬਹੁਤ ਹੀ ਚੰਗੀ ਗੱਲ ਐ। ਚੱਲ ਹੁਣੇ ਚਲਦੇ ਹਾਂ। ਲੋਕ ਭਲਾਈ ਦੇ ਕੰਮ ਵਿਚ ਢਿੱਲ ਕਾਹਦੀ!" ਘਾਲੀ ਨੇ ਖੁਸ਼ ਹੁੰਦਿਆ ਕਿਹਾ।

ਉਹ ਸਟੋਰ ਤੋਂ ਕਈ ਰੰਗਾਂ ਦੀ ਉੱਨ ਅਤੇ ਸਲਾਈਆਂ ਲੈ ਆਏ। ਲਾਜਵੰਤ ਨੇ ਉਸੇ ਦਿਨ ਹੀ ਹੱਥ ਵਿਚ ਸਲਾਈਆਂ ਫੜ ਲਈਆਂ। ਲਾਜਵੰਤ ਦਾ ਦਿਲ ਲੱਗ ਗਿਆ। ਇਕ ਵਾਰ ਉਹ ਫਲੈਡਿਲਫੀਆ ਦਾ ਚੱਕਰ ਵੀ ਲਾ ਆਏ। ਪੰਜਾਬੀਆਂ ਦੇ ਸੀਨੀਅਰ ਸੈਂਟਰ ਵਿਚ ਹਫਤੇ 'ਚ ਇਕ ਦਿਨ ਉਪਰਲੇ ਹਾਲ ਵਿਚ ਔਰਤਾਂ ਮਿਲ ਬੈਠ ਕੇ ਆਪਣੇ ਮਸਲੇ ਵਿਚਾਰਨ ਦੇ ਨਾਲ-ਨਾਲ ਮਨੋਰੰਜਨ ਲਈ ਗੀਤ ਸੰਗੀਤ ਦੀ ਮਹਿਫਲ ਵੀ ਸਜਾਉਂਦੀਆਂ। ਉਸ ਦਿਨ ਉਹ ਦੋਵੇਂ ਜੀਅ ਸੀਨੀਅਰ ਸੈਂਟਰ ਚਲੇ ਜਾਂਦੇ। ਲਾਜਵੰਤ ਔਰਤਾਂ ਦੇ ਇਕੱਠ ਵਿਚ ਸ਼ਾਮਿਲ ਹੋ ਜਾਂਦੀ ਅਤੇ ਬਲਜੀਤ ਘਾਲੀ ਬਜ਼ੁਰਗਾਂ ਵਿਚ ਬੈਠ ਕੇ ਚਲੰਤ ਮਾਮਲਿਆਂ 'ਤੇ ਹੁੰਦੀ ਬਹਿਸ ਵਿਚ ਹਿੱਸਾ ਲੈਂਦਾ। ਕਈ ਵਾਰ ਉਹ ਉਹਨਾਂ ਨੂੰ ਸਮਾਜੀ ਗਿਆਨ ਦੀਆਂ ਗੱਲਾਂ ਵੀ ਸੁਣਾਉਂਦਾ।



ਦਿਨ ਬਹੁਤ ਵਧੀਆ ਬਤੀਤ ਹੋ ਰਹੇ ਸਨ ਕਿ ਲਾਜਵੰਤ ਕੌਰ ਨੂੰ ਦੋ ਕੁ ਵਾਰ ਪੇਟ ਦਰਦ ਦੀ ਸ਼ਿਕਾਇਤ ਹੋਈ। ਉਸ ਬਹੁਤਾ ਗੌਲਿਆ ਨਾ। ਉਹ ਘਰ ਪਿਆ ਚੂਰਨ ਖਾ ਲੈਂਦੀ। ਇਕ ਦਿਨ ਜਦੋਂ ਉਹ ਰੋਟੀ ਖਾਣ ਲੱਗੀ ਤਾਂ ਉਸ ਨੂੰ ਮਹਿਸੂਸ ਹੋਇਆ ਜਿਵੇਂ ਰੋਟੀ ਦੀ ਬੁਰਕੀ ਗਲ ਦੇ ਹੇਠਾਂ ਅਟਕ ਗਈ ਹੋਵੇ। ਉਸ ਨੇ ਪਾਣੀ ਦੀ ਘੁੱਟ ਨਾਲ ਬੁਰਕੀ ਅੰਦਰ ਲੰਘਾਈ। ਰੋਟੀ ਖਾਣ ਮਗਰੋਂ ਫੇਰ ਪੇਟ ਦਰਦ ਹੋਇਆ ਤਾਂ ਉਸ ਨੇ ਘਾਲੀ ਨੂੰ ਕਿਹਾ, "ਜੀਤ, ਰਾਤੀਂ ਵੀ ਮੇਰੇ ਢਿੱਡ ਪੀੜ ਹੋਈ ਸੀ ਤੇ ਹੁਣ ਵੀ ਢਿੱਡ ਪੀੜ ਹੋਣ ਲੱਗ ਪਈ, ਨਾਲੇ ਅੱਜ ਰੋਟੀ ਵੀ ਉਗਲ ਨਿਗਲ ਕਰ ਕੇ ਈ ਖਾਧੀ ਐ।"

"ਪਹਿਲਾਂ ਵੀ ਕਿਤੇ ਪੇਟ ਦਰਦ ਹੋਇਆ ਸੀ?"

"ਐਵੇਂ ਇਕ ਦੋ ਵਾਰ ਮਮੂਲੀ ਜਿਹਾ ਹੋਇਆ ਸੀ, ਚੂਰਨ ਲੈਣ ਨਾਲ ਠੀਕ ਹੋ ਜਾਂਦਾ ਸੀ। ਕੁਝ ਦਿਨਾਂ ਤੋਂ ਰੋਟੀ ਵੀ ਸੁਆਦ ਨਾਲ ਨਹੀਂ ਖਾਧੀ ਜਾਂਦੀ।"

"ਜਦੋਂ ਪਹਿਲੇ ਦਿਨ ਪੇਟ ਦਰਦ ਹੋਇਆ ਸੀ ਤਾਂ ਉਸ ਦਿਨ ਕਿਉਂ ਨਹੀਂ ਦੱਸਿਆ?"

"ਇਹਦੇ ਵਿਚ ਦੱਸਣ ਵਾਲੀ ਕਿਹੜੀ ਗੱਲ ਸੀ, ਮਾੜੀ ਮੋਟੀ ਸਰੀਰ ਨੂੰ ਔਰ੍ਹ ਸੌਰ੍ਹ ਤਾਂ ਹੋਈ ਜਾਂਦੀ ਐ।"

"ਚੱਲ ਤਿਆਰ ਹੋ, ਹੁਣੇ ਹਸਪਤਾਲ ਚੱਲਣੈ।" ਦੱਸੀਆਂ ਨਿਸ਼ਾਨੀਆਂ ਤੋਂ ਘਾਲੀ ਨੂੰ ਨਾਮੁਰਾਦ ਬਿਮਾਰੀ ਦੇ ਲੱਛਣ ਹੋਣ ਦਾ ਸ਼ੱਕ ਪਿਆ। ਉਹ ਫੈਮਲੀ ਡਾਕਟਰ ਕੋਲ ਜਾਣ ਦੀ ਥਾਂ ਸਿੱਧੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿਚ ਚਲੇ ਗਏ। ਲਾਜਵੰਤ ਦੇ ਬਹੁਤੇ ਸਾਰੇ ਸਰੀਰਕ ਟੈਸਟ ਹੋਣ ਮਗਰੋਂ ਜਿਹੜਾ ਨਤੀਜਾ ਆਇਆ, ਉਹ ਬਹੁਤ ਚਿੰਤਾਜਨਕ ਸੀ। ਮਿਹਦੇ ਦਾ ਕੈਂਸਰ ਸਰੀਰ ਦੇ ਬਹੁਤ ਸਾਰੇ ਹਿੱਸਿਆਂ ਵਿਚ ਫੈਲ ਚੁੱਕਾ ਸੀ। ਲਾਜਵੰਤ ਨੂੰ ਉਸੇ ਸਮੇਂ ਹਸਪਤਾਲ ਵਿਚ ਦਾਖਲ ਕਰ ਕੇ ਇਲਾਜ ਸ਼ੁਰੂ ਕਰ ਦਿੱਤਾ ਗਿਆ ਪਰ ਇਲਾਜ ਬੇਅਸਰ ਰਿਹਾ ਤੇ ਇਸ ਨਾਮੁਰਾਦ ਬਿਮਾਰੀ ਨੇ ਤਿੰਨ ਮਹੀਨੇ ਦੇ ਅੰਦਰ-ਅੰਦਰ ਹੀ ਲਾਜਵੰਤ ਕੌਰ ਦੀ ਜਾਨ ਲੈ ਲਈ।

ਪਤਨੀ ਦੀ ਮੌਤ ਨੇ ਘਾਲੀ ਦੇ ਪੈਰ ਉਖੇੜ ਦਿੱਤੇ। ਅੰਤਮ ਰਸਮਾਂ ਤੋਂ ਬਾਅਦ ਜਦੋਂ ਪੁੱਤਰ ਨੇ ਨਾਲ ਚੱਲਣ ਲਈ ਕਿਹਾ ਤਾਂ ਉਸ ਨੇ ਇਕ ਵਾਰ ਵੀ 'ਨਾਂਹ' ਨਾ ਕੀਤੀ। ਮਕਾਨ ਵੇਚ ਕੇ ਮੁੰਡੇ ਦੇ ਨਾਲ ਫਲੈਡਿਲਫੀਆ ਚਲਾ ਗਿਆ ਪਰ ਓਥੇ ਉਸ ਦਾ ਦਿਲ ਨਹੀਂ ਲੱਗਾ। ਉਸ ਫਲੈਡਿਲਫੀਆ ਵਿਚ ਤਿੰਨ ਕੁ ਮਹੀਨੇ ਮਸਾਂ ਹੀ ਲੰਘਾਏ, ਮੁੜ ਆਪਣੇ ਪੁਰਾਣੇ ਸ਼ਹਿਰ ਆ ਗਿਆ। ਇੰਡੀਆ ਤੋਂ ਹੀ ਸਾਡੀ ਮਿੱਤਰਤਾ ਹੋਣ ਕਰ ਕੇ ਉਹ ਕੁਝ ਦਿਨ ਮੇਰੇ ਕੋਲ ਰਿਹਾ, ਫਿਰ ਇਕ ਬੈੱਡਰੂਮ ਦੀ ਬੇਸਮੈਂਟ ਕਿਰਾਏ 'ਤੇ ਲੈ ਲਈ। ਉਸ ਦੇ ਦੋਸਤ ਮਿੱਤਰ ਉਹਦੇ ਕੋਲ ਗੇੜਾ ਮਾਰਦੇ ਤੇ ਦਰਦ ਵੰਡਾਉਂਦੇ। ਸਮੇਂ ਨੇ ਵੀ ਮਲ੍ਹਮ ਦਾ ਕੰਮ ਕੀਤਾ। ਕਿਸੇ ਨਾ ਕਿਸੇ ਬਹਾਨੇ ਉਹ ਆਪਣੇ ਨੇੜਲੇ ਦੋਸਤਾਂ ਨੂੰ ਬੇਸਮੈਂਟ ਵਿਚ ਸੱਦ ਕੇ ਮਹਿਫਲ ਜਮਾ ਲੈਂਦਾ। ਜਾਪਦਾ ਸੀ ਕਿ ਇਹ ਉਸ ਦਾ ਆਪਣੀ ਇਕੱਲ ਨੂੰ ਠੁੰਮਣਾ ਦੇਣ ਦਾ ਇਕ ਬਹਾਨਾ ਹੋਵੇ। ਉਸ ਦੇ ਬਹੁਤ ਨੇੜਲੇ ਦੋਸਤਾਂ ਨੇ ਇਹ ਫੈਸਲਾ ਕੀਤਾ ਕਿ ਜਦੋਂ ਵੀ ਘਾਲੀ ਦੀ ਬੇਸਮੈਂਟ ਵਿਚ ਮਿਲ ਬਹਿਣਾ ਹੋਵੇ ਤਾਂ ਉਸ 'ਤੇ ਬੋਝ ਨਾ ਬਣਿਆ ਜਾਵੇ ਸਗੋਂ ਹਾਜ਼ਰ ਮੈਂਬਰ ਖਰਚਾ ਬਰਾਬਰ ਵੰਡ ਲਿਆ ਕਰਨ। ਇਸ ਫੈਸਲੇ ਮਗਰੋਂ ਬੇਸਮੈਂਟ ਵਿਚ ਦੋਸਤਾਂ ਦੀਆਂ ਮਹਿਫਲਾਂ ਵਿਚ ਰੌਣਕ ਵਧਣ ਲੱਗ ਪਈ। ਉਸ ਨੇ ਆਪਣੀਆਂ ਗਤੀਵਿਧੀਆਂ ਪਹਿਲਾਂ ਵਾਂਗ ਹੀ ਮੁੜ ਸ਼ੁਰੂ ਕਰ ਲਈਆਂ। ਇਸ ਤਰ੍ਹਾਂ ਹੀ ਉਸ ਬੇਸਮੈਂਟ ਵਿਚ ਉਹਦੇ ਪੰਜ ਸਾਲ ਬਤੀਤ ਹੋ ਗਏ।

ਭਾਰਤੀ ਮੂਲ ਦੇ ਕੈਨੇਡੀਅਨਾਂ ਨੇ ਲੋਕ ਭਲਾਈ ਦੇ ਕੰਮਾਂ ਲਈ ਸੁਸਾਇਟੀ ਬਣਾਈ ਹੋਈ ਸੀ ਜਿਸ ਨੂੰ ਸਰਕਾਰੀ ਸਹਾਇਤਾ ਵੀ ਮਿਲ ਜਾਂਦੀ ਸੀ। ਇਸ ਸੰਸਥਾ ਵੱਲੋਂ ਭਾਰਤੀ ਮੂਲ ਦੇ ਬਜ਼ੁਰਗਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਬਿਰਧ-ਘਰ ਦੀ ਉਸਾਰੀ ਕਰਵਾਈ ਗਈ ਜਿਸ ਵਿਚ ਆਪਣੀ ਆਮਦਨ ਦਾ 25% ਦੇ ਕੇ ਬਜ਼ੁਰਗ ਆਜ਼ਾਦੀ ਨਾਲ ਰਹਿ ਸਕਦੇ ਸਨ। ਇਸ ਬਿਲਡਿੰਗ ਦੇ ਸਾਰੇ ਸੂਇਟ ਕੁਝ ਦਿਨਾਂ ਵਿਚ ਹੀ ਭਰ ਗਏ। ਫਿਰ ਇਕ ਹੋਰ ਯੂਨਿਟ ਦੀ ਲੋੜ ਪਈ ਜਿਸ ਵਿਚ ਆਸ਼ਰਿਤ ਬਜ਼ੁਰਗ ਵੀ ਰਹਿ ਸਕਣ। ਲੋਕਾਂ ਵੱਲੋਂ ਦਿੱਤੇ ਦਾਨ ਤੇ ਕੁਝ ਸਰਕਾਰੀ ਸਹਾਇਤਾ ਮਿਲ ਜਾਣ ਨਾਲ ਬਿਲਡਿੰਗ ਦਾ ਦੂਜਾ ਯੂਨਿਟ ਵੀ ਬਣਨ ਲੱਗ ਪਿਆ। ਘਾਲੀ ਨੇ ਵੀ ਉੱਥੇ ਰਹਾਇਸ਼ ਰੱਖਣ ਲਈ ਅਰਜ਼ੀ ਦੇ ਦਿੱਤੀ। ਜਦੋਂ ਉਹ ਯੂਨਿਟ ਤਿਆਰ ਹੋ ਗਿਆ ਤਾਂ ਉਸ ਨੂੰ ਰਹਾਇਸ਼ ਲਈ ਉਹਦੇ ਵਿਚ ਚੌਥੀ ਮੰਜ਼ਲ 'ਤੇ ਇਕ ਬੈੱਡਰੂਮ ਦਾ ਸੂਇਟ ਮਿਲ ਗਿਆ। ਉਹ ਬੇਸਮੈਂਟ ਛੱਡ ਕੇ ਬਿਰਧ-ਘਰ ਵਿਚ ਆ ਗਿਆ। ਏਸ ਇਕ ਬੈੱਡਰੂਮ ਦੇ ਸੂਇਟ ਨੂੰ ਉਹ ਆਪਣਾ ਘਰ ਕਹਿੰਦਾ। ਉਸ ਨੇ ਕੰਧ 'ਤੇ ਲਿਖ ਕੇ ਚਿਪਕਾਇਆ ਹੋਇਆ ਸੀ:

"ਮੇਰੇ ਘਰ ਦਾ ਦਰਵਾਜ਼ਾ ਸਾਰੇ ਮਿੱਤਰ ਪਿਆਰਿਆਂ ਲਈ ਖੁੱਲ੍ਹਾ ਹੈ। ਇਕੱਲੇ ਦੁਕੱਲੇ ਲਈ ਚਾਹ ਪਾਣੀ ਮੇਰੇ ਵੱਲੋਂ ਪਰ ਮੀਟਿੰਗ ਜਾਂ ਮਹਿਫਲ ਸਮੇਂ ਖਾਣ ਪੀਣ ਦਾ ਖਰਚ ਸਾਂਝਾ।

1. ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ। 2. ਖਾਣ ਪੀਣ ਮਗਰੋਂ ਆਪਣਾ ਭਾਂਡਾ ਆਪ ਸਾਫ ਕਰਨਾ ਹੋਵੇਗਾ। 3. ਬੈਠਣ ਲਈ ਫੋਲਡਿੰਗ ਕੁਰਸੀ ਸਟੋਰ ਵਿਚੋਂ ਆਪ ਚੁੱਕ ਕੇ ਲਿਆਉਣੀ ਤੇ ਵਾਪਸੀ 'ਤੇ ਆਪ ਹੀ ਸਟੋਰ ਵਿਚ ਰੱਖਣੀ ਹੋਵੇਗੀ। 4. ਮੀਟਿੰਗ ਵਿਚ ਗੱਲਾਂ ਦਾ ਵਿਸ਼ਾ ਆਰਥਿਕ, ਸਾਹਿਤ, ਸਮਾਜਕ, ਰਾਜਨੀਤਕ ਤੇ ਚਲੰਤ ਮਾਮਲਿਆਂ 'ਤੇ ਆਧਾਰਤ ਹੋਵੇਗਾ। ਏਥੇ ਧਾਰਮਿਕ ਵਿਸ਼ੇ 'ਤੇ ਵਿਚਾਰ ਚਰਚਾ ਨਹੀਂ ਹੋਵੇਗੀ। ਮਹਿਫਲ ਜੰਮ ਜਾਣ ਸਮੇਂ ਮਨੋਰੰਜਨ ਭਰਪੂਰ ਖੁੱਲ੍ਹੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ ਪਰ ਲੁੱਚੀਆਂ ਨਹੀਂ। 5. ਮਹਿਫਲ ਵਿਝੜਣ ਮਗਰੋਂ ਘਰੀਂ ਵਾਪਸ ਜਾਣ ਦਾ ਹਰ ਇਕ ਨੂੰ ਆਪਣਾ ਪ੍ਰਬੰਧ ਆਪ ਕਰਨਾ ਹੋਵੇਗਾ। 6. ਦਾਰੂ ਪੀ ਕੇ ਗੱਡੀ ਚਲਾਉਣ ਦੀ ਮਨਾਹੀ ਹੈ।"

ਮਹੀਨੇ 'ਚ ਦੋ ਕੁ ਵਾਰ ਘਾਲੀ ਦੇ ਇਸ ਘਰ ਵਿਚ ਉਵੇਂ ਹੀ ਮਹਿਫਲਾਂ ਜੁੜਨ ਲੱਗੀਆਂ, ਜਿਵੇਂ ਉਸ ਦੀ ਬੇਸਮੈਂਟ ਵਿਚ ਜੁੜਿਆ ਕਰਦੀਆਂ ਸਨ। ਮਹਿਫਲਾਂ ਵਿਚ ਛੇ ਨੁਕਾਤੀ ਆਦੇਸ਼ਾਂ ਦਾ ਪੂਰਾ-ਪੂਰਾ ਪਾਲਣ ਕੀਤਾ ਜਾਂਦਾ। ਘਾਲੀ ਦੇ ਦੋਸਤਾਂ ਦਾ ਘੇਰਾ ਤਾਂ ਬਹੁਤ ਵਿਸ਼ਾਲ ਸੀ ਪਰ ਉਸ ਦੇ ਗਿਆਰਾਂ ਦੋਸਤ ਪੱਕੇ ਸਨ ਜੋ ਹਰ ਮਹਿਫਲ ਦਾ ਸ਼ਿੰਗਾਰ ਬਣਦੇ। ਕਈ ਵਾਰ ਹੋਰ ਦੋਸਤ ਵੀ ਕਿਸੇ ਮਹਿਫਲ ਵਿਚ ਸ਼ਾਮਿਲ ਹੋ ਜਾਂਦੇ। ਆਪਣੇ ਨਿੱਜੀ ਦੋਸਤਾਂ ਨਾਲ ਉਹ ਆਪਣੀ ਮਰਹੂਮ ਪਤਨੀ ਦਾ ਜ਼ਿਕਰ ਵੀ ਛੇੜ ਲੈਂਦਾ ਸੀ। ਉਸ ਦੀਆਂ ਗੱਲਾਂ ਕਰ ਕੇ ਸ਼ਾਇਦ ਉਸ ਦੇ ਮਨ ਨੂੰ ਤਸਕੀਨ ਮਿਲਦੀ ਸੀ। ਉਸ ਨੇ ਆਪਣੀ ਪਤਨੀ ਦੀ ਇਕ ਫੋਟੋ ਵੀ ਕੰਧ ਉਪਰ ਟੰਗੀ ਹੋਈ ਸੀ। ਜਿੰਨੀ ਦੇਰ ਉਹ ਉਸ ਦੀਆਂ ਗੱਲਾਂ ਕਰਦਾ, ਫੋਟੋ ਵੱਲ ਹੀ ਦੇਖੀ ਜਾਂਦਾ ਹੁੰਦਾ ਸੀ। ਇਕ ਵਾਰ, ਗਰਮੀਆਂ ਵਿਚ ਉਹ ਆਪਣੇ ਪੁੱਤਰ ਕੋਲ ਵੀ ਗੇੜਾ ਮਾਰ ਆਇਆ ਸੀ। ਆਪਣੇ ਪਰਿਵਾਰ ਨੂੰ ਮਿਲ ਕੇ ਆਉਣ ਮਗਰੋਂ ਉਸ ਨੇ ਮੇਰੇ ਨਾਲ ਬਹੁਤੀਆਂ ਗੱਲਾਂ ਜਵਾਨ ਹੋ ਰਹੇ ਆਪਣੇ ਪੋਤਰੇ, ਪੋਤਰੀ ਦੀ ਪੜ੍ਹਾਈ ਤੇ ਉਹਨਾਂ ਵੱਲੋਂ ਤੈਰਾਕੀ ਵਿਚ ਮਾਰੀਆ ਮੱਲਾਂ ਬਾਰੇ ਹੀ ਕੀਤੀਆਂ। ਅਗਲੀਆਂ ਗਰਮੀਆਂ ਵਿਚ ਸਾਡਾ ਫਲੈਡਿਲਫੀਆ ਜਾਣ ਦਾ ਪ੍ਰੋਗਰਾਮ ਬਣ ਗਿਆ ਸੀ ਕਿ ਉਸ ਨੂੰ ਦਿਲ ਦਾ ਦੌਰਾ ਪੈ ਗਿਆ। ਘਰੋਂ ਬਾਹਰ ਹੋਣ ਕਾਰਨ ਮੈਨੂੰ ਘਾਲੀ ਦੀ ਬਿਮਾਰੀ ਬਾਰੇ ਪੰਜ ਦਿਨਾਂ ਬਾਅਦ ਪਤਾ ਲੱਗਾ। ਮੈਂ ਫੋਨ 'ਤੇ ਉਸ ਦਾ ਹਾਲ ਚਾਲ ਪੁੱਛਿਆ ਤਾਂ ਉਸ ਕਿਹਾ, "ਚਾਲ ਤਾਂ ਉਹੋ ਹੀ ਬੇਢੰਗੀ ਐ, ਹਾਲ ਫੂਨ 'ਤੇ ਨਹੀਂ ਦੱਸਿਆ ਜਾਣਾ, ਤੂੰ ਮੇਰੇ ਘਰ ਆ, ਫੇਰ ਸਾਰੀ ਹੀਰ ਸੁਣਾ ਦਿਊਂ।" ਇੰਨਾ ਆਖ ਉਸ ਨੇ ਫੋਨ ਬੰਦ ਕਰ ਦਿੱਤਾ।

ਮੈਂ ਉਸ ਦੇ ਘਰ ਗਿਆ ਤਾਂ ਉਹ ਆਰਾਮ ਕੁਰਸੀ 'ਚ ਬੈਠਾ 'ਰਾਜਨੀਤਕ ਆਰਥਿਕਤਾ' ਪੁਸਤਕ ਪੜ੍ਹ ਰਿਹਾ ਸੀ, ਪੁਸਤਕ ਨੂੰ ਇਕ ਪਾਸੇ ਰੱਖਦਿਆਂ ਉਹ ਬੋਲਿਆ, "ਕਦੋਂ ਮੁੜਿਐਂ ਐਡਮੰਟਨੋ?"

"ਰਾਤੀਂ ਮੁੜ ਆਇਆ ਸੀ। ਅੱਜ ਸਵੇਰੇ ਹੀ ਤੁਹਾਡੀ ਬਿਮਾਰੀ ਬਾਰੇ ਪਤਾ ਲੱਗਾ। ਸੁਣਿਐ, ਦਿਲ ਦੇ ਮਾਮਲੇ ਭਾਰੀ ਪੈ ਗਏ?"

"ਹਾਂ, ਦਿਲ ਦਾ ਮਾਮਲਾ ਈ ਸੀ ਜਿਹੜਾ ਬਹੁਤ ਭਾਰੀ ਪੈ ਗਿਆ। ਇਸ ਵਾਰ ਤਾਂ ਮੌਤ ਦੇ ਮੂੰਹ ਵਿਚੋਂ ਮਸਾਂ ਹੀ ਬਚ ਕੇ ਨਿਕਲਿਆਂ।"

"ਅੱਛਾ! ਇਹ ਭਾਣਾ ਕਿਵੇਂ ਵਰਤਿਆ?"

"ਪਿਛਲੇ ਵੀਕ ਜਦੋਂ ਮੈਂ ਸਵੇਰ ਦੀ ਸੈਰ ਤੋਂ ਵਾਪਸ ਮੁੜਿਆ ਤਾਂ ਮੈਨੂੰ ਕੁਝ ਥਕੇਵਾਂ ਜਿਹਾ ਮਹਿਸੂਸ ਹੋਇਆ। ਸੋਚਿਆ, ਨਹਾਉਣ ਤੋਂ ਪਹਿਲਾਂ ਚਾਹ ਦਾ ਕੱਪ ਪੀ ਲਿਆ ਜਾਵੇ। ਮੈਂ ਕੁਰਸੀ ਤੋਂ ਉਠਿਆ ਤਾਂ ਛਾਤੀ ਵਿਚ ਬਹੁਤ ਤੇਜ਼ ਦਰਦ ਹੋਇਆ। ਮੈਂ ਮੁੜ ਕੁਰਸੀ 'ਤੇ ਬੈਠ ਗਿਆ। ਮੈਨੂੰ ਝੱਟ ਖਿਆਲ ਆ ਗਿਆ ਕਿ ਇਹ ਹਰਟ ਪ੍ਰਾਬਲਮ ਹੈ। ਮੈਂ ਉਸੇ ਵੇਲੇ 911 ਨੰਬਰ ਨੱਪ ਦਿੱਤਾ। ਫੂਨ ਕਰਨ ਮਗਰੋਂ ਮੈਂ ਆਪਣੇ ਬਿਸਤਰੇ ਵਿਚ ਲੇਟ ਗਿਆ। ਫਿਰ ਮੈਨੂੰ ਕੋਈ ਸੁਰਤ ਨਹੀਂ ਰਹੀ। ਜਦੋਂ ਮੈਨੂੰ ਸੁਰਤ ਆਈ ਤਾਂ ਮੈਂ ਕੋਲੰਬੀਆ ਹਸਪਤਾਲ ਦੇ ਇਕ ਬੈੱਡ 'ਚ ਅਨੇਕਾਂ ਹੀ ਰਬੜ ਦੀਆਂ ਨਾਲੀਆਂ ਤੇ ਮਸ਼ੀਨਾਂ ਵਿਚ ਜਕੜਿਆ ਪਿਆ ਸੀ।

ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਮੇਰੇ ਫੂਨ ਕਰਨ ਤੋਂ ਸੱਤ ਮਿੰਟ ਬਾਅਦ ਹੀ ਐਂਬੂਲੈਂਸ ਪਹੁੰਚ ਗਈ ਸੀ। ਦਿਲ ਦੀ ਧੜਕਣ ਬੰਦ ਹੋਣ ਦੇ ਕਿਨਾਰੇ ਸੀ। ਐਂਬੂਲੈਂਸ ਅਮਲੇ ਨੇ ਬਣਾਉਟੀ ਸਾਹ ਪ੍ਰਣਾਲੀ ਰਾਹੀਂ ਦਿਲ ਦੀ ਧੜਕਣ ਬੰਦ ਨਹੀਂ ਸੀ ਹੋਣ ਦਿੱਤੀ ਤੇ ਹਸਪਤਾਲ ਲੈ ਆਏ ਸਨ। ਬਿਨਾਂ ਕੋਈ ਸਮਾਂ ਗਵਾਏ ਡਾਕਟਰਾਂ ਨੇ ਐਂਜੇਪਲਾਸਟੀ ਰਾਹੀਂ ਦੋ ਸਟੈਂਟ ਪਾ ਕੇ ਦਿਲ ਵਾਲੀਆਂ ਨਾੜੀਆਂ ਦਾ ਖੂਨ ਚਾਲੂ ਕਰ ਦਿੱਤਾ। ਦੋ ਦਿਨ ਹਸਪਤਾਲ ਰਹਿਣਾ ਪਿਆ। ਤਿੰਨ ਦਿਨ ਘਰ ਆਏ ਨੂੰ ਵੀ ਹੋ ਗਏ ਨੇ। ਹੁਣ ਬਿਲਕੁਲ ਨੌਂ-ਬਰ-ਨੌਂ ਹਾਂ।"

"ਬਹੁਤ ਚੰਗਾ ਹੋਇਆ ਕਿ ਤੁਸੀਂ ਸਮੇਂ ਸਿਰ ਐਂਬੂਲੈਂਸ ਨੂੰ ਫੂਨ ਕਰ ਲਿਆ। ਦਿਲ ਦਾ ਦੌਰਾ ਪੈਣ 'ਤੇ ਜੇ ਬੰਦੇ ਦੀ ਸਮੇਂ ਸਿਰ ਸੰਭਾਲ ਹੋ ਜਾਵੇ ਤਾਂ ਬਹੁਤ ਬਚਾਉ ਹੋ ਜਾਂਦੈ।" ਮੈਨੂੰ ਪਤਾ ਸੀ ਕਿ ਬਿਰਧ-ਘਰ ਵਿਚ ਉਹ ਕਿਸੇ ਨੂੰ ਵੀ ਆਪਣਾ ਨੇੜਲਾ ਦੋਸਤ ਨਹੀਂ ਸੀ ਬਣਾ ਸਕਿਆ। ਬਿਰਧ-ਘਰ ਦੇ ਮੀਟਿੰਗ ਹਾਲ ਵਿਚ ਮਹੀਨੇ ਦੋ ਮਹੀਨੇ ਬਾਅਦ ਮਨੋਰੰਜਨ ਦੀਆਂ ਮਹਿਫਲਾਂ ਜੁੜਦੀਆਂ ਜਾਂ ਕਿਸੇ ਖਾਸ ਪਤਵੰਤੇ ਨੂੰ ਲੈਕਚਰ ਲਈ ਬੁਲਾਇਆ ਜਾਂਦਾ ਤਾਂ ਉਹ ਕਦੀ ਕਦੀ ਸਾਨੂੰ ਵੀ ਓਥੇ ਸੱਦ ਲੈਂਦਾ ਸੀ। ਉਸ ਇਕੱਠ ਵਿਚ ਉਹ ਵੀ ਆਪਣਾ ਭਾਸ਼ਣ ਦੇਣੋਂ ਨਹੀਂ ਸੀ ਉਕਦਾ। ਉਸ ਦੀਆਂ ਬੇਬਾਕੀ ਨਾਲ ਕੀਤੀਆਂ ਗੱਲਾਂ ਲੋਕਾਂ ਨੂੰ ਚੰਗੀਆਂ ਤਾਂ ਲਗਦੀਆਂ ਪਰ ਜਦੋਂ ਉਹ ਅੰਧ-ਵਿਸ਼ਵਾਸ ਤੇ ਅੰਨ੍ਹੀ ਸ਼ਰਧਾ 'ਤੇ ਟਕੋਰਾਂ ਲਾਉਂਦਾ ਤਾਂ ਬਹੁਤੇ ਸਰੋਤੇ ਇਸ ਨੂੰ ਚੰਗਾ ਨਹੀਂ ਸੀ ਸਮਝਦੇ ਪਰ ਉਹ ਕਦੀ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ।

"ਹਾਂ, ਤੇਰੀ ਗੱਲ ਠੀਕ ਹੈ, ਏਥੇ ਸ਼ੀਲਾ ਸ਼ਰਮਾ ਨਾਮ ਦੀ ਅੱਸੀ ਕੁ ਸਾਲਾ ਔਰਤ ਦੀ ਮੌਤ ਹੋ ਗਈ ਪਰ ਦੋ ਦਿਨ ਕਿਸੇ ਨੂੰ ਪਤਾ ਹੀ ਨਾ ਲੱਗਾ।" ਘਾਲੀ ਨੇ ਚਿੰਤਤ ਲਹਿਜੇ ਵਿਚ ਕਿਹਾ।

"ਇਹ ਤਾਂ ਪ੍ਰਬੰਧਕਾਂ ਦੀ ਬਹੁਤ ਵੱਡੀ ਅਣਗਹਿਲੀ ਐ! ਉਹਨਾਂ ਨੂੰ ਤਾਂ ਏਥੇ ਰਹਿਣ ਵਾਲਿਆਂ ਬਾਰੇ ਆਥਣ ਸਵੇਰ ਦਾ ਪਤਾ ਹੋਣਾ ਚਾਹੀਦਾ ਹੈ!" ਮੈਂ ਆਪਣਾ ਤੌਖਲਾ ਪ੍ਰਗਟਾਇਆ।

"ਇਸ ਵਿਚ ਪ੍ਰਬੰਧਕਾਂ ਦਾ ਕੋਈ ਦੋਸ਼ ਨਹੀਂ। ਇੱਥੋਂ ਦਾ ਪ੍ਰਬੰਧ ਹੀ ਅਜਿਹਾ ਹੈ ਕਿ ਕਿਸੇ ਦੀ ਨਿੱਜੀ ਜ਼ਿੰਦਗੀ ਵਿਚ ਕੋਈ ਦਖਲ ਨਹੀਂ ਦਿੰਦਾ। ਪ੍ਰਬੰਧਕ ਤਾਂ ਬਜ਼ੁਰਗਾਂ ਦੀਆਂ ਲੋੜਾਂ ਤੇ ਉਹਨਾਂ ਲਈ ਸਾਂਝੀਆਂ ਸਹੂਲਤਾਂ ਦਾ ਪ੍ਰਬੰਧ ਕਰਦੇ ਹਨ। ਆਸ਼ਰਿਤ ਬਜ਼ੁਰਗਾਂ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ। ਨਾਲ ਵਾਲੀ ਬਿਲਡਿੰਗ ਵਿਚ ਬਹੁਤੇ ਸਵੈ-ਨਿਰਭਰ ਬਜ਼ੁਰਗ ਹੀ ਰਹਿੰਦੇ ਨੇ, ਜਿਹੜੇ ਆਪਣਾ ਖਾਂਦੇ ਪਕਾਂਦੇ ਐ। ਏਸ ਬਿਲਡਿੰਗ ਵਿਚ ਹੇਠਲੀਆਂ ਤਿੰਨ ਮੰਜ਼ਲਾਂ ਵਿਚ ਉਹ ਵਿਕਲਾਂਗ ਲੋਕ ਨੇ ਜਿਨ੍ਹਾਂ ਨੂੰ ਸਹਾਇਕ ਦੀ ਲੋੜ ਹੈ ਤੇ ਚੌਥੀ ਮੰਜ਼ਲ ਵਿਚ ਮੇਰੇ ਵਰਗੇ ਸਵੈ-ਨਿਰਭਰ ਲੋਕ ਰਹਿੰਦੇ ਨੇ। ਆਸ਼ਰਿਤ ਵਿਅਕਤੀ ਤਾਂ ਸਦਾ ਹੀ ਨਿਗਰਾਨੀ ਵਿਚ ਰਹਿੰਦੇ ਹਨ ਪਰ ਸਵੈ-ਨਿਰਭਰ ਵਿਅਕਤੀਆਂ ਦੇ ਜਾਣ ਆਉਣ 'ਤੇ ਕੋਈ ਰੋਕ ਨਹੀਂ।" ਘਾਲੀ ਨੇ ਬਿਰਧ-ਘਰ ਦੀ ਸਾਰੀ ਵਿਵਸਥਾ ਬਾਰੇ ਕੁਝ ਕੁ ਸ਼ਬਦਾਂ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਫਿਰ ਸ਼ੀਲਾ ਸ਼ਰਮਾ ਦੀ ਮੌਤ ਦਾ ਪਤਾ ਛੇਤੀ ਕਿਉਂ ਨਾ ਲੱਗਾ?"

"ਉਸ ਦਾ ਸੁਭਾਅ ਕੁਝ ਕੱਬਾ ਜਿਹਾ ਸੀ। ਉਸ ਕੋਲ ਕੋਈ ਬਹੁਤਾ ਆਉਂਦਾ ਜਾਂਦਾ ਵੀ ਨਹੀਂ ਸੀ। ਸ਼ਾਇਦ ਮੇਰੇ ਨਾਲ ਵੀ ਇਹੋ ਭਾਣਾ ਵਰਤ ਜਾਂਦਾ, ਜੇ ਮੈਂ ਵੇਲੇ ਸਿਰ ਐਂਬੂਲੈਂਸ ਨੂੰ ਫੂਨ ਨਾ ਕਰ ਲੈਂਦਾ। ਮੇਰੇ ਆਪਣੇ ਪਰਿਵਾਰ ਦਾ ਕੋਈ ਮੈਂਬਰ ਤਾਂ ਏਥੇ ਰਹਿੰਦਾ ਹੀ ਨਹੀਂ ਤੇ ਤੁਸੀਂ ਦੋਸਤ ਵੀ ਛੁੱਟੀਆਂ ਵਾਲੇ ਦਿਨੀਂ ਹੀ ਏਧਰ ਗੇੜਾ ਮਾਰਦੇ ਓ। ਚਾਰ ਸਾਲ ਹੋਏ ਨੇ ਮੈਨੂੰ ਏਥੇ ਆਇਆਂ ਪਰ ਵਿਚਾਰਾਂ ਦੀ ਸਾਂਝ ਨਾ ਹੋਣ ਕਰ ਕੇ ਮੈਂ ਕਿਸੇ ਨਾਲ ਏਥੇ ਬਹੁਤਾ ਮੇਲ ਜੋਲ ਨਹੀਂ ਰੱਖਿਆ, ਏਸੇ

*(ਬਾਕੀ ਅਗਲੇ ਸਫੇ 'ਤੇ)*

# ਗੁੱਡ ਮੌਰਨਿੰਗ

*(ਪਿਛਲੇ ਸਫੇ ਦੀ ਬਾਕੀ)*

ਕਾਰਨ ਬਿਰਧ-ਘਰ ਦੇ ਲੋਕ ਮੇਰੇ ਕੋਲ ਘੱਟ ਆਉਂਦੇ ਨੇ।"

"ਲੱਕੜ ਦੀਆਂ ਕੰਧਾਂ ਵਿਚੋਂ ਦੀ ਤਾਂ ਇਕ ਦੂਜੇ ਦੇ ਸਾਹ ਵੀ ਸੁਣਾਈ ਦਿੰਦੇ ਨੇ। ਨਾਲ ਦੇ ਸੂਇਟ ਵਾਲਿਆਂ ਨੂੰ ਬਿੜਕ ਲੱਗ ਹੀ ਜਾਂਦੀ ਐ ਤੇ ਬਿੜਕ ਰੱਖਣੀ ਵੀ ਚਾਹੀਦੀ ਐ।"

"ਕੋਈ ਕਿਸੇ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਨਹੀਂ ਦਿੰਦਾ ਪਰ ਹੁਣ ਬਿੜਕ ਰੱਖਣ ਦਾ ਪ੍ਰਬੰਧ ਹੋ ਗਿਐ। ਸ਼ੀਲਾ ਸ਼ਰਮਾ ਵਾਲੀ ਘਟਨਾ ਕਾਰਨ ਪ੍ਰਬੰਧਕਾਂ ਨੂੰ ਬਹੁਤ ਭਾਰੀ ਨਮੋਸ਼ੀ ਝੱਲਣੀ ਪਈ ਸੀ। ਏਸੇ ਕਰ ਕੇ ਜਦੋਂ ਮੈਨੇਜਰ ਨੂੰ ਮੇਰੇ ਹਸਪਤਾਲ ਤੋਂ ਵਾਪਸ ਆਉਣ ਦਾ ਪਤਾ ਲੱਗਾ ਤਾਂ ਕੱਲ੍ਹ ਸਵੇਰੇ ਸੱਤ ਵਜੇ ਹੀ ਉਹ ਫੂਨ ਕਰ ਕੇ ਮੇਰਾ ਪਤਾ ਲੈਣ ਆ ਗਿਆ ਤੇ ਕਹਿਣ ਲੱਗਾ, 'ਘਾਲੀ ਸਾਬ੍ਹ, ਅਫਸੋਸ ਹੈ ਕਿ ਮੈਨੂੰ ਤੁਹਾਡੀ ਬਿਮਾਰੀ ਦਾ ਪਹਿਲਾਂ ਪਤਾ ਨਹੀਂ ਸੀ ਲੱਗਿਆ। ਸ਼ੀਲਾ ਜੀ ਦੀ ਮੌਤ ਮਗਰੋਂ ਦੋਹਾਂ ਯੂਨਿਟਾਂ ਦੇ ਵਸਨੀਕਾਂ ਦੀ ਮੀਟਿੰਗ ਰੂਮ ਵਿਚ ਮੀਟਿੰਗ ਬੁਲਾਈ ਗਈ ਸੀ। ਉਸ ਵਿਚ ਫੈਸਲਾ ਕੀਤਾ ਗਿਆ ਹੈ ਕਿ ਏਥੋਂ ਦੇ ਵਸਨੀਕ ਆਪਣੇ ਆਪਣੇ ਜੁੱਟ ਬਣਾ ਲੈਣ ਅਤੇ ਉਹ ਸਵੇਰੇ ਉਠਦਿਆਂ ਹੀ, ਸੱਤ ਤੇ ਸਾਢੇ ਸੱਤ ਵਜੇ ਦੇ ਦਰਮਿਆਨ, ਫੋਨ ਰਾਹੀਂ ਇਕ ਦੂਜੇ ਨੂੰ 'ਗੁੱਡ ਮੌਰਨਿੰਗ' ਕਹਿ ਦਿਆ ਕਰਨ। ਜੇ ਕਿਸੇ ਵੱਲੋਂ ਜਵਾਬ ਨਾ ਮਿਲੇ ਤਾਂ ਉਸ ਦੇ ਸੂਇਟ ਵਿਚ ਜਾ ਕੇ ਪਤਾ ਕੀਤਾ ਜਾਵੇ। ਤੁਸੀਂ ਤੇ ਬਚਿੰਤ ਮਲ੍ਹੋਤਰਾ ਹਸਪਤਾਲ ਗਏ ਹੋਣ ਕਾਰਨ ਉਸ ਮੀਟਿੰਗ ਵਿਚ ਹਾਜ਼ਰ ਨਹੀਂ ਸੀ। ਤੁਹਾਥੋਂ ਬਿਨਾਂ ਬਾਕੀ ਜੁੱਟ ਬਣ ਗਏ ਹਨ। ਕੱਲ੍ਹ ਤੋਂ ਤੁਸੀਂ ਮਲ੍ਹੋਤਰਾ ਜੀ ਨੂੰ ਗੁੱਡ ਮੌਰਨਿੰਗ ਕਹਿਣੀ ਹੈ ਤੇ ਉਹ ਤੁਹਾਨੂੰ ਕਹਿਣਗੇ। ਮੈਂ ਉਹਨਾਂ ਨੂੰ ਇਸ ਬਾਰੇ ਦੱਸ ਦਿੱਤਾ ਹੈ ਤੇ ਉਹਨਾਂ ਨੇ ਸਹਿਮਤੀ ਦੇ ਦਿੱਤੀ ਹੈ। ਮੇਰਾ ਖਿਆਲ ਹੈ, ਤੁਸੀਂ ਵੀ ਸਹਿਮਤ ਹੀ ਹੋਵੋਗੇ।'

'ਮੈਨੂੰ ਕੀ ਇਤਰਾਜ਼ ਹੋ ਸਕਦੈ ਪਰ ਮੈਂ ਤਾਂ ਬਚਿੰਤ ਮਲ੍ਹੋਤਰਾ ਨਾਮ ਦੇ ਕਿਸੇ ਸ਼ਖਸ ਨੂੰ ਜਾਣਦਾ ਵੀ ਨਹੀਂ!'

'ਇਹ ਸ਼ਖਸ ਔਰਤ ਹੈ। ਜਦੋਂ ਤੁਸੀਂ ਇਕ ਦੂਜੇ ਨੂੰ ਗੁੱਡ ਮੌਰਨਿੰਗ ਕਹੋਗੇ ਤਾਂ ਜਾਣ ਵੀ ਜਾਉਗੇ। ਕੱਲ੍ਹ ਸਵੇਰ ਤੋਂ ਹੀ ਇਸ ਨੂੰ ਆਪਣੀ ਜ਼ਿੰਮੇਵਾਰੀ ਸਮਝਣਾ।' ਇਹ ਕਹਿ ਕੇ ਮੈਨੇਜਰ ਚਲਾ ਗਿਆ ਪਰ ਮੈਂ ਸੋਚਣ ਲੱਗਾ ਕਿ ਪਤਾ ਨਹੀਂ ਕਿਹੋ ਜਿਹੇ ਸੁਭਾਅ ਦੀ ਹੋਵੇਗੀ ਉਹ ਤੀਵੀਂ! ਜੇ ਮੈਂ ਉਸ ਨੂੰ ਸਵੇਰੇ ਉਠਦਿਆਂ ਹੀ ਲਾਲ ਸਲਾਮ ਕਹਿ ਦਿੱਤਾ ਤਾਂ ਕਿਤੇ ਉਹ ਗੁੱਸਾ ਹੀ ਨਾ ਕਰ ਜਾਵੇ ਤੇ ਮੈਨੇਜਰ ਕੋਲ ਮੇਰੀ ਸ਼ਿਕਾਇਤ ਕਰ ਦੇਵੇ।

ਖੈਰ, ਅੱਜ ਸਵੇਰੇ ਉਠਦਿਆ ਹੀ ਮੈਂ ਉਸ ਨੂੰ 'ਗੁੱਡ ਮੌਰਨਿੰਗ ਮਿਸਜ਼ ਮਲ੍ਹੋਤਰਾ' ਕਿਹਾ। ਅਗੋਂ ਉਸ ਨੇ ਵੀ ਬੜੀ ਨਿਮਰਤਾ ਨਾਲ 'ਸਤਿ ਸ੍ਰੀ ਅਕਾਲ' ਕਹਿ ਕੇ ਮੇਰੀ ਬਿਮਾਰੀ ਬਾਰੇ ਪੁੱਛ ਲਿਆ। ਇਕ ਦੂਜੇ ਦੀ ਸਿਹਤ ਬਾਰੇ ਸਾਡੀਆਂ ਇਕ ਦੋ ਗੱਲਾਂ ਹੋਈਆਂ। ਉਸ ਦੀਆਂ ਗੱਲਾਂ ਤੋਂ ਤਾਂ ਧਾਰਮਿਕ ਜਿਹੀ ਲਗਦੀ ਐ। ਉਮਰ ਤੇ ਸ਼ਕਲ ਦਾ ਪਤਾ ਤਾਂ ਮਿਲ ਕੇ ਹੀ ਲੱਗੂ।"

"ਚਲੋ, ਹੁਣ ਸਵੇਰ ਵੇਲੇ ਫੂਨ ਤਾਂ ਹੋਇਆ ਹੀ ਕਰੇਗਾ, ਹੌਲੀ-ਹੌਲੀ ਉਸ ਬਾਰੇ ਸਭ ਕੁਝ ਜਾਣ ਜਾਉਗੇ।" ਇੰਨਾ ਆਖ, ਮੈਂ ਘਾਲੀ ਕੋਲੋਂ ਜਾਣ ਦੀ ਆਗਿਆ ਲਈ।

ਉਸ ਮੁਲਾਕਾਤ ਮਗਰੋਂ ਮਹੀਨੇ ਕੁ ਬਾਅਦ ਮੈਂ ਘਾਲੀ ਕੋਲ ਗਿਆ। ਉਸ ਦੇ ਚਿਹਰੇ ਉਪਰ ਪਹਿਲਾਂ ਨਾਲੋਂ ਬਹੁਤੀ ਰੌਣਕ ਦਿਸੀ। ਇਧਰਲੀਆਂ ਉਧਰਲੀਆਂ ਗੱਲਾਂ ਕਰਨ ਮਗਰੋਂ ਮੈਂ ਪੁੱਛਿਆ, "ਗੁੱਡ ਮੌਰਨਿੰਗ ਵਾਲੀ ਔਰਤ ਨਾਲ ਮਿਲ ਕੇ ਕੋਈ ਗੱਲ ਬਾਤ ਵੀ ਹੋਈ ਕਿ ਅਜੇ ਗੁੱਡ ਮਾਰਨਿੰਗ ਹੀ ਚੱਲ ਰਹੀ ਐ?"

"ਹਾਂ ਹੋਈ ਐ। ਇਕ ਦਿਨ ਸਵੇਰੇ ਉਠਦਿਆਂ ਹੀ ਜਦੋਂ ਮੈਂ ਉਸ ਨੂੰ 'ਗੁੱਡ ਮੌਰਨਿੰਗ ਮਿਸਜ਼ ਮਲ੍ਹੋਤਰਾ' ਕਿਹਾ ਤਾਂ ਉਸ ਨੇ ਬਹੁਤ ਹੀ ਕਮਜ਼ੋਰ ਆਵਾਜ਼ ਵਿਚ 'ਸਤਿ ਸ੍ਰੀ ਅਕਾਲ' ਬੁਲਾਈ। ਮੈਂ ਸਮਝ ਗਿਆ ਕਿ ਉਸ ਦੀ ਸਿਹਤ ਠੀਕ ਨਹੀਂ। ਮੇਰੇ ਪੁੱਛਣ 'ਤੇ ਉਸ ਦੱਸਿਆ, 'ਰਾਤੀਂ ਕਨਸ ਜਿਹੀ ਹੋ ਗਈ ਸੀ। ਤੜਕੇ ਟਇਨਲ ਦੀ ਗੋਲੀ ਲੈ ਲਈ ਸੀ ਪਰ ਬੁਖਾਰ ਅਜੇ ਲੱਥਾ ਨਹੀਂ ਜਾਪਦਾ।'

'ਅਜੇ ਚਾਹ ਤਾਂ ਪੀਤੀ ਨਹੀਂ ਹੋਣੀ?' ਮੈਂ ਫਿਰ ਪੁੱਛਿਆ।

'ਨਹੀਂ, ਚਾਹ ਪੀਣ ਨੂੰ ਦਿਲ ਈ ਨਹੀਂ ਕਰਦਾ। ਚਿੱਤ ਮੰਨਿਆ ਤਾਂ ਠਹਿਰ ਕੇ ਪੀ ਲਵਾਂਗੀ।'

'ਤੁਸੀਂ ਫਿਕਰ ਨਾ ਕਰੋ, ਮੈਂ ਆਉਨਾਂ ਤੁਹਾਡੇ ਕੋਲ।' ਉਸ ਦਾ ਜਵਾਬ ਉਡੀਕੇ ਬਗੈਰ ਹੀ ਮੈਂ ਫੂਨ ਕੱਟ ਦਿੱਤਾ। ਮੈਂ ਮਸਾਲੇਦਾਰ ਚਾਹ ਬਣਾ ਕੇ ਥਰਮਸ ਵਿਚ ਪਾਈ ਤੇ ਉਸ ਕੋਲ ਚਲਿਆ ਗਿਆ। ਉਹ ਆਪਣੇ ਨਾਈਟ ਸੂਟ ਵਿਚ ਹੀ ਬਿਸਤਰੇ ਵਿਚ ਪਈ ਸੀ। ਉਹਦਾ ਚਿਹਰਾ ਉਤਰਿਆ ਹੋਇਆ ਸੀ। ਸੱਤਰ ਪੰਜੱਤਰ ਸਾਲ ਦੀ ਉਮਰ ਹੋਵੇਗੀ ਉਸ ਦੀ। ਉਸ ਦੇ ਬਿਸਤਰੇ ਕੋਲ ਵਾਕਰ ਪਿਆ ਸੀ। ਉਸ ਦਾ ਕਮਰਾ ਤੇ ਬੈਠਕ ਬਹੁਤ ਸਲੀਕੇ ਨਾਲ ਸਜਾਏ ਹੋਏ ਸਨ। ਆਲੇ ਦੁਆਲੇ ਸਰਸਰੀ ਨਜ਼ਰ ਮਾਰ ਕੇ ਮੈਂ ਉਸ ਨੂੰ ਕਿਹਾ, 'ਜੇ ਰਾਤ ਹੀ ਬੁਖਾਰ ਹੋ ਗਿਆ ਸੀ ਤਾਂ ਤੁਸੀਂ ਮੈਨੂੰ ਜਾਂ ਮੈਨੇਜਰ ਨੂੰ ਫੂਨ ਕਿਉਂ ਨਾ ਕੀਤਾ? ਜੇ ਰਾਤੀਂ ਹੀ ਕੋਈ ਐਂਰ ਸ਼ੈਂਰ ਹੋ ਜਾਂਦੀ ਤਾਂ ਸੀਨੀਅਰ ਹੋਮ ਦੀ ਹੋਰ ਬਦਨਾਮੀ ਹੋ ਜਾਣੀ ਸੀ। ਸ਼ੀਲਾ ਸ਼ਰਮਾ ਦੀ ਮੌਤ ਕਾਰਨ ਇਹ ਸੀਨੀਅਰ ਹੋਮ ਤਾਂ ਪਹਿਲਾਂ ਹੀ ਸੁਰਖੀਆਂ ਵਿਚ ਹੈ।'

ਉਸ ਨੇ ਮੇਰੀ ਗੱਲ ਦਾ ਕੋਈ ਜਵਾਬ ਨਾ ਦਿੱਤਾ ਤੇ ਮੇਰੇ ਕੋਲੋਂ ਚਾਹ ਵਾਲੀ ਬੋਤਲ ਫੜ ਕੇ ਪੀਣ ਲੱਗ ਪਈ। ਚਾਹ ਪੀਂਦੀ ਹੋਈ ਹੌਲੀ ਜਿਹੀ ਬੋਲੀ, 'ਅਸਲ ਵਿਚ ਮੈਂ ਇਸ ਜੀਵਨ ਤੋਂ ਹੀ ਤੰਗ ਆ ਚੁੱਕੀ ਆਂ। ਤੀਜੇ ਦਿਨ ਹਸਪਤਾਲ ਜਾ ਕੇ ਡਾਇਲਿਸਿਸ ਕਰਵਾਉ। ਫੇਰ ਏਥੇ ਆ ਕੇ ਮੁਰਦਿਆਂ ਵਾਂਗ ਪਏ ਰਹੋ। ਮੈਨੂੰ ਨਹੀਂ ਚਾਹੀਦੀ ਇਹੋ ਜਿਹੀ ਜ਼ਿੰਦਗੀ। ਕੱਲ੍ਹ ਮੇਰਾ ਡਾਇਲਿਸਿਸ ਹੋਣਾ ਸੀ। ਮੈਂ ਜਾਣ ਕੇ ਹੀ ਹਸਪਤਾਲ ਨਹੀਂ ਗਈ।'

ਉਸ ਦੀ ਇਹ ਗੱਲ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ। ਮੈਂ ਉਸ ਨੂੰ ਕਿਹਾ, 'ਤੁਸੀਂ ਬਹੁਤ ਮਾੜੀ ਗੱਲ ਕੀਤੀ ਹੈ ਮਿਸਜ਼ ਮਲ੍ਹੋਤਰਾ! ਇਹ ਜ਼ਿੰਦਗੀ ਜਿਊਣ ਲਈ ਮਿਲੀ ਹੈ। ਦੁੱਖ ਸੁੱਖ ਸਹਿੰਦਿਆਂ ਹੋਇਆਂ ਵੀ ਜਿਊਣੀ ਚਾਹੀਦੀ ਹੈ। ਆਪਣੇ ਆਪ ਮੌਤ ਆ ਜਾਵੇ ਤਾਂ ਜੀ ਆਇਆਂ ਨੂੰ ਪਰ ਮੰਗ ਕੇ ਮੌਤ ਲੈਣੀ ਬੁਜ਼ਦਿਲੀ ਹੈ। ਹੋ ਸਕਦੈ ਬੁਖਾਰ ਵੀ ਡਾਇਲਿਸਿਸ ਨਾ ਹੋਇਆ ਹੋਣ ਕਰ ਕੇ ਹੀ ਹੋਇਆ ਹੋਵੇ! ਮੇਰੀ ਬੇਨਤੀ ਮੰਨੋ ਤੇ ਅੱਜ ਹਸਪਤਾਲ ਜ਼ਰੂਰ ਚਲੇ ਜਾਵੋ। ਚਾਹ ਪੀ ਕੇ ਆਪਣੀ ਅਪੌਇੰਟਮਿੰਟ ਬਣਵਾ ਲਵੋ।'

ਮੇਰੇ ਕਹਿਣ 'ਤੇ ਉਹ ਹਸਪਤਾਲ ਚਲੀ ਗਈ। ਡਾਇਲਿਸਿਸ ਹੋਣ ਮਗਰੋਂ ਬਿਲਕੁਲ ਠੀਕ ਹੋ ਕੇ ਵਾਪਸ ਆਈ ਤਾਂ ਮੇਰਾ ਧੰਨਵਾਦ ਕਰਨ ਲਈ ਮੇਰੇ ਘਰ ਆ ਗਈ। ਹੁਣ ਉਹ ਨੇਮ ਨਾਲ ਡਾਇਲਿਸਿਸ ਕਰਵਾਉਣ ਜਾਂਦੀ ਹੈ। ਇਕ ਵਾਰ ਡਿੱਗਣ ਨਾਲ ਉਸ ਦੀ ਲੱਤ ਦੀ ਹੱਡੀ ਤਿੜਕ ਗਈ ਸੀ ਜਿਸ ਕਾਰਨ ਉਹ ਵਾਕਰ ਦੇ ਸਹਾਰੇ ਤੁਰਦੀ ਹੈ। ਮੈਂ ਉਸ ਨੂੰ ਧਾਰਮਿਕ ਬਿਰਤੀ ਵਾਲੀ ਸਮਝਦਾ ਸੀ ਪਰ ਉਸ ਵਿਚ ਧਾਰਮਿਕਤਾ ਵਾਲੀ ਕੋਈ ਗੱਲ ਨਹੀਂ ਹੈ। ਉਸ ਨਾਲ ਮੇਰਾ ਵਿਚਾਰ ਵਟਾਂਦਰਾ ਹੁੰਦਾ ਹੀ ਰਹਿੰਦਾ ਹੈ। ਉਸ ਨਾਲ ਮੇਰੇ ਵਿਚਾਰ ਕੁਝ ਕੁਝ ਮਿਲਦੇ ਵੀ ਨੇ। ਕਦੀ ਕਦੀ ਮੈਂ ਉਸ ਕੋਲ ਚਲਿਆ ਜਾਂਦਾ ਹਾਂ ਤੇ ਕਦੀ ਕਦਾਈਂ ਉਹ ਮੇਰੇ ਕੋਲ ਵੀ ਆ ਜਾਂਦੀ ਹੈ।"

ਘਾਲੀ ਦੀਆਂ ਗੱਲਾਂ ਤੋਂ ਜਾਪਦਾ ਸੀ ਕਿ ਉਹਨਾਂ ਵਿਚ ਕੁਝ ਨੇੜਤਾ ਹੋ ਰਹੀ ਹੈ। ਹੌਲੀ-ਹੌਲੀ ਉਹ ਉਸ ਨਾਲ ਆਪਣੀ ਨੇੜਤਾ ਦੀਆਂ ਗੱਲਾਂ ਆਪ ਹੀ ਦੱਸਣ ਲੱਗ ਪਿਆ। ਇਕ ਦਿਨ ਘਾਲੀ ਨੇ ਮੈਨੂੰ ਬਚਿੰਤ ਕੌਰ ਬਾਰੇ ਦੱਸਿਆ, 'ਉਹ ਪਿੱਛੋਂ ਦਿੱਲੀ ਦੀ ਹੈ। ਉਸ ਦਾ ਪਤੀ ਫੌਜ ਵਿਚੋਂ ਕੈਪਟਨ ਰਿਟਾਇਰ ਹੋਇਆ ਸੀ। ਉਹਨਾਂ ਦੀ ਇਕੋ ਇਕ ਲੜਕੀ ਵੈਨਕੂਵਰ ਵਿਆਹੀ ਗਈ ਸੀ। ਉਹ 1991 ਵਿਚ ਕੁੜੀ ਕੋਲ ਆ ਗਏ ਸਨ। ਏਥੇ ਆਉਣ ਦੇ ਚਾਰ ਕੁ ਸਾਲ ਬਾਅਦ ਉਹਦੇ ਪਤੀ ਦੀ ਨਮੂਨੀਏ ਨਾਲ ਮੌਤ ਹੋ ਗਈ। ਪਤੀ ਦੀ ਮੌਤ ਦੇ ਕੁਝ ਦਿਨਾਂ ਮਗਰੋਂ ਉਹ ਵੀ ਬਿਮਾਰ ਹੋ ਗਈ ਜਿਸ ਕਾਰਨ ਉਸ ਦੇ ਗੁਰਦਿਆਂ ਨੂੰ ਨੁਕਸਾਨ ਪੁੱਜਿਆ। ਉਹ ਕੁੜੀ 'ਤੇ ਬੋਝ ਬਣੀ ਰਹਿਣਾ ਨਹੀਂ ਸੀ ਚਾਹੁੰਦੀ, ਇਸ ਕਰ ਕੇ ਆਪਣੀ ਇੱਛਾ ਨਾਲ ਹੀ ਸੀਨੀਅਰ ਹੋਮ ਵਿਚ ਰਹਾਇਸ਼ ਰੱਖ ਲਈ। ਇਹ ਬੜੀ ਦਲੇਰ ਤੇ ਸਿਰੜੀ ਔਰਤ ਐ। ਡਿਸਏਬਲ ਹੁੰਦੇ ਹੋਏ ਵੀ ਉਸ ਨੇ ਸਵੈ-ਨਿਰਭਰ ਸ਼੍ਰੇਣੀ ਵਾਲਾ ਸੂਇਟ ਹੀ ਲਿਆ, ਕਿਉਂਕਿ ਉਹ ਸਮਝਦੀ ਹੈ ਕਿ ਸਹਾਇਕ ਦੇ ਸਹਾਰੇ ਉਹ ਹੱਥਲ ਹੋ ਜਾਵੇਗੀ। ਉਹ ਹਰ ਰੋਜ਼ ਤਿੰਨ ਕੁ ਘੰਟੇ ਅਸਿਸਟਡ ਫਸਿਲਟੀ ਵਾਲੇ ਸੂਇਟਾਂ ਵਿਚ ਵਲੰਟੀਅਰ ਤੌਰ 'ਤੇ ਸੇਵਾ ਕਰਦੀ ਹੈ। ਆਪਣੀ ਪੈਨਸ਼ਨ ਦਾ 25% ਕਿਰਾਇਆ ਦੇ ਕੇ ਬਾਕੀ ਵਿਚੋਂ ਕੁਝ ਰਕਮ ਲੋੜਵੰਦਾਂ 'ਤੇ ਖਰਚ ਕਰ ਦਿੰਦੀ ਹੈ ਅਤੇ ਕੁਝ ਰਕਮ ਆਪਣੀ ਕੁੜੀ ਨੂੰ ਦੇ ਦਿੰਦੀ ਹੈ। ਆਪ ਉਹ ਬਹੁਤੀ ਖਰਚੀਲੀ ਨਹੀਂ। ਪਿਛਲੇ ਹਫਤੇ ਅਸੀਂ ਸਾਰਿਆਂ ਮਿਲ ਕੇ ਉਸ ਦਾ ਸਤੱਤਰਵਾਂ ਜਨਮ ਦਿਨ ਮਨਾਇਆ ਸੀ। ਉਹ ਮੇਰੇ ਨਾਲੋਂ ਅੱਠ ਕੁ ਸਾਲ ਛੋਟੀ ਹੈ। ਇਕ ਗੱਲ ਮੈਂ ਤੇਰੇ ਨਾਲ ਹੋਰ ਸਾਂਝੀ ਕਰਨੀ ਚਾਹੁੰਦਾ ਹਾਂ। ਲਾਜਵੰਤ ਦੀ ਮੌਤ ਮਗਰੋਂ ਮੈਂ ਪੂਰੀ ਤਰ੍ਹਾਂ ਟੁੱਟ ਗਿਆ ਸੀ। ਇਕੱਲ ਵਿਚ ਜੀਣਾ ਮੈਂ ਸਿੱਖਿਆ ਹੀ ਨਹੀਂ ਸੀ। ਕਈ ਵਾਰ ਮੇਰਾ ਮਰਨ ਨੂੰ ਜੀਅ ਕੀਤਾ ਪਰ ਤੁਹਾਡੇ ਵਰਗੇ ਦੋਸਤਾਂ ਦੀ ਸੰਗਤ ਨੇ ਮੇਰਾ ਧਰਵਾਸ ਬੰਨ੍ਹਾਈ ਰੱਖਿਆ। ਅਸਲ ਵਿਚ ਮੇਰਾ ਆਪਣੀਆਂ ਵਲੰਟੀਅਰ ਸੇਵਾਵਾਂ ਦੀਆਂ ਗਤੀਵਿਧੀਆਂ ਵਧਾ ਲੈਣ ਦਾ ਕਾਰਨ ਵੀ ਆਪਣੀ ਇਕੱਲ ਨੂੰ ਦੂਰ ਕਰਨਾ ਹੀ ਸੀ। ਇਨ੍ਹਾਂ ਕੰਮਾਂ ਵਿਚ ਮਨ ਨੂੰ ਤਸਕੀਨ ਤਾਂ ਮਿਲਦੀ ਸੀ ਪਰ ਪਤਾ ਨਹੀਂ ਕਿਉਂ! ਮੈਨੂੰ ਆਪਣੇ ਅੰਦਰ ਖਲਾਅ ਜਿਹਾ ਮਹਿਸੂਸ ਹੁੰਦਾ ਰਹਿੰਦਾ ਜਿਹੜਾ ਭਰ ਨਹੀਂ ਸੀ ਹੁੰਦਾ ਪਰ ਜਦੋਂ ਦਾ ਬਚਿੰਤ ਨਾਲ ਮੇਲ ਗੇਲ ਵਧਿਆ ਹੈ, ਮੈਨੂੰ ਉਹ ਖਲਾਅ ਭਰਦਾ ਮਹਿਸੂਸ ਹੋ ਰਿਹਾ ਹੈ। ਮੇਰੀ ਸਮਝ ਅਨੁਸਾਰ ਹਰ ਬਸ਼ਰ ਦੀ ਇਹੋ ਜਿਹੀ ਹੀ ਫਿਤਰਤ ਹੁੰਦੀ ਹੈ। ਕੋਈ ਮੰਨੇ ਜਾਂ ਨਾ ਮੰਨੇ ਪਰ ਔਰਤ ਦਾ ਸਾਥ ਹਰ ਕੋਈ ਚਾਹੁੰਦਾ ਹੈ, ਖਾਸ ਕਰ ਕੇ ਵਡੇਰੀ ਉਮਰ ਵਿਚ।' ਮੇਰੇ ਕੋਲ ਘਾਲੀ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ।

ਜਦੋਂ ਦੀ ਉਹ ਘਾਲੀ ਕੋਲ ਆਉਣ ਜਾਣ ਲੱਗੀ ਸੀ ਤਾਂ ਉਹ ਉਸ ਦੇ ਦੋਸਤਾਂ ਨੂੰ ਵੀ ਸਾਅਬ ਸਲਾਮ ਬੁਲਾਉਣ ਲੱਗ ਪਈ ਸੀ। ਘਾਲੀ ਦੇ ਘਰ ਜਦੋਂ ਕੋਈ ਮੀਟਿੰਗ ਹੋਣੀ ਤਾਂ ਕਈ ਵਾਰ ਉਹ ਵੀ ਉਸ ਮੀਟਿੰਗ ਵਿਚ ਸ਼ਾਮਿਲ ਹੋ ਜਾਂਦੀ। ਉਹ ਵਿਚਾਰ ਵਟਾਂਦਰੇ ਵਿਚ ਵੀ ਭਾਗ ਲੈਂਦੀ। ਪਹਿਲਾਂ ਉਹ ਵਾਕਰ ਸਹਾਰੇ ਤੁਰਦੀ ਸੀ। ਕੁਝ ਚਿਰ ਮਗਰੋਂ ਵਾਕਰ ਛੱਡ ਕੇ ਉਸ ਖੂੰਡੀ ਦਾ ਸਹਾਰਾ ਲੈ ਲਿਆ ਤੇ ਫਿਰ ਕੁਝ ਸਮੇਂ ਬਾਅਦ ਖੂੰਡੀ ਦਾ ਸਹਾਰਾ ਵੀ ਛੱਡ ਦਿੱਤਾ ਅਤੇ ਸਾਧਾਰਨ ਤੌਰ ਤੁਰਨ ਲੱਗ ਪਈ।

ਇਕ ਦਿਨ ਘਾਲੀ ਨੇ ਇਹ ਖੁਸ਼ਖਬਰੀ ਸੁਣਾਈ, "ਬਚਿੰਤ ਮਲ੍ਹੋਤਰਾ ਨੂੰ ਕਿਸੇ ਦਾਨੀ ਕੋਲੋਂ ਗੁਰਦਾ ਮਿਲ ਗਿਆ ਹੈ ਅਤੇ ਉਸ ਦਾ ਸਫਲ ਉਪਰੇਸ਼ਨ ਵੀ ਹੋ ਗਿਆ ਹੈ।" ਇਉਂ ਜਾਪਦਾ ਸੀ ਜਿਵੇਂ ਬਚਿੰਤ ਕੌਰ ਨਾਲੋਂ ਗੁਰਦਾ ਬਦਲੀ ਦੀ ਖੁਸ਼ੀ ਘਾਲੀ ਨੂੰ ਬਹੁਤੀ ਹੋਵੇ।

ਗੁਰਦਾ ਬਦਲੀ ਮਗਰੋਂ, ਬਾਹਰੀ ਲਾਗ ਤੋਂ ਡਰਦੀ ਉਹ ਛੇ ਕੁ ਮਹੀਨੇ ਆਪਣੇ ਸੂਇਟ ਵਿਚ ਹੀ ਰਹੀ। ਬਾਹਰ ਅੰਦਰ ਜਾਣ ਲੱਗੀ ਤਾਂ ਇਕ ਦਿਨ, ਜਦੋਂ ਮੈਂ ਘਾਲੀ ਦੇ ਘਰ ਬੈਠਾ ਸੀ, ਉਹ ਆਪਣਾ ਮੂੰਹ ਢਕੀ ਸਾਡੇ ਕੋਲ ਆ ਕੇ ਬੈਠ ਗਈ। ਉਸ ਨੇ ਮੇਰੇ ਕੋਲ ਘਾਲੀ ਦੀ ਬਹੁਤ ਤਾਰੀਫ ਕੀਤੀ। ਉਸ ਦੱਸਿਆ ਕਿ ਘਾਲੀ ਦੀ ਕਿਰਪਾ ਨਾਲ ਹੀ ਉਸ ਨੂੰ ਨਵਾਂ ਜੀਵਨ ਮਿਲਿਆ ਹੈ।

ਬਚਿੰਤ ਕੌਰ ਦੇ ਗੁਰਦਾ ਬਦਲੀ ਹੋਣ ਤੋਂ ਸਾਲ ਕੁ ਮਗਰੋਂ ਮੇਰੇ ਫੋਨ ਵਿਚ ਘਾਲੀ ਦਾ ਸੁਨੇਹਾ ਆਇਆ, "ਮਿੱਤਰੋ, ਮੇਰੇ ਘਰ ਅਗਲੇ ਸ਼ਨਿਚਰਵਾਰ, ਸ਼ਾਮ ਛੇ ਵਜੇ ਉਹੀ ਗਿਆਰਾਂ ਮੈਂਬਰੀ ਮਹਿਫਲ ਸਜਾਉਣ ਦਾ ਪ੍ਰੋਗਰਾਮ ਬਣਿਆ ਹੈ। ਸਮੇਂ ਸਿਰ ਆ ਜਾਣਾ। ਇਸ ਵਾਰ ਦੀ ਮਹਿਫਲ ਦਾ ਖਰਚਾ ਮੇਰੇ ਵੱਲੋਂ ਹੋਵੇਗਾ।"

ਮੈਂ ਹੈਰਾਨ ਸੀ ਕਿ ਪਹਿਲਾਂ ਤਾਂ ਮਹਿਫਲ ਸਜਾਉਣ ਦਾ ਪ੍ਰੋਗਰਾਮ ਅਸੀਂ ਬਣਾਉਂਦੇ ਹੁੰਦੇ ਸੀ ਪਰ ਇਸ ਵਾਰ ਉਹ ਆਪ ਬਾਜੀ ਲੈ ਗਿਆ। ਉਸ ਦਿਨ ਮੈਂ ਛੇ ਵਜੇ ਤੋਂ ਥੋੜ੍ਹਾ ਪਹਿਲਾਂ ਹੀ ਘਾਲੀ ਦੇ ਘਰ ਚਲਾ ਗਿਆ। ਅੱਜ ਬੈਠਕ ਵਿਚ ਕੁਰਸੀਆਂ ਪਹਿਲਾਂ ਹੀ ਰੱਖੀਆਂ ਹੋਈਆਂ ਸਨ। ਇਕ ਕੁਰਸੀ ਉਪਰ ਘਾਲੀ ਦਾ ਲੜਕਾ ਬੈਠਾ ਸੀ। ਬਚਿੰਤ ਕੌਰ ਵੀ ਉਸ ਦੇ ਕੋਲ ਹੀ ਇਕ ਕੁਰਸੀ 'ਤੇ ਬੈਠੀ ਹੋਈ ਸੀ ਅਤੇ ਉਸ ਦੇ ਨਾਲ ਵਾਲੀ ਕੁਰਸੀ ਉਪਰ 45 ਕੁ ਸਾਲ ਦੀ ਇਕ ਹੋਰ ਔਰਤ ਬੈਠੀ ਸੀ ਜਿਸ ਨੂੰ ਮੈਂ ਪਹਿਲਾਂ ਕਦੀ ਨਹੀਂ ਸੀ ਦੇਖਿਆ। ਘਾਲੀ ਨੇ ਦੱਸਿਆ ਕਿ ਇਹ ਬਚਿੰਤ ਕੌਰ ਦੀ ਲੜਕੀ ਹੈ। ਸਾਰਿਆਂ ਨੂੰ ਮਿਲ ਕੇ ਜਦੋਂ ਮੈਂ ਕੁਰਸੀ ਉਪਰ ਬੈਠ ਗਿਆ ਤਾਂ ਸਾਹਮਣੇ ਕੰਧ ਉਪਰ, ਜਿੱਥੇ ਪਹਿਲਾਂ ਘਾਲੀ ਦੀ ਪਤਨੀ ਲਾਜਵੰਤ ਦੀ ਫੋਟੋ ਲੱਗੀ ਹੋਈ ਸੀ, ਅੱਜ ਉਸ ਫੋਟੋ ਦੇ ਹੇਠ ਕਰ ਕੇ ਘਾਲੀ ਦੀ ਫੋਟੋ ਟੰਗੀ ਹੋਈ ਸੀ। ਘਾਲੀ ਦੀ ਪਤਨੀ ਵਾਲੀ ਫੋਟੋ ਦੇ ਖੱਬੇ ਪਾਸੇ ਇਕ ਫੌਜੀ ਅਫਸਰ ਦੀ ਫੋਟੋ ਲੱਗੀ ਹੋਈ ਸੀ (ਮਗਰੋਂ ਪਤਾ ਲੱਗਾ ਕਿ ਫੌਜੀ ਅਫਸਰ ਦੀ ਫੋਟੋ ਬਚਿੰਤ ਦੇ ਮਰਹੂਮ ਪਤੀ ਦੀ ਹੈ)। ਉਸ ਫੋਟੋ ਹੇਠ, ਘਾਲੀ ਦੇ ਖੱਬੇ ਪਾਸੇ ਬਚਿੰਤ ਕੌਰ ਮਲ੍ਹੋਤਰਾ ਦੀ ਫੋਟੋ ਲਟਕ ਰਹੀ ਸੀ। ਚਾਰੇ ਫੋਟੋਆਂ ਲਿਵਿੰਗ-ਰੂਮ 'ਚ ਇਕ ਵੱਖਰਾ ਹੀ ਪ੍ਰਭਾਵ ਸਿਰਜ ਰਹੀਆਂ ਸਨ।

ਹੌਲੀ-ਹੌਲੀ ਸਾਰੇ ਦੋਸਤ ਆਉਂਦੇ ਗਏ, ਮਹਿਫਲ ਸਜਦੀ ਗਈ। ਹਰ ਇਕ ਦੀ ਨਿਗਾਹ ਨਵੀਆਂ ਟੰਗੀਆਂ ਫੋਟੋਆਂ ਵੱਲ ਜ਼ਰੂਰ ਜਾਂਦੀ ਪਰ ਕਿਸੇ ਨੇ ਵੀ ਉਹਨਾਂ ਫੋਟੋਆਂ ਬਾਰੇ ਕੋਈ ਟਿੱਪਣੀ ਨਹੀਂ ਸੀ ਕੀਤੀ। ਮਹਿਫਲ ਵਿਚ ਵਿਚਾਰ ਵਟਾਂਦਰੇ ਮਗਰੋਂ ਖੁੱਲ੍ਹੀਆਂ ਗੱਲਾਂ ਵੀ ਹੋਈਆਂ ਅਤੇ ਗੀਤ ਸੰਗੀਤ ਦੀ ਮਹਿਫਲ ਵੀ ਸਜੀ। ਰਾਤ ਦੇ ਗਿਆਰਾਂ ਵਜੇ ਮਹਿਫਲ ਸਮਾਪਤ ਹੋਈ ਤੇ ਅਸੀਂ ਸਾਰੇ ਦੋਸਤ ਖੁਸ਼ੀ-ਖੁਸ਼ੀ ਓਥੋਂ ਵਿਦਾ ਹੋਏ। ਸਵੇਰੇ ਉਠਦਿਆਂ ਹੀ ਮੇਰੇ ਮਨ ਵਿਚ ਉਤਸਕਤਾ ਜਾਗੀ ਤੇ ਮੈਂ ਘਾਲੀ ਨੂੰ ਫੋਨ ਕਰ ਕੇ ਗੁੱਡ ਮੌਰਨਿੰਗ ਕਹੀ। ਉਸ ਨੇ ਵੀ ਗੁੱਡ ਮੌਰਨਿੰਗ ਬੋਲਦੇ ਹੋਏ ਕਿਹਾ, "ਆਹ ਬਚਿੰਤ ਨੂੰ ਵੀ ਗੁੱਡ ਮੌਰਨਿੰਗ ਕਹਿ ਦੇ।"

# ਗੁਰਬਖਸ਼ ਸਿੰਘ ਭੰਡਾਲ-ਕਾਵਿਕ ਅੰਦਾਜ਼

ਗੁਰਬਖਸ਼ ਸਿੰਘ ਭੰਡਾਲ ਨੂੰ ਮੈਂ ਲਿਖੀ ਸਤਰ ਵਿਚਲੇ ਖਾਲੀ ਥਾਂ ਭਰਨ ਜੋਗਾ ਸਮਾਂ ਹੀ ਮਿਲ ਰਹੀ ਹਾਂ, ਪਰ ਮੈਂ ਉਸ ਨੂੰ ਉਸ ਦੀਆਂ ਦੋ ਲਿਖਤਾਂ ਰਾਹੀਂ ਵੱਧ ਜਾਣਿਆ ਹੈ। ਇਉਂ ਲੱਗਦਾ ਹੈ ਕਿ ਉਹ ਆਪਣੇ ਦੁਆਲੇ ਦੇ ਸੰਸਾਰ ਨੂੰ ਦੇਖਦਾ ਕਵਿਤਾ ਵਿਚ ਹੈ, ਪਰ ਉਲਿਕਦਾ ਵਾਰਤਕ ਵਿਚ ਹੈ। ਉਸ ਦੀਆਂ ਦੋ ਲਿਖਤਾਂ 'ਧੁੱਪ ਦੀਆਂ ਕਣੀਆਂ' ਤੇ 'ਰੂਹ ਰੇਜ਼ਾ' ਮੈਂ ਸੱਜਰੀਆਂ ਹੀ ਪੜ੍ਹੀਆਂ ਹਨ। ਇਨ੍ਹਾਂ ਲਿਖਤਾਂ ਨੂੰ ਪੜ੍ਹਦਿਆਂ

**ਡਾ. ਬਲਵਿੰਦਰ ਕੌਰ ਬਰਾੜ**
ਫੋਨ: 403-590-9629

ਲੱਗਿਆ ਜਿਵੇਂ ਰਸੀ, ਪੱਕੀ ਅਤੇ ਆਠਰੀ ਸਿਆਣਪ ਕੋਲ ਜਾ ਅੱਪੜੀ ਹੋਵਾਂ, ਜਿਵੇਂ ਕਿਸੇ ਦਰਗਾਹ 'ਤੇ ਅਰਦਾਸ ਸੁਣ ਰਹੀ ਹੋਵਾਂ ਜਾਂ ਜਿਵੇਂ ਕਿਸੇ ਧਾਰਮਿਕ ਅਸਥਾਨ ਦੀਆਂ ਪੌੜੀਆਂ ਚੜ੍ਹ ਰਹੀ ਹੋਵਾਂ। ਭੰਡਾਲ ਦੀ ਲਿਖਤ ਵਿਚ ਪਰਪੱਕਤਾ, ਰਵਾਨਗੀ ਅਤੇ ਸਹਿਜਤਾ ਹੈ। ਉਸ ਦਾ ਕੋਮਲ ਮਨ, ਹਕੀਕਤਾਂ ਨਾਲ ਮੱਥਾ ਲਾ ਕੇ, ਅੰਦਰ ਉਠਦੇ ਜਜ਼ਬਾਤ ਨੂੰ ਸੇਧ ਦੇ ਕੇ, ਖੂਬਸੂਰਤ ਅੱਖਰਾਂ ਤੱਕ ਅਪੜਾ ਦੇਣ ਦੇ ਸਮਰੱਥ ਹੈ। ਉਸ ਦੀਆਂ ਲਿਖਤਾਂ ਪੜ੍ਹਦਿਆਂ ਸੁਹਜ, ਸੁਆਦ ਅਤੇ ਮਨੋਰੰਜਨ ਦਾ ਭੱਸ ਤਾਂ ਪੂਰਾ ਹੁੰਦਾ ਹੈ, ਨਾਲ ਹੀ ਉਸ ਦੇ ਵਿਸ਼ਿਆਂ ਵਿਚਲੀ ਚੇਤਨਤਾ ਸਾਨੂੰ ਜਾਗ੍ਰਿਤ ਵੀ ਕਰਦੀ ਹੈ। ਦਰਸ਼ਨ ਬੁੱਟਰ ਦੇ ਸ਼ਬਦ ਗੌਲਣਯੋਗ ਹਨ, "ਕਵਿਤਾ ਰਾਹੀਂ ਨਸੀਹਤ ਅਤੇ ਜੁਅਰਤ ਭਰੇ ਬੋਲ ਕਹਿ ਦੇਣੇ ਭੰਡਾਲ ਦੇ ਹਿੱਸੇ ਆਏ ਹਨ।"

ਉਸ ਦੇ ਲਿਖੇ ਅੱਖਰਾਂ ਵਿਚ ਕਿਤੇ ਵੀ ਨਾਂਹ-ਮੁੱਖੀ ਸੋਚ ਨਹੀਂ, ਰੋਹ ਜਾਂ ਵਿਦਰੋਹ ਨਹੀਂ, ਸਗੋਂ ਕੁਦਰਤ ਦੀ ਗੋਦ ਵਿਚ ਪਲਦਿਆਂ, ਮੋਕਲੀ ਸੋਚ ਜਿਹੀ ਹਲੀਮੀ ਹੈ। ਉਸ ਨੂੰ 'ਕਵਿਤਾ ਵਰਗੇ ਲੋਕ' ਭਾਅ ਜਾਂਦੇ ਹਨ, ਜਿਨ੍ਹਾਂ ਨੂੰ 'ਹਰਫਾਂ ਦੀ ਬੁੱਕਲ' ਦਾ ਨਿੱਘ ਦੇਣ ਦੀ ਲਾਲਸਾ ਰੱਖਦਾ ਹੈ। ਉਸ ਨੂੰ ਹਰ ਸ਼ੈਅ ਵਿਚਲੀ ਖੂਬਸੂਰਤੀ ਭਰਮਾ ਰਹੀ ਲੱਗਦੀ ਹੈ। ਇਸੇ ਲਈ ਬਿਨਾ ਕਿਸੇ ਸ਼ਿਕਵੇ, ਸ਼ਿਕਾਇਤ ਤੋਂ ਉਹ ਇਕ ਵੱਖਰੀ ਧਾਰਨਾ ਸਥਾਪਤ ਕਰਦਾ ਹੈ। ਉਪਰਲੀ ਤਹਿ ਤੀਕ ਲਫਾਫੇ ਵਰਗੀ ਸੁੰਦਰਤਾ ਲਈ ਉਸ ਦੇ ਸ਼ਬਦ ਗੌਲਣਯੋਗ ਹਨ,

"ਸੁਹੱਪਣ ਨੂੰ ਕਿਹੜੇ ਯੰਤਰ ਤੇ ਪੈਮਾਨੇ ਨਾਲ ਮਿਣੋਗੇ? ਕਿਵੇਂ ਇਸ ਦੀ ਅਸੀਮਤਾ ਬਿਆਨ ਕਰੋਗੇ? ਕਿਵੇਂ ਇਸ ਨੂੰ ਹਰਫਾਂ ਦੇ ਮੇਚ ਕਰੋਗੇ?"

ਉਸ ਦੀ ਮਾਨਸਿਕਤਾ ਵਿਚ ਪਲਦੇ ਭਾਵਾਂ ਤੇ ਵਿਚਾਰਾਂ ਦਾ ਦੁਮੇਲ ਬਹੁਤ ਖੂਬਸੂਰਤ ਹੈ। ਉਹ ਲਿਖਦਾ ਹੈ,

"ਜਦ ਮੈਂ ਬਹੁਤ ਉਦਾਸ ਹੋਵਾਂ
ਤਾਂ ਮੈਂ ਚੁੱਪ ਹੋ ਜਾਂਦਾ ਹਾਂ।...
ਤੇ ਅੱਜ ਕਲ ਮੈਂ ਅਕਸਰ
ਚੁੱਪ ਹੀ ਰਹਿੰਦਾ ਹਾਂ।"

ਇਸ ਕਵਿਤਾ ਨਾਲ ਪਾਠਕ ਮਨ ਵਿਚ ਉਸ ਦੀ ਖਾਮੋਸ਼ੀ ਖੌਰੂ ਪਾ ਰਹੀ ਹੈ। ਭੰਡਾਲ ਦੇ ਭਾਵਾਂ ਦੇ ਸੇਕ ਨਾਲ ਅੱਖਰ ਪਿਘਲਦੇ ਪ੍ਰਤੀਤ ਹੁੰਦੇ ਹਨ। ਭੰਡਾਲ ਦੇ ਸ਼ਬਦਾਂ ਤੋਂ ਲੋਕਾਂ ਨਾਲ ਹੋ ਰਿਹਾ ਵਿਹਾਰ ਕਿਆਸਿਆ ਜਾ ਸਕਦਾ ਹੈ। ਉਸ ਨੂੰ ਹਰ ਸੀਨੇ ਵਿਚ ਪਲਦੇ ਗੁਣਾਂ ਨੂੰ ਗੌਲਣ ਦੀ ਸੂਝ ਹੈ। ਉਸ ਨੂੰ 'ਧੁੱਪ ਦੇ ਵਸਤਰ' ਵਿਚ ਲਪੇਟੇ ਲੋਕਾਂ ਦੇ ਦਰਦ ਦੀ ਥਹੁ ਹੈ। ਆਪਣੇ ਪਿਤਾ ਦੀ ਮੌਤ ਦੇ ਸੋਗੀ ਜਿਹੇ ਵਾਤਾਵਰਣ ਨੂੰ ਪੂਰੇ ਕਾਵਿਕ ਅੰਦਾਜ਼ ਤੀਕ ਪਹੁੰਚਾਇਆ ਹੈ। ਅਜਿਹੀ ਭਾਰੂ ਹੋਈ ਸਥਿਤੀ ਨੂੰ ਹਰ ਸੀਨੇ ਵਿਚ ਹੰਢਾਈ ਮੌਤ ਨੂੰ ਸੱਜਰੀ ਕਰ ਵਿਖਾਉਣ ਦਾ ਹੀਲਾ ਹੈ। ਉਸ ਕੋਲ ਦੋਸਤ ਮਨ ਵਿਚ ਰੱਖੇ ਸੁਝਾਅ ਵਾਂਗ ਗੱਲ ਰੱਖਣ ਦਾ ਹੁਨਰ ਹੈ। ਉਸ ਦੀ ਲਿਖਤ ਪੜ੍ਹਦਿਆਂ ਲੱਗਦਾ ਹੈ ਕਿ ਉਸ ਨੇ ਕੁਦਰਤ ਦੇ ਹਰ ਮਹੀਨ ਜ਼ੱਰੇ ਨੂੰ ਰੂਹ ਨਾਲ ਦੇਖਿਆ, ਪਰਖਿਆ, ਜਾਣਿਆ ਅਤੇ ਪ੍ਰਸਾਰਿਆ ਹੈ। ਉਸ ਦੇ ਸ਼ਬਦਾਂ ਵਿਚ ਯਾਦਾਂ ਜਾਂ ਅਨੁਭਵ, ਵਿਚਾਰ, ਭਾਵ ਸਭ ਇਕ ਰਸ ਹੋਏ ਨਜ਼ਰ ਆਉਂਦੇ ਹਨ। ਸਿਰਲੇਖ ਹੀ ਆਪਣੇ ਆਪ ਵਿਚ ਆ ਰਹੇ ਸੁਨੇਹੇ ਦਾ ਸਬੂਤ ਬਣਦੇ ਹਨ, ਜਿਵੇਂ ਯਾਦ-ਜੂਹੇ, ਹਰਫਾਂ ਦੀ ਬੁੱਕਲ, ਕਵਿਤਾ ਵਰਗੇ ਲੋਕ, ਧੁੱਪ ਦੇ ਬਸਤਰ ਆਦਿ।

ਇਸ ਕਾਵਿ ਦੀ ਇਕ ਹੋਰ ਵਿਸ਼ੇਸ਼ਤਾ, ਉਸ ਦੁਆਰਾ ਨਵੇਂ ਸ਼ਬਦ-ਅਰਥ ਸਿਰਜਣ ਵਿਚ ਹੈ। ਜਿਵੇਂ ਬੋਲ-ਬੀਹੀ, ਵਕਤ-ਦਹਿਲੀਜ਼, ਫਰਜ਼-ਸਨਾਸ਼ੀ, ਹੌਂਕੇ-ਹਾੜੇ, ਪੈੜ-ਪਾਹੁਲ, ਜਿੰਦ-ਭੌਰ, ਸੂਰਜ-ਜੂਨ, ਆਦਿ।

ਉਸ ਦੀ ਨਿਵੇਕਲੀ ਸ਼ੈਲੀ ਦੀ ਰਵਾਨਗੀ ਦੀ ਗਵਾਹੀ ਕਈ ਵਾਕ ਭਰਦੇ ਹਨ,

"ਨੀਂਦ ਮਨੁੱਖੀ ਸਰੀਰ ਲਈ ਊਰਜਾ ਸਰੋਤ, ਥੱਕੇ ਹਾਰਿਆਂ ਲਈ ਸੁਖਨ-ਸੇਜ਼ ਅਤੇ ਮਾਨਸਿਕ ਰੁਮਕਣੀ ਲਈ ਸੁਪਨ-ਸਾਜ਼।"

ਉਸ ਨੇ ਸਿੱਧੀ ਸਿੱਖਿਆ ਦੇਣ ਦੀ ਥਾਂ, ਇਕ ਸੁਨੇਹਾ ਪਾਠਕ-ਮਨ ਵਿਚ ਧਰਿਆ ਹੈ। ਉਸ ਦੇ ਸ਼ਬਦਾਂ ਵਿਚਲਾ ਸਰੋਦੀ ਅੰਸ਼ ਇਕ ਵੱਖਰਾ ਖਾਸਾ ਹੈ। ਜਿਵੇਂ ਸ਼ਾਇਸਤਗੀ, ਸੁੰਦਰਤਾ, ਸੀਰਤ, ਸਾਦਗੀ, ਸਲੀਕਾ, ਸੁਹਜ, ਸਹਿਜ ਅਤੇ ਸੁਖਮਤਾ ਦਾ ਸੁੰਦਰ ਸੁਮੇਲ।

ਭੰਡਾਲ ਕੋਲ ਇਸ ਕੁਦਰਤ ਦੇ ਕਾਦਰ ਦੀ ਹਰ ਕਰਾਮਾਤ ਨੂੰ ਨੇੜੇ ਹੋ ਕੇ ਦੇਖਣ ਦੀ ਰੀਝ ਹੀ ਅੱਖਰਾਂ ਦਾ ਆਧਾਰ ਰਹੀ ਹੈ। ਉਸ ਦੀ ਲਿਖਤ ਵੱਖਰੇ ਅੰਦਾਜ਼ ਨਾਲ ਪੇਸ਼ ਹੁੰਦੀ ਹੈ। ਇਸ ਲਈ ਪਾਠਕ ਵਰਗ ਵੀ ਵਿਸ਼ੇਸ਼ ਹੀ ਹੋਵੇਗਾ। ਉਸ ਦੀਆਂ ਸੰਭਾਵਨਾਵਾਂ ਅਤੇ ਸਮਰੱਥਾਵਾਂ ਤੋਂ ਸਾਨੂੰ ਕਈ ਆਸਾਂ ਹਨ। ਨਿਰਸੰਦੇਹ ਇਹ ਲਿਖਤਾਂ ਪਾਠਕ ਜਗਤ ਦਾ ਹੁੰਗਾਰਾ ਵਸੂਲਣ ਵਿਚ ਸਫਲ ਰਹਿਣਗੀਆਂ।

## ਚੁੱਪ ਹੋ ਜਾਂਦਾ ਹਾਂ

ਜਦ ਸੁੰਨ ਦੀ ਆਗੋਸ਼ 'ਚ ਜਾਵਾਂ
ਤੇ ਹੋਸ਼ੋਂ-ਬੇਹੋਸ਼ ਹੋ ਜਾਵਾਂ
ਤਾਂ ਚੁੱਪ ਹੋ ਜਾਂਦਾ ਹਾਂ।

ਜਦ ਖੁਦ ਤੋਂ ਬੇਖਬਰ ਹੋਵਾਂ
ਤੇ ਜੀਂਦੇ ਜੀਅ ਕਬਰ ਹੋਵਾਂ
ਤਾਂ ਚੁੱਪ ਹੋ ਜਾਂਦਾ ਹਾਂ।

ਜਦ ਖੜ੍ਹੇ ਦਿਨ ਸੂਰਜ ਡੁੱਬੇ
ਤੇ ਮਨ 'ਚ ਉਦਾਸੀ ਹੁੱਬੇ
ਤਾਂ ਚੁੱਪ ਹੋ ਜਾਂਦਾ ਹਾਂ।

ਜਦ ਹਾਉਕੇ ਦੀ ਲੋਰ ਸੁਣਾਂ
ਤੇ ਸਾਹਾਂ ਦਾ ਸ਼ੋਰ ਸੁਣਾਂ
ਤਾਂ ਚੁੱਪ ਹੋ ਜਾਂਦਾ ਹਾਂ

ਜਾਂ ਦੁੱਖਾਂ ਦਾ ਆਗਾਜ਼ ਦੇਖਾਂ
ਤੇ ਪੀੜਾ ਦਾ ਅੰਦਾਜ਼ ਦੇਖਾਂ
ਤਾਂ ਚੁੱਪ ਹੋ ਜਾਂਦਾ ਹਾਂ।

ਜਦ ਪਰਖਿਆ ਜਾਂਦਾ ਸਬਰ ਹੋਵਾਂ
ਤੇ ਅਖਬਾਰ ਦੀ ਖਬਰ ਹੋਵਾਂ
ਤਾਂ ਚੁੱਪ ਹੋ ਜਾਂਦਾ ਹਾਂ।

ਜਦ ਖੌਫ-ਰੱਤਾ ਹਸ਼ਰ ਹੋਵੇ
ਤੇ ਚੀਖ ਬਣਿਆ ਬਸ਼ਰ ਹੋਵੇ
ਤਾਂ ਚੁੱਪ ਹੋ ਜਾਂਦਾ ਹਾਂ।

ਜਦ ਪਿੰਡ ਦਾ ਜ਼ਿਕਰ ਹੋਵੇ
ਤੇ ਗਰਾਈਆਂ ਦਾ ਫਿਕਰ ਹੋਵੇ
ਤਾਂ ਚੁੱਪ ਹੋ ਜਾਂਦਾ ਹਾਂ।

ਅੱਜ ਕੱਲ੍ਹ
ਅਕਸਰ ਮੈਂ ਚੁੱਪ ਹੀ ਰਹਿੰਦਾ ਹਾਂ।

*-ਡਾ. ਗੁਰਬਖਸ਼ ਸਿੰਘ ਭੰਡਾਲ*
*ਫੋਨ: 216-556-2080*

# ਬੈਚ ਫੁੱਲ ਚੈਸਟਨਟਬੱਡ-ਧਿਆਨ ਦੀ ਘਾਟ

ਹੋਮਿਓਪੈਥੀ ਵਿਚ ਇਕ ਦਵਾਈ ਹੈ, ਐਸਕੁਲਸ ਹਿਪੋਕਾਸਟਾਨਮ (Aesculus Hippocastanum) ਜੋ ਸੁਪਾਰੀ ਤੋਂ ਬਣਦੀ ਹੈ। ਇਹ ਦਵਾਈ ਪੇਟ ਦੀਆਂ ਤਕਲੀਫਾਂ, ਪਿਛਵਾੜੇ ਦੇ ਭਾਰ, ਬਵਾਸੀਰ, ਚਿੰਤਾ, ਬਲੱਡ ਪ੍ਰੈਸ਼ਰ, ਗੁੱਸਾ ਤੇ ਡਿਪ੍ਰੈਸ਼ਨ ਜਿਹੇ ਰੋਗਾਂ ਵਿਚ ਅਲਾਮਤਾਂ ਅਨੁਸਾਰ ਦਿੱਤੀ ਜਾਂਦੀ ਹੈ। ਬੈਚ ਫਲਾਵਰ ਪ੍ਰਣਾਲੀ ਦੀ ਚੈਸਟਨਟ ਬੱਡ (Chestnut Bud) ਇਸੇ ਬੂਟੇ ਦੀਆਂ ਕਲੀਆਂ ਤੋਂ ਤਿਆਰ ਹੁੰਦੀ ਹੈ ਤੇ ਇਸ ਸਿਸਟਮ ਦੀ ਅਤਿ ਅਹਿਮ ਦਵਾਈ ਹੈ; ਪਰ ਅਲਾਮਤਾਂ ਤੇ ਇਲਾਜ ਪੱਖੋਂ ਐਸਕੁਲਸ ਹਿਪੋਕਾਸਟਾਨਮ ਤੇ ਚੈਸਟਨਟ ਬੱਡ-ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ।

ਚੈਸਟਨਟ ਬੱਡ ਬੱਚਿਆਂ, ਬੁੱਢਿਆਂ ਤੇ ਨੌਜਵਾਨਾਂ-ਸਭ ਲਈ ਕੰਮ ਆਉਣ ਵਾਲੀ ਦਵਾਈ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਹੈ। ਵੱਖ ਵੱਖ ਲੇਖਕਾਂ ਨੇ ਇਸ ਨੂੰ ਵੱਖ ਵੱਖ ਢੰਗਾਂ ਨਾਲ ਬਿਆਨਿਆ ਹੈ। ਕਈ ਕਹਿੰਦੇ ਹਨ, ਇਹ ਮੰਦ ਬੁੱਧੀ ਵਿਅਕਤੀਆਂ ਲਈ ਹੈ ਤੇ ਕਈ ਇਸ ਨੂੰ ਬੇਵਕੂਫਾਂ ਜਾਂ ਕਮਲਿਆਂ ਅਰਥਾਤ ਭੋਂਦੂਆਂ ਤੇ ਮੱਤ-ਮਾਰਿਆਂ ਦੀ ਸੋਝੀ ਠੀਕ ਕਰਨ ਲਈ ਵਰਤਦੇ ਹਨ। ਕਈ ਇਸ ਨੂੰ ਦਿਮਾਗ ਦਾ ਟਾਨਿਕ ਕਹਿੰਦੇ ਹਨ, ਕਈ ਯਾਦਦਾਸ਼ਤ ਵਧਾਉਣ ਦੀ ਦਵਾ ਤੇ ਕਈ ਅਕਲ ਤੇਜ਼ ਕਰਨ ਦੀ ਬੂਟੀ ਸਮਝਦੇ ਹਨ। ਕਈ ਵਾਰ ਇਸ ਨੂੰ ਮੂਰਖਤਾ, ਕਮ-ਅਕਲੀ ਤੇ ਸਿੱਧਰੇਪਣ ਨਾਲ ਵੀ ਜੋੜ ਕੇ ਦੇਖਿਆ ਜਾਂਦਾ ਹੈ। ਇਨ੍ਹਾਂ ਸਭ ਵਿਸ਼ੇਸ਼ਣਾਂ ਤੋਂ ਲਗਦਾ ਹੈ ਕਿ ਸ਼ਾਇਦ ਇਹ ਦਿਮਾਗੀ ਪੱਛੜੇਪਣ ਲਈ ਬਣੀ ਹੈ; ਪਰ ਐਸਾ ਖਾਸ ਕੁਝ ਨਹੀਂ, ਕਿਉਂਕਿ ਦੂਜੀਆਂ ਦਵਾਈਆਂ ਵਾਂਗ ਇਹ ਲੱਛਣਾਂ ਅਨੁਸਾਰ ਕਿਸੇ ਨੂੰ ਵੀ ਦਿੱਤੀ ਜਾ ਸਕਦੀ ਹੈ।

ਡਾ. ਬੈਚ ਨੇ ਇਸ ਦੇ ਮੁੱਖ ਲੱਛਣਾਂ ਨੂੰ ਕੇਵਲ ਕੁਝ ਹੀ ਵਾਕਾਂ ਵਿਚ ਸਮੇਟਿਆ ਹੈ। ਉਸ ਦੇ ਸ਼ਬਦਾਂ ਵਿਚ, "ਇਹ ਉਨ੍ਹਾਂ ਲਈ ਹੈ, ਜਿਹੜੇ ਆਪਣੇ ਸਰਵੇਖਣ ਤੇ ਤਜ਼ਰਬੇ ਦਾ ਪੂਰਾ ਲਾਭ ਨਹੀਂ ਉਠਾਉਂਦੇ ਅਤੇ ਜਿਹੜੇ ਜ਼ਿੰਦਗੀ ਦੇ ਸਬਕ ਸਿੱਖਣ ਵਿਚ ਦੂਜਿਆਂ ਤੋਂ ਜ਼ਿਆਦਾ ਸਮਾਂ ਲਾਉਂਦੇ ਹਨ। ਜਿੱਥੇ ਸੱਵਸਥ ਵਿਅਕਤੀਆਂ ਨੂੰ ਇਕੋ ਅਨੁਭਵ ਕਾਫੀ ਹੁੰਦਾ ਹੈ, ਉੱਥੇ ਚੈਸਟਨਟ ਬੱਡ ਦੇ ਰੋਗੀ ਸਬਕ ਸਿੱਖਣ ਲਈ ਅਣਗਿਣਤ ਮੌਕੇ ਲੈਂਦੇ ਹਨ। ਉਨ੍ਹਾਂ ਨੂੰ ਪਛਤਾਵਾ ਹੁੰਦਾ ਹੈ ਕਿ ਉਹ ਵਾਰ ਵਾਰ ਇਕੋ ਗਲਤੀ ਦੁਹਰਾ ਕੇ ਵੀ ਨਹੀਂ ਸਿੱਖਦੇ, ਜਦੋਂ ਕਿ ਦੂਜੇ ਲੋਕ ਹੋਰਾਂ ਦੀਆਂ ਗਲਤੀਆਂ ਤੋਂ ਹੀ ਸਮਝ ਲੈਂਦੇ ਹਨ।"

ਇਸ ਲਈ ਡਾ. ਬੈਚ ਅਨੁਸਾਰ ਇਸ ਦਵਾ ਦੇ ਮਰੀਜ਼ਾਂ ਦੀਆਂ ਤਿੰਨ ਮੁੱਖ ਅਲਾਮਤਾਂ ਹਨ: ਪਹਿਲੀ, ਧਿਆਨ ਦੀ ਕਮੀ; ਦੂਜੀ, ਆਪਣੇ ਜਾਂ ਦੂਜਿਆਂ ਦੇ ਤਜ਼ਰਬੇ ਤੋਂ ਨਾ ਸਿੱਖ ਸਕਣਾ ਅਤੇ ਤੀਜੀ, ਪਿਛਲੀਆਂ ਗਲਤੀਆਂ ਨੂੰ ਮੁੜ ਮੁੜ ਦੁਹਰਾਈ ਜਾਣਾ। ਜੇ ਇਹ ਦਵਾ ਕੇਵਲ ਇਨ੍ਹਾਂ ਤਿੰਨ ਅਲਾਮਤਾਂ ਲਈ ਹੀ ਬਣੀ ਹੁੰਦੀ ਤਾਂ ਵੀ ਇਹ ਬੈਚ ਪ੍ਰਣਾਲੀ ਦੀ ਸਿਰ-ਕੱਢ ਦਵਾ ਹੋਣੀ ਸੀ, ਪਰ ਇਸ ਦੇ ਭੱਥੇ ਵਿਚ ਕਈ ਹੋਰ ਵੱਡੇ ਤੀਰ ਵੀ ਹਨ।

ਚੈਸਟਨਟ ਬੱਡ ਦਾ ਇਕ ਵੱਡਾ ਲੱਛਣ ਬਚ ਕੇ ਨਿਕਲ ਜਾਣ (Escape) ਦੀ ਆਦਤ ਹੈ। ਇਸ ਦਾ ਮਰੀਜ਼ ਛੇਤੀ ਹੱਥ ਹੇਠ ਨਹੀਂ ਆਉਂਦਾ। ਉਹ ਟਿੱਭਣ ਦਾ ਮਾਹਰ (Escapist) ਹੁੰਦਾ ਹੈ। ਉਹ ਬਹਾਨੇਬਾਜ਼ੀਆਂ ਕਰਦਾ ਰਹਿੰਦਾ ਹੈ ਤੇ ਤਰ੍ਹਾਂ ਤਰ੍ਹਾਂ ਦੇ ਪੱਜ ਲਾ ਕੇ ਬਚਦਾ ਰਹਿੰਦਾ ਹੈ। ਇਹ ਗੱਲ ਉਨ੍ਹਾਂ ਲੋਕਾਂ ਦੇ ਸਮਝਣ ਵਾਲੀ ਹੈ, ਜੋ ਕਹਿੰਦੇ ਹਨ ਕਿ ਚੈਸਟਨਟ ਬੱਡ ਕੇਵਲ ਮੰਦ-ਬੁੱਧੀ ਜਾਂ ਸਾਧਾਰਣ ਸਮਝ ਦੇ ਵਿਅਕਤੀਆਂ ਲਈ ਹੀ ਹੁੰਦੀ ਹੈ। ਮੰਦ-ਬੁੱਧੀ ਜਾਂ ਸਾਧਾਰਣ ਅਕਲ ਵਾਲੇ ਵਿਅਕਤੀ ਬਹਾਨੇਬਾਜ਼ੀ ਦੀਆਂ ਸਕੀਮਾਂ ਲਾਉਣ ਦੇ ਮਾਹਰ ਨਹੀਂ ਹੋ ਸਕਦੇ। ਉਨ੍ਹਾਂ ਦੀ ਇਕੋ ਇਕ ਵੱਡੀ ਸਮੱਸਿਆ ਧਿਆਨ ਨੂੰ ਕੇਂਦ੍ਰਿਤ ਨਾ ਕਰ ਸਕਣ ਦੀ ਹੈ, ਜਿਸ ਕਾਰਨ ਉਹ ਸਿੱਖਿਆ ਪੱਖੋਂ ਕਮਜ਼ੋਰ ਰਹਿ ਜਾਂਦੇ ਹਨ ਤੇ ਫਿਰ ਆਪਣੀ ਕਮਜ਼ੋਰੀ ਨੂੰ ਛੁਪਾਉਣ ਲਈ ਮੁੱਦਿਆਂ ਤੋਂ ਭੱਜਦੇ ਹਨ। ਇਸ ਲਈ ਉਹ ਟਾਲਮਟੋਲ ਕਰ ਕੇ ਸਮਾਂ ਟਪਾਉਂਦੇ ਹਨ। ਇਹੀ ਵਿਅਕਤੀ ਜੇ ਆਪਣੇ ਧਿਆਨ ਨੂੰ ਇਕ ਥਾਂ ਇੱਕਤਰਤ ਕਰਨ ਦੇ ਸਮਰਥ ਹੋ ਜਾਣ ਤਾਂ ਉਹ ਦੂਜਿਆਂ ਵਾਂਗ ਸਿੱਖਿਆ ਪ੍ਰਾਪਤ ਕਰ ਸਕਣਗੇ। ਮਨੋਵਿਗਿਆਨ ਦੀ ਭਾਸ਼ਾ ਵਿਚ ਇਸ ਨੂੰ Attention Deficit Disorder or ADD ਕਹਿੰਦੇ ਹਨ, ਜੋ ਵਧੇਰੇ ਬਾਲਗਾਂ ਤੇ ਬਜੁਰਗਾਂ ਵਿਚ ਪਾਇਆ ਜਾਂਦਾ ਹੈ। ਛੋਟੇ ਬਾਲਾਂ ਤੇ ਵੱਡੇ ਬੱਚਿਆਂ ਵਿਚ ਇਸ ਦੀ ਸਕ੍ਰਿਆ ਕਿਸਮ ਧਿਆਨ ਦੀ ਘਾਟ ਦਾ ਇੱਲਤੀ ਰੋਗ (Attention Deficit Hyperactivity Disorder or ADHD) ਵਧੇਰੇ ਪਾਇਆ ਜਾਂਦਾ ਹੈ। ਇਸ ਅਲਾਮਤ ਬਾਰੇ ਵੋਹਰਾ, ਫਰੂਖ ਮਾਸਟਰ, ਕ੍ਰਿਸ਼ਨਾਮੂਰਤੀ, ਸੋਹਨ ਰਾਜ ਠੇਠਰ ਤੇ ਮੋਹਨ ਲਾਲ ਜਿਹੇ ਕਈ ਡਾਕਟਰਾਂ ਨੇ ਖੁਲ੍ਹ ਕੇ ਲਿਖਿਆ ਹੈ।

ਚੈਸਟਨਟ ਬੱਡ ਦੇ ਮਰੀਜ਼ਾਂ ਦਾ ਧਿਆਨ ਬਿਖਰਿਆ ਹੁੰਦਾ ਹੈ। ਇਸ ਲਈ ਉਹ ਆਪਣੇ ਕਿੱਤੇ ਜਾਂ ਕੰਮ 'ਤੇ ਧਿਆਨ ਕੇਂਦ੍ਰਿਤ ਨਹੀਂ ਕਰ ਸਕਦੇ, ਭਾਵ ਉਹ ਉਸ ਨੂੰ ਪੂਰਾ ਜਾਂ ਸਹੀ ਢੰਗ ਨਾਲ ਨਹੀਂ ਕਰ ਸਕਦੇ। ਜੇ ਕੋਈ ਸਹੀ ਕੰਮ ਨਾ ਕਰੇ ਤਾਂ ਉਸ ਨੂੰ ਨਾਲਾਇਕ ਜਾਂ ਬੁੱਧੂ ਕਿਹਾ ਜਾਂਦਾ ਹੈ। ਚੈਸਟਨਟ ਬੱਡ ਅਜਿਹੇ ਬੁੱਧੂਪੁਣੇ ਨੂੰ ਦੂਰ ਕਰਦੀ ਹੈ। ਇਕ ਲੋਕ-ਕਥਾ ਅਨੁਸਾਰ ਇਕ ਸੇਠ ਦੇ ਦੋ ਨੌਕਰ ਸਨ। ਉਹ ਉਨ੍ਹਾਂ ਵਿਚੋਂ ਇਕ ਨੂੰ ਵੱਧ ਤਨਖਾਹ ਦਿੰਦਾ ਸੀ ਤੇ ਦੂਜੇ ਨੂੰ ਘੱਟ। ਘੱਟ ਤਨਖਾਹ ਵਾਲੇ ਨੌਕਰ ਨੇ ਸੇਠ ਨੂੰ ਕਿਹਾ ਕਿ ਉਹ ਉਸ ਨੂੰ ਵੀ ਦੂਜੇ ਦੇ ਬਰਾਬਰ ਤਨਖਾਹ ਦੇਵੇ। ਸੇਠ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਦੂਜਾ ਨੌਕਰ ਉਸ ਨਾਲੋਂ ਵਧ ਸਿਆਣਾ ਹੈ। ਇਸ ਨੌਕਰ ਨੇ ਅਨੁਰੋਧ ਕੀਤਾ ਕਿ ਉਹ ਵੀ ਘੱਟ ਸਮਝਦਾਰ ਨਹੀਂ, ਮਰਜ਼ੀ ਤਾਂ ਅਜ਼ਮਾ ਕੇ ਦੇਖ ਲਵੇ। ਸੇਠ ਨੇ ਅਗਲੇ ਦਿਨ ਉਸ ਨੂੰ ਬੁਲਾ ਕੇ ਕਿਹਾ, "ਮੈਂ ਕਲ ਸਵੇਰੇ ਦਿੱਲੀ ਜਾਣਾ ਹੈ। ਰਸਤੇ ਵਿਚ ਸ਼ਾਹਬਾਦ ਤੋਂ ਸੇਠ ਰਾਮ ਲਾਲ ਨੂੰ ਵੀ ਨਾਲ ਲੈਣਾ ਹੈ। ਜਾਹ ਸਟੇਸ਼ਨ ਤੋਂ ਪੁੱਛ ਕੇ ਆ ਗੱਡੀ ਕਿੰਨੇ ਵਜੇ ਜਾਂਦੀ ਹੈ।" ਉਸ ਨੇ ਸਟੇਸ਼ਨ ਤੋਂ ਮੁੜ ਕੇ ਦੱਸਿਆ ਕਿ ਦਿੱਲੀ ਨੂੰ ਗੱਡੀ ਸਵੇਰੇ 6 ਵਜੇ ਜਾਂਦੀ ਹੈ। ਸੇਠ ਨੇ ਪੁੱਛਿਆ ਕਿ ਕਿਹੜੇ ਪਲੈਟਫਾਰਮ ਤੋਂ ਜਾਵੇਗੀ। ਨੌਕਰ ਕਹਿਣ ਲੱਗਿਆ, "ਜੀ ਇਹ ਪੁੱਛਣ ਲਈ ਤਾਂ ਤੁਸੀਂ ਕਿਹਾ ਨਹੀਂ ਸੀ। ਹੁਣੇ ਪੁੱਛ ਕੇ ਆਇਆ।" ਉਸ ਨੇ ਆ ਕੇ ਪਲੈਟਫਾਰਮ ਬਾਰੇ ਜਾਣਕਾਰੀ ਦੱਸੀ ਹੀ ਸੀ ਕਿ ਸੇਠ ਨੇ ਫਿਰ ਸਵਾਲ ਕੀਤਾ, "ਇਹ ਛੇ ਵਜੇ ਵਾਲੀ ਗੱਡੀ ਸ਼ਾਹਬਾਦ ਰੁਕੇਗੀ ਵੀ ਕਿ ਨਹੀਂ?" ਨੌਕਰ ਬੋਲਿਆ, "ਗੱਲ ਤਾਂ ਤੁਹਾਡੀ ਠੀਕ ਹੈ, ਜੇ ਉੱਥੇ ਨਾ ਰੁਕੀ ਤਾਂ ਫਿਰ ਕੀ ਫਾਇਦਾ। ਠਹਿਰੋ ਮੈਂ ਇਹ ਵੀ ਪਤਾ ਕਰ ਕੇ ਆਇਆ।" ਉਸ ਨੇ ਆ ਕੇ ਖਬਰ ਦਿੱਤੀ, "ਇਹ ਤਾਂ ਜੀ ਰਾਜਧਾਨੀ ਐਕਸਪ੍ਰੈਸ ਹੈ, ਸਿੱਧੀ ਦਿੱਲੀ ਰੁਕੇਗੀ।"

ਸੇਠ ਨੇ ਉਸ ਨੂੰ ਉੱਥੇ ਹੀ ਬੈਠਣ ਲਈ ਕਹਿ ਕੇ ਦੂਜੇ ਨੌਕਰ ਨੂੰ ਸੱਦਿਆ ਤੇ ਉਹੀ ਗੱਲਾਂ ਕਹਿ ਕੇ ਗੱਡੀ ਬਾਰੇ ਪਤਾ ਕਰਨ ਭੇਜਿਆ। ਇਸ ਨੌਕਰ ਨੇ ਆ ਕੇ ਦੱਸਿਆ, "ਜੀ ਦਿੱਲੀ ਨੂੰ ਪਹਿਲੀ ਗੱਡੀ ਸਵੇਰੇ 6 ਵਜੇ ਪਲੈਟਫਾਰਮ ਨੰਬਰ ਇਕ ਤੋਂ ਚਲੇਗੀ, ਪਰ ਇਹ ਰਾਜਧਾਨੀ ਐਕਸਪ੍ਰੈਸ ਹੈ, ਸਿੱਧੀ ਦਿੱਲੀ ਰੁਕੇਗੀ। ਸ਼ਾਹਬਾਦ ਮਾਰਕੰਡੇ ਰੁਕਣ ਵਾਲੀ ਗੱਡੀ ਸਵੇਰੇ 8 ਵਜੇ ਪਲੈਟਫਾਰਮ ਤਿੰਨ ਤੋਂ ਚਲੇਗੀ ਤੇ 9.15 ਤੇ ਸ਼ਾਹਬਾਦ ਪਹੁੰਚੇਗੀ।" ਪਹਿਲਾ ਨੌਕਰ ਖਾਮੋਸ਼ ਸੀ। ਉਸ ਨੂੰ ਦੂਜੇ ਨੌਕਰ ਦੇ ਵੱਧ ਸਿਆਣਾ ਹੋਣ ਦੀ ਗੱਲ ਸਮਝ ਆ ਗਈ ਤੇ ਉਹ ਉਸੇ ਤਨਖਾਹ 'ਤੇ ਕੰਮ ਕਰਦਾ ਰਿਹਾ। ਇਹ ਨੌਕਰ ਕਮ-ਅਕਲੀਆ ਇਸ ਲਈ ਸੀ ਕਿ ਇਸ ਦਾ ਧਿਆਨ ਕੰਮ ਵਲ ਘੱਟ ਤੇ ਤਨਖਾਹ ਵਲ ਵੱਧ ਸੀ। ਸਿਆਣਪ ਤੇ ਸਮਝ ਕੋਈ ਉਪਰੋਂ ਨਹੀਂ ਟਪਕਦੀ, ਸਗੋਂ ਵਿਆਕਤੀ ਦੇ ਧਿਆਨ ਦੀ ਇਕਾਗਰਤਾ ਦਾ ਹੀ ਦੂਜਾ ਨਾਂ ਹਨ। ਚੈਸਟਨਟ ਬੱਡ ਅਜਿਹੇ ਵਿਅਕਤੀਆਂ ਨੂੰ ਸਹੀ ਕਰਦੀ ਹੈ। ਜੇ ਇਹ ਦਵਾਈ ਅਜਿਹੇ ਵਿਅਕਤੀਆਂ ਨੂੰ ਦੋ ਵਾਰ ਰੋਜ਼ਾਨਾ ਦੋ-ਚਾਰ ਮਹੀਨੇ ਦਿੱਤੀ ਜਾਵੇ ਤਾਂ ਉਹ ਵੀ ਧਿਆਨ ਲਾ ਕੇ ਘੰਟਿਆਂ ਦਾ ਕੰਮ ਮਿੰਟਾਂ ਵਿਚ ਕਰ ਸਕਦੇ ਹਨ ਤੇ ਚਤੁਰ ਬਣ ਕੇ ਵੱਧ ਤਨਖਾਹ ਦੇ ਹੱਕਦਾਰ ਬਣ ਸਕਦੇ ਹਨ। ਪਰ ਜੇ ਕੋਈ ਵਿਅਕਤੀ ਇਸ ਨੂੰ ਪ੍ਰਭੂ ਭਗਤੀ ਵਿਚ ਧਿਆਨ ਲਗਾਉਣ ਲਈ ਵਰਤੇ ਤਾਂ ਉਹ ਇਸ ਦੀ ਦੁਰਵਰਤੋਂ ਕਰੇਗਾ ਕਿਉਂਕਿ ਪ੍ਰਭੂ ਭਗਤੀ ਇਕ ਬਿਨਾ ਕੰਮ ਦੇ ਕੰਮ ਹੈ ਭਾਵ ਅਸਲ ਭਗਤੀ ਤਾਂ ਕੰਮ ਕਰਨਾ (Work is worship) ਹੀ ਹੈ।

ਚੈਸਟਨਟ ਬੱਡ ਉਨ੍ਹਾਂ ਲੋਕਾਂ ਲਈ ਵੀ ਹੈ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਭੁੱਲਕੜ ਹਨ। ਅਜਿਹੇ ਲੋਕਾਂ ਨੂੰ ਕਿਸੇ ਕੰਮ ਲਈ ਭੇਜੋ ਉਹ ਰਾਹ ਵਿਚ ਹੀ ਤਾਸ਼ ਖੇਡਣ ਲਗ ਜਾਂਦੇ ਹਨ। ਸਟੋਰ 'ਤੇ ਜਾਣ ਵੇਲੇ ਉਹ ਬਟੂਆ ਘਰ ਭੁਲ ਜਾਂਦੇ ਹਨ ਜਾਂ ਪੈਸੇ ਦੇ ਕੇ ਸਾਮਾਨ ਦੁਕਾਨ 'ਤੇ ਭੁੱਲ ਆਉਂਦੇ ਹਨ। ਔਰਤਾਂ ਚਾਹ ਵਿਚ ਚੀਨੀ ਦੀ ਥਾਂ ਲੂਣ ਪਾ ਦਿੰਦੀਆਂ ਹਨ ਦੇ ਦਾਲ ਵਿਚ ਮਸਾਲੇ ਦੀ ਥਾਂ ਅੰਬਚੂਰ ਸੁੱਟ ਦਿੰਦੀਆਂ ਹਨ। ਕਈ ਖਾਣਾ ਬਣਾਉਂਦੀਆਂ ਫੋਨ ਕਰਨ ਲਗਦੀਆਂ ਹਨ ਤੇ ਗੱਲਾਂ ਵਿਚ ਰੁੱਝ ਕੇ ਸਬਜ਼ੀ ਸਾੜ ਲੈਂਦੀਆਂ ਹਨ। ਕਈ ਦੁੱਧ ਨੂੰ ਅੱਗ 'ਤੇ ਧਰ ਕੇ ਆਟਾ ਗੁੰਨ੍ਹਣ ਲੱਗ ਜਾਂਦੀਆਂ ਹਨ ਤੇ ਦੁੱਧ ਉਬਾਲ ਲੈਂਦੀਆਂ ਹਨ। ਅਜਿਹੇ ਕਾਰਨਾਂ ਕਰ ਕੇ ਹੀ ਡਾਕਟਰ, ਅਧਿਆਪਕ ਤੇ ਇੰਜੀਨੀਅਰ ਕੰਮ ਕਰਦਿਆਂ ਪੜ੍ਹਾਈ ਲਿਖਾਈ ਤੋਂ ਅਵੇਸਲੇ ਹੋ ਜਾਂਦੇ ਹਨ। ਉਹ ਆਪਣੇ ਕਿੱਤੇ ਦੇ ਕੰਮ ਵਿਚ ਪਿੱਛੇ ਰਹਿ ਜਾਂਦੇ ਹਨ ਤੇ ਉਨ੍ਹਾਂ ਨੂੰ ਪੁਰ-ਮਿਆਰ ਕਰਨ ਲਈ ਵਿਸ਼ੇਸ਼ ਸਕੂਲ ਤੇ ਸੈਮੀਨਾਰ ਲਾਏ ਜਾਂਦੇ ਹਨ। ਇਸ ਸ਼੍ਰੇਣੀ ਦੇ ਵਧੇਰੇ ਲੋਕ ਧਿਆਨ ਦੀ ਘਾਟ ਕਾਰਨ ਬੌਂਦਲ ਜਾਂਦੇ ਹਨ। ਇਹ ਸਭ ਚੈਸਟਨਟ ਬੱਡ ਦੇ ਪਾਤਰ ਹੁੰਦੇ ਹਨ ਤੇ ਇਸ ਨਾਲ ਠੀਕ ਹੋ ਸਕਦੇ ਹਨ।




ਪਰ ਇਸ ਦਵਾਈ ਦਾ ਸਭ ਤੋਂ ਵਧੇਰੇ ਲਾਭ ਸਕੂਲੀ ਬੱਚਿਆਂ ਨੂੰ ਹੋ ਸਕਦਾ ਹੈ। ਅਕਸਰ ਕਈ ਮਾਪੇ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਦਾ ਬੱਚਾ ਪੜ੍ਹਨ ਵਿਚ ਢਿੱਲ੍ਹਾ ਹੈ; ਕਲਾਸ ਨਾਲ ਨਹੀਂ ਚਲਦਾ; ਪੜ੍ਹਨ ਵਲ ਘੱਟ ਧਿਆਨ ਦਿੰਦਾ ਹੈ ਤੇ ਖੇਡ ਵਲ ਜ਼ਿਆਦਾ ਭੱਜਦਾ ਹੈ। ਕੁਝ ਕਹਿਣਗੇ, "ਉਸ ਨੂੰ ਆਪਣੇ ਆਪ ਤੋਂ ਕੋਈ ਗੱਲ ਨਹੀਂ ਔੜਦੀ ਤੇ ਉਹ ਬੇਧਿਆਨਾ ਹੈ।" ਅਜਿਹੇ ਬੱਚਿਆਂ ਦਾ ਮਨ ਪੜ੍ਹਾਈ ਤੋਂ ਝੱਟ ਉਚਾਟ ਹੋ ਜਾਂਦਾ ਹੈ। ਉਹ ਉਬਾਸੀਆਂ ਲੈਂਦੇ ਹਨ, ਉਸਲਵੱਟੇ ਖਾਣ ਲਗਦੇ ਹਨ ਤੇ ਉੱਠ ਉੱਠ ਭਜਦੇ ਹਨ। ਉਹ ਆਪਣੇ ਧਿਆਨ ਦੇ ਨਾਲ ਨਾਲ ਆਪਣੇ ਪੜ੍ਹਾਉਣ ਵਾਲੇ ਦਾ ਧਿਆਨ ਵੀ ਭਟਕਾਉਣ ਲਗਦੇ ਹਨ। ਵਿਸ਼ੇ ਤੋਂ ਬਾਹਰਲੇ ਪ੍ਰਸ਼ਨ ਪੁੱਛਦੇ ਹਨ, ਘੜੀ-ਮੁੜੀ ਬਾਹਰ ਝਾਕਦੇ ਹਨ, ਕੰਧ ਜਾਂ ਛੱਤ ਤੇ ਟਿਕ-ਟਿਕੀ ਲਾਉਂਦੇ ਹਨ, ਕਿਤਾਬ ਹੇਠ ਨਾਵਲ ਛੁਪਾ ਕੇ ਪੜ੍ਹਦੇ ਹਨ, ਕਾਪੀਆਂ 'ਤੇ ਚਿੱਤਰ ਵਾਹੁੰਦੇ ਹਨ, ਦੂਜੇ ਬੱਚਿਆਂ ਨੂੰ ਸੁਨੇਹੇ ਲਿਖ ਲਿਖ ਭੇਜਦੇ ਹਨ, ਸ਼ਰਾਰਤਾਂ ਕਰਦੇ ਹਨ ਤੇ ਸ਼ੋਰ ਮਚਾਉਂਦੇ ਹਨ। ਇਹ ਉਹੀ ਬੱਚੇ ਹੁੰਦੇ ਹਨ, ਜੋ ਪੜ੍ਹਨ ਦੀ ਥਾਂ ਘੜੀ ਵਲ ਵਧੇਰੇ ਧਿਆਨ ਦਿੰਦੇ ਹਨ ਤੇ ਪੰਜ ਮਿੰਟ ਪਹਿਲਾਂ ਹੀ ਬਸਤੇ ਬੰਨ੍ਹ ਕੇ ਭੱਜਣ ਲਈ ਤਿਆਰ ਹੋ ਜਾਂਦੇ ਹਨ। ਕਲਾਸ ਤੋਂ ਬਾਹਰ ਕੱਢਣ (Time-out) ਦੀ ਸਜ਼ਾ ਤੇ ਡਾਂਟ-ਫਿਟਕਾਰ ਦਾ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੁੰਦਾ। ਅਜਿਹੇ ਬੱਚਿਆਂ ਨੂੰ ਪੜ੍ਹਾਉਣ ਲਈ ਝਾੜ੍ਹ ਝੰਬ ਦੀ ਨਹੀਂ, ਚੈਸਟਨਟ ਬੱਡ ਦੀ ਲੋੜ ਹੁੰਦੀ ਹੈ। ਇਹ ਬੈਚ ਫੁੱਲ ਦਵਾਈ ਇਨ੍ਹਾਂ ਸਭਨਾਂ ਨੂੰ ਮਹੀਨੇ ਭਰ ਵਿਚ ਹੀ ਸੰਜੀਦਾ ਪੜ੍ਹਾਕੂ ਬਣਾ ਸਕਦੀ ਹੈ। ਯਾਦ ਰਹੇ, ਇਹ ਉਨ੍ਹਾਂ ਦਾ ਦਿਮਾਗ ਤੇਜ਼ ਨਹੀਂ ਕਰੇਗੀ, ਬਸ ਉਨ੍ਹਾਂ ਦੇ ਧਿਆਨ ਨੂੰ ਉਨ੍ਹਾਂ ਦੇ ਕੰਮ ਵਿਚ ਲਗਾਏਗੀ।

ਕਈ ਮਾਪੇ ਆ ਕੇ ਦੱਸਦੇ ਹਨ ਕਿ ਉਨ੍ਹਾਂ ਦਾ ਬੱਚਾ ਪੜ੍ਹਦਾ ਤਾਂ ਬਹੁਤ ਹੈ, ਪਰ ਉਸ ਦੀ ਮਿਹਨਤ ਮੁਤਾਬਿਕ ਉਸ ਦੇ ਨੰਬਰ ਨਹੀਂ ਆਉਂਦੇ। ਅਜਿਹੇ ਬੱਚੇ ਸਾਰਾ ਦਿਨ ਕਿਤਾਬ ਉੱਤੇ ਅੱਖਾਂ ਗੱਡ ਕੇ ਬੈਠੇ ਰਹਿੰਦੇ ਹਨ, ਪਰ ਉਨ੍ਹਾਂ ਦੀ ਸਮਝ ਵਿਚ ਕੁਝ ਨਹੀਂ ਪੈਂਦਾ। ਉਹੀ ਚੀਜ਼ ਬਹੁਤ ਵਾਰ ਪੜ੍ਹਨ ਨਾਲ ਵੀ ਉਹ ਕੋਰੇ ਦੇ ਕੋਰੇ ਰਹਿੰਦੇ ਹਨ। ਕਈ ਵਾਰ ਉਨ੍ਹਾਂ ਨੂੰ ਇੱਕਲੇ ਇੱਕਲੇ ਸ਼ਬਦਾਂ ਦੇ ਅਰਥ ਵੀ ਆਉਂਦੇ ਹੁੰਦੇ ਹਨ, ਪਰ ਉਹ ਪੂਰੇ ਵਾਕ ਜਾਂ ਪੈਰੇ ਦੇ ਅਰਥ ਨਹੀਂ ਸਮਝ ਸਕਦੇ। ਉਨ੍ਹਾਂ ਦੀ ਸਿੱਖਣ ਦੀ ਰਫਤਾਰ ਬਹੁਤ ਘੱਟ ਹੁੰਦੀ ਹੈ। ਉਹ ਕਈ ਕਈ ਵਾਰ ਫੇਲ੍ਹ ਹੋ ਕੇ ਇੱਕੋ ਜਮਾਤ ਵਿਚ ਬੈਠੇ ਹੁੰਦੇ ਹਨ। ਅਜਿਹੇ ਵਿਦਿਆਰਥੀ ਹਰ ਵਾਰ ਉਹੀ ਗਲਤੀ ਦੁਹਰਾਈ ਜਾਂਦੇ ਹਨ, ਪਰ ਇਸ ਦਾ ਕਾਰਨ ਲੱਭ ਕੇ ਇਸ ਨੂੰ ਠੀਕ ਨਹੀਂ ਕਰਦੇ। ਚੈਸਟਨਟ ਬੱਡ ਇਨ੍ਹਾਂ ਇਕ ਥਾਂ ਜਾਮ (Stuck) ਹੋਏ ਬੱਚਿਆਂ ਨੂੰ ਆਪਣੇ ਤਜ਼ਰਬੇ ਦਾ ਲਾਭ ਉਠਾਉਣ ਦੇ ਕਾਬਲ ਬਣਾ ਕੇ ਉਨ੍ਹਾਂ ਦੀਆਂ ਸਿੱਖਿਆ ਸਬੰਧੀ ਕਮਜ਼ੋਰੀਆਂ ਨੂੰ ਦੂਰ ਕਰਦੀ ਹੈ। ਇਸ ਦੇ ਇਕ ਮਹੀਨੇ ਦੇ ਕੋਰਸ ਨਾਲ ਹੀ ਉਨ੍ਹਾਂ ਦੀ ਕਾਰਗੁਜ਼ਾਰੀ ਵਧੀਆ ਹੋਣ ਲਗਦੀ ਹੈ, ਪਰ ਇਸ ਦਾ ਅਰਥ ਇਹ ਨਹੀਂ ਕਿ ਸਾਰੇ ਢਿੱਲ੍ਹੇ ਬੱਚੇ ਇਸ ਨਾਲ ਤੇਜ ਹੋ ਜਾਣਗੇ ਤੇ ਚੰਗੇ ਸਕੋਰ ਪ੍ਰਾਪਤ ਕਰਨ ਲੱਗ ਜਾਣਗੇ। ਜਿਨ੍ਹਾਂ ਵਿਚ ਇਸ ਦੀਆਂ ਅਲਾਮਤਾਂ ਹੋਣਗੀਆਂ, ਇਹ ਉਨ੍ਹਾਂ ਨੂੰ ਹੀ ਠੀਕ ਕਰੇਗੀ।

ਅਜਿਹੀ ਖੜੋਤ ਦੇ ਮਾਰੇ ਵਿਅਕਤੀ ਸਕੂਲਾਂ ਜਾਂ ਕਾਲਜਾਂ ਵਿਚ ਹੀ ਨਹੀਂ ਮਿਲਦੇ, ਸਗੋਂ ਜੀਵਨ ਦੇ ਹਰ ਖੇਤਰ ਵਿਚ ਪਾਏ ਜਾਂਦੇ ਹਨ। ਇਹ ਜਿੱਥੇ ਇਕ ਵਾਰ ਖੜ੍ਹ ਗਏ, ਉੱਥੇ ਹੀ ਖੜ੍ਹੇ ਰਹਿੰਦੇ ਹਨ। ਜਿੰਨਾ ਮਾਂ-ਪਿਓ ਨੇ ਪੜ੍ਹਾ ਦਿੱਤਾ, ਉਸ ਤੋਂ ਅੱਗੇ ਨਹੀਂ ਚਲਦੇ। ਸਿਲੇਬਸ ਤੋਂ ਬਾਹਰ ਦੀ ਕੋਈ ਕਿਤਾਬ ਨਹੀਂ ਪੜ੍ਹਦੇ। ਜਿਸ ਨੌਕਰੀ 'ਤੇ ਲੱਗ ਗਏ, ਉਸ ਤੋਂ ਉੱਪਰ ਨਹੀਂ ਉੱਠਦੇ। ਸਾਰੀ ਉਮਰ ਕੋਈ ਦੂਜੀ ਜ਼ੁਬਾਨ ਨਹੀਂ ਸਿੱਖਦੇ। ਆਪਣੇ ਉੱਦਮ ਤੇ ਸ਼ੌਕ ਨਾਲ ਕੁਝ ਨਹੀਂ ਕਰਦੇ। ਇੱਥੋਂ ਤੀਕ ਕਿ ਬਦਲਦੇ ਜ਼ਮਾਨੇ ਨਾਲ ਵੀ ਨਹੀਂ ਬਦਲਦੇ। ਨਵੀਨਤਾ ਦੇ ਖਲਾਅ ਨੂੰ ਤਰ੍ਹਾਂ ਤਰ੍ਹਾਂ ਦੇ ਬਹਾਨਿਆਂ ਨਾਲ ਭਰਨ ਦੀ ਕੋਸ਼ਿਸ਼ ਕਰਦੇ ਹਨ। ਆਪਣੇ ਸਭਿਆਚਾਰ ਤੇ ਆਪਣੀ ਬੋਲੀ ਨੂੰ ਜਗ ਵਿਚ ਉੱਤਮ ਦਰਸਾ ਕੇ ਆਪਣੇ ਪੱਛੜੇਪਣ ਨੂੰ ਜਾਇਜ਼ ਠਹਿਰਾਉਂਦੇ ਹਨ। ਅਜਿਹੀ ਸੋਚ ਕਾਰਨ ਅੱਜ ਉੱਚੇ ਉੱਚੇ ਅਹੁਦਿਆਂ ਤੋਂ ਰਿਟਾਇਰ ਹੋਏ ਬਹੁਤੇ ਅਫਸਰਾਂ ਨੂੰ ਕੰਪਿਊਟਰ ਤੀਕ ਨਹੀਂ ਆਉਂਦਾ। ਜਿਨ੍ਹਾਂ ਨੂੰ ਇਸ ਦੀ ਮਾੜੀ ਮੋਟੀ ਸਮਝ ਹੁੰਦੀ ਹੈ, ਉਹ ਟਾਈਪ ਨਾ ਆਉਣ ਕਰਕੇ ਇਸ 'ਤੇ ਕੰਮ ਨਹੀਂ ਕਰ ਸਕਦੇ। ਪਹਿਲਾਂ ਟਾਈਪ ਇਸ ਲਈ ਨਹੀਂ ਸਿੱਖੀ ਕਿ ਇਸ ਨੂੰ ਕਲਰਕਾਂ ਦਾ ਕੰਮ ਸਮਝਦੇ ਰਹੇ। ਹੁਣ ਇਸ ਲਈ ਨਹੀਂ ਸਿੱਖਦੇ ਕਿ ਇਸ ਨੂੰ ਬੱਚਿਆਂ ਦਾ ਕੰਮ ਸਮਝਦੇ ਹਨ। ਕਈ ਤਾਂ ਸਮਾਰਟ ਫੋਨ ਵੀ ਨਹੀਂ ਚਲਾ ਸਕਦੇ। ਅਚੰਭੇ ਦੀ ਗੱਲ ਹੈ ਕਿ ਫਿਜ਼ੀਕਸ, ਕੈਮੀਸਟਰੀ, ਹਿਸਾਬ, ਸਮਾਜ ਵਿਗਿਆਨ ਤੇ ਅੰਗਰੇਜ਼ੀ ਜਿਹੇ ਵਿਸ਼ਿਆਂ ਦੇ ਬਹੁਤੇ ਪ੍ਰੋਫੈਸਰ ਰਹੇ ਵੀ ਇਸ ਨੂੰ ਆਨ-ਆਫ ਕਰਨਾ ਹੀ ਜਾਣਦੇ ਹਨ। ਇਹ ਭੂਤਕਾਲੀਨ ਚਿੱਟ-ਕਪੜੀ ਅਫਸਰ ਇੰਨੇ ਲਾਚਾਰ ਹੋ ਜਾਂਦੇ ਹਨ ਕਿ ਆਪਣੀ ਈ-ਮੇਲ ਵੀ ਆਪਣੇ ਬੱਚਿਆਂ ਤੋਂ ਭਿਜਵਾਉਂਦੇ ਹਨ। ਉਹ ਆਪਣੀਆਂ ਸੀਮਤ ਸਮਤਾਵਾਂ ਨਾਲ ਹੀ ਕੰਮ ਸਾਰੀ ਜਾਂਦੇ ਹਨ, ਪਰ ਇਨ੍ਹਾਂ ਨੂੰ ਵਿਸਤ੍ਰਿਤ ਨਹੀਂ ਕਰਦੇ। ਕੁਝ ਸਿੱਖਣ ਲਈ ਕਹੋ ਤਾਂ ਬੁਢਾਪੇ, ਬੀਮਾਰੀ, ਯਾਦਦਾਸ਼ਤ ਤੇ ਉਮਰ ਦਾ ਬਹਾਨਾ ਲਾ ਦਿੰਦੇ ਹਨ। ਮਰਨ ਤੋਂ ਪਹਿਲਾਂ ਹੀ ਮਰਨ ਦੀ ਗੱਲ ਕਰੀ ਜਾਂਦੇ ਹਨ। ਆਪਣੇ ਤਜਰਬੇ ਤੋਂ ਕੁਝ ਨਵਾਂ ਸਿੱਖਣ ਦਾ ਉਤਸ਼ਾਹ ਨਹੀਂ ਰੱਖਦੇ ਤੇ ਆਪਣੀਆਂ ਗਲਤੀਆਂ ਨੂੰ ਸੁਧਾਰਨ ਦਾ ਉਪਰਾਲਾ ਨਹੀਂ ਕਰਦੇ। ਚੈਸਟਨਟ ਬੱਡ ਦੀ ਸਹੀ ਲੋੜ ਇਨ੍ਹਾਂ ਬਜੁਰਗ ਸ਼ਹਿਰੀਆਂ ਨੂੰ ਹੈ।

ਚੈਸਟਨਟ ਬੱਡ ਦੇ ਮਰੀਜ਼ ਕੁਦਰਤ ਵਲੋਂ ਹੀ ਦਕਿਆਨੂਸੀ ਤੇ ਅੰਧ-ਭਗਤ ਹੁੰਦੇ ਹਨ, ਜੋ ਜਿਸ ਪਾਰਟੀ ਨਾਲ ਜੁੜ ਜਾਂਦੇ ਹਨ, ਉੱਥੇ ਹੀ ਵੋਟ ਪਾਉਂਦੇ ਚਲੇ ਜਾਂਦੇ ਹਨ। ਇਹ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਉਨ੍ਹਾਂ ਦਾ ਹਿੱਤ ਕਿੱਥੇ ਹੈ। ਲੋਕਤੰਤਰ ਵਿਚ ਰਹਿੰਦੇ ਹਨ, ਪਰ ਇਹ ਜਾਣਨ ਦਾ ਯਤਨ ਨਹੀਂ ਕਰਦੇ ਕਿ ਲੋਕਤੰਤਰ ਹੁੰਦਾ ਕੀ ਹੈ! ਕੋਈ ਬੈਂਥਮ, ਜੇ. ਐਸ. ਮਿਲ ਤੇ ਲਾਸਕੀ ਪੜ੍ਹਨ ਦੀ ਕੋਸਿਸ਼ ਨਹੀਂ ਕਰਦਾ ਤੇ ਕੋਈ ਇੰਗਲੈਂਡ ਦਾ ਇਤਿਹਾਸ ਨਹੀਂ ਫਰੋਲਦਾ, ਜਿਸ ਵਿਚ ਪਾਰਲੀਆਮਾਨੀ ਲੋਕਤੰਤਰ ਦੇ ਪਨਪਣ ਦੀ ਕਹਾਣੀ ਹੈ। ਇੱਥੋਂ ਤੀਕ ਕਿ ਭਾਰਤੀ ਸੰਵਿਧਾਨ ਤੇ ਭਾਰਤੀ ਦੰਡ ਪ੍ਰਣਾਲੀ ਵੀ ਕੁਝ ਇਕ ਨੇ ਹੀ ਪੜ੍ਹੇ ਹੋਣਗੇ। ਕੀ ਵੋਟਰ, ਕੀ ਨੇਤਾ ਤੇ ਕੀ ਅਫਸਰ, ਆਪਣੇ ਤਜ਼ਰਬੇ ਤੋਂ ਸਿੱਖਣ ਦੀ ਥਾਂ ਭੇਡ-ਚਾਲ ਅਪਨਾਉਂਦੇ ਹਨ। ਝੂਠੇ ਵਾਅਦੇ ਦਿੱਤੇ ਜਾਂਦੇ ਹਨ ਤੇ ਮੰਨੇ ਜਾਂਦੇ ਹਨ। ਜਨਤਾ ਜਾਤ ਪਾਤ, ਧਰਮ, ਸੰਪਰਦਾਇਕਤਾ, ਪ੍ਰਾਂਤਵਾਦ ਦਾ ਸ਼ਿਕਾਰ ਹੋ ਕੇ ਚੋਣ ਦਰ ਚੋਣ ਆਪਣੇ ਵਿਰੋਧੀਆਂ ਨੂੰ ਹੀ ਰਾਜ-ਸੱਤਾ ਸੰਭਾਲੀ ਜਾਂਦੀ ਹੈ। ਚਲਦੇ ਚਲਦੇ ਰਾਜ ਫਾਸੀਵਾਦ ਦੀ ਲਪੇਟ ਵਿਚ ਆ ਜਾਂਦੇ ਹਨ, ਪਰ ਉਨ੍ਹਾਂ ਨੂੰ ਇਸ ਦਾ ਪਤਾ ਹੀ ਨਹੀਂ ਚਲਦਾ। ਪਤਾ ਤਾਂ, ਤਾਂ ਲੱਗੇ ਜੇ ਫਾਸੀਵਾਦ ਦਾ ਪਤਾ ਹੋਵੇ। ਕਿਸੇ ਦੇਸ਼ ਲਈ ਇਸ ਤੋਂ ਵੱਡਾ ਦੁਖਾਂਤ ਕੀ ਹੋ ਸਕਦਾ ਹੈ ਕਿ ਉੱਥੋਂ ਦੇ ਲੋਕ ਤਾਂ ਭੋਂਦੂ ਹੋਣ ਹੀ, ਪਰ ਦਰਜਨਾਂ ਰਾਜਸੀ ਦਲ ਵੀ ਲੋਕਤੰਤਰ ਦੇ ਨਾਂ 'ਤੇ ਪਾਟਵੀਂ ਰਾਜਨੀਤੀ ਕਰਦੇ ਹੋਣ ਤੇ ਲੋਕਤੰਤਰ ਦਾ ਅਪਹਰਣ ਹੋਣੋਂ ਨਾ ਰੋਕ ਸਕਦੇ ਹੋਣ! ਇਸ ਨੂੰ ਭਾਵੇਂ ਕਿਸੇ ਨਾਂ ਨਾਲ ਵਡਿਆਉ, ਪਰ ਹੈ ਇਹ ਰਾਜਸੀ ਬੌਣਾਪਣ ਹੀ। ਜੋ ਵਿਅਕਤੀ ਇਸ ਬਾਰੇ ਸੰਕੁਚਿਤ ਸੋਚ ਧਾਰੀ ਚਲੇ ਆ ਰਹੇ ਹਨ, ਉਹ ਨਿਸ਼ਚੇ ਹੀ ਮਾਨਸਿਕ ਲਕਵੇ ਦੇ ਮਾਰੇ ਹੋਏ ਹਨ। ਉਨ੍ਹਾਂ ਦੀ ਦਵਾਈ ਇਹੀ ਚੈਸਟਨਟ ਬੱਡ ਹੈ।

ਜਿਵੇਂ ਉੱਪਰ ਦੱਸਿਆ ਹੈ, ਚੈਸਟਨਟ ਬੱਡ ਵਿਚ ਟਾਲਮਟੋਲ ਕਰਨ ਜਾਂ ਭੱਜ ਜਾਣ ਜਾਂ ਬਹਾਨੇਬਾਜ਼ੀ ਕਰਕੇ ਰਾਹ ਨਾ ਦੇਣ ਦੀ ਰੁਚੀ ਪ੍ਰਬਲ ਹੁੰਦੀ ਹੈ। ਇਸ ਦੇ ਮਰੀਜ਼ ਨੂੰ ਛੁਪਾਉਣ ਦੀ ਆਦਤ ਹੁੰਦੀ ਹੈ। ਉਹ ਝੂਠ ਨੂੰ ਵੀ ਛੁਪਾਉਂਦਾ ਹੈ ਤੇ ਸੱਚ ਨੂੰ ਵੀ। ਉਹ ਆਪਣੇ ਬਚਣ ਲਈ ਝੂਠ ਦਾ ਬਹਾਨਾ ਘੜਦਾ ਹੈ ਤੇ ਨਾਟਕ ਕਰਦਾ ਨਿਕਲ ਜਾਂਦਾ ਹੈ। ਪੜ੍ਹਦੇ ਬੱਚੇ ਘੜੀ-ਮੁੜੀ ਪਿਸ਼ਾਬ ਦਾ ਬਹਾਨਾ ਲਾ ਕੇ ਪੜ੍ਹਨੋਂ ਬਚਦੇ ਹਨ। ਕਈ ਢਿੱਡ ਪੀੜ, ਕਈ ਪਿਆਸ ਤੇ ਕਈ ਸਿਰਦਰਦ ਦੇ ਬਹਾਨੇ ਟਿੱਭ ਜਾਂਦੇ ਹਨ। ਪੈਂਸਲ ਦਾ ਸਿੱਕਾ ਤੋੜ ਕੇ ਪੈਂਸਲ ਤਰਾਸ ਮੰਗਦੇ ਫਿਰਨਾ ਕਈਆਂ ਦੀ ਆਦਤ ਹੁੰਦੀ ਹੈ। ਕਈ ਹਰ ਰੋਜ਼ ਆਪਣੀ ਕਾਪੀ ਗਵਾ ਦਿੰਦੇ ਹਨ ਤਾਂ ਜੋ ਸਕੂਲ ਨਾ ਜਾਣਾ ਪਵੇ। ਕਈ ਘਰੋਂ ਚੂਰੀ ਲੜ੍ਹ ਬੰਨ ਕੇ ਜਾਂਦੇ ਹਨ, ਪਰ ਸਕੂਲ ਨਹੀਂ ਵੜਦੇ। ਕਈ ਸਾਲ ਦਰ ਸਾਲ ਫੇਲ੍ਹ ਹੋਣ ਤੋਂ ਬਾਅਦ ਮਾਪਿਆਂ ਦੀ ਸਹਾਇਤਾ ਬਹਾਨੇ ਸਕੂਲ ਹੀ ਛੱਡ ਦਿੰਦੇ ਹਨ। ਇਸੇ ਤਰ੍ਹਾਂ ਟਾਲਮਟੋਲ ਕਰ ਕੇ ਕਿਰਾਏਦਾਰ ਕਿਰਾਇਆ ਲੇਟ ਦਿੰਦਾ ਹੈ, ਦਰਜ਼ੀ ਕੱਪੜੇ ਤੇ ਮੋਚੀ ਜੁੱਤੀਆਂ ਨਹੀਂ ਮੋੜਦਾ। ਸਟੈਨੋ ਟਾਈਪਰਾਈਟਰ ਦਾ ਪੁਰਜਾ ਖਰਾਬ ਹੋਣ ਦਾ ਬਹਾਨਾ ਲਾ ਕੇ ਕੰਮ ਤੋਂ ਟਲਣ ਦੀ ਕੋਸ਼ਿਸ਼ ਕਰਦਾ ਹੈ। ਇਨ੍ਹਾਂ ਚਕਮੇਬਾਜ਼ਾਂ ਨਾਲ ਰੋਜ ਦੀ ਤਕਰਾਰਬਾਜ਼ੀ ਕਰਨ ਦੀ ਥਾਂ ਇਨ੍ਹਾਂ ਨੂੰ ਚੈਸਟਨਟ ਬੱਡ ਦੇਣੀ ਬਣਦੀ ਹੈ।

ਕਈ ਨੌਜਵਾਨ ਚੋਰੀ ਵਿਆਹ ਕਰਵਾ ਕੇ ਘਰੋਂ ਭੱਜ ਜਾਂਦੇ ਹਨ। ਚੋਰੀ ਕਰ ਕੇ ਚੋਰ ਫਰਾਰ ਹੋ ਜਾਂਦੇ ਹਨ ਤੇ ਡਾਕੇ ਮਾਰ ਕੇ ਡਾਕੂ ਜੰਗਲਾਂ ਵਿਚ ਛੁਪ ਜਾਂਦੇ ਹਨ। ਛੋਟੇ ਬੱਚੇ ਡਰਦੇ ਮਾਂਵਾਂ ਪਿੱਛੇ ਲੁਕ ਜਾਂਦੇ ਹਨ। ਕਈ ਬੱਚੇ ਬਾਹਰਲਿਆਂ ਨੂੰ ਕੁੱਟ ਕੇ ਮੰਜੇ ਹੇਠ ਆ ਛਿੱਪਦੇ ਹਨ। ਬਹੁਤੇ ਬੱਚੇ ਮਹਿਮਾਨਾਂ ਸਾਹਮਣੇ ਆਪਣੇ ਕਮਰੇ 'ਚੋਂ ਬਾਹਰ ਨਹੀਂ ਨਿਕਲਦੇ। ਕਈ ਮਰੀਜ਼ ਆਪਣੀ ਤਕਲੀਫ ਤੋਂ ਭੱਜ ਜਾਣਾ ਚਾਹੁੰਦੇ ਹਨ। ਉਹ ਆਪਣੀ ਬਿਮਾਰੀ ਦੱਸਦੇ ਹੋਏ ਕਹਿੰਦੇ ਹਨ, "ਮੈਂ ਇੰਨਾ ਉਦਾਸ ਹਾਂ ਕਿ ਦਿਲ ਕਰਦਾ ਹੈ ਕਿਤੇ ਨਿਕਲ ਜਾਵਾਂ।" ਔਰਤ ਕਹੇਗੀ, "ਮੈਂ ਇੰਨੀ ਤੰਗ ਹਾਂ

*(ਬਾਕੀ ਅਗਲੇ ਸਫੇ 'ਤੇ)*

# ਆਦਤਾਂ ਅਤੇ ਇੱਛਾ-ਸ਼ਕਤੀ

ਤੌਬਾ ਜ਼ਾਮ-ਸ਼ਿਕਨ, ਜ਼ਾਮ ਤੌਬਾ-ਸ਼ਿਕਨ,
ਸਾਮਨੇ ਢੇਰ ਹੈਂ ਟੂਟੇ ਹੂਏ ਪੈਮਾਨੋਂ ਕੇ।

ਰਿਆਜ਼ ਖੈਰਾਬਾਦੀ ਦੇ ਇਸ ਸ਼ੇਅਰ ਦੇ ਭਾਵ ਨੂੰ ਅਮਰੀਕਾ ਦੇ ਮਹਾਨ ਹਾਸ-ਰਸ ਸਾਹਿਤਕਾਰ ਮਾਰਕ ਟਵੇਨ ਦੀ ਹੇਠਲੀ ਟੂਕ ਹੋਰ ਵੀ ਵੱਧ ਅਰਥ-ਭਰਪੂਰ ਬਣਾ ਦਿੰਦੀ ਹੈ,

"ਸ਼ਰਾਬ ਛੱਡਣੀ ਕਿਹੜੀ ਔਖੀ ਗੱਲ ਹੈ? ਮੈਂ ਪੰਜਾਹ ਵਾਰ ਛੱਡੀ ਹੈ।"

ਇਹ ਦੋਨੋਂ ਕਲਾਮ ਆਪਾਂ ਨੂੰ ਮਨੁੱਖੀ ਸੁਭਾਅ ਦੇ ਇਸ ਅਹਿਮ ਪੱਖ ਪ੍ਰਤੀ ਜਾਗਰੂਕ ਕਰਦੇ ਹਨ ਕਿ ਸਾਡੀਆਂ ਆਦਤਾਂ ਦੇ ਸਾਹਮਣੇ ਸਾਡੀ ਇੱਛਾ-ਸ਼ਕਤੀ ਇੰਨੀ ਨਿਰਬਲ ਹੈ ਕਿ ਗਿਆਨ, ਸਿਆਣਪਾਂ, ਖਾਧੀਆਂ ਸਹੁੰਆਂ ਅਤੇ ਸੁਹਿਰਦ



ਸਲਾਹਾਂ ਵੀ ਇਸ ਦੀ ਮਦਦ ਨਹੀਂ ਕਰ ਸਕਦੀਆਂ। ਹਠ ਕਰਕੇ ਇਹ ਜ਼ਾਮ ਨੂੰ ਤੋੜ-ਤੋੜ ਕੇ ਉਨ੍ਹਾਂ ਦੇ ਢੇਰ ਤਾਂ ਲਾ ਸਕਦੀ ਹੈ, ਪਰ ਖੁਦ

ਇੰਜੀਨੀਅਰ ਈਸ਼ਰ ਸਿੰਘ
ਫੋਨ: 647-640-2014

ਆਦਤਾਂ ਸਾਹਮਣੇ ਬੇ-ਬਸ ਹੋ ਜਾਂਦੀ ਹੈ। ਜੇ ਸਹੁੰਆਂ ਖਾ ਕੇ ਗਲਾਸੀਆਂ ਜਾਂ ਬੋਤਲਾਂ ਭੰਨਣ ਨਾਲ ਸ਼ਰਾਬ ਛੁਟਦੀ ਹੁੰਦੀ ਤਾਂ ਲੱਗਭੱਗ ਸਾਰੇ ਸ਼ਰਾਬੀਆਂ ਨੇ ਹੀ ਛੱਡੀ ਹੋਣੀ ਸੀ। ਸਾਡੀਆਂ ਆਦਤਾਂ ਅਤੇ ਸਾਡੀ ਇੱਛਾ-ਸ਼ਕਤੀ ਦੀ ਇਹ ਵਿਰੋਧਤਾ ਕੁਦਰਤੀ ਵੀ ਅਤੇ ਵਿਆਪਕ ਵੀ ਵਰਤਾਰਾ ਹੈ। ਇਹ ਸਿਰਫ ਅੱਜ ਦੇ ਮਨੁੱਖ ਦੀ ਹੀ ਨਹੀਂ, ਸਗੋਂ ਆਦਿ-ਕਾਲੀਨੀ ਸਮੱਸਿਆ ਹੈ। ਮਹਾਂਭਾਰਤ ਦੇ ਨਾਇਕ ਧਰਮ-ਪੁੱਤਰ ਯੁਧਿਸ਼ਟਰ ਦੀ ਜੂਆ ਖੇਡਣ ਦੀ ਆਦਤ ਆਖਿਰ ਨੂੰ ਕਿੱਡਾ ਵੱਡਾ ਦੁਖਾਂਤ ਬਣੀ, ਹਾਲਾਂਕਿ ਸ੍ਰੀ ਕ੍ਰਿਸ਼ਨ ਭਗਵਾਨ ਖੁਦ ਉਸ ਦੇ ਸਲਾਹਕਾਰਾਂ ਵਿਚੋਂ ਸਨ।

ਆਦਤਾਂ ਅਤੇ ਇੱਛਾ-ਸ਼ਕਤੀ ਦੀ ਵਿਰੋਧਤਾ ਬਾਰੇ ਆਪਣਾ ਸਭ ਦਾ ਹਰ ਰੋਜ਼ ਦਾ ਵਿਅਕਤੀਗਤ ਤਜਰਬਾ ਵੀ ਹੈ ਅਤੇ ਆਪਾਂ ਆਲੇ-ਦੁਆਲੇ ਹੋਰਾਂ ਨੂੰ ਵੀ ਇਸ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਹਮਣਾ ਕਰਦੇ ਆਮ ਹੀ ਦੇਖਦੇ ਹਾਂ। ਪੜ੍ਹਦੇ-ਸੁਣਦੇ ਹਾਂ ਕਿ ਕੌਮਾਂਤਰੀ-ਪੱਧਰ ਤੱਕ ਦੇ ਖਿਡਾਰੀ ਨਸ਼ੇੜੀ ਬਣ ਜਾਂਦੇ ਹਨ ਅਤੇ ਹੋਰ-ਹੋਰ ਗਲਤ ਕੰਮਾਂ ਵਿਚ ਪੈ ਜਾਂਦੇ ਹਨ, ਹਾਲਾਂਕਿ ਉਨ੍ਹਾਂ ਦੀ ਇੱਛਾ-ਸ਼ਕਤੀ ਤਾਂ ਬੇ-ਜੋੜ ਹੁੰਦੀ ਹੈ। ਵਿਚਾਰ ਦੀ ਗੱਲ ਇਹ ਹੈ ਕਿ ਇੱਛਾ-ਸ਼ਕਤੀ ਵੀ ਸਾਡੀ ਹੈ, ਆਦਤਾਂ ਵੀ ਸਾਡੀਆਂ ਹਨ, ਨਫਾ-ਨੁਕਸਾਨ ਵੀ ਸਾਡਾ ਹੁੰਦਾ ਹੈ, ਕਰਨ-ਭਰਨ ਵਾਲੇ ਵੀ ਅਸੀਂ ਹਾਂ ਅਤੇ ਇਸ ਸਮੱਸਿਆ ਦਾ ਸਮਾਧਾਨ ਵੀ ਸਾਡਾ ਸਭ ਦਾ ਆਪੋ-ਆਪਣਾ ਹੀ ਤਾਂ ਫਰਜ਼ ਵੀ ਹੈ। ਤਾਂ ਫਿਰ ਅਸੀਂ ਇਨ੍ਹਾਂ ਦੋਹਾਂ ਗੁਣਾਂ ਦਾ ਸੁਮੇਲ ਕਰਕੇ ਆਪਣੇ ਜੀਵਨ ਨੂੰ ਵੱਧ ਸੌਖਾ ਅਤੇ ਸੁਚੱਜਾ ਬਣਾ ਸਕਦੇ ਹਾਂ। ਪਰ ਕਿਵੇਂ?

ਇਹ ਸਮਝਣ ਵਾਸਤੇ ਪਹਿਲਾਂ ਇੱਛਾ-ਸ਼ਕਤੀ ਦੇ ਲੱਛਣਾਂ ਬਾਰੇ ਵਿਚਾਰ ਕਰਦੇ ਹਾਂ। ਇਸ ਦੇ ਕਈ ਰੂਪ ਹਨ, ਜਿਵੇਂ ਕਿ ਦ੍ਰਿੜਤਾ, ਪੱਕਾ ਇਰਾਦਾ, ਹਠ, ਸਿਰੜ, ਤਹੱਈਆ ਆਦਿ। ਨਿਰਸੰਦੇਹ ਸਾਡੀ ਇੱਛਾ-ਸ਼ਕਤੀ ਸਾਨੂੰ ਕਿਸੇ ਔਖੇ ਕੰਮ ਨੂੰ ਕਰਨ ਦੀ ਹਿੰਮਤ ਅਤੇ ਜਜ਼ਬਾਤੀ ਵਹਿਣਾਂ ਅਤੇ ਗਲਤ ਵਿਚਾਰਾਂ ਨੂੰ ਦਬਾਉਣ ਦਾ ਬਲ ਦਿੰਦੀ ਹੈ। ਸਾਨੂੰ ਸਵੈ-ਕਾਬੂ ਜਾਂ ਜਾਬਤੇ ਵਿਚ ਰੱਖ ਕੇ ਮੰਦੇ ਕਰਮ ਤੋਂ ਰੋਕਦੀ ਹੈ ਅਤੇ ਚੰਗੇ ਵਾਸਤੇ ਪ੍ਰੇਰਦੀ ਹੈ। ਭਵਿੱਖ ਦੇ ਮਹੱਤਵਪੂਰਨ ਨਿਸ਼ਾਨੇ ਦੀ ਪ੍ਰਾਪਤੀ ਵਾਸਤੇ ਛਿਣ-ਭੰਗਰ ਚਸਕਿਆਂ (Temptations) ਤੋਂ ਮੂੰਹ ਮੋੜਨ ਦਾ ਸਿਰੜ ਦਿੰਦੀ ਹੈ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਇੱਛਾ ਸ਼ਕਤੀ ਸੁਚੇਤ ਮਨ ਦੀ ਅਗਵਾਈ ਵਿਚ ਜਾਣ-ਬੁੱਝ ਕੇ ਕੀਤੀ ਕਾਰਵਾਈ ਹੈ। ਜੀਵਨ ਵਿਚ ਮਿਥੇ ਨਿਸ਼ਾਨਿਆਂ ਦੀ ਪ੍ਰਾਪਤੀ ਵਾਸਤੇ ਆਪਾਂ ਨੂੰ ਹਰ ਵਕਤ ਅਤੇ ਸਾਰੀ ਉਮਰ ਇਸ ਦੀ ਲੋੜ ਹੈ, ਪਰ ਇੰਨੀ ਵੱਡੀ ਸ਼ਕਤੀ ਹੋਣ ਦੇ ਬਾਵਜੂਦ ਆਪਣੀਆਂ ਕੁਜ ਕਮਜ਼ੋਰੀਆਂ ਕਰ ਕੇ ਇਹ ਪੱਕ ਚੁੱਕੀਆਂ ਆਦਤਾਂ ਅੱਗੇ ਬੇ-ਵਸ ਹੋ ਜਾਂਦੀ ਹੈ। ਲੇਖ ਸ਼ੁਰੂ ਭਾਵੇਂ ਨੇਕ-ਨੀਅਤ ਇੱਛਾ-ਸ਼ਕਤੀ ਦੀ ਮੰਦੀਆਂ ਆਦਤਾਂ ਅੱਗੇ ਬੇ-ਵਸੀ ਤੋਂ ਕੀਤਾ ਗਿਆ ਹੈ, ਪਰ ਇਹ ਸਿਧਾਂਤ ਬਦਨੀਅਤ ਇੱਛਾ-ਸ਼ਕਤੀ ਦੀ ਚੰਗੀਆਂ ਆਦਤਾਂ ਅੱਗੇ ਬੇ-ਵਸੀ 'ਤੇ ਵੀ ਪੂਰੀ ਤਰ੍ਹਾਂ ਲਾਗੂ ਹੈ। ਇਹੋ ਇਸ ਲੇਖ ਦਾ ਮੁੱਦਾ ਹੈ।

ਮਨੋ-ਵਿਗਿਆਨੀ ਮੰਨਦੇ ਹਨ ਕਿ ਉਹ ਇੱਛਾ-ਸ਼ਕਤੀ ਦੀਆਂ ਕਮਜ਼ੋਰੀਆਂ ਕਾਰਨ ਪੂਰੀ ਤਰ੍ਹਾਂ ਨਹੀਂ ਸਮਝ ਸਕੇ। ਜਿੰਨਾ ਕੁ ਉਹ ਸਮਝ ਸਕੇ ਹਨ, ਉਸ ਅਨੁਸਾਰ ਇਹ ਇੱਕ ਵਿਅਕਤੀਗਤ ਕਾਰਵਾਈ ਹੈ। ਇਸ ਵਿਚ ਮੁਕਾਬਲੇਬਾਜੀ ਵੱਧ ਹੁੰਦੀ ਹੈ ਅਤੇ ਟੀਮ-ਜਜ਼ਬਾ ਘੱਟ ਹੁੰਦਾ ਹੈ। ਇਹ ਸਾਨੂੰ ਸਰੀਰ, ਦਿਮਾਗ ਅਤੇ ਮਨ ਨਾਲ ਧੱਕਾ ਕਰਨ ਦੀ ਆਦਤ ਪਾ ਦਿੰਦੀ ਹੈ, ਜੋ ਸਾਡੇ ਸੁਭਾਅ ਦਾ ਹਿੱਸਾ ਬਣ ਜਾਂਦਾ ਹੈ। ਇਹ ਦਿਖਾਵੇ ਅਤੇ ਪ੍ਰਸ਼ੰਸਾ ਦੀ ਇੱਛੁਕ ਹੁੰਦੀ ਹੈ, ਇਸ ਕਰਕੇ ਸਾਡੇ ਹੰਕਾਰ ਵਿਚ ਵਾਧਾ ਕਰਦੀ ਹੈ। ਇਹ ਸੁਚੇਤ ਮਨ ਦੀ ਕਾਰਵਾਈ ਹੈ, ਸੋ ਇਹ ਸਾਡੇ ਮੂਡ, ਸਾਡੀ ਸਮਰੱਥਾ, ਸਾਡੇ ਸਰੀਰਕ ਅਤੇ ਦਿਮਾਗੀ ਚਸਕਿਆਂ ਅਤੇ ਵਾਤਾਵਰਣ ਉਪਰ ਨਿਰਭਰ ਹੈ। ਇਹ ਸਭ ਬਦਲਦੇ ਰਹਿੰਦੇ ਹਨ ਜਿਵੇਂ ਕਿ ਮਾੜੀ ਸੰਗਤ ਵਿਚ ਜਾ ਕੇ ਜਾਂ ਟੀ. ਵੀ. ਦੇ ਇਸ਼ਤਿਹਾਰ ਦੇਖ ਕੇ ਅਸੀਂ ਬੇ-ਲੋੜੇ ਕੰਮ ਕਰ ਲੈਂਦੇ ਹਾਂ। ਇਹ ਸਾਡੇ ਸਰੀਰ ਦੇ ਹੋਰ ਅੰਗਾਂ ਵਾਂਗੂੰ ਕੰਮ ਕਰਦੀ ਹੈ, ਇਸ ਕਰਕੇ ਇਹ ਥੱਕ ਵੀ ਜਾਂਦੀ ਹੈ। ਇਹ ਚਾਰਜ ਕੀਤੀ ਬੈਟਰੀ ਵਾਂਗੂੰ ਹੁੰਦੀ ਹੈ ਜਾਂ ਮੀਂਹ ਵੇਲੇ ਕਿਸੇ ਬਰਸਾਤੀ ਨਦੀ ਦੇ ਵਹਾਓ ਵਾਂਗੂੰ ਹੁੰਦੀ ਹੈ।

ਫਿਰ ਵੀ ਇਸ ਦੀਆਂ ਲੋੜ ਤੋਂ ਵੱਧ ਵਡਿਆਈਆਂ ਆਪਾਂ ਆਮ ਕਰਦੇ ਸੁਣਦੇ ਹਾਂ, ਕਿਉਂਕਿ ਆਪਾਂ ਪ੍ਰਸ਼ੰਸਾ ਦੇ ਗਾਹਕ ਹਾਂ। ਇੱਥੋਂ ਤੱਕ ਦਾਅਵਾ ਕੀਤਾ ਜਾਂਦਾ ਹੈ ਕਿ ਇਸ ਨੂੰ ਤਕੜੀ ਕਰ ਕੇ ਅਸੀਂ ਇਸ ਜੀਵਨ ਦੇ ਹਰ ਮੰਤਵ ਨੂੰ ਪ੍ਰਾਪਤ ਕਰ ਸਕਦੇ ਹਾਂ ਅਤੇ ਅਸੰਭਵ ਨੂੰ ਸੰਭਵ ਬਣਾ ਸਕਦੇ ਹਾਂ, ਪਰ ਇਹ ਅਤਿ-ਕਥਨੀ ਹੈ। ਅੰਗਰੇਜ਼ੀ ਵਿਚ ਇਸ ਦੇ ਬੜੇ ਰੌਚਕ ਨਾਂ ਰੱਖ ਕੇ ਇਸ ਨੂੰ ਬਹੁਤ ਪ੍ਰਚਾਰਿਆ ਜਾ ਰਿਹਾ ਹੈ: Fire in the belly, Killer Spirit, Single-mindedness, Stick-to-itiveness, alpha male. ਇਹ ਸਭ ਵਪਾਰਕ ਇਸ਼ਤਿਹਾਰਬਾਜੀਆਂ ਹਨ, ਪਰ ਅੱਜ ਦੇ ਫਟਾ-ਫਟੀ ਦੇ ਯੁਗ ਦੀਆਂ ਮਨਪਸੰਦ ਗੱਲਾਂ ਹਨ।

ਹਰ ਇਨਸਾਨ ਦੀ ਕੁਦਰਤ ਵੱਲੋਂ ਸਰੀਰਕ ਅਤੇ ਮਾਨਸਿਕ ਪ੍ਰਤਿਭਾ ਨੀਅਤ ਹੋਈ ਹੁੰਦੀ ਹੈ ਅਤੇ ਕੋਈ ਵੀ ਇਸ ਤੋਂ ਬਾਹਰ ਨਹੀਂ ਜਾ ਸਕਦਾ; ਇਹ ਪ੍ਰਤਿਭਾ ਇੰਨੀ ਜ਼ਿਆਦਾ ਹੈ ਕਿ ਇਸ ਦੇ ਪੂਰੇ ਵਿਕਾਸ ਅਤੇ ਸਦ-ਉਪਯੋਗ ਨਾਲ ਅਸੀਂ ਆਪਣੇ ਕਿਆਸ ਤੋਂ ਵੀ ਕਿਤੇ ਵੱਧ ਪ੍ਰਾਪਤੀਆਂ ਕਰ ਸਕਦੇ ਹਾਂ, ਪਰ ਸਾਡੀ ਇੱਛਾ-ਸ਼ਕਤੀ ਅਤੇ ਸਾਡੀਆਂ ਆਦਤਾਂ ਦੀ ਅੰਤਰ-ਵਿਰੋਧਤਾ ਸਾਨੂੰ ਇਨ੍ਹਾਂ ਤੋਂ ਵਾਂਝਾ ਰੱਖਦੀ ਹੈ। ਇੱਛਾ-ਸ਼ਕਤੀ ਦੇ ਲੱਛਣਾਂ ਕਰਕੇ ਇਸ ਦੀ ਦੁਰ-ਵਰਤੋਂ ਦੀ




ਸੰਭਾਵਨਾ ਵੱਧ ਜਾਂਦੀ ਹੈ, ਕਿਉਂਕਿ ਅਸੀਂ ਇੱਛਾ ਦੀ ਤੀਬਰਤਾ ਨੂੰ ਹੀ ਇੱਛਾ-ਸ਼ਕਤੀ ਸਮਝੀਂ ਬੈਠੇ ਹਾਂ। ਇਸ ਸਭ ਦਾ ਇਹ ਭਾਵ ਵੀ ਨਹੀਂ ਕਿ ਇੱਛਾ-ਸ਼ਕਤੀ ਕੋਈ ਘੱਟ ਮਹੱਤਵਪੂਰਨ ਗੁਣ ਹੈ। ਇਹ ਇੱਕ ਬਹੁਤ ਉਪਯੋਗੀ ਜੰਤਰ ਹੈ। ਇਸ ਦੇ ਲੱਛਣਾਂ ਅਤੇ ਇਸ ਦੀਆਂ ਕਮਜ਼ੋਰੀਆਂ ਨੂੰ ਸਮਝਣਾ ਇਸ ਕਰ ਕੇ ਹੀ ਜ਼ਰੂਰੀ ਹੈ ਤਾਂ ਕਿ ਅਸੀਂ ਇਸ ਨੂੰ ਸਹੀ ਢੰਗ, ਸਹੀ ਵਕਤ ਅਤੇ ਸਹੀ ਮੰਤਵ ਵਾਸਤੇ ਵਰਤਣ ਦੀ ਕਲਾ ਅਰਥਾਤ ਨਿਪੁੰਨਤਾ (Skill) ਹਾਸਲ ਕਰਨ ਦੀ ਲੋੜ ਨੂੰ ਵੀ ਬਣਦਾ ਮਹੱਤਵ ਦੇ ਸਕੀਏ। ਇਹ ਨਿਪੁੰਨਤਾ ਆਪਾਂ ਇੱਛਾ-ਸ਼ਕਤੀ ਦੇ ਜੰਤਰ ਦੀ ਵਰਤੋਂ ਨਾਲ ਚੰਗੀਆਂ ਆਦਤਾਂ ਪੈਦਾ ਕਰਕੇ ਕਰ ਸਕਦੇ ਹਾਂ। ਭਾਵ ਚੰਗੀਆਂ ਆਦਤਾਂ ਵਾਸਤੇ ਇੱਛਾ-ਸ਼ਕਤੀ ਦੀ ਲੋੜ ਹੈ ਅਤੇ ਚੰਗੀਆਂ ਆਦਤਾਂ ਉਹ ਕਲਾ ਜਾਂ ਨਿਪੁੰਨਤਾ ਹੈ, ਜਿਸ ਨੇ ਇੱਛਾ-ਸ਼ਕਤੀ ਦੀ ਸਹੀ ਵਰਤੋਂ ਕਰ ਕੇ ਸਾਡੀ ਕੁਦਰਤੀ ਪ੍ਰਤਿਭਾ ਦਾ ਵਿਕਾਸ ਕਰਨਾ ਹੈ। ਚੰਗੀਆਂ ਆਦਤਾਂ ਪਾਉਣਾ ਇੱਕ ਅਣਖਿਝ, ਪ੍ਰਸ਼ੰਸਾ-ਰਹਿਤ ਅਤੇ ਠਰ੍ਹੰਮੇ ਵਾਲਾ ਕੰਮ ਹੈ। ਜਿੰਨਾ ਕੋਈ ਦਿਖਾਵੇ ਦਾ ਚਾਹਵਾਨ ਹੈ, ਉਸ ਵਾਸਤੇ ਇਹ ਓਨਾ ਹੀ ਔਖਾ ਕੰਮ ਹੈ। ਆਦਤਾਂ ਸਾਡੀਆਂ ਸਰੀਰਕ ਅਤੇ ਬੌਧਿਕ ਕਾਰਵਾਈਆਂ ਹਨ, ਜੋ ਅਸੀਂ ਕਿਸੇ ਇੱਛਤ ਨਿਸ਼ਾਨੇ ਦੀ ਪ੍ਰਾਪਤੀ ਵਾਸਤੇ ਕਿਸੇ ਖਾਸ ਸਮੇਂ ਜਾਂ ਵਾਤਾਵਰਣ ਅਨੁਸਾਰ ਆਪ-ਮੁਹਾਰੇ ਕਰਦੇ ਰਹਿੰਦੇ ਹਾਂ। ਇਨ੍ਹਾਂ ਕਾਰਵਾਈਆਂ ਦਾ ਸਬੰਧ ਸਾਡੇ ਅਚੇਤ ਮਨ ਨਾਲ ਹੁੰਦਾ ਹੈ ਤੇ ਆਪ-ਮੁਹਾਰਤਾ ਇਨ੍ਹਾਂ ਦਾ ਖਾਸ ਗੁਣ ਹੈ। ਇਹ ਉਹ ਕਾਰਵਾਈਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਹਿਲਾਂ ਅਸੀਂ ਸੁਚੇਤ ਢੰਗ ਨਾਲ ਵਾਰ-ਵਾਰ ਕੀਤਾ ਹੁੰਦਾ ਹੈ ਤੇ ਜੋ ਸੁਚੇਤ ਮਨ ਦੇ ਘੇਰੇ 'ਚੋਂ ਨਿਕਲ ਕੇ ਅਚੇਤ ਮਨ 'ਚ ਪਰਪੱਕ ਹੋ ਚੁਕੀਆਂ ਹੁੰਦੀਆਂ ਹਨ।

ਸਾਡੀਆਂ ਆਦਤਾਂ ਅਤੇ ਸਾਡੀ ਇੱਛਾ-ਸ਼ਕਤੀ ਦੀ ਵਿਰੋਧਤਾ ਕੁਦਰਤੀ ਅਤੇ ਆਦਿ-ਕਾਲੀਨੀ ਵਰਤਾਰਾ ਹੋਣ ਕਰ ਕੇ ਇਸ ਦੇ ਕਾਰਨਾਂ ਅਤੇ ਹੱਲ ਵਾਸਤੇ ਖੋਜਾਂ ਵੀ ਸ਼ੁਰੂ ਤੋਂ ਹੀ ਹੋ ਰਹੀਆਂ ਹਨ। ਅੱਜ ਦੇ ਵਿਸ਼ਵ-ਪ੍ਰਸਿੱਧ ਸਮਾਜਿਕ ਮਨੋ-ਵਿਗਿਆਨੀ ਡਾ. ਜੌਨਥਨ ਹਾਈਟ ਨੇ ਆਪਣੀ ਕਿਤਾਬ 'ਹੈਪੀਨੈੱਸ ਹਾਈਪੌਥੇਸਿਸ' ਵਿਚ ਇਸ ਗੁੰਝਲ ਦੇ ਸਮਾਧਾਨ ਦਾ ਆਧਾਰ ਸੰਸਾਰ ਦੇ ਵੱਡੇ ਧਰਮਾਂ ਦੇ ਮੋਢੀ ਮਹਾਂ-ਪੁਰਖਾਂ ਦੀਆਂ ਸਿਖਿਆਵਾਂ ਅਤੇ ਮਾਡਰਨ ਖੋਜਾਂ ਦੇ ਸੁਮੇਲ ਨੂੰ ਬਣਾਇਆ ਹੈ। ਉਸ ਨੇ ਕਿਤਾਬ ਦਾ ਥੀਮ ਹੀ 'Finding Modern Truth in Ancient Wisdom' ਨੂੰ ਬਣਾਇਆ ਹੈ। ਅੱਜ ਮਨੋ-ਵਿਗਿਆਨ ਦੇ ਅੱਡ-ਅੱਡ ਖੇਤਰਾਂ ਵਿਚ ਕੀਤੀਆਂ ਜਾ ਰਹੀਆਂ ਖੋਜਾਂ ਦਾ ਮੁੱਖ ਆਧਾਰ ਇਹ ਵਿਚਾਰ-ਧਾਰਾ ਹੀ ਹੈ ਤੇ ਯੂ. ਐੱਨ. ਓ. ਵੀ ਇਸ ਦੀ ਪੂਰੀ ਹਾਮੀ ਹੈ।

ਡਾ. ਹਾਈਟ ਅਨੁਸਾਰ ਸਾਡੀ ਸ਼ਖਸੀਅਤ ਇੱਕ ਇਕਾਈ ਨਾ ਹੋ ਕੇ ਇੱਕ ਕਮੇਟੀ ਦੀ ਤਰ੍ਹਾਂ ਹੈ, ਜਿਸ ਦੇ ਮੈਂਬਰਾਂ ਨੂੰ ਕੋਈ ਖਾਸ ਪ੍ਰਾਜੈਕਟ ਸੌਂਪਿਆ ਗਿਆ ਹੈ, ਪਰ ਜਿਹੜੇ ਆਪਸ ਵਿਚ ਝਗੜਦੇ ਰਹਿੰਦੇ ਹਨ ਅਤੇ ਇੱਕ-ਦੂਜੇ ਦੇ ਵਿਰੁੱਧ ਕੰਮ ਕਰਦੇ ਹਨ। ਸਾਡਾ ਫਰਜ਼ ਇੱਕ ਸਿਆਣੇ ਚੇਅਰ-ਪਰਸਨ ਵਾਂਗ ਇਸ ਕਮੇਟੀ ਵਿਚ ਇੱਕਸੁਰਤਾ ਬਣਾ ਕੇ, ਸੌਂਪੇ ਗਏ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਦਾ ਹੈ। ਇਸ ਫਰਜ਼ ਨੂੰ ਸਹੀ ਢੰਗ ਨਾਲ ਨਿਭਾਉਣ ਵਾਸਤੇ ਜ਼ਰੂਰੀ ਹੈ ਕਿ ਆਪਾਂ ਇਨ੍ਹਾਂ ਮੈਂਬਰਾਂ ਅਤੇ ਇਨ੍ਹਾਂ ਦੀਆਂ ਵਿਰੋਧਤਾਵਾਂ ਦੀ ਸਹੀ ਨਿਸ਼ਾਨਦੇਹੀ ਕਰੀਏ। ਇਹ ਚਾਰ ਤਰ੍ਹਾਂ ਦੀਆਂ ਹਨ:

1. ਦਿਮਾਗ ਦੇ ਖੱਬੇ ਪਾਸੇ ਅਤੇ ਸੱਜੇ ਪਾਸੇ ਦੀਆਂ।
2. ਤਰਕ ਅਤੇ ਜਜ਼ਬਾਤ ਦੀਆਂ।
3. ਮਨ ਅਤੇ ਸਰੀਰ ਦੀਆਂ।
4. ਸੁਚੇਤ ਮਨ ਅਤੇ ਅਚੇਤ ਮਨ ਦੀਆਂ।

ਇੱਛਾ-ਸ਼ਕਤੀ ਦੀ ਆਦਤਾਂ ਸਾਹਮਣੇ ਬੇ-ਵਸੀ ਵਿਚ ਪਿਛਲੀਆਂ ਦੋ ਵਿਰੋਧਤਾਵਾਂ ਦਾ ਬਹੁਤ ਵੱਧ ਹਿੱਸਾ ਹੈ। ਸਾਡਾ ਸਰੀਰ ਪੂਰੀ ਤਰ੍ਹਾਂ ਸਾਡੇ ਮੁੱਖ ਦਿਮਾਗ ਦੇ ਅਧੀਨ ਕੰਮ ਨਹੀਂ ਕਰਦਾ। ਮਿਸਾਲ ਵਜੋਂ ਸਾਡੇ ਹਾਜ਼ਮੇ ਦੇ ਸਿਸਟਮ ਉੱਪਰ ਇਸ ਦਾ ਬਹੁਤ ਹੀ ਥੋੜ੍ਹਾ ਕੰਟਰੋਲ ਹੈ। ਇਹ ਸਿਸਟਮ 'ਗੱਟ-ਬਰੇਨ', ਜਿਸ ਨੂੰ ਦੂਸਰਾ ਦਿਮਾਗ ਵੀ ਕਿਹਾ ਜਾਂਦਾ ਹੈ, ਦੇ ਅਧੀਨ ਹੈ। ਇਸੇ ਕਰਕੇ ਸਾਡੇ ਸਰੀਰਕ ਅਤੇ ਇੰਦ੍ਰਿਆਵੀ ਚਸਕਿਆਂ ਸਾਹਮਣੇ ਇੱਛਾ-ਸ਼ਕਤੀ ਹਾਰ ਜਾਂਦੀ ਹੈ। ਸ਼ਰਾਬ ਪੀਣ ਜਾਂ ਬਹੁਤਾ ਮਿੱਠਾ ਖਾਣ ਦਾ ਸਬੰਧ ਇਸੇ ਗੱਲ ਨਾਲ ਹੈ। ਇਨਸਾਨ ਦੀ ਕਾਮ-ਉਤੇਜਨਾ ਵੀ ਮੁੱਖ ਦਿਮਾਗ ਦੇ ਕਹਿਣੇ ਵਿਚ ਨਹੀਂ। ਸਾਡੀ ਇੱਛਾ-ਸ਼ਕਤੀ ਸੁਚੇਤ ਮਨ ਨਾਲ ਸਬੰਧ ਰੱਖਦੀ ਹੈ ਅਤੇ ਆਦਤਾਂ ਅਚੇਤ ਮਨ ਨਾਲ ਸਬੰਧ ਰੱਖਦੀਆਂ ਹਨ। ਸਾਡੇ ਸੁਚੇਤ ਮਨ ਦੀਆਂ ਕਾਰਵਾਈਆਂ ਬਹੁਤਾ ਕਰਕੇ ਸਾਡੇ ਅਚੇਤ ਮਨ ਦੀਆਂ ਕਾਰਵਾਈਆਂ ਤੋਂ ਹਾਰ ਜਾਂਦੀਆਂ ਹਨ। ਭਾਵ ਇਹ ਕਿ ਇੱਛਾ-ਸ਼ਕਤੀ ਦੀ ਬੇ-ਵਸੀ ਇੱਕ ਕੁਦਰਤੀ ਬਣਤ ਹੈ।

ਸਾਰ-ਤੱਤ ਇਹ ਕਿ ਇੱਛਾ-ਸ਼ਕਤੀ ਦਾ ਰੂਪਾਂਤਰਣ ਚੰਗੀਆਂ ਆਦਤਾਂ ਵਿਚ ਕੀਤਾ ਜਾਵੇ, ਜੋ ਆਪ-ਮੁਹਾਰੇ ਹੀ ਸਾਨੂੰ ਚੰਗੇ ਜੀਵਨ-ਰਸਤੇ ਉੱਤੇ ਤੋਰਦੀਆਂ ਰਹਿਣ। ਇਸ ਨਾਲ ਹਰ ਰੋਜ਼ ਦੇ ਵਾਰ-ਵਾਰ ਦੁਹਰਾਏ ਜਾਣ ਵਾਲੇ ਛੋਟੇ-ਛੋਟੇ ਫੈਸਲਿਆਂ ਵਿਚ ਵਰਤੀ ਜਾਣ ਵਾਲੀ ਸਾਡੀ ਊਰਜਾ ਦੀ ਬੱਚਤ ਹੋ ਜਾਵੇਗੀ, ਜੋ ਹੋਰ ਵੱਡੇ ਸਾਰਥਿਕ ਫੈਸਲਿਆਂ ਵਾਸਤੇ ਵਰਤੀ ਜਾ ਸਕਦੀ ਹੈ। ਛੋਟੇ-ਛੋਟੇ ਫੈਸਲੇ ਕਰ-ਕਰ ਥੱਕੇ ਹੋਏ, ਆਪਾਂ ਵੱਡੇ ਫੈਸਲੇ ਠੀਕ ਢੰਗ ਨਾਲ ਨਹੀਂ ਕਰ ਸਕਦੇ। ਮਨੋ-ਵਿਗਿਆਨ ਵਿਚ ਇਸ ਨੂੰ 'Decision Fatigue' ਕਿਹਾ ਜਾਂਦਾ ਹੈ।

ਮਿਸਾਲ ਵਜੋਂ ਮਿਸਟਰ ਬਰਾਕ ਓਬਾਮਾ ਦਾ ਕਹਿਣਾ ਹੈ, "ਤੁਸੀਂ ਦੇਖੋਗੇ ਕਿ ਮੈਂ ਸਿਰਫ ਗਰੇਅ ਜਾਂ ਨੀਲੇ ਰੰਗ ਦੇ ਸੂਟ ਹੀ ਪਹਿਨਦਾ ਹਾਂ। ਮੈਂ ਆਪਣੇ ਫੈਸਲਿਆਂ ਦੀ ਗਿਣਤੀ ਘਟਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਮੈਂ ਖਾਣ-ਪਹਿਨਣ ਦੇ ਫੈਸਲੇ ਨਹੀਂ ਕਰਦਾ, ਕਿਉਂਕਿ ਮੈਂ ਹੋਰ ਬਹੁਤ ਵੱਡੇ ਫੈਸਲੇ ਕਰਨੇ ਹੁੰਦੇ ਹਨ।"

ਇੱਛਾ-ਸ਼ਕਤੀ ਨੂੰ ਚੰਗੀਆਂ ਆਦਤਾਂ ਵਿਚ ਰੂਪਾਂਤਰ ਕਰਨਾ ਕਿਸੇ ਨਦੀ ਉੱਪਰ ਡੈਮ ਉਸਾਰਨ ਵਾਂਗੂੰ ਹੈ। ਇਸ ਨਾਲ ਬੇਫਾਇਦਾ ਵਹਿਣ ਵਾਲੇ ਪਾਣੀ ਨੂੰ ਸਾਂਭ ਕੇ ਉਸ ਤੋਂ ਬਿਜਲੀ ਵੀ ਪੈਦਾ ਕੀਤੀ ਜਾ ਸਕਦੀ ਹੈ ਅਤੇ ਅੱਡ-ਅੱਡ ਦਿਸ਼ਾਵਾਂ ਵਿਚ ਨਹਿਰਾਂ ਰਾਹੀਂ ਸਿੰਚਾਈ ਕਰ ਕੇ ਅਨਾਜ ਦੇ ਭੰਡਾਰ ਵੀ ਭਰੇ ਜਾ ਸਕਦੇ ਹਨ। ਸਭ ਪਾਸੇ ਚਾਨਣ ਅਤੇ ਖੁਸ਼ਹਾਲੀ ਬਿਖੇਰੀ ਜਾ ਸਕਦੀ ਹੈ। ਇਸੇ ਤਰ੍ਹਾ ਇੱਛਾ-ਸ਼ਕਤੀ ਅਤੇ ਚੰਗੀਆਂ ਆਦਤਾਂ ਦੇ ਸੁਮੇਲ ਨਾਲ ਅਸੀਂ ਆਪਣੇ ਜੀਵਨ ਨੂੰ ਵੱਧ ਸੌਖਾ ਅਤੇ ਸੁਚੱਜਾ ਵੀ ਬਣਾ ਸਕਦੇ ਹਾਂ ਅਤੇ ਆਪਣੀ ਕੁਦਰਤੀ ਪ੍ਰਤਿਭਾ ਦਾ ਵੀ ਵਿਕਾਸ ਕਰ ਸਕਦੇ ਹਾਂ। ਨਾਲ ਹੀ ਵਾਰਿਸ ਸ਼ਾਹ ਵਲੋਂ ਸਾਡੀ ਮਾਨਸਿਕਤਾ ਵਿਚ ਪਾਈ ਇਸ ਨਿਰਾਰਥਕ ਸੋਚ ਤੋਂ ਵੀ ਛੁਟਕਾਰਾ ਪਾ ਸਕਦੇ ਹਾਂ,

"ਵਾਰਿਸ ਸ਼ਾਹ ਨਾਂ ਆਦਤਾਂ ਜਾਂਦੀਆਂ ਨੇ
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।"

*ਸਾਡੀਆਂ ਆਦਤਾਂ ਅਤੇ ਸਾਡੀ ਇੱਛਾ-ਸ਼ਕਤੀ ਦੀ ਵਿਰੋਧਤਾ ਕੁਦਰਤੀ ਅਤੇ ਆਦਿ-ਕਾਲੀਨੀ ਵਰਤਾਰਾ ਹੋਣ ਕਰ ਕੇ ਇਸ ਦੇ ਕਾਰਨਾਂ ਅਤੇ ਹੱਲ ਵਾਸਤੇ ਖੋਜਾਂ ਵੀ ਸ਼ੂਰੂ ਤੋਂ ਹੀ ਹੋ ਰਹੀਆਂ ਹਨ। ਅੱਜ ਦੇ ਵਿਸ਼ਵ-ਪ੍ਰਸਿੱਧ ਸਮਾਜਿਕ ਮਨੋ-ਵਿਗਿਆਨੀ ਡਾ. ਜੌਨਥਨ ਹਾਈਟ ਨੇ ਆਪਣੀ ਕਿਤਾਬ 'ਹੈਪੀਨੈੱਸ ਹਾਈਪੌਥੇਸਿਸ' ਵਿਚ ਇਸ ਗੁੰਝਲ ਦੇ ਸਮਾਧਾਨ ਦਾ ਆਧਾਰ ਸੰਸਾਰ ਦੇ ਵੱਡੇ ਧਰਮਾਂ ਦੇ ਮੋਢੀ ਮਹਾਂ-ਪੁਰਖਾਂ ਦੀਆਂ ਸਿਖਿਆਵਾਂ ਅਤੇ ਮਾਡਰਨ ਖੋਜਾਂ ਦੇ ਸੁਮੇਲ ਨੂੰ ਬਣਾਇਆ ਹੈ। ਉਸ ਨੇ ਕਿਤਾਬ ਦਾ ਥੀਮ ਹੀ 'Finding Modern Truth in Ancient Wisdom' ਨੂੰ ਬਣਾਇਆ ਹੈ। ਅੱਜ ਮਨੋ-ਵਿਗਿਆਨ ਦੇ ਅੱਡ-ਅੱਡ ਖੇਤਰਾਂ ਵਿਚ ਕੀਤੀਆਂ ਜਾ ਰਹੀਆਂ ਖੋਜਾਂ ਦਾ ਮੁੱਖ ਆਧਾਰ ਇਹ ਵਿਚਾਰ-ਧਾਰਾ ਹੀ ਹੈ ਤੇ ਯੂ. ਐੱਨ. ਓ. ਵੀ ਇਸ ਦੀ ਪੂਰੀ ਹਾਮੀ ਹੈ।*

# ਬੈਚ ਫੁੱਲ ਚੈਸਟਨਟਬੱਡ-ਧਿਆਨ ਦੀ ਘਾਟ

*(ਪਿਛਲੇ ਸਫੇ ਦੀ ਬਾਕੀ)*

ਕਿ ਜੀ ਕਰਦਾ ਹੈ ਕਿਤੇ ਚਲੀ ਜਾਵਾਂ।" ਉਦਾਸੀ ਦੀਆਂ ਮਾਰੀਆਂ ਕਈ ਮਨੋਰੋਗਣਾਂ ਅਸਲੋਂ ਹੀ ਨਿਕਲ ਜਾਂਦੀਆਂ ਹਨ। ਬਜੁਰਗ ਕਹਿੰਦੇ ਹਨ, "ਹੁਣ ਤਾਂ ਰੱਬ ਸੱਚਾ ਚੁੱਕ ਲਵੇ।" ਬਿਮਾਰੀ ਤੋਂ ਲਾਚਾਰ ਵਿਅਕਤੀ ਕਹੇਗਾ, "ਰੱਬ ਚੁੱਕਦਾ ਵੀ ਨਹੀਂ।" ਦੂਜਿਆਂ ਦੀਆਂ ਨਜ਼ਰਾਂ ਤੋਂ ਛਿਪਣਾ, ਕਰਜ਼ ਲੈ ਕੇ ਭੱਜ ਜਾਣਾ, ਕਿਸੇ ਤੋਂ ਚੋਰੀ ਰੱਖਣਾ, ਅੱਖ ਚਰਾਉਣਾ ਤੇ ਬਿਮਾਰੀ ਤੋਂ ਬਚਣਾ ਮਨੁੱਖ ਦੀਆਂ ਰਿਣਾਤਮਿਕ ਗੱਲਾਂ ਹਨ। ਚੈਸਟਨਟ ਬੱਡ ਇਕੋ ਇਕ ਬੈਚ ਦਵਾਈ ਹੈ, ਜੋ ਸਾਰੇ ਵਿਅਕਤੀਗਤ, ਸਮਾਜਿਕ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਭਗੌੜਿਆਂ ਨੂੰ ਲਲਕਾਰਾ ਮਾਰ ਕੇ ਰੋਕ ਸਕਦੀ ਹੈ।

ਚੈਸਟਨਟ ਬੱਡ ਮਨੁੱਖ ਦੇ ਵਿਗੋਚੇ ਮਨ ਨੂੰ ਮੁੜ ਕੇ ਥਾਂ ਸਿਰ ਕਰ ਦਿੰਦੀ ਹੈ। ਇਹ ਉਸ ਦੀਆਂ ਗਲਤੀਆਂ, ਬਹਾਨਿਆਂ ਅਤੇ ਭੱਜ ਜਾਣ ਦੀਆਂ ਪ੍ਰਵਿਰਤੀਆਂ ਦਾ ਧਨੀਕਰਣ ਕਰਕੇ ਉਸ ਨੂੰ ਸੱਚਾਈ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੀ ਹੈ। ਅਜਿਹਾ ਸਾਹਮਣਾ ਕਰਦਾ ਹੋਇਆ ਉਹ ਝੂਠ ਦੇ ਬਹਾਨਿਆਂ ਦਾ ਅਡੰਬਰ ਉਤਾਰ ਦਿੰਦਾ ਹੈ ਤੇ ਸੱਚ ਨੂੰ ਸਵੀਕਾਰ ਕਰ ਲੈਂਦਾ ਹੈ। ਇਸ ਲਈ ਜਿਸ ਨੌਕਰਾਣੀ ਤੇ ਚੋਰੀ ਦਾ ਸ਼ੱਕ ਹੋਵੇ, ਉਸ ਉੱਤੇ ਝੂਠਾ ਦੂਸ਼ਣ ਲਾਉਣ ਦੀ ਲੋੜ ਨਹੀਂ। ਕਿਸੇ ਮਾਲੀ ਜਾਂ ਮਜ਼ਦੂਰ 'ਤੇ ਚੋਰੀ ਦਾ ਪਰਚਾ ਕਰਾਉਣ ਦੀ ਲੋੜ ਨਹੀਂ। ਉਨ੍ਹਾਂ ਨੂੰ ਇਸ ਦਵਾਈ ਦੇ ਦੋ ਤੁਪਕੇ ਪਾਣੀ ਵਿਚ ਜਾਂ ਚਾਰ ਗੋਲੀਆਂ ਚਾਹ, ਕੌਫੀ ਆਦਿ ਵਿਚ ਪਾ ਕੇ ਦਿਓ। ਜੇ ਉਨ੍ਹਾਂ ਨੇ ਚੋਰੀ ਕੀਤੀ ਹੋਵੇਗੀ ਤਾਂ ਉਹ ਦਸ ਮਿੰਟ ਵਿਚ ਹੀ ਚੋਰੀ ਦਾ ਮਾਲ ਕੱਢ ਕੇ ਸਾਹਮਣੇ ਰੱਖ ਦੇਣਗੇ ਤੇ ਗਲਤੀ ਲਈ ਖਿਮਾ ਮੰਗ ਲੈਣਗੇ। ਹਾਲ ਹੀ ਦੀ ਨੌਦੀਪ ਕੌਰ ਵਾਂਗ ਜਿਨ੍ਹਾਂ ਲੋਕਾਂ ਨੂੰ ਹਵਾਲਾਤਾਂ ਤੇ ਚੌਕੀਆਂ ਵਿਚ ਰੱਖ ਕੇ ਪੁਲਿਸ ਸੱਚ ਜਾਣਨ ਲਈ ਤੱਸ਼ਦਦ ਢਾਹੁੰਦੀ ਹੈ, ਉਹ ਵੀ ਸਭ ਗੈਰ ਜਰੂਰੀ ਹੈ। ਜੇ ਪੁਲਿਸ ਸਿਆਣੀ ਹੋਵੇ ਤਾਂ ਅਜਿਹੇ ਹਵਾਲਾਤੀਆਂ ਨੂੰ ਚੈਸਟਨਟ ਬੱਡ ਦੀਆਂ ਚਾਰ ਗੋਲੀਆਂ ਪਾਣੀ ਵਿਚ ਘੋਲ ਕੇ ਪਿਆਵੇ। ਪੰਦਰਾਂ ਮਿੰਟਾਂ ਦੇ ਅੰਦਰ ਹੀ ਨਾ ਸਿਰਫ ਉਹ ਮੌਜੂਦਾ ਕੇਸ ਦੀ, ਸਗੋਂ ਪਿਛਲੇ ਸਭ ਕੇਸਾਂ ਦੀ ਸੱਚਾਈ ਆਪਣੇ ਆਪ ਦੱਸ ਦੇਣਗੇ। ਨਾਰਕੋ ਟੈਸਟਾਂ ਦੀਆਂ ਲੇਬਾਰਟਰੀਆਂ ਬੰਦ ਹੋ ਜਾਣਗੀਆਂ।

ਇਕ ਅੰਮ੍ਰਿਤਧਾਰੀ ਮਾਪੇ ਆਪਣੇ ਜਵਾਨ ਲੜਕੇ ਲਈ ਸ਼ਰਾਬ ਛੱਡਣ ਦੀ ਦਵਾਈ ਲੈਣ ਆਏ। ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਚੋਰੀ ਛਿਪੇ ਉਹ ਛੇ-ਸੱਤ ਸਾਲ ਤੋਂ ਪੀਂਦਾ ਆ ਰਿਹਾ ਹੈ। ਪੁੱਛੋ ਤਾਂ ਝੂਠੇ ਬਹਾਨਿਆਂ ਰਾਹੀਂ ਉਨ੍ਹਾਂ ਕੋਲ ਸੱਚਾ ਬਣਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਨ੍ਹਾਂ ਨੂੰ ਚੈਸਟਨਟ ਬੱਡ ਦੀਆਂ ਦੋ ਖੁਰਾਕਾਂ ਰਾਤ ਨੂੰ ਪਾਣੀ ਜਾਂ ਦੁੱਧ ਵਿਚ ਘੋਲ ਕੇ ਦੇਣ ਲਈ ਕਿਹਾ ਗਿਆ। ਅਗਲੀ ਸਵੇਰ ਲੜਕੇ ਨੇ ਉਨ੍ਹਾਂ ਕੋਲ ਆ ਕੇ ਕਿਹਾ ਕਿ ਉਹ ਥੋੜ੍ਹੀ ਦੇਰ ਵਿਚ ਉਨ੍ਹਾਂ ਨੂੰ ਇਕ ਅਨੋਖਾ ਸਰਪ੍ਰਾਈਜ਼ ਦੇਣ ਵਾਲਾ ਹੈ। ਉਹ ਹਾਲੇ "ਸਰਪ੍ਰਾਈਜ਼" ਬਾਰੇ ਸੋਚ ਹੀ ਰਹੇ ਸਨ ਕਿ ਉਨ੍ਹਾਂ ਦਾ ਪੁੱਤਰ ਸ਼ਰਾਬ ਦੀਆਂ ਤਿੰਨ ਬੋਤਲਾਂ ਕੱਢ ਕੇ ਲੈ ਆਇਆ। ਬੋਤਲਾਂ ਉਨ੍ਹਾਂ ਸਾਹਮਣੇ ਰੱਖ ਉਹ ਦੋਵੇਂ ਹੱਥ ਜੋੜ ਕੇ ਬੋਲਿਆ, "ਮੈਂ ਹੁਣ ਤੀਕ ਤੁਹਾਡੇ ਕੋਲ ਝੂਠ ਬੋਲਦਾ ਰਿਹਾ, ਮੈਨੂੰ ਮੁਆਫੀ ਦਿਓ। ਮੇਰੇ ਕੋਲ ਇਹੀ ਕੁਝ ਸੀ, ਜੋ ਤੁਹਾਨੂੰ ਦੇ ਦਿੱਤਾ। ਇਨ੍ਹਾਂ ਨੂੰ ਜਿੱਥੇ ਮਰਜ਼ੀ ਸੁੱਟੋ, ਮੈਂ ਅੱਗੋਂ ਤੋਂ ਕਦੇ ਨਹੀਂ ਪੀਵਾਂਗਾ।" ਸੱਚ ਮੁੱਚ ਉਨ੍ਹਾਂ ਲਈ ਇਹ ਬੜਾ ਵੱਡਾ ਸਰਪ੍ਰਾਈਜ਼ ਸੀ, ਪਰ ਪਾਠਕਾਂ ਨੂੰ ਵੀ ਇਹ ਸੁਣ ਕੇ ਘੱਟ ਅਚੰਭਾ ਨਹੀਂ ਹੋਵੇਗਾ ਕਿ ਇਹ ਬਿਲਕੁਲ ਸੱਚੀ ਘਟਨਾ ਹੈ!

ਫਿਰ ਵੀ, ਜੇ ਕਿਸੇ ਦਾ ਵਾਹ ਕਿਸੇ ਐਸੇ ਝੂਠੇ, ਬਹਾਨੇਬਾਜ਼ ਨਾਲ ਜਾਂ ਝੂਠੀ ਗਵਾਹੀ ਦੇਣ ਵਾਲੇ ਨਾਲ ਪੈ ਜਾਵੇ, ਜਿਸ ਨੂੰ ਚੈਸਟਨਟ ਬੱਡ ਦੇਣੀ ਮੁਸ਼ਕਿਲ ਬਣੇ ਤਾਂ ਉਹ ਕੀ ਕਰੇ? ਡਾ. ਕ੍ਰਿਸ਼ਨਾਮੂਰਤੀ ਕਹਿੰਦੇ ਹਨ ਕਿ ਅਜਿਹੀ ਸੂਰਤ ਵਿਚ ਉਹ ਇਸੇ ਦਵਾ ਦੀਆਂ ਕੁਝ ਖੁਰਾਕਾਂ ਆਪ ਲੈ ਲਵੇ। ਇਸ ਉਪਰੰਤ ਜਦੋਂ ਉਹ ਉਸ ਝੂਠੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰੇਗਾ ਤਾਂ ਉਹ ਫਰੇਬੀ ਉਸ ਸਾਹਮਣੇ ਪਾਣੀ ਪਾਣੀ ਹੋ ਜਾਵੇਗਾ!

# ਪਾਣੀ ਦੀ ਕਦਰ ਕਰੋ



ਹਰ ਵਰ੍ਹੇ 22 ਮਾਰਚ ਨੂੰ ਦੁਨੀਆਂ ਭਰ ਵਿਚ ਪਾਣੀ ਦੀ ਸਾਂਭ-ਸੰਭਾਲ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਲੋਕਾਂ ਨੂੰ ਪ੍ਰਿੰਟ ਅਤੇ ਸੋਸ਼ਲ ਮੀਡੀਆ ਅਤੇ ਸੈਮੀਨਾਰਾਂ ਰਾਹੀਂ ਪਾਣੀ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਪਾਣੀ ਦਿਵਸ ਮਨਾਉਣ ਦੀ ਸ਼ੁਰੂਆਤ 1992 ਵਿਚ ਬਰਾਜ਼ੀਲ ਦੇ ਰੀਓ ਡੀ ਜਨੇਰੀਓ ਵਿਚ ਸੰਯੁਕਤ ਰਾਸ਼ਟਰ ਦੀ ਵਾਤਾਵਰਣ ਅਤੇ ਵਿਕਾਸ ਉੱਤੇ ਹੋਈ ਕਾਨਫਰੰਸ ਵਿਚ ਲਿਆ ਗਿਆ ਸੀ। ਉਸ ਤੋਂ ਬਾਅਦ ਹਰ ਸਾਲ ਸੰਯੁਕਤ ਰਾਸ਼ਟਰ ਇਸ ਦਿਨ ਲਈ ਪਾਣੀ ਨਾਲ ਸਬੰਧਿਤ ਕਿਸੇ ਇਕ ਵਿਸ਼ੇ ਦੀ ਚੋਣ ਕਰਦਾ ਹੈ ਅਤੇ ਫਿਰ ਸਾਰਾ ਸਾਲ ਉਸ ਉਦੇਸ਼ ਨੂੰ ਪੂਰਾ ਕਰਨ ਲਈ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਪ੍ਰੇਰਦਾ ਹੈ। ਸਭ ਤੋਂ ਪਹਿਲਾਂ ਇਹ ਦਿਵਸ 1993 ਵਿਚ ਮਨਾਇਆ ਗਿਆ, ਉਦੋਂ ਇਸ ਦਾ ਵਿਸ਼ਾ 'ਸ਼ਹਿਰਾਂ ਲਈ ਪਾਣੀ' ਸੀ ਅਤੇ ਉਸ ਤੋਂ ਬਾਅਦ ਹਰ ਸਾਲ ਇਹ ਵਿਸ਼ਾ ਬਦਲਦਾ ਰਿਹਾ ਹੈ। ਇਸ ਸਾਲ ਦਾ ਵਿਸ਼ਾ 'ਪਾਣੀ ਦੀ ਕਦਰ ਕਰਨਾ' ਹੈ। ਜੇ ਪਾਣੀ ਦਿਵਸ ਮਨਾਉਣ ਦੀ

**ਡਾ. ਗੁਰਿੰਦਰ ਕੌਰ***

ਸ਼ੁਰੂਆਤ ਤੋਂ ਲੈ ਕੇ 2021 ਤੱਕ ਦੇ ਪਾਣੀ ਦਿਵਸ ਦੇ ਵਿਸ਼ਿਆਂ ਨੂੰ ਦੇਖਿਆ ਜਾਵੇ ਤਾਂ ਹਰ ਸਾਲ ਦਾ ਵਿਸ਼ਾ ਪਾਣੀ ਨਾਲ ਸਬੰਧਿਤ ਇਕ ਗੰਭੀਰ ਸਮੱਸਿਆ ਨਾਲ ਜੁੜਿਆ ਹੋਇਆ ਸੀ, ਪਰ ਹਰ ਦੇਸ਼ ਦੀ ਸਰਕਾਰ ਉਸ ਵਿਸ਼ੇ ਉੱਤੇ ਕਿੰਨੀ ਕੁ ਗੰਭੀਰਤਾ ਨਾਲ ਕੰਮ ਕਰਦੀ ਹੈ, ਇਸ ਦਾ ਅੰਦਾਜ਼ਾ ਪਾਣੀ ਨਾਲ ਜੁੜੀਆਂ ਹੋਈਆਂ ਅਜੋਕੀਆਂ ਸਮੱਸਿਆਵਾਂ ਤੋਂ ਅਸੀਂ ਸਹਿਜੇ ਹੀ ਲਾ ਸਕਦੇ ਹਾਂ।

2019 ਵਿਚ ਪਾਣੀ ਦਿਵਸ ਦਾ ਵਿਸ਼ਾ 'ਲੀਵਿੰਗ ਨੋ ਵਨ ਬਿਹਾਈਂਡ' ਸੀ, ਜਿਸ ਦਾ ਅਰਥ ਹੈ ਕਿ ਦੁਨੀਆਂ ਦਾ ਕੋਈ ਵਿਅਕਤੀ ਵੀ ਅਜਿਹਾ ਨਾ ਰਹੇ, ਜਿਸ ਨੂੰ ਪੀਣ ਲਈ ਸ਼ੁੱਧ ਪਾਣੀ ਨਾ ਮਿਲੇ। ਦੁਨੀਆਂ ਦੀ ਕੁੱਲ ਆਬਾਦੀ ਦਾ ਇਕ ਵੱਡਾ ਹਿੱਸਾ ਸ਼ੁੱਧ ਪਾਣੀ ਦੀ ਕੁਦਰਤੀ ਦਾਤ ਤੋਂ ਵਾਂਝਾ ਰਹਿ ਰਿਹਾ ਹੈ। ਭਾਰਤ ਦੇ ਨੀਤੀ ਆਯੋਗ ਦੀ 2018 ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੇ 37.7 ਮਿਲੀਅਨ ਵਿਅਕਤੀ ਹਰ ਸਾਲ ਪ੍ਰਦੂਸ਼ਿਤ ਪਾਣੀ ਪੀਣ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਲਪੇਟ ਵਿਚ ਆ ਜਾਂਦੇ ਹਨ ਅਤੇ ਹਰ ਸਾਲ 1.5 ਮਿਲੀਅਨ ਬੱਚੇ ਪ੍ਰਦੂਸ਼ਿਤ ਪਾਣੀ ਪੀਣ ਕਾਰਨ ਦਸਤ ਲੱਗਣ ਨਾਲ ਮਰ ਜਾਂਦੇ ਹਨ।

ਪਿਛਲੇ ਸਾਲ (2020) ਦਾ ਮੁੱਖ ਵਿਸ਼ਾ 'ਪਾਣੀ ਅਤੇ ਮੌਸਮੀ ਤਬਦੀਲੀ' ਸੀ। ਬਾਅਦ ਵਿਚ ਕਰੋਨਾ ਮਹਾਮਾਰੀ ਦੇ ਆਉਣ ਨਾਲ ਹੱਥ ਧੋਣ ਅਤੇ ਸਫਾਈ ਦਾ ਵਿਸ਼ਾ ਨਾਲ ਜੋੜ ਦਿੱਤਾ ਗਿਆ। ਇਹ ਸਮੇਂ ਦੀ ਲੋੜ ਅਨੁਸਾਰ ਬਹੁਤ ਹੀ ਅਹਿਮ ਵਿਸ਼ਾ ਸੀ, ਕਿਉਂਕਿ ਮੌਸਮ ਵਿਚ ਤੇਜ਼ੀ ਨਾਲ ਆਉਣ ਵਾਲੀਆਂ ਤਬਦੀਲੀਆਂ ਨਾਲ ਹਰ ਦੇਸ਼ ਦੇ ਮੌਸਮੀ-ਚੱਕਰ ਉੱਤੇ ਬਹੁਤ ਪ੍ਰਭਾਵ ਪੈ ਰਿਹਾ ਹੈ। ਨੋਆ ਅਤੇ ਯੂਰਪੀਅਨ ਯੂਨੀਅਨ ਏਜੰਸੀਆਂ ਅਨੁਸਾਰ ਜਨਵਰੀ 2020 ਵਿਚ ਠੰਡੇ ਜਾਣੇ ਜਾਂਦੇ ਯੂਰਪੀ ਦੇਸ਼ਾਂ ਵਿਚ 1980-2010 ਦੇ ਔਸਤ ਤਾਪਮਾਨ ਤੋਂ 3 ਡਿਗਰੀ ਸੈਲਸੀਅਸ ਅਤੇ ਨਾਰਵੇ ਤੋਂ ਰੂਸ ਤੱਕ ਦੀ ਪੱਟੀ ਵਿਚ 6 ਡਿਗਰੀ ਵੱਧ ਆਂਕਿਆ ਗਿਆ। ਭਾਰਤ ਵਿਚ ਮੌਸਮੀ ਤਬਦੀਲੀਆਂ ਕਾਰਨ ਮੌਨਸੂਨ ਪੌਣਾਂ ਕਦੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਆ ਜਾਂਦੀਆਂ ਹਨ ਅਤੇ ਕਦੇ ਬਾਅਦ ਆਉਂਦੀਆਂ ਹਨ, ਜਿਸ ਕਾਰਨ ਦੇਸ਼ ਵਿਚ ਹੜ੍ਹ ਅਤੇ ਸੋਕੇ ਦੇ ਹਾਲਤ ਪੈਦਾ ਹੋ ਜਾਂਦੇ ਹਨ। ਮੌਨਸੂਨ ਦੇ ਬਦਲੇ ਵਰਤਾਰੇ ਕਾਰਨ 2019 ਵਿਚ ਇਹ ਪੌਣਾਂ ਨਿਸ਼ਚਿਤ ਸਮੇਂ ਤੋਂ ਇਕ ਹਫਤਾ ਦੇਰ ਨਾਲ ਭਾਰਤ ਇਹ ਆਈਆਂ ਅਤੇ ਨਿਸ਼ਚਿਤ ਸਮੇਂ ਤੋਂ 39 ਦਿਨ ਵੱਧ ਭਾਰਤ ਵਿਚ ਮੀਂਹ ਵਰਾਉਂਦੀਆਂ ਰਹੀਆਂ, ਜੋ 1961-2010 ਤੱਕ ਦੀ ਔਸਤ ਤੋਂ ਲਗਭਗ 10 ਫੀਸਦੀ ਜ਼ਿਆਦਾ ਸੀ। ਦੇਸ਼ ਦੇ ਉਤਰ-ਪੂਰਬੀ ਰਾਜਾਂ ਵਿਚ ਮੀਂਹ ਪਿਛਲੇ ਸਾਲਾਂ ਵਿਚ ਔਸਤ ਨਾਲੋਂ ਘੱਟ ਪੈ ਰਿਹਾ ਹੈ। ਇਹ ਰਾਜ ਕਦੇ ਸਭ ਤੋਂ ਵੱਧ ਮੀਂਹ ਵਾਲੇ ਖੇਤਰ ਵਿਚ ਆਉਂਦੇ ਸਨ।

ਇਸ ਸਾਲ ਦਾ ਵਿਸ਼ਾ 'ਪਾਣੀ ਦੀ ਕਦਰ ਕਰੋ' ਹੈ। ਪਾਣੀ ਮਨੁੱਖ ਨੂੰ ਕੁਦਰਤ ਵੱਲੋਂ ਦਿੱਤੀ ਗਈ ਇਕ ਅਨਮੋਲ ਦਾਤ ਹੈ। ਧਰਤੀ ਉੱਤੇ ਹਰ ਤਰ੍ਹਾਂ ਦੇ ਜੈਵਿਕਾਂ ਲਈ ਹਵਾ ਤੋਂ ਬਾਅਦ ਪਾਣੀ ਦੂਜੀ ਮੁਢਲੀ ਲੋੜ ਹੈ। ਪਾਣੀ ਤੋਂ ਬਿਨਾ ਕਿਸੇ ਵੀ ਤਰ੍ਹਾਂ ਦੀ ਜ਼ਿੰਦਗੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸਾਡੇ ਵੱਡੇ-ਵਡੇਰੇ ਪਾਣੀ ਦੀ ਮਹੱਤਤਾ ਨੂੰ ਬਾਖੂਬੀ ਸਮਝਦੇ ਸਨ, ਇਸੇ ਲਈ ਉਹ ਕੁਦਰਤੀ ਸਰੋਤਾਂ ਨੂੰ ਪੂਜਦੇ ਅਤੇ ਸਤਿਕਾਰਦੇ ਸਨ। ਸਾਡੇ ਸਾਰੇ ਧਾਰਮਿਕ ਗ੍ਰੰਥਾਂ ਵਿਚ ਵੀ ਕੁਦਰਤੀ ਸਰੋਤਾਂ ਲਈ ਸਤਿਕਾਰਿਤ ਸ਼ਬਦ ਵਰਤੇ ਗਏ ਹਨ, ਜਿਵੇਂ ਪਵਨ ਦੇਵਤਾ, ਅਗਨ ਦੇਵਤਾ, ਜਲ ਦੇਵਤਾ ਆਦਿ। ਗੁਰੂ ਨਾਨਕ ਦੇਵ ਜੀ ਨੇ 15ਵੀਂ ਸਦੀ ਵਿਚ ਇਨ੍ਹਾਂ ਕੁਦਰਤੀ ਸਰੋਤਾਂ ਨੂੰ ਗੁਰੂ, ਪਿਤਾ ਅਤੇ ਮਾਤਾ ਸਮਾਨ ਦਰਜਾ ਦਿੱਤਾ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਗੁਰਬਾਣੀ ਵਿਚ ਪਾਣੀ ਦੀ ਮਹੱਤਤਾ ਬਿਆਨ ਕਰਦਿਆਂ ਲਿਖਿਆ ਹੋਇਆ ਹੈ ਕਿ 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ' ਭਾਵ ਪਾਣੀ ਜ਼ਿੰਦਗੀ ਦੇਣ ਵਾਲਾ ਕੁਦਰਤੀ ਸਰੋਤ ਹੈ, ਜਿਸ ਨਾਲ ਜ਼ਿੰਦਗੀ ਚੱਲਦੀ ਹੈ ਅਤੇ ਸਭ ਜੈਵਿਕਾਂ (ਬਨਸਪਤੀ, ਮਨੁੱਖ, ਜਾਨਵਰ-ਜਨੌਰ) ਦੀ ਜ਼ਿੰਦਗੀ ਇਸ ਉੱਤੇ ਨਿਰਭਰ ਕਰਦੀ ਹੈ। ਸਾਡੇ ਵੱਡੇ-ਵਡੇਰਿਆਂ ਨੂੰ ਪਤਾ ਸੀ ਕਿ ਕੁਦਰਤੀ ਸਰੋਤ ਅਨਮੋਲ ਹਨ। ਇਹ ਸਰੋਤ ਸੰਭਾਲੇ ਜਾ ਸਕਦੇ ਹਨ, ਬਣਾਏ ਨਹੀਂ ਜਾ ਸਕਦੇ। ਅਫਸੋਸ! ਦੁਨੀਆਂ ਦੇ ਭਾਰਤ ਸਮੇਤ ਬਹੁਤੇ ਦੇਸ਼ ਆਰਥਿਕ ਵਿਕਾਸ ਦੀ ਅੰਨੀ ਦੌੜ ਵਿਚ ਪੈ ਕੇ ਇਨ੍ਹਾਂ ਕੁਦਰਤੀ ਸਰੋਤਾਂ ਸਾਂਭ-ਸੰਭਾਲ ਕਰਨਾ ਹੀ ਭੁੱਲ ਗਏ ਹਨ। ਇਸ ਵਾਰ ਦਾ ਪਾਣੀ ਦਿਵਸ ਦਾ ਵਿਸ਼ਾ ਬਹੁਤ ਹੀ ਅਹਿਮ ਹੈ। ਇਹ ਸਾਨੂੰ ਆਪਣੇ ਬਜ਼ੁਰਗਾਂ ਦੇ ਅਮੀਰ ਵਿਰਸੇ ਤੋਂ ਸਿੱਖਿਆ ਲੈ ਕੇ ਕੁਦਰਤੀ ਸਰੋਤਾਂ ਨੂੰ ਸੁਚੱਜਤਾ ਨਾਲ ਸਾਂਭ ਕੇ ਸਿਹਤਮੰਦ ਜ਼ਿੰਦਗੀ ਜਿਊਣ ਲਈ ਸੇਧ ਦੇਣ ਲਈ ਬਹੁਤ ਲਾਹੇਵੰਦ ਹੋ ਸਕਦਾ ਹੈ।

ਹਰ ਸਾਲ ਗਰਮੀਆਂ ਦੇ ਮਹੀਨਿਆਂ ਵਿਚ ਭਾਰਤ ਦੇ ਕਈ ਸ਼ਹਿਰਾਂ ਵਿਚ ਪਾਣੀ ਦੀ ਕਿੱਲਤ ਹੋ ਜਾਂਦੀ ਹੈ। 2019 ਵਿਚ ਭਾਰਤ ਦੇ ਚੇਨੱਈ ਸ਼ਹਿਰ ਨੇ ਪਾਣੀ ਦੀ ਘਾਟ ਦੀ ਭਾਰੀ ਮਾਰ ਸਹੀ। ਯੂ. ਐੱਸ. ਏ. ਦੀ ਬੋਸਟਨ ਦੀ ਇਕ ਚੈਰੀਟੇਬਲ ਵਾਤਾਵਰਣ ਸੰਸਥਾ ਨੇ 2014 ਵਿਚ ਇਕ ਰਿਪੋਰਟ ਵਿਚ ਦੁਨੀਆਂ ਦੇ 20 ਸ਼ਹਿਰਾਂ ਦੇ ਨਾਮ ਦਿੱਤੇ ਸਨ ਜਿਹੜੇ ਆਉਣ ਵਾਲੇ ਸਮੇਂ ਵਿਚ ਪੀਣ ਵਾਲੇ ਪਾਣੀ ਦੀ ਕਿੱਲਤ ਦੀ ਮਾਰ ਸਹਿਣਗੇ। ਇਸ ਰਿਪੋਰਟ ਵਿਚ ਪਹਿਲਾ ਨਾਮ ਦੱਖਣੀ ਅਫਰੀਕਾ ਦੇ ਸ਼ਹਿਰ ਕੇਪ ਟਾਊਨ ਦਾ ਸੀ, ਜਿੱਥੇ ਅਪਰੈਲ 2018 ਵਿਚ 'ਜ਼ੀਰੋ ਡੇਅ' ਆਉਂਦਾ ਆਉਂਦਾ ਮਸਾਂ ਹੀ ਬਚਿਆ। ਇਨ੍ਹਾਂ 20 ਸ਼ਹਿਰਾਂ ਵਿਚੋਂ 10 ਭਾਰਤ ਦੇ ਸਨ ਅਤੇ ਕੇਪ ਟਾਊਨ ਤੋਂ ਬਾਅਦ ਦੂਜਾ ਨੰਬਰ ਭਾਰਤ ਦੇ ਹੀ ਬੰਗਲੂਰੂ ਸ਼ਹਿਰ ਦਾ ਸੀ। ਇਸ ਸਬੰਧ ਵਿਚ ਸਾਡੇ ਦੇਸ਼ ਦੇ ਨੀਤੀ ਆਯੋਗ ਦੀ 2018 ਦੀ ਇਕ ਰਿਪੋਰਟ ਅਨੁਸਾਰ ਵੀ ਆਉਣ ਵਾਲੇ ਸਮੇਂ ਵਿਚ ਦੇਸ਼ 21 ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਖਤਮ ਹੋ ਜਾਵੇਗਾ ਅਤੇ ਨਤੀਜੇ ਵਜੋਂ ਉਹ ਪੀਣ ਵਾਲੇ ਪਾਣੀ ਲਈ ਸ਼ਹਿਰ ਤੋਂ ਬਾਹਰਲੇ ਸਰੋਤਾਂ ਉੱਤੇ ਨਿਰਭਰ ਹੋ ਜਾਣਗੇ ਤੇ 2030 ਤੱਕ ਦੇਸ਼ ਦੀ 40 ਫੀਸਦੀ ਆਬਾਦੀ ਕੋਲ ਪੀਣ ਲਈ ਪਾਣੀ ਨਹੀਂ ਹੋਵੇਗਾ।

ਗਰੀਨ ਐਂਡ ਗਰੇ ਇਨਫ੍ਰਾਸਟ੍ਰਕਚਰ ਦੀ ਇਕ ਰਿਪੋਰਟ ਅਨੁਸਾਰ 2040 ਵਿਚ ਦੁਨੀਆਂ ਦੇ 33 ਦੇਸ਼ਾਂ ਨੂੰ ਪਾਣੀ ਦੀ ਅੱਤ ਦਰਜੇ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ, ਉਨ੍ਹਾਂ ਵਿਚ ਭਾਰਤ ਵੀ ਹੋਵੇਗਾ। ਦੇਸ਼ ਦਾ 70 ਫੀਸਦੀ ਪੀਣਯੋਗ ਪਾਣੀ ਪ੍ਰਦੂਸ਼ਿਤ ਹੋ ਚੁਕਾ ਹੈ ਅਤੇ ਪ੍ਰਦੂਸ਼ਿਤ ਪਾਣੀ ਪੀਣ ਨਾਲ ਹਰ ਸਾਲ 2 ਲੱਖ ਵਿਅਕਤੀ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਪੀੜਿਤ ਹੋ ਕੇ ਮਰ ਜਾਂਦੇ ਹਨ। ਪ੍ਰਦੂਸ਼ਿਤ ਪਾਣੀ ਪੀਣ ਨਾਲ ਭਾਰਤ ਵਿਚ ਹਰ ਰੋਜ਼ 548 ਵਿਅਕਤੀ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ। ਕਰੋਨਾ ਵਾਇਰਸ ਦੀ ਮਹਾਮਾਰੀ ਤੋਂ ਬਚਣ ਲਈ ਡਾਕਟਰ ਵਾਰ-ਵਾਰ ਹੱਥ ਧੋਣ ਦੀ ਨਸੀਹਤ ਦੇ ਰਹੇ ਹਨ, ਪਰ ਉਨ੍ਹਾਂ ਲੋਕਾਂ ਦਾ ਕੀ ਬਣਿਆ ਹੋਵੇਗਾ, ਜਿਨ੍ਹਾਂ ਨੂੰ ਪੀਣ ਲਈ ਵੀ ਸਾਫ ਪਾਣੀ ਨਹੀਂ ਮਿਲਦਾ ਹੈ। ਉਹ ਕਰੋਨਾਵਾਇਰਸ ਦੀ ਮਹਾਮਾਰੀ ਤੋਂ ਬਚਣ ਲਈ ਕਿਹੜੇ ਪਾਣੀ ਨਾਲ ਹੱਥ ਧੋਣ।

ਭਾਰਤ ਵਿਚ ਪੀਣ ਵਾਲੇ ਪਾਣੀ ਦੀ ਕਮੀ ਕਿਉਂ ਆ ਰਹੀ ਹੈ, ਪਾਣੀ ਦੀਆਂ ਬਿਮਾਰੀਆਂ ਨਾਲ ਲੋਕ ਕਿਉਂ ਮਰ ਰਹੇ ਹਨ ਅਤੇ ਇਸ ਦੇ ਕੀ ਕਾਰਨ ਹੋ ਸਕਦੇ ਹਨ, ਬਾਰੇ ਜਾਣਨਾ ਬਹੁਤ ਜ਼ਰੂਰੀ ਹੈ। ਪਹਿਲਾ ਕਾਰਨ ਇਹ ਹੈ ਕਿ ਸਾਡੇ ਦੇਸ਼ ਵਿਚ ਪਾਣੀ ਦੇ ਸਰੋਤਾਂ ਦੀ ਕਮੀ ਹੈ ਅਤੇ ਦੂਜਾ ਸਾਨੂੰ ਇਸ ਨੂੰ ਸਮਝਦਾਰੀ ਨਾਲ ਵਰਤਣਾ ਨਹੀਂ ਆਉਂਦਾ ਹੈ। ਸਾਡੇ ਦੇਸ਼ ਵਿਚ ਦੁਨੀਆਂ ਦੀ ਕੁੱਲ ਆਬਾਦੀ ਦਾ 18 ਫੀਸਦੀ ਹਿੱਸਾ ਵੱਸਦਾ ਹੈ ਅਤੇ ਸਾਡੇ ਕੋਲ ਪੀਣ ਯੋਗ ਪਾਣੀ ਦਾ 4 ਫੀਸਦੀ ਹਿੱਸਾ ਹੈ। ਭਾਰਤ ਵਿਚ ਹਰ ਰੋਜ਼ ਔਸਤਨ 49,481 ਬੱਚੇ ਜਨਮ ਲੈਂਦੇ ਹਨ ਅਤੇ 14,475 ਲੋਕ ਮਰਦੇ ਹਨ। ਇਸ ਹਿਸਾਬ ਹਰ ਰੋਜ਼ 35,000 ਤੋਂ ਵੱਧ ਨਵੇਂ ਪਾਣੀ ਪੀਣ ਵਾਲੇ ਵਿਅਕਤੀ ਵਧ ਜਾਂਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਸਾਡੀ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ, ਜਿਸ ਲਈ ਭਵਿੱਖ ਵਿਚ ਹੋਰ ਵਧੇਰੇ ਪਾਣੀ ਦੀ ਲੋੜ ਹੋਵੇਗੀ। ਇਸ ਦੇ ਨਾਲ ਨਾਲ ਦੇਸ਼ ਵਿਚ ਪਾਣੀ ਦੀ ਘਾਟ ਹੋਣ ਦੇ ਹੋਰ ਕਾਰਨ ਵਧਦਾ ਸ਼ਹਿਰੀਕਰਨ, ਜੰਗਲਾਂ ਦੀ ਅੰਧਾਧੁੰਦ ਕਟਾਈ, ਪਾਣੀ ਦੇ ਸਰੋਤਾਂ ਵਿਚ ਉਦਯੋਗਾਂ ਅਤੇ ਸੀਵਰੇਜ ਦਾ ਪਾਣੀ ਸੁੱਟਣਾ, ਆਰਥਿਕ ਵਿਕਾਸ ਦੇ ਨਾਮ ਉੱਤੇ ਦਰਿਆਵਾਂ ਦੇ ਵਹਾਅ ਖੇਤਰਾਂ, ਝੀਲਾਂ ਅਤੇ ਜਲਗਾਹਾਂ ਨੂੰ ਭਰ ਕੇ ਉਸਾਰੀਆਂ ਕਰਨਾ, ਦਰਿਆਵਾਂ ਦੇ ਉੱਤੇ ਵੱਡੇ ਵੱਡੇ ਡੈਮ ਬਣਾ ਕੇ ਉਨ੍ਹਾਂ ਨੂੰ ਪਾਣੀ ਵਿਹੂਣੇ ਕਰਨਾ ਅਤੇ ਗਲਤ ਫਸਲੀ-ਚੱਕਰ ਹਨ।

ਸਾਡੀ ਸ਼ਹਿਰੀ ਆਬਾਦੀ ਪਿਛਲੀ ਇਕ ਸਦੀ ਵਿਚ 2.5 ਕਰੋੜ (1901) ਤੋਂ ਵਧ ਕੇ 37 ਕਰੋੜ (2011) ਹੋ ਗਈ ਹੈ। ਸ਼ਹਿਰੀ ਆਬਾਦੀ ਪੇਂਡੂ ਆਬਾਦੀ ਨਾਲੋਂ ਘਰੇਲੂ ਲੋੜਾਂ ਅਤੇ ਉਦਯੋਗਾਂ ਲਈ ਵੱਧ ਪਾਣੀ ਦੀ ਵਰਤੋਂ ਕਰਦੀ ਹੈ। ਜੰਗਲ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਅਤੇ ਮੀਂਹ ਦੇ ਪਾਣੀ ਨੂੰ ਆਪਣੀਆਂ ਜੜ੍ਹਾਂ ਵਿਚ ਸੋਖਣ ਦੇ ਨਾਲ ਨਾਲ ਦਰਿਆਵਾਂ, ਝੀਲਾਂ, ਝਰਨਿਆਂ ਅਤੇ ਚਸ਼ਮਿਆ ਵਿਚਲੇ ਵਹਾਅ ਨੂੰ ਨਿਰੰਤਰ ਬਣਾਈ ਰੱਖਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਸਾਡੇ ਦੇਸ਼ ਵਿਚ ਆਰਥਿਕ ਵਿਕਾਸ ਦੇ ਨਾਮ ਉੱਤੇ ਸੰਘਣੇ ਜੰਗਲਾਂ ਦਾ ਤੇਜ਼ੀ ਨਾਲ ਸਫਾਇਆ ਹੋ ਰਿਹਾ ਹੈ, ਜਿਸ ਦੀਆਂ ਤਾਜ਼ਾ ਮਿਸਾਲਾਂ ਚਾਰ-ਧਾਮ ਮਾਰਗ (ਉੱਤਰਾਖੰਡ), ਸ਼ਿਮਲਾ-ਪਰਵਾਣੂ ਚਾਰ-ਮਾਰਗੀ ਸੜਕ (ਹਿਮਾਚਲ ਪ੍ਰਦੇਸ਼) ਆਦਿ ਹਨ। ਪਹਾੜੀ ਇਲਾਕਿਆਂ ਵਿਚ ਝਰਨੇ ਅਤੇ ਚਸ਼ਮੇ ਜੰਗਲਾਂ ਦੀ ਕਟਾਈ ਕਾਰਨ ਤੇਜ਼ੀ ਨਾਲ ਖਤਮ ਹੋ ਰਹੇ ਹਨ। ਹਰ ਦੇਸ਼ ਅਤੇ ਹਰ ਖੇਤਰ ਵਿਚ ਘੱਟੋ-ਘੱਟ 33 ਫੀਸਦੀ ਰਕਬਾ ਜੰਗਲਾਂ ਥੱਲੇ ਹੋਣਾ ਚਾਹੀਦਾ ਹੈ।

ਇੰਡੀਅਨ ਫੋਰੈਸਟ ਰਿਪੋਰਟ 2019 ਅਨੁਸਾਰ ਭਾਰਤ ਵਿਚ 2017 ਵਿਚ ਜੰਗਲਾਂ ਥੱਲੇ ਖੇਤਰ 21.54 ਫੀਸਦੀ ਸੀ, ਜੋ 2019 ਵਿਚ ਵਧ ਕੇ 21.67 ਫੀਸਦੀ ਹੋ ਗਿਆ। ਇਹ 0.13 ਫੀਸਦੀ ਦਾ ਨਿਗੁਣਾ ਜਿਹਾ ਵਾਧਾ ਵੀ ਭੁਲੇਖਾ-ਪਾਊ ਹੈ, ਕਿਉਂਕਿ ਇਸ ਵਿਚੋਂ ਵੀ 82 ਫੀਸਦੀ ਰਕਬਾ ਫਸਲਾਂ ਥੱਲੇ ਅਤੇ 4.4 ਫੀਸਦੀ ਨਾਰੀਅਲ, ਚਾਹ, ਕੌਫੀ ਆਦਿ ਵਪਾਰਕ ਫਸਲਾਂ ਥੱਲੇ ਵਧਿਆ ਸੀ। ਜੰਗਲ ਵੱਢਣ ਨਾਲ ਹਵਾ ਵਿਚ ਕਾਰਬਨਡਾਇਆਕਸਾਈਡ ਦਾ ਪੱਧਰ ਵੀ ਤੇਜ਼ੀ ਨਾਲ ਵਧਦਾ ਹੈ, ਜਿਸ ਨਾਲ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੁੰਦਾ ਹੈ। ਤਾਪਮਾਨ ਵਿਚ ਵਾਧਾ ਹੋਣ ਨਾਲ ਅੱਤ ਦੀ ਗਰਮੀ ਦੇ ਦਿਨਾਂ ਵਿਚ ਵਾਧਾ ਹੋਣ ਨਾਲ ਪਹਾੜਾਂ ਤੋਂ ਬਰਫ ਤੇਜ਼ੀ ਨਾਲ ਪਿਘਲਦੀ ਹੈ, ਜੋ ਇਕ ਪਾਸੇ ਹੜ੍ਹਾਂ ਦਾ ਕਾਰਨ ਬਣਦੀ ਹੈ ਅਤੇ ਦੂਜੇ ਪਾਸੇ ਸੋਕੇ ਦੇ ਹਾਲਤ ਪੈਦਾ ਕਰਦੀ ਹੈ। ਸੋਕੇ ਨਾਲ ਪ੍ਰਭਾਵਿਤ ਖੇਤਰਾਂ ਵਿਚ ਪਾਣੀ ਦੀ ਕਿੱਲਤ ਪੈਦਾ ਹੋ ਜਾਂਦੀ ਹੈ। ਅਨਾਜ ਦੀ ਘਾਟ ਪੂਰੀ ਕਰਨ ਲਈ ਅਪਨਾਇਆ ਗਿਆ ਫਸਲੀ-ਚੱਕਰ ਵੀ ਜ਼ਮੀਨ ਹੇਠਲੇ ਪਾਣੀ ਦੇ ਘਟਦੇ ਪੱਧਰ ਲਈ ਜ਼ਿੰਮੇਵਾਰ ਹੈ। ਗਰੀਨ ਐਂਡ ਇਨਫ੍ਰਾਸਟ੍ਰਕਚਰ ਏਜੰਸੀ ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਧਰਤੀ ਹੇਠਲੇ ਪਾਣੀ ਕੱਢਣ ਦੀ ਮਾਤਰਾ 23 ਫੀਸਦੀ ਹੈ, ਜੋ ਦੁਨੀਆਂ ਦੀ ਔਸਤ 22 ਫੀਸਦੀ ਨਾਲੋਂ ਜ਼ਿਆਦਾ ਹੈ।

ਨੀਤੀ ਆਯੋਗ ਦੀ 2018 ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੇ 70 ਫੀਸਦੀ ਤਾਜ਼ੇ ਪਾਣੀ ਦੇ ਸਰੋਤ ਪ੍ਰਦੂਸ਼ਿਤ ਹੋ ਚੁਕੇ ਹਨ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਦੇਸ਼ ਦਾ 60 ਫੀਸਦੀ ਤੋਂ ਵੱਧ ਸੀਵਰੇਜ ਅਤੇ ਉਦਯੋਗਾਂ ਦਾ ਗੰਦਾ ਪਾਣੀ ਨਦੀਆਂ ਅਤੇ ਦਰਿਆਵਾਂ ਵਿਚ ਸਾਫ ਕੀਤੇ ਬਿਨਾ ਛੱਡਿਆ ਜਾਂਦਾ ਹੈ। ਇਸ ਨਾਲ ਦੇਸ਼ ਦੀਆਂ ਨਦੀਆਂ ਦਾ ਪਾਣੀ ਤੇਜ਼ੀ ਨਾਲ ਪ੍ਰਦੂਸ਼ਿਤ ਹੋ ਰਿਹਾ ਹੈ। ਗੰਗਾ ਅਤੇ ਯਮੁਨਾ ਦੇਸ਼ ਦੀਆਂ ਸਭ ਤੋਂ ਪਵਿੱਤਰ ਮੰਨੀਆਂ ਜਾਂਦੀਆਂ ਨਦੀਆਂ ਹਰ ਰੋਜ਼ ਸੌ ਤੋਂ ਉੱਤੇ ਸ਼ਹਿਰਾਂ ਦਾ ਸੀਵਰੇਜ ਅਤੇ ਉਦਯੋਗਾਂ ਦਾ ਗੰਦਾ ਪਾਣੀ ਢੋਂਦੀਆਂ ਪਲੀਤ ਹੋ ਚੁਕੀਆਂ ਹਨ। ਕੇਂਦਰ ਸਰਕਾਰ ਨੇ ਗੰਗਾ ਦੀ ਸਾਫ-ਸਫਾਈ ਉੱਤੇ ਭਾਵੇਂ ਕਰੋੜਾਂ ਰੁਪਏ ਖਰਚ ਦਿੱਤੇ ਹਨ, ਪਰ ਹਾਲੇ ਤੱਕ ਪਾਣੀ ਦੀ ਸ਼ੁੱਧਤਾ ਵਿਚ ਕੋਈ ਫਰਕ ਨਹੀਂ ਪਿਆ।

ਗੰਗਾ ਦੀ ਸਫਾਈ ਲਈ ਸਭ ਤੋਂ ਪਹਿਲਾਂ ਯਮੁਨਾ ਨਦੀ ਦੀ ਸਫਾਈ ਜ਼ਰੂਰੀ ਹੈ, ਕਿਉਂਕਿ ਇਹ ਨਦੀ ਗੰਗਾ ਨਦੀ ਦੀ ਮੁੱਖ ਸਹਾਇਕ ਨਦੀ ਹੈ। ਯਮੁਨਾ ਨਦੀ ਦਾ ਦੁਖਾਂਤ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿਚੋਂ ਲੰਘਦੀ ਹੈ, ਜਿੱਥੋਂ ਦੀਆਂ ਸਾਰੀਆਂ ਸੀਵਰੇਜ ਡਰੇਨਜ਼ ਆਪਣਾ ਗੰਦਾ ਪਾਣੀ ਇਸ ਵਿਚ ਨਿਕਾਸਦੀਆਂ ਹਨ। ਇਸ ਦਾ ਲਾਂਘਾ ਦਿੱਲੀ ਵਿਚੋਂ ਭਾਵੇਂ ਸਿਰਫ 21 ਕਿਲੋਮੀਟਰ ਹੀ ਹੈ, ਜਿਹੜਾ ਯਮੁਨਾ ਨਦੀ ਦੀ ਕੁੱਲ ਲੰਬਾਈ ਦਾ ਸਿਰਫ 2 ਫੀਸਦੀ ਹੈ। ਦਿੱਲੀ ਦੇ ਗੰਦੇ ਪਾਣੀ ਨੇ ਯਮੁਨਾ ਨੂੰ ਨਦੀ ਦੀ ਥਾਂ ਗੰਦੇ ਨਾਲੇ ਵਿਚ ਬਦਲ ਦਿੱਤਾ ਹੈ, ਜਿਸ ਨਾਲ ਪਹਿਲਾਂ ਯਮੁਨਾ ਨਦੀ ਦਾ ਪਾਣੀ ਪਲੀਤ ਹੁੰਦਾ ਹੈ ਅਤੇ ਫਿਰ ਗੰਗਾ ਨਦੀ ਦਾ। ਜਦੋਂ ਯਮੁਨਾ ਨਦੀ ਨਵੀਂ ਦਿੱਲੀ ਵਿਚ ਵਜ਼ੀਰਾਬਾਦ ਤੋਂ ਦਾਖਲ ਹੁੰਦੀ ਹੈ, ਉਦੋਂ ਬਿਲਕੁਲ ਸਾਫ ਪਾਣੀ ਨਾਲ ਭਰੀ ਹੁੰਦੀ ਹੈ। ਇਸੇ ਲਈ ਵਜ਼ੀਰਾਬਾਦ ਤੋਂ ਦਿੱਲੀ ਸ਼ਹਿਰ ਦੀ ਇਕ-ਤਿਹਾਈ ਆਬਾਦੀ ਨੂੰ ਪੀਣ ਵਾਲੇ ਪਾਣੀ ਦੀ ਪੂਰਤੀ ਕੀਤੀ ਜਾਂਦੀ ਹੈ।

ਅਸੀਂ ਦਰਿਆਵਾਂ ਦਾ ਸਾਫ ਪਾਣੀ ਸਿਰਫ ਉਨ੍ਹਾਂ ਵਿਚ ਪ੍ਰਦੂਸ਼ਿਤ ਪਾਣੀ ਦਾ ਨਿਕਾਸ ਕਰਕੇ ਹੀ ਗੰਦਾ ਨਹੀਂ ਕਰਦੇ, ਸਗੋਂ ਇਸ ਦੇ ਨਾਲ ਨਾਲ ਦਰਿਆਵਾਂ ਉੱਤੇ ਸਿੰਚਾਈ, ਬਿਜਲੀ ਅਤੇ ਪੀਣ ਵਾਲੇ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਣਗਿਣਤ ਬੰਨ੍ਹ ਲਾ ਰਹੇ ਹਾਂ, ਜਿਨ੍ਹਾਂ ਵਿਚ ਦਰਿਆਵਾਂ ਦਾ ਬਹੁਤਾ ਪਾਣੀ ਜਮ੍ਹਾ ਕਰ ਲਿਆ ਜਾਂਦਾ ਹੈ। ਇਸ ਦੇ ਨਤੀਜੇ ਵਜੋਂ ਦਰਿਆ ਮੈਦਾਨੀ ਇਲਾਕਿਆਂ ਵਿਚੋਂ ਬਿਨਾ ਪਾਣੀ ਤੋਂ ਜਾਂ ਬਹੁਤ ਥੋੜ੍ਹੇ ਪਾਣੀ ਨਾਲ ਵਹਿੰਦੇ ਹੋਏ ਨਜ਼ਰ ਆਉਂਦੇ ਹਨ। ਇਸ ਦਾ ਪ੍ਰਭਾਵ ਦਰਿਆਵਾਂ ਦੇ ਕਿਨਾਰਿਆਂ ਦੇ ਵੱਸੇ ਹੋਏ ਪਿੰਡਾਂ ਅਤੇ ਸ਼ਹਿਰਾਂ ਦੇ ਧਰਤੀ ਹੇਠਲੇ ਪਾਣੀ ਉੱਤੇ ਪੈਂਦਾ ਹੈ, ਜਿਸ ਨਾਲ ਉਹ ਆਮ ਦਿਨਾਂ ਵਿਚ ਸੋਕੇ ਅਤੇ ਬਰਸਾਤ ਵਿਚ ਹੜ੍ਹਾਂ ਦੀ ਮਾਰ ਵਿਚ ਆ ਜਾਂਦੇ ਹਨ। ਇਨ੍ਹਾਂ ਖੇਤਰਾਂ ਨੂੰ ਸੋਕੇ ਅਤੇ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਦਰਿਆਵਾਂ ਵਿਚ ਘੱਟੋ-ਘੱਟ 20 ਫੀਸਦੀ ਪਾਣੀ ਆਮ ਦਿਨਾਂ ਵਿਚ 30 ਫੀਸਦੀ ਬਰਸਾਤ ਦੇ ਦਿਨਾਂ ਵਿਚ ਛੱਡਣਾ ਚਾਹੀਦਾ ਹੈ।

ਦਰਿਆਵਾਂ ਦੇ ਨਾਲ ਝੀਲਾਂ, ਟੋਭਿਆਂ ਅਤੇ ਜਲਗਾਹਾਂ ਦਾ ਖੇਤਰ ਵੀ ਲਗਾਤਾਰ ਘਟ ਰਿਹਾ ਹੈ। ਤਾਮਿਲਨਾਡੂ ਦੇ ਚੇਨੱਈ ਸ਼ਹਿਰ ਵਿਚ 2019 ਵਿਚ ਪਾਣੀ ਦੀ ਭਾਰੀ ਥੁੜ੍ਹ ਦਾ ਕਾਰਨ ਉੱਥੋਂ ਦਾ ਅਣਖੋਜਿਤ ਵਿਕਾਸ ਅਤੇ ਅੰਨ੍ਹੇਵਾਹ ਪਾਣੀ ਦੇ ਸਰੋਤਾਂ ਦਾ ਉਜਾੜਾ ਹੈ। 20ਵੀਂ ਸਦੀ ਦੇ ਸ਼ੁਰੂ ਵਿਚ ਉੱਥੇ ਦੋ ਦਰਿਆ, ਇਕ ਨਹਿਰ ਅਤੇ 60 ਵੱਡੇ ਤਲਾਬ/ਝੀਲਾਂ ਸਨ, ਜਿਨ੍ਹਾਂ ਵਿਚੋਂ ਹੁਣ ਸਿਰਫ 26 ਤਲਾਬ/ਝੀਲਾਂ ਹੀ ਰਹਿ ਗਈਆਂ ਹਨ। ਇਕ ਦਰਿਆ ਉੱਤੇ ਹਵਾਈ ਅੱਡਾ ਬਣਾ ਦਿੱਤਾ ਹੈ ਅਤੇ 6000 ਹੈਕਟੇਅਰ ਵਿਚ ਫੈਲੀ ਜਲਗਾਹ ਦੇ ਬਹੁਤੇ ਹਿੱਸੇ ਉੱਤੇ ਮਾਸ ਰੈਪਿਡ ਟਰਾਂਜਿਟ ਸਿਸਟਮ ਬਣਾ ਦਿੱਤਾ ਗਿਆ ਹੈ। ਇਸ ਤੋਂ ਬਿਨਾ ਮੁੰਬਈ ਸ਼ਹਿਰ ਦੀਆਂ ਲਗਭਗ 70 ਫੀਸਦੀ ਜਲਗਾਹਾਂ 1970 ਤੋਂ 2014 ਤੱਕ ਖਤਮ ਹੋ ਚੁਕੀਆਂ ਹਨ। ਸ੍ਰੀਨਗਰ ਦੀ ਵੂਲਰ ਝੀਲ ਦਾ 88 ਫੀਸਦੀ ਹਿੱਸਾ ਅਤੇ ਡੱਲ ਝੀਲ ਦਾ 50 ਫੀਸਦੀ ਹਿੱਸਾ ਪਿਛਲੀ ਇਕ ਸਦੀ ਵਿਚ ਘਟ ਗਿਆ ਹੈ।

ਇਸ ਸਾਲ ਦੇ ਪਾਣੀ ਦੇ ਦਿਵਸ ਦੇ ਵਿਸ਼ੇ ਤੋਂ ਸਭ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਸਿੱਖਿਆ ਲੈਣੀ ਬਣਦੀ ਹੈ ਕਿ ਉਨ੍ਹਾਂ ਸਾਰੇ ਤਰ੍ਹਾਂ ਦੇ ਜਲ-ਸਰੋਤਾਂ ਦੀ ਸਾਂਭ-ਸੰਭਾਲ ਕੀਤੀ ਜਾਵੇ। ਨਦੀਆਂ ਵਿਚ ਸ਼ਹਿਰਾਂ ਦਾ ਮਲ-ਮੂਤਰ ਨਾ ਸੁੱਟਿਆ ਜਾਵੇ। ਪਾਣੀ ਦੀ ਕਦਰ ਕਰੀਏ, ਉਸ ਦੀ ਮਹੱਤਤਾ ਨੂੰ ਸਮਝੀਏ। ਉੱਤਰਾਖੰਡ ਹਾਈਕਰੋਟ ਨੇ ਭਾਵੇਂ 2017 ਵਿਚ ਗੰਗਾ ਅਤੇ ਯਮੁਨਾ ਨਦੀਆਂ ਨੂੰ ਮਨੁੱਖਾਂ ਦੇ ਅਧਿਕਾਰਾਂ ਦੇ ਬਰਾਬਰ ਮਾਨਤਾ ਦਾ ਇਤਹਾਸਕ ਫੈਸਲਾ ਦਿੱਤਾ ਹੈ, ਪਰ ਕੀ ਇਸ ਨੂੰ ਅਮਲ ਵਿਚ ਲਿਆਂਦਾ ਗਿਆ ਹੈ, ਉਸ ਉੱਤੇ ਸੰਜ਼ੀਦਗੀ ਨਾਲ ਵਿਚਾਰ ਕਰਨ ਦੀ ਲੋੜ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਪਾਣੀ ਦੇ ਕਿਸੇ ਵੀ ਸਰੋਤ ਵਿਚ ਕਿਸੇ ਵੀ ਤਰ੍ਹਾਂ ਦੀ ਗੰਦਗੀ ਸੁੱਟਣ ਦੀ ਸਿਰਫ ਮਨਾਹੀ ਹੀ ਨਾ ਕਰੇ, ਸਗੋਂ ਸਜ਼ਾ ਦੇ ਨਾਲ ਨਾਲ ਜੁਰਮਾਨਾ ਵੀ ਕਰੇ। ਨਦੀਆਂ ਵਿਚ ਵੱਡੇ ਅਤੇ ਛੋਟੇ ਸ਼ਹਿਰਾਂ ਤੋਂ ਸੁੱਟੇ ਜਾਂਦੇ ਗੰਦੇ ਪਾਣੀ ਨੂੰ ਬਿਨਾ ਸਮਾਂ ਗੁਆਏ ਬੰਦ ਕਰਵਾਏ ਅਤੇ ਜ਼ਿਆਦਾ ਚੰਗਾ ਹੋਵੇ ਜੇ ਇਹ ਸ਼ੁਰੂਆਤ ਦਿੱਲੀ ਦੀ ਯਮੁਨਾ ਨਦੀ ਤੋਂ ਕੀਤੀ ਜਾਵੇ।

ਪਾਣੀ ਦੇ ਮਹੱਤਵ ਨੂੰ ਸਮਝਦਿਆਂ ਪਾਣੀ ਦੀ ਇਕ ਬੂੰਦ ਨੂੰ ਵੀ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ। ਇਸ ਲਈ ਰਾਸ਼ਟਰੀ ਪੱਧਰ ਤੋਂ ਲੈ ਕੇ ਸਥਾਨਕ ਪੱਧਰ ਤੱਕ ਉਪਰਾਲੇ ਕਰਨੇ ਚਾਹੀਦੇ ਹਨ। ਮੀਂਹ ਦੇ ਪਾਣੀ ਨੂੰ ਜਮ੍ਹਾ ਕਰਨ ਦਾ ਸਥਾਨਕ ਪ੍ਰਸ਼ਾਸਨ ਨੂੰ ਵੱਡੇ ਪੱਧਰ ਇੰਤਜਾਮ ਕਰਨਾ ਚਾਹੀਦਾ ਹੈ ਤਾਂਕਿ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਰੀਚਾਰਜ ਕਰ ਕੇ ਸਥਾਨਕ ਲੋਕਾਂ ਦੀਆਂ ਪਾਣੀ ਦੀਆਂ ਲੋੜਾਂ ਆਸਾਨੀ ਨਾਲ ਪੂਰੀਆਂ ਹੋ ਸਕਣ। ਹਰ ਇੱਕ ਵਿਅਕਤੀ ਦਾ ਵੀ ਫਰਜ਼ ਬਣਦਾ ਹੈ ਕਿ ਆਪਣੀਆਂ ਰੋਜ਼ ਦੀਆਂ ਲੋੜਾਂ ਨੂੰ ਪੂਰਾ ਕਰਦਿਆਂ ਫਾਲਤੂ ਪਾਣੀ ਨਾ ਵਹਾਏ, ਸਗੋਂ ਆਪਣੇ ਘਰ ਵਿਚ ਮੀਂਹ ਦਾ ਪਾਣੀ ਜਮ੍ਹਾ ਕਰਨ ਦਾ ਪ੍ਰਬੰਧ ਕਰੇ। ਕੌਮਾਂਤਰੀ ਪੱਧਰ ਉੱਤੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘਟਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂਕਿ ਮੌਸਮੀ ਤਬਦੀਲੀਆਂ ਨਾਲ ਆਉਣ ਵਾਲੀਆਂ ਕੁਦਰਤੀ ਆਫਤਾਂ ਦੀ ਮਾਰ ਤੋਂ ਬਚਿਆ ਜਾ ਸਕੇ ਅਤੇ ਸੋਕੇ ਤੇ ਪਾਣੀ ਦੀ ਕਿੱਲਤ ਵਰਗੀਆਂ ਸਮੱਸਿਆਵਾਂ ਤੋਂ ਨਿਜਾਤ ਪਾਈ ਜਾ ਸਕੇ।

---

*ਪ੍ਰੋਫੈਸਰ, ਜਿਓਗਰਾਫੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

# ਕਿਸਾਨ ਦਾ ਪੁੱਤ ਚੁੱਪ ਕਿਉਂ ?

ਫਿਲਮੀ ਦੁਨੀਆਂ ਵਿਚ ਪੰਜਾਬੀਆਂ ਦਾ ਗਲਬਾ ਸੀ, ਹੈ ਅਤੇ ਰਹੇਗਾ। ਕੇ. ਐਲ. ਸਹਿਗਲ, ਪ੍ਰਿਥਵੀ ਰਾਜ ਕਪੂਰ, ਬੌਲੀਵੁੱਡ ਦਾ ਪਹਿਲਾ ਸੁਪਰਸਟਾਰ ਰਾਜੇਸ਼ ਖੰਨਾ, ਦੇਵ ਆਨੰਦ, ਜੁਬਲੀ ਸਟਾਰ ਰਾਜਿੰਦਰ ਕੁਮਾਰ, ਮਨੋਜ ਕੁਮਾਰ, ਦਾਰਾ ਸਿੰਘ; ਭਾਵ ਜੇ ਅਦਾਕਾਰਾਂ ਦੇ ਨਾਮ ਲਿਖੀਏ ਤਾਂ ਕਲਮ ਦੀ ਸਿਆਹੀ ਮੁੱਕ ਜਾਵੇਗੀ ਪਰ ਨਾਮ ਨਹੀਂ। ਅਦਾਕਾਰਾਵਾਂ ਵਿਚ ਗੀਤਾ ਬਾਲੀ, ਨੂਰ ਜਹਾਂ, ਦੀਪਾ ਮਹਿਤਾ, ਕਾਮਿਨੀ ਕੌਸ਼ਲ, ਦੀਪਤੀ ਨਵਲ ਤੇ ਹੋਰ ਬਹੁਤ ਸਾਰੀਆਂ। ਜੇ ਇਨ੍ਹਾਂ ਦੇ ਨਾਮ ਲਿਖੀਏ ਤਾਂ ਸਫੇ-ਦਰ-ਸਫੇ ਭਰ ਜਾਣਗੇ। ਇੰਜ ਹੀ ਕਹਾਣੀਕਾਰ, ਗੀਤਕਾਰ ਅਤੇ ਗਾਇਕੀ ਦੇ ਖੇਤਰ ਵਿਚ ਵੀ ਪੰਜਾਬੀਆਂ ਦਾ ਮੁਕਾਬਲਾ ਕੋਈ ਨਹੀਂ। ਇਨ੍ਹਾਂ ਸਾਰੇ ਹੀ ਕਲਾਕਾਰਾਂ ਦਾ ਸਬੰਧ ਲਾਹੌਰ, ਰਾਵਲਪਿੰਡੀ, ਅੰਮ੍ਰਿਤਸਰ ਅਤੇ ਹੋਰ ਸ਼ਹਿਰਾਂ-ਕਸਬਿਆਂ ਨਾਲ ਹੈ।

ਅੱਜ ਜਿਨ੍ਹਾਂ ਬਾਰੇ ਲਿਖਿਆ ਜਾ ਰਿਹਾ ਹੈ, ਇਹ ਦੋ ਅਜਿਹੀਆਂ ਹਸਤੀਆਂ ਹਨ ਜਿਨ੍ਹਾਂ ਦਾ ਸਬੰਧ ਲੁਧਿਆਣਾ ਨਾਲ ਹੈ। ਸ਼ਾਇਰ ਤੇ ਗੀਤਕਾਰ ਸਾਹਿਰ ਲੁਧਿਆਣਵੀ ਅਤੇ ਅਦਾਕਾਰ ਧਰਮਿੰਦਰ। ਜੇ ਇਨ੍ਹਾਂ ਦੀ ਸ਼ਖਸੀਅਤ 'ਤੇ ਗੌਰ ਕਰੀਏ ਤਾਂ ਦੋਵੇਂ ਇਕ ਦੂਜੇ ਤੋਂ ਵੱਖਰੀਆਂ ਹਨ। ਸਾਹਿਰ ਦੀ ਸ਼ਾਇਰੀ ਤੇ ਗੀਤ ਜ਼ੁਲਮ, ਅਨਿਆਂ ਤੇ ਨਾਬਰਾਬਰੀ ਦੇ ਖਿਲਾਫ ਜਦੋਂਕਿ ਕਿਸਾਨ, ਮਜ਼ਦੂਰ, ਔਰਤ ਤੇ ਗਰੀਬ ਦੇ ਦੁੱਖ ਦਰਦ ਨਾਲ ਸਾਂਝ ਪਾਉਂਦੀ ਹੈ। ਉਸ ਦੀ ਲੇਖਣੀ ਆਮ ਬੰਦੇ ਨਾਲ ਕਿਤੇ ਨਾ ਕਿਤੇ ਜੁੜੀ ਹੋਈ ਹੈ। ਉਸ ਨੇ ਜੋ ਦੇਖਿਆ ਤੇ ਮਹਿਸੂਸ ਕੀਤਾ, ਉਸ ਬਾਰੇ ਬੇਖੌਫ ਹੋ ਕੇ ਕਿਹਾ। ਹੈਰਾਨੀ ਦੀ ਗੱਲ ਹੈ ਕਿ ਉਸ ਨੇ ਜਾਗੀਰਦਾਰੀ ਦੀ ਚਾਬੁਕ ਨਾ ਫੜ ਕੇ ਆਪਣੀ ਮਾਂ ਦਾ ਪੱਲਾ ਚੁਣਿਆ। ਆਜ਼ਾਦੀ ਤੋਂ ਪਹਿਲਾਂ ਉਹ ਕਿਰਤੀ ਪਾਰਟੀ ਦੇ ਨੇੜੇ ਰਿਹਾ ਤੇ ਮਈ 1939 ਵਿਚ 'ਕਿਰਤੀ ਲਹਿਰ' ਅਖਬਾਰ ਵਿਚ ਉਸ ਦਾ ਗੀਤ ਛਾਪਿਆ ਗਿਆ ਸੀ। ਉਸ ਦੇ ਬੋਲ ਸਨ:

ਊਚਾ ਰਹੇ ਤੇਰਾ ਨਿਸ਼ਾਂ
ਰਾਹ-ਏ-ਵਤਨ ਮੇਂ ਦੇ ਕੇ ਜਾਨ
ਤੁਝ ਕੋ ਹਮ ਐ ਹਿੰਦੁਸਤਾਨ
ਕਰ ਦੇਂਗੇ ਫਿਰ ਜੰਨਤ ਨਿਸ਼ਾਂ
ਭਰ ਦੇਂਗੇ ਫਿਰ ਰੰਗੀਨੀਆਂ
ਸਰਮਸਤੀਆਂ, ਮਦਹੋਸ਼ੀਆਂ
ਫਿਰ ਹੋਗਾ ਤੇਰਾ ਆਸ਼ਿਆਂ
ਦਿਲਕਸ਼ ਗੁਲੋਂ ਕੇ ਦਰਮਿਆਂ

ਉਘੇ ਕਮਿਊਨਿਸਟ ਨੇਤਾ ਜਗਜੀਤ ਸਿੰਘ ਲਾਇਲਪੁਰੀ ਨੇ ਆਪਣੀ ਸਵੈਜੀਵਨੀ 'ਮੇਰਾ ਜੀਵਨ ਮੇਰਾ ਯੁੱਗ' ਵਿਚ ਲਿਖਿਆ ਹੈ ਕਿ ਆਜ਼ਾਦੀ ਤੋਂ ਬਾਅਦ ਕਿਸਾਨ ਸਭਾ ਤੇ ਕਮਿਊਨਿਸਟ ਪਾਰਟੀ ਦਾ ਦਫਤਰ ਸਾਹਿਰ ਦੇ ਖਾਲੀ ਮਕਾਨ ਵਿਚ ਚੱਲਦਾ ਸੀ। ਸਾਹਿਰ ਦੀਆਂ ਤਲਖੀਆਂ ਤੇ ਪਰਛਾਈਆਂ ਪੜ੍ਹਨ ਵਾਲੀਆਂ ਹਨ। ਜਿਸ ਤਰ੍ਹਾਂ ਅੱਜ ਕਿਸਾਨ ਅੰਦੋਲਨ ਚੱਲ ਰਿਹਾ ਹੈ ਤੇ ਜ਼ਿਮੀਂਦਾਰ ਦਾ ਪੁੱਤ ਹੋਣ ਦੇ ਨਾਤੇ ਜੇ ਸਾਹਿਰ ਅੱਜ ਜਿਉਂਦਾ ਹੁੰਦਾ ਤਾਂ ਕੀ ਉਹ ਚੁੱਪ ਬੈਠਦਾ?

ਹੁਣ ਗੱਲ ਕਰਦੇ ਹਾਂ ਲੁਧਿਆਣਾ ਦੀ ਦੂਜੀ ਫਿਲਮੀ ਹਸਤੀ ਦੀ। ਸਾਹਨੇਵਾਲ ਵਿਚੋਂ ਨਿਕਲਿਆ ਪੰਜਾਬ ਦਾ ਬੇਹੱਦ ਖੂਬਸੂਰਤ ਨੌਜਵਾਨ ਬੰਬਈ (ਹੁਣ ਮੁੰਬਈ) ਪੁੱਜਿਆ ਤਾਂ ਆਪਣੀ ਅਦਾਕਾਰੀ ਦੀ ਬਦੌਲਤ ਸੁਪਰ ਸਟਾਰ ਤੇ ਪੰਜਾਬੀਆਂ ਦੇ ਪਿਆਰ ਦੀ ਬਦੌਲਤ ਉਹ ਧਰਮਿੰਦਰ ਤੋਂ ਹੀਮੈਨ ਬਣ ਗਿਆ। ਪੰਜਾਬੀਆਂ ਨੇ ਆਪਣੇ ਇਸ ਪਿਆਰੇ ਅਦਾਕਾਰ ਨੂੰ ਜਾਨ ਤੋਂ ਵੱਧ ਪਿਆਰ ਦਿੱਤਾ। ਚੇਤੇ ਕਰੋ, ਪੰਜਾਬ ਦਾ ਕਾਲਾ ਦੌਰ ਜਦੋਂ ਸਿਨੇਮਾ ਘਰਾਂ ਵਿਚ ਬੰਬ ਧਮਾਕੇ ਹੁੰਦੇ ਸਨ ਤੇ ਲੋਕ ਸਿਨੇਮਾ ਘਰਾਂ ਵਿਚ ਜਾਣ ਤੋਂ ਝਿਜਕਦੇ ਸਨ ਪਰ ਜਦੋਂ ਧਰਮਿੰਦਰ ਦੀ ਫਿਲਮ ਆਉਂਦੀ ਤਾਂ ਲੋਕ ਸਿਨੇਮਾ ਘਰਾਂ ਵੱਲ ਵਹੀਰਾਂ ਘੱਤ ਲੈਂਦੇ। ਆਪਣੇ ਇਸ ਕਿਸਾਨ ਪੁੱਤ ਦੀ ਫਿਲਮ ਨੂੰ ਹਿੱਟ ਕਰਾਉਣ ਲਈ ਕਿਸੇ ਅਣਹੋਣੀ ਤੋਂ ਬਿਲਕੁਲ ਬੇਖਬਰ। ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਨੂੰ ਕਿਸੇ ਕਿਸਮ ਦਾ ਧੱਕਾ ਬਰਦਾਸ਼ਤ ਨਹੀਂ ਤੇ ਧਰਮਿੰਦਰ ਦੀਆਂ ਫਿਲਮਾਂ ਵੀ ਜਬਰ ਜ਼ੁਲਮ, ਨਾਬਰਾਬਰੀ, ਅਨਿਆਂ ਤੇ ਸਰਕਾਰੀ ਤੰਤਰ ਦੀ ਬੇਰੁਖੀ 'ਤੇ ਆਧਾਰਿਤ ਰਹੀਆਂ ਹਨ। ਇਸ ਕਰ ਕੇ ਹੀ ਉਸ ਨੂੰ ਹੀਮੈਨ ਦਾ ਖਿਤਾਬ ਦਿੱਤਾ ਗਿਆ ਤੇ ਉਸ ਨੇ ਖਿੜੇ ਮੱਥੇ ਇਸ ਨੂੰ ਪ੍ਰਵਾਨ ਵੀ ਕੀਤਾ। ਉਸ ਦੀਆਂ ਫਿਲਮਾਂ 'ਸ਼ੋਅਲੇ', 'ਸਤਿਆਕਾਮ', 'ਮੇਰਾ ਗਾਓਂ ਮੇਰਾ ਦੇਸ਼', 'ਹਕੂਮਤ', 'ਰਖਵਾਲੇ', 'ਤਹਿਲਕਾ', 'ਐਲਾਨੇ ਜੰਗ', 'ਰਾਜਪੂਤ', 'ਬਗਾਵਤ', 'ਆਜ਼ਾਦ', 'ਆਦਮੀ ਔਰ ਇਨਸਾਨ', 'ਫਰਿਸ਼ਤੇ', 'ਨਯਾ ਜ਼ਮਾਨਾ', 'ਜੀਵਨ ਮ੍ਰਿਤੂ' ਤੇ 'ਲੋਹਾ' ਵਰਗੀਆਂ ਅਨੇਕਾਂ ਫਿਲਮਾਂ ਤੋਂ ਲੋਕਾਂ ਨੇ ਸੇਧ ਲਈ ਤੇ ਧਰਮਿੰਦਰ ਨੂੰ ਆਪਣਾ ਆਦਰਸ਼ ਮੰਨਿਆ। ਹਿੰਦੀ ਫਿਲਮਾਂ ਵਿਚ ਉਸ ਨੇ ਆਪਣੇ ਜਟਕਾ ਅੰਦਾਜ਼ ਤੋਂ ਬਹੁਤ ਕੁਝ ਖੱਟਿਆ। 'ਪ੍ਰਤਿੱਗਿਆ' ਫਿਲਮ ਵਿਚਲਾ ਉਸ ਦਾ ਗੀਤ 'ਮੈਂ ਜੱਟ ਯਮਲਾ ਪਗਲਾ ਦੀਵਾਨਾ' ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਹੈ। ਇਸ ਗੀਤ ਦੇ ਦਮ 'ਤੇ ਉਹ ਇਸ ਗਾਣੇ ਦੇ ਟਾਈਟਲ ਲਗਾ ਕੇ ਦੋ ਫਿਲਮਾਂ ਬਣਾ ਗਿਆ। ਉਸ ਦੀ ਕੰਪਨੀ ਨੇ 'ਘਾਇਲ'



ਨਾਮ ਦੀ ਫਿਲਮ ਬਣਾ ਕੇ ਸਿਸਟਮ 'ਤੇ ਕਰਾਰੀ ਸੱਟ ਮਾਰੀ ਤੇ ਫਿਲਮਫੇਅਰ ਪੁਰਸਕਾਰਾਂ 'ਤੇ ਹੂੰਝਾ ਫੇਰ ਲਿਆ ਸੀ। ਇਸ ਹੀਮੈਨ ਨੇ ਕਿਹਾ ਸੀ ਕਿ ਕਿਸਾਨ ਪੁੱਤ ਹੋਣ ਕਰ ਕੇ ਉਸ ਅੰਦਰ ਮਿੱਟੀ ਦਾ ਮੋਹ ਧੂਹ ਪਾਉਂਦਾ ਹੈ। ਇਸ ਕਰ ਕੇ ਉਸ ਨੇ ਮੁੰਬਈ ਨੇੜੇ ਲੋਨਾਵਲਾ ਵਿਚ ਸੌ ਏਕੜ ਦਾ ਫਾਰਮ ਹਾਊਸ ਬਣਾਇਆ। ਆਪਣੇ ਇਸ ਸ਼ਾਨਦਾਰ ਫਾਰਮ ਹਾਊਸ ਦੀਆਂ ਤਸਵੀਰਾਂ ਤੇ ਵੀਡੀਓ ਉਹ ਨਿਯਮਤ ਤੌਰ 'ਤੇ ਸੋਸ਼ਲ ਮੀਡੀਆ 'ਤੇ ਪਾ ਕੇ ਆਪਣੇ ਆਪਣੇ ਨੂੰ ਕਿਸਾਨ ਹੀ ਕਹਾਉਣਾ ਪਸੰਦ ਕਰਦਾ ਹੈ।

ਦੇਸ਼ ਵਿਚ ਕਿਸਾਨ ਅੰਦੋਲਨ ਚੱਲ ਰਿਹਾ ਹੈ ਅਤੇ ਧਰਨੇ ਪ੍ਰਦਰਸ਼ਨ ਹੋ ਰਹੇ ਹਨ ਤੇ ਪਤਾ ਨਹੀਂ ਹੋਰ ਕਿੰਨੀ ਦੇਰ ਇਹ ਚੱਲਣਗੇ। ਧਰਮਿੰਦਰ ਦੇ ਘਰੋਂ ਉਸ ਦੀ ਪਤਨੀ ਹੇਮਾ ਮਾਲਿਨੀ ਅਤੇ ਪੁੱਤਰ ਸਨੀ ਦਿਓਲ ਦੀਆਂ ਆਵਾਜ਼ਾਂ ਤਾਂ ਆਈਆਂ ਪਰ ਹਾਲੇ ਤਕ ਹੀਮੈਨ ਚੁੱਪ ਹੈ। ਹੇਮਾ ਨੇ ਕਿਸਾਨਾਂ ਨੂੰ ਨਾਸਮਝ ਕਰਾਰ ਦਿੱਤਾ। ਚਲੋ ਮੰਨਿਆ, ਉਸ ਨੂੰ ਕਿਸਾਨੀ ਬਾਰੇ ਪਤਾ ਨਹੀਂ। ਸਨੀ ਨੂੰ ਕਿਸਾਨੀ ਬਾਰੇ ਕਿਸੇ ਨੇ ਦੱਸਿਆ ਨਹੀਂ, ਭਾਵ ਉਸ ਨੇ ਪੰਜਾਬੀ ਤੇ ਕਿਸਾਨ ਪੁੱਤ ਹੋਣ ਦਾ ਭੇਖ ਧਾਰ ਕੇ ਗੁਰਦਾਸਪੁਰ ਤੋਂ ਲੋਕ ਸਭਾ ਚੋਣ ਜਿੱਤ ਲਈ। ਇਸ ਦੇ ਬਾਵਜੂਦ ਉਹ ਕਿਸਾਨਾਂ ਦੇ ਵਿਰੋਧ ਵਿਚ ਬੋਲਿਆ। ਹੇਮਾ ਅਤੇ ਸਨੀ ਦੋਵੇਂ ਭਾਜਪਾ ਦੇ ਸੰਸਦ ਮੈਂਬਰ ਹਨ। ਸਮਝਦਾਰ ਤੇ ਸਬਰ ਸੰਤੋਖ ਵਾਲੇ ਕਿਸਾਨਾਂ ਨੂੰ ਇਨ੍ਹਾਂ ਦੋਵਾਂ ਨਾਲ ਕੋਈ ਸ਼ਿਕਾਇਤ ਨਹੀਂ। ਦਿਲ ਵਿਚ ਟੀਸ ਤਾਂ ਇਹ ਹੈ ਕਿ ਉਨ੍ਹਾਂ ਦਾ ਧਰਮ ਚੁੱਪ ਹੈ। ਕਿਸਾਨੀ ਕੌਮ 'ਤੇ ਭੀੜ ਪਈ ਤੇ ਕਿਸਾਨ ਪੁੱਤ ਚੁੱਪ ਬੈਠਾ ਕਿਵੇਂ ਰਹਿ ਸਕਦਾ ਹੈ? ਕੀ ਉਸ ਨੂੰ ਨੀਂਦ ਆ ਜਾਂਦੀ ਹੈ? ਅਮਰੀਕਾ ਵਿਚ ਜਦੋਂ ਬੀਤੇ ਸਾਲ ਸਿਆਹਫਾਮ (ਕਾਲੇ) ਜਾਰਜ ਫਲਾਇਡ ਦੀ ਗਰਦਨ ਨੱਪ ਕੇ ਪੁਲਿਸ ਨੇ ਉਸ ਨੂੰ ਮਾਰ ਦਿੱਤਾ ਤਾਂ ਸਿਆਹਫਾਮ ਲੋਕਾਂ ਦਾ ਕਾਲਜਾ ਫਟ ਗਿਆ। ਉਹ ਇਹ ਜ਼ੁਲਮ ਨਾ ਸਹਾਰ ਸਕੇ ਤੇ ਮੈਦਾਨ ਵਿਚ ਡਟ ਗਏ। ਇਹ ਹੂਕ ਅਮਰੀਕਾ ਤੋਂ ਸਾਰੀ ਦੁਨੀਆਂ ਵਿਚ ਪੁੱਜ ਗਈ। ਕਾਲੇ ਹੀ ਨਹੀਂ ਹੋਰ ਕੌਮਾਂ ਤੇ ਨਸਲਾਂ ਦੇ ਲੋਕਾਂ ਨੇ ਆਵਾਜ਼ ਬੁਲੰਦ ਕਰ ਦਿੱਤੀ। ਦੁਨੀਆਂ ਦੇ ਮਨੋਰੰਜਨ ਜਗਤ 'ਤੇ ਰਾਜ ਕਰ ਰਹੇ ਹੌਲੀਵੁੱਡ ਦੇ ਸਟਾਰਾਂ ਨੇ ਜ਼ੁਲਮ ਦੇ ਹੱਕ ਵਿਚ ਉਠੀ ਆਵਾਜ਼ ਨਾਲ ਆਵਾਜ਼ ਮਿਲਾਈ ਤੇ ਮੋਢੇ ਨਾਲ ਮੋਢਾ ਜੋੜਿਆ। ਇਨ੍ਹਾਂ ਹਸਤੀਆਂ ਵਿਚ ਜੋਅ ਜੋਨਸ (ਅਦਾਕਾਰਾ ਪ੍ਰਿਯੰਕਾ ਚੋਪੜਾ ਦਾ ਜੇਠ), ਜੈਨੀਫਰ ਲੋਪੇਜ, ਆਰੀਅਨਾ ਗਰਾਂਡੇ, ਬੈਲਾ ਹਦੀਦ, ਉਸ ਦੀ ਭੈਣ ਜੀਜੀ ਹਦੀਦ, ਰਾਇਨਸ ਰਿਨੋਲਡ, ਬਲੇਕ ਲਾਇਵਲੀ ਤੇ ਰਿਆਨਾ ਸਣੇ ਸੈਂਕੜੇ ਕਲਾਕਾਰ ਸ਼ਾਮਲ ਹਨ। ਇਨ੍ਹਾਂ ਦੀ ਸ਼ੋਹਰਤ ਤੇ ਅਮੀਰੀ ਹੀਮੈਨ ਤੋਂ ਕਿਤੇ ਵੱਧ ਹੈ।

ਹੈਰਾਨੀ ਤਾਂ ਉਦੋਂ ਹੋਈ ਜਦੋਂ ਇਸ ਸਾਲ ਜਨਵਰੀ ਦੇ ਆਖਰੀ ਵਿਚ ਨਾਸਿਕ ਤੋਂ ਕਿਸਾਨਾਂ ਦਾ ਮਾਰਚ ਮੁੰਬਈ ਪੁੱਜਿਆ ਤਾਂ ਕਿਸਾਨ ਦਾ ਪੁੱਤਰ ਤੇ ਪੰਜਾਬੀਆਂ ਦਾ ਧਰਮ ਭਾਅਜੀ ਕਿਧਰੇ ਨਜ਼ਰ ਨਹੀਂ ਆਇਆ। ਚਲੋ ਮੰਨਿਆ ਹੀਮੈਨ ਲਈ ਦਿੱਲੀ ਦੂਰ ਹੈ ਪਰ ਮੁੰਬਈ ਦਾ ਆਜ਼ਾਦ ਮੈਦਾਨ ਤਾਂ ਘਰ ਵਿਚ ਹੀ ਸੀ। ਇਹ ਵੀ ਮੰਨਿਆ ਜਾ ਸਕਦਾ ਹੈ ਕਿ ਉਸ ਕੋਲ ਰੁਝੇਵੇਂ ਹੋਣ, ਪਰ ਬੋਲ ਤਾਂ ਸਕਦਾ ਸੀ। ਸਾਹਿਰ ਨੇ ਆਪਣੇ ਗਰਾਈਂ ਧਰਮਿੰਦਰ ਦੀ ਫਿਲਮ 'ਇੱਜ਼ਤ' ਲਈ ਗੀਤ ਲਿਖਿਆ ਸੀ ਤੇ ਧਰਮਿੰਦਰ 'ਤੇ ਫਿਲਮਾਇਆ ਗਿਆ। ਗੀਤ ਦੇ ਬੋਲ ਸਨ:

ਕਯਾ ਮਿਲੀਏ ਐਸੇ ਲੋਗੋਂ ਸੇ,
ਜਿਨਕੀ ਫਿਤਰਤ ਛੁਪੀ ਰਹੇ।
ਨਕਲੀ ਚਿਹਰਾ ਸਾਮਨੇ ਆਏ,
ਅਸਲੀ ਸੂਰਤ ਛੁਪੀ ਰਹੇ।
ਖੁਦ ਸੇ ਭੀ ਜੋ ਖੁਦ ਕੋ ਛੁਪਾਏਂ,
ਕਯਾ ਉਨਸੇ ਪਹਿਚਾਨ ਕਰੇਂ।
ਕਯਾ ਉਨ ਕੇ ਦਾਮਨ ਸੇ ਲਿਪਟੇਂ,
ਕਯਾ ਉਨਕਾ ਅਰਮਾਨ ਕਰੇਂ।

ਧਰਮਿੰਦਰ ਦੀ 1966 ਵਿਚ ਆਈ ਫਿਲਮ 'ਅਨੁਪਮਾ' ਦਾ ਗੀਤ ਆਪਣੀ ਗੱਲ ਸਮਾਪਤੀ ਲਈ ਢੁਕਵਾਂ ਲੱਗਦਾ ਹੈ। ਉਸ ਵਿਚ ਹੀਮੈਨ ਗਾਉਂਦਾ ਹੈ, 'ਯਾ ਦਿਲ ਕੀ ਸੁਨੋਂ ਦੁਨੀਆਂ ਵਾਲੋ, ਯਾ ਮੁਝ ਕੋ ਅਭੀ ਚੁੱਪ ਰਹਿਨੇ ਦੋ।' ਧਰਮ ਭਾਅ ਜੀ, ਹੁਣ ਦਿਲ ਦੀ ਸੁਣਾਉਣ ਦਾ ਵੇਲਾ ਹੈ ਤੇ ਲੋਕ ਸੁਣਨਾ ਚਾਹੁੰਦੇ ਹਨ।

**-ਨਰਿੰਦਰ ਸਿੰਘ**

# ਦਿ ਵ੍ਹਾਈਟ ਟਾਈਗਰ' ਦਾ ਜਲਵਾ

ਅਦਾਕਾਰਾ ਪ੍ਰਿਯੰਕਾ ਚੋਪੜਾ, ਰਾਜਕੁਮਾਰ ਰਾਓ ਅਤੇ ਆਦਰਸ਼ ਗੌਰਵ ਦੀਆਂ ਮੁੱਖ ਭੂਮਿਕਾਵਾਂ ਵਾਲੀ ਫਿਲਮ 'ਦਿ ਵ੍ਹਾਈਟ ਟਾਈਗਰ' ਨੂੰ ਇਸ ਸਾਲ ਦੇ ਆਸਕਰ ਪੁਰਸਕਾਰਾਂ ਵਿਚ ਨਾਮਜ਼ਦ ਕੀਤਾ ਗਿਆ ਹੈ। ਆਸਕਰ ਸਮਾਰੋਹ 25 ਅਪਰੈਲ ਨੂੰ ਹੋਵੇਗਾ। ਫਿਲਮ ਨੂੰ 'ਸਕ੍ਰੀਨਪਲੇਅ' ਵਰਗ ਵਿਚ ਨਾਮਜ਼ਦ ਕੀਤਾ ਗਿਆ ਹੈ। ਰਮੀਨ ਬਹਿਰਾਨੀ ਦੇ ਨਿਰਦੇਸ਼ਨ ਵਾਲੀ ਇਸ ਫਿਲਮ ਨੂੰ ਚਾਰ ਹੋਰ ਫਿਲਮਾਂ ਨਾਲ ਇਸ ਵਰਗ ਵਿਚ ਨਾਮਜ਼ਦ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਫਿਲਮ ਨੂੰ 'ਬਾਫਟਾ' ਵਿਚ ਵੀ ਨਾਮਜ਼ਦਗੀਆਂ ਮਿਲੀਆਂ ਹਨ। 'ਦਿ ਵ੍ਹਾਈਟ ਟਾਈਗਰ' ਅਰਵਿੰਦ ਅਡੀਗਾ ਦੇ ਬੁੱਕਰ ਪੁਰਸਕਾਰ ਜੇਤੂ ਨਾਵਲ ਉਤੇ ਆਧਾਰਿਤ ਹੈ। 'ਦਿ ਵ੍ਹਾਈਟ ਟਾਈਗਰ' ਨਾਵਲ ਸਾਲ 2008 ਵਿਚ ਛਪਿਆ ਸੀ ਅਤੇ ਇਸ ਨਾਵਲ ਦੀ ਚੋਖੀ ਚਰਚਾ ਹੋਈ ਸੀ।




'ਦਿ ਵ੍ਹਾਈਟ ਟਾਈਗਰ' ਅਜਿਹੇ ਨੌਜਵਾਨ ਦੀ ਕਹਾਣੀ ਹੈ ਜਿਹੜਾ ਭਾਰਤ ਦੇ ਇਕ ਬਹੁਤ ਹੀ ਪਛੜੇ ਪਿੰਡ ਵਿਚ ਜੰਮਿਆ ਪਲਿਆ ਹੈ ਪਰ ਉਹ ਆਪਣੀ ਚਤੁਰਾਈ ਕਰ ਕੇ ਆਪਣੀ ਗੁਰਬਤ ਨੂੰ ਬਹੁਤ ਛੇਤੀ ਦੂਰ ਵਗਾਹ ਮਾਰਦਾ ਹੈ। ਉਹ ਆਪਣੇ ਪਿੰਡ ਵਿਚ ਚਾਹ ਵੇਚਦਾ-ਵੇਚਦਾ ਵੱਡੇ ਸ਼ਹਿਰ ਦਾ ਉਘਾ ਕਾਰੋਬਾਰੀ ਹੋ ਨਿੱਬੜਦਾ ਹੈ। ਇਸ ਫਿਲਮ ਦੇ ਨਿਰਦੇਸ਼ਨ, ਪਟਕਥਾ ਅਤੇ ਅਦਾਕਾਰੀ ਲਈ ਇਸ ਦੀ ਖੂਬ ਚਰਚਾ ਹੋਈ ਹੈ।

ਇਸ ਫਿਲਮ ਲਈ ਨਿਰਦੇਸ਼ਕ ਰਮੀਨ ਬਹਿਰਾਨੀ ਨੇ ਭਾਵੇਂ ਕੁਝ ਕੁ ਗੱਲਾਂ ਨਾਵਲ ਤੋਂ ਹਟ ਕੇ ਕੀਤੀਆਂ ਹਨ, ਉਂਝ ਕੁੱਲ ਮਿਲਾ ਕੇ ਉਸ ਨੇ ਨਾਵਲ ਦੀ ਕਹਾਣੀ ਨੂੰ ਹੀ ਕੇਂਦਰ ਵਿਚ ਰੱਖਿਆ ਹੈ। ਉਸ ਵਿਚ ਕੀਤੀਆਂ ਗਈਆਂ ਤਬਦੀਲੀਆਂ ਬਹੁਤ ਜ਼ਰੂਰੀ ਸਨ ਅਤੇ ਫਿਲਮ ਦੀ ਤੋਰ ਨੂੰ ਸਾਵੀਂ ਰੱਖਣ ਲਈ ਇਹ ਕਰਨੀਆਂ ਹੀ ਪੈਣੀਆਂ ਸਨ।

# ਆਲੀਆ ਦੀ ਆਰ.ਆਰ.ਆਰ.



ਫਿਲਮ ਨਿਰਮਾਤਾ ਐਸ.ਐਸ. ਰਾਜਮੌਲੀ ਨੇ ਸੋਸ਼ਲ ਮੀਡੀਆ 'ਤੇ ਆਪਣੀ ਆਉਣ ਵਾਲੀ ਫਿਲਮ 'ਆਰ.ਆਰ.ਆਰ.' ਦੀ ਝਲਕ ਸਾਂਝੀ ਕੀਤੀ ਹੈ ਜਿਸ ਵਿਚ ਉਘੀ ਅਦਾਕਾਰਾ ਆਲੀਆ ਭੱਟ ਸੀਤਾ ਦੇ ਰੂਪ ਵਿਚ ਦਿਖਾਈ ਦੇ ਰਹੀ ਹੈ। ਇਹ ਤਸਵੀਰ ਆਲੀਆ ਭੱਟ ਦੇ ਜਨਮ ਦਿਨ ਮੌਕੇ ਸਾਂਝੀ ਕੀਤੀ ਗਈ। ਆਲੀਆ ਨੇ ਵੀ ਇਹ ਤਸਵੀਰ ਆਪਣੇ ਇੰਸਟਾਗ੍ਰਾਮ 'ਤੇ ਦਿਲ ਵਾਲੀ ਇਮੋਜ਼ੀ ਨਾਲ ਸਾਂਝੀ ਕੀਤੀ ਹੈ। ਲੰਮੀ ਉਡੀਕ ਮਗਰੋਂ ਰਿਲੀਜ਼ ਹੋ ਰਹੀ ਫਿਲਮ 'ਆਰ.ਆਰ.ਆਰ.' ਵਿਚ ਕਈ ਨਾਮਵਾਰ ਕਲਾਕਾਰ ਜਿਵੇਂ ਤੇਲਗੂ ਸਟਾਰ ਰਾਮ ਚਰਨ ਅਤੇ ਜੂਨੀਅਰ ਐਨ.ਟੀ.ਆਰ. ਸਮੇਤ ਹੋਰ ਹਿੰਦੀ ਫਿਲਮ ਸਟਾਰ ਆਲੀਆ ਭੱਟ ਅਤੇ ਅਜੈ ਦੇਵਗਨ ਨਾਲ ਕੰਮ ਕਰ ਰਹੇ ਹਨ। ਇਸ ਫਿਲਮ ਦੀ ਕਹਾਣੀ ਤੇਲਗੂ ਦੇ ਸੁਤੰਤਰਤਾ ਸੈਨਾਨੀ, ਅੱਲੂਰੀ ਸੀਤਰਮਾ ਰਾਜੂ ਅਤੇ ਕੋਮਰਾਮ ਭੀਮ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੈ।

ਇਹ ਫਿਲਮ ਪਹਿਲਾਂ 30 ਜੁਲਾਈ 2020 ਨੂੰ ਰਿਲੀਜ਼ ਕੀਤੀ ਜਾਣੀ ਸੀ ਪਰ ਕਰੋਨਾ ਸੰਕਟ ਕਾਰਨ ਇਹ ਰਿਲੀਜ਼ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਬਾਅਦ ਰਿਲੀਜ਼ ਕਰਨ ਦੀ ਮਿਤੀ 8 ਜਨਵਰੀ 2021 ਮਿਥੀ ਗਈ। ਉਂਝ, ਇਹ ਫਿਲਮ ਹੁਣ 13 ਅਕਤੂਬਰ ਨੂੰ ਰਿਲੀਜ਼ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਫਿਲਮ ਮੂਲ ਰੂਪ ਵਿਚ ਤੇਲਗੂ ਵਿਚ ਤਿਆਰ ਕੀਤੀ ਗਈ ਹੈ ਪਰ ਰਿਲੀਜ਼ ਮੌਕੇ ਇਹ ਫਿਲਮ ਡੱਬ ਕਰ ਕੇ ਹਿੰਦੀ, ਤਾਮਿਲ, ਕੰਨੜ, ਮਲਿਆਲਮ ਅਤੇ ਹੋਰ ਕਈ ਭਾਸ਼ਵਾਂ ਵਿਚ ਵੀ ਰਿਲੀਜ਼ ਕੀਤੀ ਜਾਵੇਗੀ। ਕਿਹਾ ਜਾ ਰਿਹਾ ਹੈ ਕਿ ਇਸ ਫਿਲਮ ਉਤੇ ਤਕਰੀਬਨ 4 ਅਰਬ ਰੁਪਏ ਖਰਚ ਕੀਤੇ ਗਏ ਹਨ। ਐਸ.ਐਸ. ਰਾਜਮੌਲੀ 'ਬਾਹੂਬਲੀ' ਫਿਲਮਾਂ ਨਾਲ ਵਾਹਵਾ ਪ੍ਰਸ਼ੰਸਾ ਖੱਟ ਚੁੱਕਾ ਹੈ।

# Golden State Realty

## Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 6765 E Sussex Way, Fresno, CA 93727
2. 2555 Elderberry Ave, Tracy, CA 95377
3. 451 Helen Dr, Ripon, CA 95366
4. 23915 Madeiros Ave, Hayward, CA 94541
5. 5132 Jetty Dr, Stockton, CA 95206
6. 288 S 12th St, San Jose, CA 95112
7. 83 Shenado Place, San Jose, CA 95136
8. 273 Granville Ct. San Jose, CA 95139
9. 139 Vivid Lane, Hayward, CA 94544
10. 315 Crest Dr. San Jose, CA 95127
11. 27471 Ponderosa Ct. Hayward, CA 94545
12. 27659 Persimmon Dr. Hayward, CA 94544

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ

